20 ਜਨਵਰੀ-ਮਾਰਚ,2011

# ਕਹਾਣੀ ਧਾਰਾ

ਵਿਸ਼ੇਸ਼ ਅੰਕ
ਅੱਜ ਦੀ ਕਹਾਣੀ
ਨਵੇਂ ਚਿਹਰੇ




ਮੁੱਲ : 25/-

ਵਿਸ਼ੇਸ਼: ਸਾਹਿਤ ਸਰਵੇਖਣ 2010

20 ਜਨਵਰੀ-ਮਾਰਚ, 2011

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 2 ਫਰਵਰੀ, 2011)

ਸੰਪਾਦਕੀ:
ਅੱਜ ਦੀ ਕਹਾਣੀ: ਨਵੇਂ ਚਿਹਰੇ-1
'ਕਹਾਣੀ ਧਾਰਾ' ਸਾਹਿਤ ਸਰਵੇਖਣ-3
ਕਹਾਣੀਆਂ:
1. ਮੋਹ ਜਾਲ਼/ ਬਿੰਦਰ ਬਸਰਾ-17
2. ਵੇਲਾ-ਕੁਵੇਲਾ/ ਦੀਪ ਦਵਿੰਦਰ ਸਿੰਘ -22
3. ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰ/ ਸਿਮਰਨ ਧਾਲੀਵਾਲ -30
4. ਕੱਠਪੁਤਲੀ/ ਬਲਵੀਰ ਕੌਰ ਰੀਹਲ-37
5. ਕੰਧਾਂ ਵਿੱਚ ਘਿਰਦਾ ਆਦਮੀ/ ਗੁਰਮੀਤ ਆਰਿਫ਼ -42
6. ਬ੍ਰਹਮ-ਅਸਤਰ/ ਜਸਵੰਤ ਰਾਏ-51
7. ਮੈਂ ਵੀ ਵੇਖਾਂ.../ ਰੀਤੂ ਕਲਸੀ -60
8. ਕੱਚੀ ਇੱਟ/ ਪ੍ਰੀਤ ਨੀਤਪੁਰ -66
9. ਖੁਦਕੁਸ਼ੀ/ ਹਰਨੇਕ ਕਲੇਰ -77
10. ਮੰਡੀ/ ਮਲਕੀਤ ਜੋੜਾ -82
11. ਬੱਕਰੀਆਂ ਵਾਲੇ/ ਗੁਰਪ੍ਰੀਤ ਸੰਧੂ -86
ਲੇਖ:
ਕਹਾਣੀ ਦੀਆਂ ਗੱਲਾਂ/ ਕੈਸਰ ਤਮਕੀਨ -93
ਜਨ ਬੋਧ:
ਸਮਾਜਵਾਦ ਬਨਾਮ ਜਾਤਵਾਦ: ਸਾਹਿਤਕ ਸੰਦਰਭ/ ਭੂਰਾ ਸਿੰਘ ਕਲੇਰ
ਪੁਸਤਕ ਰੀਵਿਊ -102

# ਅੱਜ ਦੀ ਕਹਾਣੀ : ਨਵੇਂ ਚਿਹਰੇ

ਜਦੋਂ ਮੈਂ 'ਕਹਾਣੀ ਧਾਰਾ' ਦੇ ਇਸ ਅੰਕ ਦੀ ਵਿਉਂਤ ਬਣਾਈ ਤਾਂ ਸੋਚਿਆ ਸੀ ਕਿ 'ਬੇ ਕਿਤਾਬੇ ਕਹਾਣੀਕਾਰਾਂ' ਦਾ ਅੰਕ ਤਿਆਰ ਕਰਨਾ ਹੈ। ਇਹਦੇ ਵਿਚ ਉਹੀ ਕਹਾਣੀਕਾਰ ਆਉਣਗੇ ਜਿਹੜੇ ਕਹਾਣੀ ਦੇ ਖੇਤਰ ਚੌਥੀ ਪੀੜ੍ਹੀ ਤੋਂ ਬਾਅਦ ਵਿਚ ਆਏ ਹਨ। ਮੇਰੀ ਨਜ਼ਰ ਉਨ੍ਹਾਂ ਕਹਾਣੀਕਾਰਾਂ ਉੱਤੇ ਵੀ ਗਈ, ਜਿਹੜੇ ਵਡੇਰੀ ਉਮਰ ਦੇ ਸਨ ਪਰ ਉਨ੍ਹਾਂ ਦੀ ਅਜੇ ਤੀਕ ਕੋਈ ਕਿਤਾਬ ਨਹੀਂ ਪ੍ਰਕਾਸ਼ਤ ਹੋਈ। ਫਿਰ ਮੈਨੂੰ ਇਹ ਨਾਂ ਵੀ ਐਨਾ ਢੁੱਕਵਾ ਨਾ ਲੱਗਿਆ। ਫਿਰ ਸੋਚਿਆ ਕਿ ਇਨ੍ਹਾਂ ਕਹਾਣੀਕਾਰਾਂ ਨੂੰ 'ਕਹਾਣੀ ਦੀ ਪੰਜਵੀਂ ਪੀੜ੍ਹੀ' ਦਾ ਨਾਂ ਦਿੱਤਾ ਜਾਵੇ। ਤੇ ਮੇਰੇ ਜ਼ਿਹਨ ਵਿਚ ਚਾਰ ਪੰਜ ਸਾਲ ਵਿਚ ਲਿਖੀਆਂ ਇਨ੍ਹਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਆਉਣ ਲੱਗੀਆ। ਮੈਂ ਮੁੜ ਸਾਂਵਲ ਧਾਮੀ, ਸੁਖਰਾਜ ਧਾਲੀਵਾਲ, ਸਿਮਰਨ ਧਾਲੀਵਾਲ, ਦੀਪ ਦਵਿੰਦਰ ਸਿੰਘ, ਤ੍ਰਿਪਤਾ ਕੇ. ਸਿੰਘ, ਬਿੰਦਰ ਬਸਰਾ, ਨਰਿੰਦਰ ਕੌਰ ਭੱਚੂ, ਬਲਵੀਰ ਕੌਰ ਰੀਹਲ ਤੇ ਗੁਰਮੀਤ ਆਰਿਫ਼ ਦੀਆਂ ਕਹਾਣੀਆਂ ਪੜ੍ਹੀਆਂ। ਇਹ ਕਹਾਣੀਆਂ ਪੜ੍ਹਦਿਆਂ ਇਨ੍ਹਾਂ ਵਲੋਂ ਵਰਤੀਆਂ ਬ੍ਰਿਤਾਂਤਕ ਜੁਗਤਾਂ, ਚਿਹਨ, ਸ਼ੈਲੀ, ਕਹਾਣੀ ਕਹਿਣ ਦਾ ਢੰਗ, ਪਾਤਰਾਂ ਦੇ ਵਿਹਾਰ ਅਤੇ ਵਿਸ਼ਿਆ ਦੀ ਤਾਜਗੀ ਬਾਰੇ ਧਿਆਨ ਨਾਲ ਸੋਚਿਆ। ਆਪਣੇ ਸਮਕਾਲੀ ਕਹਾਣੀਕਾਰਾਂ ਅਤੇ ਚਿੰਤਕਾਂ ਨਾਲ ਵਿਚਾਰ ਸਾਂਝੇ ਕੀਤੇ। ਮੇਰੇ ਮਨ ਵਿਚ ਪ੍ਰੇਮ ਪ੍ਰਕਾਸ਼ ਦੀ ਸੰਪਾਦਕੀ ਜਿਹੜੀ ਉਨ੍ਹਾਂ 'ਚੌਥੀ ਪੀੜ੍ਹੀ' ਦੇ ਪਹਿਲੇ ਕਹਾਣੀ ਸੰਗ੍ਰਹਿ ਨੂੰ ਸੰਪਾਦਤ ਕਰਦਿਆਂ ਲਿਖੀ ਸੀ ਜ਼ਿਹਨ 'ਚ ਆਈ। ਉਨ੍ਹਾਂ ਲਿਖਿਆ ਸੀ, "ਚੌਥੀ ਕੂਟ ਦੇ ਇਹਨਾਂ ਕਹਾਣੀਕਾਰਾਂ 'ਚ ਵਰਗ ਵੰਡ ਦੀ ਧਾਰਨਾ ਨਹੀਂ... ਦੂਜੀ ਖੂਬੀ ਅਲੰਕਾਰ ਰੋਗ ਤੋਂ ਮੁਕਤ ਹਨ, ਜਿਹੜੀ ਪਹਿਲਾਂ ਦੀ ਪੀੜ੍ਹੀ, ਸਾਡੀ ਪੀੜ੍ਹੀ ਤੇ ਸਾਥੋਂ ਬਾਅਦ ਦੀ ਪੀੜ੍ਹੀ ਦੇ ਕਹਾਣੀਕਾਰਾਂ 'ਚ ਰਹੀ ਏ। ਉਹ ਕਹਾਣੀ ਲਿਖਣ ਲੱਗਿਆ ਵਾਕਾਂ ਦੀ ਬਣਤਰ ਤੇ ਜੋਰ ਦੇਂਦੇ ਸਨ। ਲੱਭ ਲੱਭ ਕੇ ਵਿਸ਼ੇਸ਼ਣ ਤੇ ਮੁਹਾਵਰੇ ਵਰਤਦੇ ਸਨ ਨਵੇਂ ਕਹਾਣੀਕਾਰ ਸੋਚ ਦੀ ਏਸ ਹੋੜ ਤੋਂ ਮੁਕਤ ਹੋਏ ਨੇ।" ਪ੍ਰੇਮ ਪ੍ਰਕਾਸ਼ ਨੇ 1994 ਵਿਚ 'ਚੌਥੀ ਕੂੰਟ' ਜਾਂ ਚੌਥੀ ਪੀੜ੍ਹੀ ਦੀ ਨਿਸ਼ਾਨਦੇਹੀ ਕੀਤੀ ਸੀ। ਨਿਸਚੇ ਹੀ 16 ਸਾਲਾਂ ਵਿਚ ਚੌਥੀ ਕੂੰਟ ਦੇ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਨੂੰ ਨਿੱਗਰ ਕਹਾਣੀਆਂ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਦੌਰਾਨ ਤੀਜੇ ਪੀੜ੍ਹੀ ਦੇ ਜਾਂ ਇਨ੍ਹਾਂ ਤੋਂ ਪਹਿਲਾਂ ਦੇ ਕਹਾਣੀਕਾਰ ਪ੍ਰੇਮ ਪ੍ਰਕਾਸ਼, ਅਤਰਜੀਤ, ਪ੍ਰੇਮ ਗੋਰਖੀ, ਮੋਹਨ ਭੰਡਾਰੀ, ਸੰਤੋਖ ਸਿੰਘ ਧੀਰ, ਗੁਰਬਚਨ ਭੁੱਲਰ ਤੇ ਉਨ੍ਹਾਂ ਦੇ ਸਮਕਾਲੀ ਵੀ ਟਾਵੀਂ ਟਾਵੀਂ ਕਹਾਣੀ ਲਿਖਦੇ ਰਹੇ ਪਰ ਉਹ ਆਪਣੀ ਕਿਸਮ ਦੀ, ਆਪਣੇ ਸਮੇਂ ਦੀ ਰਵਾਇਤੀ ਪੈਟਰਨ ਤੇ ਕਹਾਣੀ ਲਿਖਦੇ ਰਹੇ, ਚੌਥੀ ਪੀੜ੍ਹੀ ਤੋਂ ਅਗਾਂਹ ਦੀ ਕੋਈ ਨਵੀਂ ਗੱਲ ਨਹੀਂ ਕਰ ਸਕੇ। ਇਸ ਗੱਲ ਦੀ ਪੁਸ਼ਟੀ ਪਿਛਲੇ ਪੰਜ ਸਾਲਾਂ ਦੌਰਾਨ ਹੋਏ ਕਹਾਣੀ ਸਰਵੇਖਣਾਂ ਤੋਂ ਕੀਤੀ ਜਾ ਸਕਦੀ ਹੈ।

ਉਪਰੋਕਤ ਪ੍ਰਸੰਗ ਵਿਚ ਮੈਂ ਇਨ੍ਹਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਬਾਰੇ ਇਹੀ ਵਿਚਾਰ ਬਣਾ ਸਕਿਆ ਕਿ ਇਨ੍ਹਾਂ ਨੇ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਤੋਂ ਵੱਖਰੀ ਜਾਂ ਨਿਵੇਕਲੀ ਗੱਲ ਨਹੀਂ



ਕੀਤੀ। ਅਜੇ ਤਾਂ ਇਹ ਆਪਣੇ ਤੋਂ ਪਹਿਲੇ ਕਹਾਣੀਕਾਰਾਂ ਨੂੰ ਹੀ ਦੁਹਰਾਅ ਰਹੇ ਹਨ। ਇਨ੍ਹਾਂ ਦੇ ਧੁੰਦਲੇ ਨਕਸ਼ ਸਪਸ਼ਟ ਹੋਣ ਲਈ ਸਮਾਂ ਲੱਗੇਗਾ। ਪ੍ਰੰਤੂ ਇਨ੍ਹਾਂ ਦੀਆਂ ਕਹਾਣੀਆਂ 'ਚ ਕੁਝ ਦੱਬੇ ਹੋਏ ਪਾਤਰ ਖੁੱਲ੍ਹ ਕੇ ਆਪਣੇ ਨਵੇਂ ਰੂਪ ਨਾਲ ਵਿਚਰੇ ਹਨ। ਇਨ੍ਹਾਂ ਨੇ ਬੇ-ਝਿੱਜਕ ਹੋ ਕੇ ਲਿਖਿਆ ਹੈ। ਇਹ ਖੂਬੀਆਂ ਮੈਨੂੰ ਤ੍ਰਿਪਤਾ ਕੇ. ਸਿੰਘ ਦੀਆਂ ਕਹਾਣੀਆਂ (ਇਕ ਸਦੀਵੀ ਪਲ, ਜਿੱਤੀ ਹੋਈ ਬਾਜ਼ੀ, ਮਰੀਆਂ ਹੋਈਆ ਮਛਲੀਆਂ ਤੇ ਸੁਪਨੇ ਜਿਓ ਸੰਸਾਰ), ਸਾਂਵਲ ਧਾਮੀ ਦੀਆਂ ਕਹਾਣੀਆਂ (ਪੁੱਲ, ਮੱਲ੍ਹਮ), ਬਿੰਦਰ ਬਸਰਾ ਦੀਆਂ ਕਹਾਣੀਆਂ (ਬੌਣਾ, ਝੱਲਾ, ਤੋੜ, ਤਹਿ ਤੇ ਤਣਾਓ ਮੁਕਤ,) ਨਰਿੰਦਰ ਕੌਰ ਭੱਚੂ ਦੀਆਂ ਕਹਾਣੀਆਂ (ਤੇਰਾਂ ਨੰਬਰ ਗਲੀ, ਤਮੰਨਾ, ਤ੍ਰਿਸ਼ਨਾ), ਬਲਵੀਰ ਰੀਹਲ ਦੀ ਕਹਾਣੀ (ਸਿਕਸ ਨਾਇਨ, ਚਾਚੀ ਰੁੱਸ ਗਈ ਲਗਦੀ ਹੈ) ਆਦਿ 'ਚ ਲੱਭੀਆਂ ਹਨ। ਨਵੇਂ ਕਹਾਣੀਕਾਰਾਂ ਨੂੰ ਇਕ ਥਾਂ ਇਕੱਠੇ ਪੇਸ਼ ਕਰਨ ਦਾ ਜਤਨ ਇਹ ਪਹਿਲਾ ਹੈ। ਮੈਨੂੰ ਯਕੀਨ ਹੈ ਪੰਜਾਬੀ ਦੇ ਚਿੰਤਕ ਨਵੀਂ ਕਹਾਣੀ ਦੇ ਕੁਝ ਨਕਸ਼ ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹ ਕੇ ਲੱਭਣਗੇ। ਇਨ੍ਹਾਂ ਵਿਚੋਂ ਬਿੰਦਰ ਬਸਰਾ, ਸਿਮਰਨ ਧਾਲੀਵਾਲ, ਦੀਪ ਦਵਿੰਦਰ ਸਿੰਘ, ਗੁਰਮੀਤ ਆਰਿਫ਼, ਬਲਵੀਰ ਕੌਰ ਰੀਹਲ 'ਚ ਵੱਧ ਸੰਭਾਵਨਾ ਹਨ। ਇਸ ਅੰਕ ਵਿਚ ਜਸਵੰਤ ਰਾਏ, ਗੁਰਪ੍ਰੀਤ ਸੰਧੂ ਅਤੇ ਮਲਕੀਤ ਜੌੜਾ ਬਿਲਕੁਲ ਨਵੇਂ ਕਹਾਣੀਕਾਰਾਂ ਦੀ ਆਮਦ ਇਸ ਅੰਕ ਰਾਹੀਂ ਹੋਈ ਹੈ। ਭਵਿੱਖ 'ਚ ਇਹ ਚੰਗੀਆਂ ਕਹਾਣੀਆਂ ਲਿਖਣਗੇ।

ਸਰੀਰਕ ਬਣਤਰ ਵਿਚ ਅਧੂਰੀ ਔਰਤ ਜਿਹੜੀ ਮਰਦ ਨਾਲ ਜੁੜ ਨਹੀਂ ਸਕੀ ਕਿਸੇ ਔਰਤ ਨਾਲ ਜੁੜ ਜਾਂਦੀ ਹੈ ਇਸ ਭਾਵਨਾਵਾਂ ਨੂੰ ਬਿੰਦਰ ਬਸਰਾ ਨੇ ਆਪਣੀ ਕਹਾਣੀ 'ਮੋਹ ਜਾਲ' ਵਿਚ ਫੜਿਆ ਹੈ। ਗੀਤੂ ਕਲਸੀ ਦੀ ਕਹਾਣੀ 'ਮੈਂ ਵੀ ਵੇਖਾਂ' ਦਾ ਮਰਦ ਪਾਤਰ ਵੀ ਅਧੂਰ ਤੇ ਡਰਪੋਕ ਕਿਸਮ ਦਾ ਮਰਦ ਹੈ, ਜਿਹੜਾ ਔਰਤ ਨਾਲ ਸੰਬੰਧ ਬਣਾਉਣ ਲੱਗਿਆ ਬਹੁਤ ਡਰਦਾ ਹੈ। ਬਿੰਦਰ ਬਸਰੇ ਦੀ ਕਹਾਣੀ ਵਿਚ ਔਰਤ ਪਾਤਰ 'ਪਾਰੋ' ਆਉਂਦੀ ਹੈ ਜਿਹਦੀ ਠੋਡੀ 'ਤੇ ਸੂਏ ਨਿਕਲ ਆਉਂਦੇ ਹਨ ਕਿਉਂਕਿ ਉਸਦੀ ਅੰਦਰੂਨੀ ਸਰੀਰਕ ਬਣਤਰ 'ਚ ਮਰਦ ਹਾਰਮੋਨਜ ਹਾਵੀ ਹੋ ਜਾਂਦੇ ਹਨ। ਸਿਮਰਨ ਧਾਲੀਵਾਲ ਦਾ ਮਰਦ ਪਾਤਰ ਪਹਿਲੀ ਵਾਰ ਪੇਸ਼ ਹੋਇਆ ਹੈ ਜਿਹੜਾ ਇਹ ਗੱਲ ਆਪਣੀ ਪਤਨੀ ਸਾਹਮਣੇ ਸਵੀਕਾਰ ਕਰਨ ਬਾਰੇ ਸੋਚਦਾ ਹੈ ਕਿ ਮੈਂ ਨਮਰਦ ਹਾਂ। ਇਸ ਤਰ੍ਹਾਂ ਗੁਰਮੀਤ ਆਰਿਫ਼ ਦੀ ਕਹਾਣੀ ਦਾ ਬੁੱਢਾ ਪਾਤਰ ਹੈ ਜਿਹੜਾ ਪੁੱਤਾਂ ਧੀਆਂ ਦੇ ਦੁਸ਼ਮਣੀ ਵਾਲੇ ਵਤੀਰੇ ਨੂੰ ਦੇਖ ਕੇ ਆਪਣੀ ਜ਼ਮੀਨ ਸਕੂਲ ਨੂੰ ਦਾਨ ਕਰ ਦਿੰਦਾ ਹੈ। ਇਸੇ ਤਰ੍ਹਾਂ ਪ੍ਰੀਤ ਨੀਤਪੁਰ ਦੀ ਕਹਾਣੀ ਦਾ ਪਾਠੀ ਸਿੰਘ ਪਾਤਰ ਹੈ ਜਿਹੜਾ ਆਪਣੀ ਪਤਨੀ ਦੇ ਵਰਜਿਤ ਸਬੰਧ ਬੜੀ ਸਹਿਜਤਾ ਨਾਲ ਸਵੀਕਾਰ ਕਰ ਲੈਂਦਾ ਹੈ। ਦੀਪ ਦੇਵਿੰਦਰ ਸਿੰਘ ਆਪਣੀ ਕਹਾਣੀ 'ਵੇਲਾ-ਕੁਵੇਲਾ' 'ਚ ਸਭਿਆਚਾਰਕ ਅਤੰਕ 'ਤੇ ਗਹਿਰੀ ਸੱਟ ਮਾਰਦਾ ਹੈ। ਇਹੋ ਜਿਹੇ ਪਾਤਰ ਪੰਜਾਬੀ ਕਹਾਣੀ ਵਿਚ ਪਹਿਲਾਂ ਹੋਰ ਤਰ੍ਹਾਂ ਪੇਸ਼ ਹੁੰਦੇ ਰਹੇ ਹਨ। ਇਨ੍ਹਾਂ ਨਵੇਂ ਕਹਾਣੀਕਾਰਾਂ ਨੇ ਅਜੋਕੇ ਵਰਤਾਰੇ ਨੂੰ ਸਮਝਦਿਆਂ ਚਿਤਰੇ ਹਨ। ਕੁਝ ਕਹਾਣੀ ਦੀਆਂ ਬੁਣਤੀ ਬਹੁਤ ਸੰਘਣੀ ਹੈ। ਮੈਨੂੰ ਆਸ ਹੈ ਇਨ੍ਹਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹ ਕੇ ਪਾਠਕ ਆਪਣਾ ਪ੍ਰਤੀਕਰਮ ਜ਼ਰੂਰ ਭੇਜਣਗੇ।

**-ਭਗਵੰਤ ਰਸੂਲਪੁਰੀ**

## ‘ਕਹਾਣੀ ਧਾਰਾ’ ਸਾਹਿਤ ਸਰਵੇਖਣ-2010

*ਇਹ ‘ਕਹਾਣੀ ਧਾਰਾ’ ਦਾ ਦੂਜਾ ਸਾਹਿਤ ਸਰਵੇਖਣ ਹੈ। ਪਿਛਲੇ ਸਾਲ ਇਸ ਨੂੰ ਪ੍ਰਕਾਸ਼ਤ ਕਰਨ ਦੀ ਵਿਧੀ ਅਸੀਂ ਹੋਰ ਅਪਣਾਈ ਸੀ। ਇਸ ਵਾਰ ਸਾਰੇ ਪਾਠਕਾਂ/ ਲੇਖਕਾਂ ਦੀਆਂ ਭੇਜੀਆਂ ਹੋਈਆਂ ਰਾਵਾਂ ਨੂੰ ਪ੍ਰਕਾਸ਼ਤ ਕਰ ਰਹੇ ਹਾਂ। ਕਿਤਾਬਾਂ ਤੇ ਕਹਾਣੀ ਬਾਰੇ ਆਪਣੀ ਰਾਇ ਭੇਜਣ ਵਾਲੇ ਸਾਰੇ ਕਹਾਣੀ ਧਾਰਾ ਦੇ ਪਾਠਕ ਹਨ। ਪੰਜ-ਸੱਤ ਹੋਣਗੇ ਜਿਹੜਾ ਪਰਚਾ ਨਹੀਂ ਪੜ੍ਹਦੇ। ਇਸ ਸਰਵੇਖਣ ਵਿਚ ਭਾਗ ਲੈਣ ਵਾਲੇ 44 ਪਾਠਕਾਂ ਦੀ ਭੇਜੀ ਹੋਈ ਪਸੰਦ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਕਹਾਣੀ ਸੰਗ੍ਰਹਿ, ਨਾਵਲ, ਕਵਿਤਾ ਤੇ ਆਲੋਚਨਾਂ/ ਚਿੰਤਨ ਦੀਆਂ ਪੁਸਤਕਾਂ ਬਾਰੇ ਪਾਠਕਾਂ ਦੇ ਥੋੜੀ ਗਿਣਤੀ ਵਿਚ ਪਸੰਦ-ਨਾ ਪਸੰਦ ਦਿੱਤੀ ਹੈ। ਕਵਿਤਾ/ ਆਲੋਚਨਾ ’ਚ ਰਾਵਾਂ ਦੇਣ ਵਾਲੇ ਪਾਠਕਾਂ ਦੀ ਗਿਣਤੀ ਹੋਰ ਘੱਟ ਜਾਂਦੀ ਹੈ। ਇਸ ਸਰਵੇਖਣ ਦੇ ਅਧਾਰ ’ਤੇ ਅਸੀਂ ਕੁਝ ਸਿੱਟੇ ਪੇਸ਼ ਕੀਤੇ ਹਨ। ਇਹ ਸਰਵੇ ਚੰਗੀ ਪੁਸਤਕ ਦੀ ਚੋਣ ਕਰਨ ਵਿਚ ਸਹਾਈ ਹੋ ਸਕਦਾ ਹੈ। ਅਸੀਂ ਇਹ ਦਆਵਾ ਨਹੀਂ ਕਰਦੇ ਕਿ ਇਸ ਸਰਵੇਖਣ ਤੋਂ ਬਾਹਰ ਚੰਗਾ ਸਾਹਿਤ ਨਹੀਂ ਹੈ। ਪਰ ਬਹੁ ਸੰਮਤੀ ਦੀ ਧਾਰਨਾ ਦਾ ਪਤਾ ਲੱਗ ਸਕਦਾ ਹੈ। ਰਾਵਾਂ ਦੇਣ ਵਾਲੇ ਪਾਠਕਾਂ ਦੇ ਨਾਂ ਪਹਿਲਾਂ ਲਿਖੇ ਹਨ।*

***- ਸੰਪਾਦਕ***

### ਪ੍ਰਤੀਨਿਧ ਪੰਜ ਕਹਾਣੀਆਂ :

**1. ਲਾਲ ਸਿੰਘ :**
-ਚੀਕ (ਗੁਰਮੀਤ ਕੜਿਆਲਵੀ)
-ਪਿੰਨੀਆਂ (ਸੁਖਵੰਤ ਕੌਰ ਮਾਨ)
-ਲੇਜਰ ਸ਼ੋਅ (ਤਲਵਿੰਦਰ ਸਿੰਘ)
-ਸਨਮਾਨ (ਗੁਰਦਿਆਲ ਦਲਾਲ)
-ਰਿਮਝਿਮ ਪਰਬਤ (ਵਰਿਆਮ ਸੰਧੂ)

**2. ਜਸਵੀਰ ਸਿੰਘ ਰਾਣਾ :**
-ਮਰੀਆਂ ਹੋਈਆਂ ਮਛਲੀਆਂ (ਤ੍ਰਿਪਤਾ ਕੇ. ਸਿੰਘ)
-ਸਭੁ ਦੇਸ ਬੇਗਾਨਾ (ਸਰਘੀ)
-ਪਿੰਜਰੇ (ਕਿਰਪਾਲ ਕਜ਼ਾਕ)
ਆਦੀ ਡੰਕਾ (ਭਗਵੰਤ ਰਸੂਲਪੁਰੀ)

**3. ਮੋਹਨ ਤਿਆਗੀ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਪਿੰਜਰੇ (ਕਿਰਪਾਲ ਕਜ਼ਾਕ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਚੀਕ (ਗੁਰਮੀਤ ਕੜਿਆਲਵੀ)

**4. ਗੁਰਮੀਤ ਕੱਲਰ ਮਾਜਰੀ :**
-ਬਦਬੂ (ਮੋਹਨ ਲਾਲ ਫਿਲੌਰੀਆ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਸੂਤ ਪੁੱਤਰ ਕਰਨ (ਸਰੂਪ ਸਿਆਲਵੀ)
-ਚੀਕ (ਗੁਰਮੀਤ ਕੜਿਆਲਵੀ)
-ਪਿੰਜਰੇ (ਕਿਰਪਾਲ ਕਜ਼ਾਕ)

**5. ਅਜਮੇਰ ਸਿੱਧੂ :**
-ਚੀਕ (ਗੁਰਮੀਤ ਕੜਿਆਲਵੀ)
-ਤਨਖਾਹ, ਪਾਰਕ ਅਤੇ ਗੁਲਾਬੀ ਪਰਚੀ (ਗੁਰਬਚਨ ਸਿੰਘ ਭੁੱਲਰ)
-ਬੁਲਬੁਲਿਆ ਦੀ ਕਾਸ਼ਤ (ਕੇਸਰਾ ਰਾਮ)
-ਜੁਬਾੜੇ (ਲਾਲਾ ਸਿੰਘ)
-ਤਿਕੋਣੇ ਪਿੰਜਰੇ (ਸਾਂਵਲ ਧਾਮੀ)

**6. ਸਤਪਾਲ ਭੀਖੀ :**
-ਪਿੰਜਰੇ (ਕਿਰਪਾਲ ਕਜ਼ਾਕ)
-ਤੈਨੂੰ ਮੈਂ ਨਾ ਮੁੱਕਰਦੀ (ਮਨਿੰਦਰ ਕਾਂਗ)
-ਚੀਕ (ਗੁਰਮੀਤ ਕੜਿਆਲਵੀ)
-ਹਨੇਰੇ ਵਿਚ (ਬਿੰਦਰ ਸਿੰਘ ਭੁੰਮਸੀ)
-ਕੁੰਡਲੀ ਅਜੇ ਵੀ ਸਾਹਮਣੇ ਖੜੀ ਹੈ (ਦਰਸ਼ਨ ਜੋਗਾ)



**7. ਬਲਬੀਰ ਕੌਰ ਰੀਹਲ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਰਿਮਝਿਮ ਪਰਬਤ (ਵਰਿਆਮ ਸੰਧੂ)
-ਮੌਨ ਦੀ ਬਾਬਾ ਦਾਰਾ (ਸੁਖਜੀਤ)
-ਲੱਗਦਾ ਅੱਜ ਫਿਰ ਸੂਰਜ ਨਹੀਂ ਚੜ੍ਹੇਗਾ (ਬਲਵੀਰ ਪਰਵਾਨਾ)

**8. ਜੈ ਪਾਲ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਚੀਕ (ਗੁਰਮੀਤ ਕੜਿਆਲਵੀ)
-ਜਹਾਂ ਚਾਏ ਅੱਛੀ ਨਹੀਂ ਬਨਤੀ (ਦੇਸ ਰਾਜ ਕਾਲੀ)
-ਤੈਨੂੰ ਮੈਂ ਨਾਂ ਮੁਕਰਦੀ (ਮਨਿੰਦਰ ਕਾਂਗ)
ਉਜਾੜਾ (ਗੋਵਰਧਨ ਗੱਬੀ)

**9. ਭਜਨਬੀਰ ਸਿੰਘ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਤੈਨੂੰ ਮੈਂ ਨਾ ਮੁੱਕਰਦੀ (ਮਨਿੰਦਰ ਕਾਂਗ)
-ਪਰਛਾਈਆਂ (ਹਰਪ੍ਰੀਤ ਸੇਖਾ)
-ਬੁਲਬੁਲਿਆਂ ਦੀ ਕਾਸ਼ਤ (ਕੇਸਰਾ ਰਾਮ)
-ਜਬਾੜੇ (ਲਾਲ ਸਿੰਘ)

**10. ਪਰਮਜੀਤ ਕੌਰ,ਪਟਿਆਲਾ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਪਿੰਜਰੇ (ਕਿਰਪਾਲ ਕਜ਼ਾਕ)
-ਪਾਰਲੀਮੈਂਟ ’ਚ ਲਾਫਟਰ ਚੈਨਲ ਬਨਾਮ ਕਾਲੀ ਦਾਰੂ ਕਿਉਂ ਪੀਂਦਾ ਹੈ (ਦੇਸ ਰਾਜ ਕਾਲੀ)
- ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)

**11. ਗਗਨਦੀਪ, ਪਟਿਆਲਾ :**
-ਪਿੰਜਰੇ (ਕਿਰਪਾਲ ਕਜ਼ਾਕ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
--ਜਹਾਂ ਚਾਏ ਅੱਛੀ ਨਹੀਂ ਬਨਤੀ (ਦੇਸ ਰਾਜ ਕਾਲੀ)

**12. ਅਵਤਾਰ ਜੀਤ ਪਟਿਆਲਾ :**
-ਬਦਬੂ (ਮੋਹਨ ਲਾਲ ਫਿਲੌਰੀਆਂ)
-ਸੂਤ ਪੁੱਤਰ ਕਰਨ (ਸਰੂਪ ਸਿਆਲਵੀ)
-ਚੀਕ (ਗੁਰਮੀਤ ਕੜਿਆਲਵੀ)
-ਪਾਰਲੀਮੈਂਟ ’ਚ ਲਾਫਟਰ ਚੈਨਲ ਬਨਾਮ ਕਾਲੀ ਦਾਰੂ ਕਿਉਂ ਪੀਂਦਾ ਹੈ (ਦੇਸ ਰਾਜ ਕਾਲੀ)

**13. ਸੰਤੋਖ ਸਿੰਘ ਸੁੱਖੀ :**
-ਬਦਬੂ (ਮੋਹਨ ਲਾਲ ਫਿਲੌਰੀਆ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਨੋ ਹੈਂਡਜ਼ ਡਾਊਨ ਡੈਡੀ (ਬਲਵਿੰਦਰ ਸਿੰਘ ਗਰੇਵਾਲ)
-ਚੀਕ (ਗੁਰਮੀਤ ਕੜਿਆਲਵੀ)

**14. ਪਾਲ ਰਾਏਪੁਰੀ, ਨੂਰਪੁਰ ਬੇਦੀ, ਰੋਪੜ :**
-ਬਦਬੂ (ਮੋਹਨ ਲਾਲ ਫਿਲੌਰੀਆਂ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਜਹਾਂ ਚਾਏ ਅੱਛੀ ਨਹੀਂ ਬਨਤੀ (ਦੇਸ ਰਾਜ ਕਾਲੀ)

**15. ਪ੍ਰੋ. ਮਲਕੀਤ ਜੌੜਾ :**
-ਮੌਨ ਦੀ ਬਾਬਾ ਦਾਰਾ (ਸੁਖਜੀਤ)
-ਮਰੀਆਂ ਹੋਈਆਂ ਮਛਲੀਆਂ (ਤ੍ਰਿਪਤਾ ਕੇ. ਸਿੰਘ
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਜਬਾੜੇ (ਲਾਲ ਸਿੰਘ)
-ਆਦੀ ਡੰਕਾ (ਭਗਵੰਤ ਰਸੂਲਪੁਰੀ)

**16. ਮੋਹਣ ਸਿੰਘ ਮਲਹਾਂਸ :**
-ਸਭ ਦੇਸ਼ ਬਗਾਨਾ (ਸਰਘੀ)
-ਇਸ ਉਮਰੇ... ਹੁਣ ਤੱਕ (ਰੀਤੂ ਕਲਸੀ)
-ਗਤੀ (ਗੁਰਬਚਨ ਸਿੰਘ ਭੁੱਲਰ)
-ਫੈਸਲਾ (ਰੁਪਿੰਦਰ ਸਿੰਘ)

**17. ਸੁਰਜੀਤ ਸੁਮਨ, ਖਰੜ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਚੀਕ (ਗੁਰਮੀਤ ਕੜਿਆਲਵੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਪਿੰਜਰੇ (ਕਿਰਪਾਲ ਕਜ਼ਾਕ)

**18. ਗੁਰਮੀਤ ਸਿੰਗਲ, ਚੰਡੀਗੜ੍ਹ :**
-ਚੀਕ (ਗੁਰਮੀਤ ਕੜਿਆਲਵੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਮੁਕਤੀ (ਰਜਿੰਦਰ ਕੌਰ)

**19. ਪੁਸ਼ਪਿੰਦਰ ਕੌਰ. ਖੋਜ ਵਿਦਿਆਰਥੀ, ਰੋਪੜ :**
-ਬੁਲਬੁਲਿਆ ਦੀ ਕਾਸ਼ਤ (ਕੇਸਰਾ ਰਾਮ)
-ਪਾਰਲੀਮੈਂਟ 'ਚ ਲਾਫਟਰ ਚੈਨਲ ਬਨਾਮ ਕਾਲੀ ਦਾਰੂ ਕਿਉਂ ਪੀਂਦਾ ਹੈ (ਦੇਸ ਰਾਜ ਕਾਲੀ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਤੈਨੂੰ ਮੈਂ ਨਾ ਮੁੱਕਰਦੀ (ਮਨਿੰਦਰ ਕਾਂਗ)
-ਹੁਣ ਅਸੀਂ ਠੀਕ ਠਾਕ ਹਾਂ
(ਬਲਬੀਰ ਕੌਰ ਸੰਘੇੜਾ)

**20. ਜਸਬੀਰ ਗਿੱਲ, ਐਮ. ਫਿੱਲ, ਅੰਮ੍ਰਿਤਸਰ :**
-ਰਿਮਝਿਮ ਪਰਬਤ (ਵਰਿਆਮ ਸੰਧੂ)
-ਮੋਰ (ਕੁਲਜੀਤ ਮਾਨ)
-ਮਜ੍ਹਮਾ (ਹਰਭਜਨ ਸਿੰਘ)
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਕੀ ਹੈ ਰਿਸ਼ਤੇ ਦਾ ਨਾਂ (ਕੁਲਦੀਪ ਸਿੰਘ ਬੇਦੀ)

**21.ਬਖ਼ਸਿੰਦਰ ਕੌਰ, ਤਰਨਤਾਰਨ :**
-ਮਰੀਆਂ ਹੋਈਆਂ ਮਛਲੀਆਂ (ਤ੍ਰਿਪਤਾ ਕੇ. ਸਿੰਘ
-ਬਦਬੂ (ਮੋਹਨ ਲਾਲ ਫਿਲੌਰੀਆਂ)
-ਜਹਾਂ ਚਾਏ ਅੱਛੀ ਨਹੀਂ ਬਨਤੀ (ਦ. ਰ. ਕਾਲੀ)

**22. ਜਸਵੰਤ ਰਾਏ, ਹੁਸਿਆਰਪੁਰ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਚੀਕ (ਗੁਰਮੀਤ ਕੜਿਆਲਵੀ)

**23. ਪ੍ਰੀਤ ਨੀਤਪੁਰ, ਹੁਸਿਆਰਪੁਰ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਚੀਕ (ਗੁਰਮੀਤ ਕੜਿਆਲਵੀ)
ਜ਼ਖ਼ਮ (ਜਿੰਦਰ)

**24. ਗੁਰਪ੍ਰੀਤ ਸੰਧੂ, ਪਟਿਆਲਾ :**
-ਮਰੀਆਂ ਹੋਈਆਂ ਮਛਲੀਆਂ (ਤ੍ਰਿਪਤਾ ਕੇ. ਸਿੰਘ
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਬਦਬੂ (ਮੋਹਨ ਲਾਲ ਫਿਲੌਰੀਆਂ)

**25. ਬਿੰਦਰ ਬਸਰਾ :**
-ਚੀਕ (ਗੁਰਮੀਤ ਕੜਿਆਲਵੀ)
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਆਦੀ ਡੰਕਾ (ਭਗਵੰਤ ਰਸੂਲਪੁਰੀ)

**26. ਸੁਰਿੰਦਰ ਕੌਰ ਸਿੰਦਰ-**
-ਰਿਮਝਿਮ ਪਰਬਤ (ਵਰਿਆਮ ਸੰਧੂ)
-ਨੌਂ ਹੈਂਡਜ਼ ਡਾਊਨ ਡੈਡੀ (ਬਲਵਿੰਦਰ ਗਰੇਵਾਲ)
-ਮੋਰ (ਕੁਲਜੀਤ ਮਾਨ)
-ਮੁਹਾਜ਼ (ਜਰਨੈਲ ਸਿੰਘ)

**27. ਗੁਰਮੀਤ ਆਰਿਫ਼ :**
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਜ਼ਖ਼ਮ (ਜਿੰਦਰ)
- ਗਤੀ (ਗੁਰਬਚਨ ਸਿੰਘ ਭੁੱਲਰ)



-ਸਨਮਾਨ (ਗੁਰਦਿਆਲ ਦਲਾਲ)
- ਬੇਅਕਲਾਂ ਦਾ ਜਨਪੱਦ (ਮਨੋਹਨ ਬਾਵਾ)

**28. ਹਰਦੀਪ ਸਿੰਘ ਸੰਧੂ, ਚੰਡੀਗੜ੍ਹ :**
-ਸੀਬੋ (ਭੋਲਾ ਸਿੰਘ ਸੰਘੇੜਾ)
-ਮੈਂ, ਨਾਟਕ ਤੇ ਜ਼ਿੰਦਗੀ (ਸਿਮਰਨ ਧਾਲੀਵਾਲ)
- ਨਿੰਮ ਵਾਲੀ ਗਲੀ (ਕੁਲਵੰਤ ਗਿੱਲ)
- ਦੂਜਾ ਸੀਨ (ਸੁਰਜੀਤ ਬਰਾੜ)

**29. ਗੁਰਮੇਲ ਸਿੰਘ, ਚੰਡੀਗੜ੍ਹ :**
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਮਰੀਆਂ ਹੋਈਆਂ ਮਛਲੀਆਂ (ਤ੍ਰਿਪਤਾ ਕੇ. ਸਿੰਘ

**30. ਨੀਲਮ ਸ਼ਰਮਾ ਆਂਸ਼ੂ :**
-ਮਰੀਆਂ ਹੋਈਆਂ ਮਛਲੀਆਂ
(ਤ੍ਰਿਪਤਾ ਕੇ. ਸਿੰਘ)
-ਹੁਣ ਅਸੀਂ ਠੀਕ ਠਾਕ ਹਾਂ
(ਬਲਬੀਰ ਕੌਰ ਸੰਘੇੜਾ)
-ਕੀ ਹੈ ਰਿਸ਼ਤੇ ਦਾ ਨਾਂ (ਕੁਲਦੀਪ ਸਿੰਘ ਬੇਦੀ)
-ਤੇ ਉਹ ਇਕ ਔਰਤ (ਸ਼ਰਨਜੀਤ ਕੌਰ)

**3.ਗੁਰਮੀਤ ਸਿੰਘ, ਖੋਜ ਵਿਦਿਆਰਥੀ :**
-ਮੌਨ ਦੀ ਬਾਬਾ ਦਾਰਾ (ਸੁਖਜੀਤ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਲੇਜ਼ਰ ਸ਼ੋਅ (ਤਲਵਿੰਦਰ ਸਿੰਘ)
-ਮੋਰ (ਕੁਲਜੀਤ ਮਾਨ)
-ਰਾਮ ਸਨੇਹੀ (ਸੁਰਿੰਦਰ ਨੀਰ)

**32. ਸੁਰਜੀਤ ਸਿੰਘ, ਐਮ ਏ. ਲੁਧਿਆਣ :**
-ਮੋਨ ਦੀ ਬਾਬਾ ਦਾਰਾ (ਸੁਖਜੀਤ)
-ਦਾਮਨ-ਏ. ਕੋਹ (ਵਿਸ਼ਵਜੋਤੀ ਧੀਰ)
-ਫੈਸਲਾ (ਰੁਪਿੰਦਰ ਕੌਰ)

**33. ਨਕਾਸ਼ ਚਿੱਤੇਵਾਣੀ, ਜਲੰਧ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਕੀ ਹੈ ਰਿਸ਼ਤੇ ਦਾ ਨਾਂ (ਕੁਲਦੀਪ ਸਿੰਘ ਬੇਦੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਬਦਬੂ (ਮੋਹਨ ਲਾਲ ਫਿਲੌਰੀਆਂ)

**34. ਸਰੂਪ ਸਿਆਲਵੀ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਚੀਕ (ਗੁਰਮੀਤ ਕੜਿਆਲਵੀ)
-ਪਿੰਜਰੇ (ਕਿਰਪਾਲ ਕਜ਼ਾਕ)
-ਲੱਗਦਾ ਅੱਜ ਫਿਰ ਸੂਰਜ ਨਹੀਂ ਚੜ੍ਹੇਗਾ
(ਬਲਵੀਰ ਪਰਵਾਨਾ)

**35. ਮਨਜੀਤ ਕੌਰ ਸੰਗਰੂਰ :**
-ਹਨੇਰੇ 'ਚ ਗਵਾਚਿਆ ਸੱਚ
(ਪਰਗਟ ਸਿੰਘ ਸਤੌਜ)
-ਬੁਲਬੁਲਿਆ ਦੀ ਕਾਸ਼ਤ (ਕੇਰਸਾ ਰਾਮ)
-ਸਿਆਸਤ (ਗੁਰਮੇਲ ਮਡਾਹੜ)
-ਪੱਕਾ ਪੈਂਚਰ (ਕਰਮ ਸਿੰਘ ਮਾਨ)
-ਮੁਲ੍ਹਾਜ਼ੇਦਾਰ(ਜ਼ੋਰਾ ਸਿੰਘ ਸੰਧੂ)

**36. ਮੋਹਨ ਲਾਲਾ ਫਿਲੌਰੀਆ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਚੀਕ (ਗੁਰਮੀਤ ਕੜਿਆਲਵੀ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)

**37. ਡਾ. ਗੁਰਮੀਤ ਕੌਰ :**
-ਰਿਮਝਿਮ ਪਰਬਤ (ਵਰਿਆਮ ਸੰਧੂ)

**38. ਕੁਲਬੀਰ ਬਡੇਸਰੋਂ :**
-ਮਰੀਆਂ ਹੋਈਆਂ ਮੱਛਲੀਆਂ
(ਤ੍ਰਿਪਤਾ ਕੇ. ਸਿੰਘ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਬਦਬੂ (ਮੋਹਨ ਲਾਲ ਫਿਲੌਰੀਆਂ)

**39. ਜਤਿੰਦਰ ਕੌਰ, ਲੁਧਿਆਣਾ :**
-ਲੇਜ਼ਰ ਸ਼ੋਅ (ਜਲਵਿੰਦਰ ਸਿੰਘ)
-ਜ਼ਖ਼ਮ (ਜ਼ਿੰਦਰ)
-ਪਿੰਨੀਆਂ (ਸੁਖਵੰਤ ਕੌਰ ਮਾਨ)
-ਧੱਕੇ ਨਾਲ (ਨਿਰਮਲ ਜਸਵਾਲ)

**40. ਡਾ. ਇਕਦੀਸ਼ ਕੌਰ :**
-ਨੌ ਹੈਂਡਜ਼ ਡਾਊਨ ਡੈਡੀ (ਬਲਵਿੰਦਰ ਗਰੇਵਾਲ)
-ਰਿਮਝਿਮ ਪਰਬਤ (ਵਰਿਆਮ ਸੰਧੂ)

**41. ਸਰਬਜੀਤ ਭਗਵੰਤਪੁਰੀ, ਚੰਡੀਗੜ੍ਹ :**
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਜ਼ਖ਼ਮ (ਜਿੰਦਰ)
-ਇਵਾਨ ਇਲੀਚ ਦੀ ਦੂਜੀ ਮੌਤ (ਅਜਮੇਰ ਸਿੱਧੂ)
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)

**42. ਅਵਿਨਾਸ਼ ਜੱਜ, ਗੁਰਦਾਸਪੁ :**
-ਬੁਲਬੁਲਿਆ ਦੀ ਕਾਸ਼ਤ (ਕੇਸਰਾ ਰਾਮ)
-ਔਨਰ ਕਿੰਲਿੰਗ (ਵੀਨਾ ਵਰਮਾ)
-ਆਦੀ ਡੰਕਾ (ਭਗਵੰਤ ਰਸੂਲਪੁਰੀ)

**43. ਡਾ. ਜਗੀਰ ਸਿੰਘ ਨੂਰ, ਫਗਵਾੜਾ :**
-ਸੂਤ ਪੁੱਤਰ... ਕਰਨ (ਸਰੂਪ ਸਿਆਲਵੀ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਚੀਕ (ਗੁਰਮੀਤ ਕੜਿਆਲਵੀ)

**44. ਆਰ. ਸ਼ੀਂਹਮਾਰ, ਲਾਂਬੜਾ :**
-ਬੇਅਕਲਾ ਦਾ ਜਨਪਦ (ਮਨਮੋਹਨ ਬਾਵਾ)
-ਬਦਬੂ (ਮੋਹਨ ਲਾਲ ਫਿਲੌਰੀਆਂ)
-ਆਦੀ ਡੰਕਾ (ਭਗਵੰਤ ਰਸੂਲਪੁਰੀ)
-ਜਹਾਂ ਚਾਏ ਅੱਛੀ ਨਹੀਂ ਬਨਤੀ
(ਦੇਸ ਰਾਜ ਕਾਲੀ)
-ਕੀ ਹੈ ਰਿਸ਼ਤੇ ਦਾ ਨਾਂ (ਕੁਲਦੀਪ ਸਿੰਘ ਬੇਦੀ)

## ਪੰਜ ਪ੍ਰਤੀਨਿਧ ਕਹਾਣੀ ਸੰਗ੍ਰਹਿ:

**1. ਲਾਲ ਸਿੰਘ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਬਿਗਾਨਾ ਘਰ (ਜ਼ੋਰਾ ਸਿੰਘ ਸੰਧੂ)
-ਜ਼ਖ਼ਮ (ਜਿੰਦਰ)
-ਰੇਸ, ਕਲਾਸ ਤੇ ਜੰਗ (ਪ੍ਰੋ. ਹਰਭਜਨ ਸਿੰਘ)

**2. ਜਸਵੀਰ ਸਿੰਘ ਰਾਣਾ :**
-ਦਾਇਰੇ ਤੋਂ ਪਾਰ (ਅੰਮ੍ਰਿਤਪਾਲ ਕੌਰ)
-ਰੇਸ, ਕਲਾਸ ਤੇ ਜੰਗ (ਪ੍ਰੋ. ਹਰਭਜਨ ਸਿੰਘ)
-ਜ਼ਖ਼ਮ (ਜਿੰਦਰ)
-ਇਬਾਰਤਾਂ (ਬਲੀਜੀਤ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

**3. ਮੋਹਨ ਤਿਆਗੀ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)
-ਜ਼ਖ਼ਮ (ਜਿੰਦਰ)
-ਤੇ ਕਾਨ੍ਹੂੰ ਮਰ ਗਿਆ (ਸੰਤੋਖ ਧਾਲੀਵਾਲ)

**4. ਗੁਰਮੀਤ ਕੱਲਰਮਾਜਰੀ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਜ਼ਖ਼ਮ (ਜਿੰਦਰ)
-ਰੇਸ, ਕਲਾਸ ਤੇ ਜੰਗ (ਹਰਭਜਨ ਸਿੰਘ)

**5. ਅਜਮੇਰ ਸਿੱਧੂ :**
-ਜ਼ਖ਼ਮ (ਜਿੰਦਰ)
-ਰੇਸ, ਕਲਾਸ ਤੇ ਜੰਗ (ਹਰਭਜਨ ਸਿੰਘ)
-ਇਬਾਰਤਾਂ (ਬਲੀਜੀਤ)
-ਚੱਕਰਵਿਊ (ਬਲਦੇਵ ਢੀਂਡਸਾ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

**6. ਬਲਬੀਰ ਰੀਹਲ :**
-ਇਬਾਰਤਾਂ (ਬਲੀਜੀਤ)
- ਤੇ ਕਾਨ੍ਹੂੰ ਮਾਰ ਗਿਆ (ਸੰਤੋਖ ਧਾਲੀਵਾਲ)
-ਮਰਨ ਰੁੱਤ (ਭਗਵੰਤ ਰਸੂਲਪੁਰੀ)



- ਰੇਸ, ਕਲਾਸ ਤੇ ਜੰਗ (ਹਰਭਜਨ ਸਿੰਘ)

**7. ਜੈ ਪਾ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਜ਼ਖ਼ਮ (ਜਿੰਦਰ)
-ਇਬਾਰਤਾਂ (ਬਲੀਜੀਤ)
-ਰੇਸ ਕਲਾਸ ਤੇ ਜੰਗ (ਹਰਭਜਨ ਸਿੰਘ)
-ਤੇ ਕਾਨ੍ਹੂੰ ਮਾਰ ਗਿਆ (ਸੰਤੋਖ ਧਾਲੀਵਾਲ)

**8. ਭਜਨਬੀਰ ਸਿੰਘ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
- ਰੇਸ ਕਲਾਸ ਤੇ ਜੰਗ (ਹਰਭਜਨ ਸਿੰਘ)
-ਜ਼ਖ਼ਮ (ਜਿੰਦਰ)
-ਤੇ ਕਾਨ੍ਹੂੰ ਮਰ ਗਿਆ (ਸੰਤੋਖ ਧਾਲੀਵਾਲ)
-ਇਬਾਰਤਾਂ (ਬਲੀਜੀਤ)

**9. ਪਰਮਜੀਤ ਕੌਰ, ਪਟਿਆਲਾ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**10. ਗਗਨਦੀਪ, ਪਟਿਆਲਾ :**
-ਜ਼ਖ਼ਮ (ਜਿੰਦਰ)
-ਇਬਾਰਤਾਂ (ਬਲੀਜੀਤ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

**11. ਅਵਤਾਰਜੀਤ, ਪਟਿਆਲਾ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਜ਼ਖ਼ਮ (ਜਿੰਦਰ)

**12. ਸੰਤੋਖ ਸਿੰਘ ਸੁੱਖੀ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਜ਼ਖ਼ਮ (ਜਿੰਦਰ)

**13. ਪਾਲ ਰਾਏਪੁਰ, ਨੂਰਪੁਰਬੇਦੀ :**
-ਇਬਾਰਤਾਂ (ਬਲੀਜੀਤ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

-ਬਿਗਾਨਾ ਘਰ (ਜ਼ੋਰਾ ਸਿੰਘ ਸੰਧੂ)

**14. ਪ੍ਰੋ. ਮਲਕੀਤ ਜੌੜ :**
-ਜ਼ਖ਼ਮ (ਜਿੰਦਰ)
-ਇਬਾਰਤਾਂ (ਬਲੀਜੀਤ)

**15. ਮੋਹਣ ਸਿੰਘ ਮਲਹਾਂਸ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**16. ਸੁਰਜੀਤ ਸੁਮਨ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)
- ਦੁਪਹਿਰੇ ਢਲਿਆ ਸੂਰਜ (ਬੰਤ ਸਿੰਘ ਚੱਠਾ)

**17. ਗੁਰਮੀਤ ਸਿੰਗਲ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**18. ਜਸਬੀਰ ਗਿੱਲ, ਖੋਜ ਵਿਦਿਆਰਥੀ :**
-ਤੇ ਕਾਨ੍ਹੂੰ ਮਰ ਗਿਆ (ਸੰਤੋਖ ਧਾਲੀਵਾਲ)
- ਰੇਸ ਕਲਾਸ ਤੇ ਜੰਗ (ਹਰਭਜਨ ਸਿੰਘ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

**19. ਬਖ਼ਸ਼ਿੰਦਰ ਕੌਰ, ਤਰਨਤਾਰਨ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)

**20. ਜਸਵੰਤ ਰਾਏ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**21. ਪ੍ਰੀਤ ਨੀਤਪੁ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)

**22. ਬਿੰਦਰ ਬਸਰ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)

-ਇਬਾਰਤਾਂ (ਬਲੀਜੀਤ)

**23. ਗੁਰਮੇਲ ਸਿੰਘ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**24. ਸਰੂਪ ਸਿਆਲਵੀ :**
-ਜ਼ਖ਼ਮ (ਜਿੰਦਰ)
-ਮਰਨ ਰੁੱਤ (ਭਗਵੰਤ ਰਸੂਲਪੁਰੀ)
-ਇਬਾਰਤਾਂ (ਬਲੀਜੀਤ)

**25. ਕੁਲਬੀਰ ਬਡੇਸਰੋ :**
-ਮਰਨ ਰੁੱਤ (ਭਗਵੰਤ ਰਸੂਲਪੁਰੀ)

**26. ਡਾ. ਜਗੀਰ ਸਿੰਘ ਨੂਰ :**
-ਇਬਾਰਤਾਂ (ਬਲੀਜੀਤ)
-ਤੇ ਕਾਨੂੰ ਮਰ ਗਿਆ (ਸੰਤੋਖ ਧਾਲੀਵਾਲ)
-ਮਰਨ ਰੁੱਤ (ਭਗਵੰਤ ਰਸੂਲਪੁਰੀ)

## ਪੰਜ ਪ੍ਰਤੀਨਿਧ ਨਾਵਲ :

**1. ਲਾਲ ਸਿੰਘ :**
-ਹੋਣੀ ਮਨੁੱਖੀ ਸੱਭਿਆਤਾ ਦੀ (ਕੇਵਲ ਕਲੋਟੀ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਅਜੇ ਨਾ ਮੈਂ ਵਿਹਲੀ (ਜੋਰਾ ਸਿੰਘ ਸੰਧੂ)
-ਛੇਵਾਂ ਦਰਿਆ (ਸੁਰਿੰਦਰ ਸਿੰਘ ਨੇਕੀ)
-ਪਛਾਣ ਬਦਲ ਗਈ (ਪਰਮਜੀਤ ਜੱਜ)

**2. ਜਸਵੀਰ ਸਿੰਘ ਰਾਣਾ :**
-ਸ਼ਿਕਾਰਗਾਹ (ਸੁਰਿੰਦਰ ਨੀਰ)
-ਆਦਰਸ਼ਾਂ ਦਾ ਵਣਜਾਰਾ
(ਇੰਦਰ ਸਿੰਘ ਖ਼ਾਮੋਸ਼)
-ਹੋਣੀ ਮਨੁੱਖੀ ਸੱਭਿਆਤਾ ਦੀ (ਕੇਵਲ ਕਲੋਟੀ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)

**3. ਮੋਹਨ ਤਿਆਗੀ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਖਾਜ (ਜਸਬੀਰ ਮੰਡ)
-ਪਛਾਣ ਬਦਲ ਗਈ(ਪਰਮਜੀਤ ਸਿੰਘ ਜੱਜ)
-ਕਾਲ ਚੱਕਰ (ਹਰਬੰਸ ਧੀਮਾਨ)

**4. ਗੁਰਮੀਤ ਕੱਲਰ ਮਾਜਰੀ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ(ਪਰਮਜੀਤ ਸਿੰਘ ਜੱਜ)
-ਕਾਲ ਚੱਕਰ (ਹਰਬੰਸ ਧੀਮਾਨ)

**5. ਅਜਮੇਰ ਸਿੱਧੂ :**
-ਮਿਸ਼ਨ ਗੰਸੋਤਰੀ (ਰਾਜਿੰਦਰ ਬਿਬਰਾ)
-ਆਦਰਸ਼ਾ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ਼)
-ਪਛਾਣ ਬਦਲ ਗਈ(ਪਰਮਜੀਤ ਸਿੰਘ ਜੱਜ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)

**6. ਬਲਬੀਰ ਕੌਰ ਰੀਹਲ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਆਦਰਸ਼ਾ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ)

**7. ਜੈਪਾਲ :**
-ਖਾਜ (ਜਸਬੀਰ ਮੰਡ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਆਦਰਸ਼ਾ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ)
-ਪਛਾਣ ਬਦਲ ਗਈ (ਪਰਮਜੀਤ ਜੱਜ)

**8. ਭਜਨਬੀਰ ਸਿੰਘ :**
-ਆਦਰਸ਼ਾ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਖਾਜ (ਜਸਬੀਰ ਮੰਡ)

**9. ਪਰਮਜੀਤ ਕੌਰ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਕਾਲ ਚੱਕਰ (ਹਰਬੰਸ ਧੀਮਾਨ)



**10. ਗਗਨਦੀਪ :**
-ਕਾਲ ਚੱਕਰ (ਹਰਬੰਸ ਧੀਮਾਨ)

**11. ਅਵਤਾਰਜੀਤ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ (ਪਰਮਜੀਤ ਜੱਜ)
-ਕਾਲ ਚੱਕਰ (ਹਰਬੰਸ ਧੀਮਾਨ)

**12. ਸੰਤੋਖ ਸਿੰਘ ਸੁੱਖੀ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ (ਪਰਮਜੀਤ ਜੱਜ)
-ਕਾਲ ਚੱਕਰ (ਹਰਬੰਸ ਧੀਮਾਨ)

**13. ਪਾਲੀ ਰਾਏਪੁਰ, ਨੂਰਪੁਰ ਬੇਦੀ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ (ਪਰਮਜੀਤ ਜੱਜ)

**14. ਪ੍ਰੋ. ਮਲਕੀਤ ਜੌੜਾ :**
-ਬੁਝਾਰਤ (ਦਰਸ਼ਨ ਸਿੰਘ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ (ਪਰਮਜੀਤ ਜੱਜ)

**15. ਮੋਹਣ ਸਿੰਘ ਮਲਹਾਂਸ :**
-ਆਦਰਸ਼ਾਂ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ਼)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)

**16. ਸੁਰਜੀਤ ਸੁਮਨ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਪਛਾਣ ਬਦਲ ਗਈ(ਪਰਮਜੀਤ ਸਿੰਘ ਜੱਜ)
-ਖਾਜ (ਜਸਬੀਰ ਮੰਡ)

**17. ਗੁਰਮੀਤ ਸਿੰਗਲ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਖਾਜ (ਜਸਬੀਰ ਮੰਡ)
-ਸੱਤ ਰੰਗੀਆਂ ਚਿੜੀਆਂ (ਬੂਟਾ ਸਿੰਘ ਚੌਹਾਨ)

**18. ਜਸਵੰਤ ਰਾਏ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਖਾਜ (ਜਸਬੀਰ ਮੰਡ)
-ਛੇਵਾਂ ਦਰਿਆ (ਸੁਰਿੰਦਰ ਸਿੰਘ ਨੇਕੀ)

**19. ਬਿੰਦਰ ਬਸਰਾ :**
-ਖਾਜ (ਜਸਬੀਰ ਮੰਡ)
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)

**20. ਹਰਦੀਪ ਸਿੰਘ :**
-ਸੰਤ ਰੰਗੀ ਚਿੜੀਆਂ (ਬੂਟਾ ਸਿੰਘ ਚੌਹਾਨ)
-ਪਰਦੇਸ (ਮੋਹਨ ਸਿੰਘ ਕੁੱਕੜਪਿੰਡੀਆ)
-ਬਾਵਰੀ (ਆਰ. ਐੱਸ. ਬਾਲੀ)

**21. ਗੁਰਮੀਤ ਸਿੰਘ :**
-ਕਤਲਗਾਹ (ਗੁਰਦੀਪ)
-ਮੈਂ ਸ਼ਿਖੰਡੀ ਨਹੀਂ (ਰਾਮ ਸਰੂਪ ਰਿਖੀ)
-ਸੂਹੇ ਰਾਹਾਂ ਦਾ ਸਫ਼ਰ (ਨੰਦ ਸਿੰਘ ਮਹਿਤਾ)

**22 .ਨਕਾਸ਼ ਚਿੱਤੇਵਾਣੀ :**
-ਆਲ੍ਹਣਿਓਂ ਡਿੱਗੇ ਬੋਟ (ਚੰਨ ਮੋਮੀ)
-ਸੱਤ ਰੰਗੀਆਂ ਚਿੜੀਆਂ (ਬੂਟਾ ਸਿੰਘ ਚੌਹਾਨ)

**23. ਡਾ. ਜਗੀਰ ਸਿੰਘ ਨੂਰ :**
-ਗਹਿਰ ਚੜ੍ਹੀ ਅਸਮਾਨ (ਬਲਬੀਰ ਪਰਵਾਨਾ)
-ਆਦਰਸ਼ਾ ਦਾ ਵਣਜਾਰਾ (ਇੰਦਰ ਸਿੰਘ ਖ਼ਾਮੋਸ)

**24 .ਅਵਿਨਾਸ਼ ਜੱਜ :**
-ਖਾਜ (ਜਸਬੀਰ ਮੰਡ)
-ਨਰਕਵਾਸ (ਡਾ. ਅਮਰਜੀਤ ਸਿੰਘ)

**25. ਆਰ. ਸ਼ੀਂਹਮਾਰ :**
- ਇਨਕਲਾਬੀ ਰੂਹਾਂ
-ਖਾਜ (ਜਸਬੀਰ ਮੰਡ)

**26. ਸਰਬਜੀਤ ਭਗਵੰਤਪੁਰੀ-**
-ਖਾਜ (ਜਸਬੀਰ ਮੰਡ)

## ਪੰਜ ਪ੍ਰਤੀਨਿਧ ਕਾਵਿ-ਸੰਗ੍ਰਹਿ :

**1. ਲਾਲ ਸਿੰਘ :**
-ਯਾਦਾਂ ਦੇ ਸਾਇਬਾਨ (ਦਰਸ਼ਨ ਕੌਰ)
-ਚਰਾਗਾਹਾਂ ਤੋਂ ਪਾਰ (ਹਰਵਿੰਦਰ ਭੰਡਾਲ)
- ਤਨ ਤਕੀਆ (ਪ੍ਰਮਿੰਦਰਜੀਤ)
- ਬਲੈਕ ਹੋਲ (ਲਖਵਿੰਦਰ ਜੌਹਲ)
- ਬੇਹੇ ਮੌਸਮ ਬੇਹੀਆਂ ਰੁੱਤਾਂ (ਰਾਜਿੰਦਰ ਕੌਰ ਹੁੰਦਲ

**2. ਜਸਵੀਰ ਸਿੰਘ ਰਾਣਾ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਵਲਵਲਿਆਂ ਦਾ ਵੇਗ
(ਕੁਲਵਿੰਦਰ ਕੌਰ ਧੀਮਾਨ)
-ਚਰਾਗਾਹਾਂ ਤੋਂ ਪਾਰ (ਹਰਵਿੰਦਰ ਭੰਡਾਲ)
-ਦੂਜੇ ਸ਼ਬਦਾਂ 'ਚ (ਮਨਮੋਹਨ)
-ਤਨ ਤਕੀਆ (ਪਰਮਿੰਦਰਜੀਤ)

**3. ਮੋਹਨ ਤਿਆਗੀ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
- ਤਨ ਤਕੀਆ (ਪ੍ਰਮਿੰਦਰਜੀਤ)
-ਚਰਾਗਾਹਾਂ ਚੋਂ ਪਾਰ (ਹਰਵਿੰਦਰ ਭੰਡਾਲ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਸ਼ੀਸ਼ੇ ਦੀ ਜੂਨ (ਅਰਤਿੰਦਰ ਸੰਧੂ)

**4. ਗੁਰਮੀਤ ਕੱਲਰ ਮਾਜਰ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
- ਤਨ ਤਕੀਆ (ਪ੍ਰਮਿੰਦਰਜੀਤ)

**5. ਅਜਮੇਰ ਸਿੱਧੂ :**
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
- ਤਨ ਤਕੀਆ (ਪ੍ਰਮਿੰਦਰਜੀਤ)
-ਦੂਜੇ ਸ਼ਬਦਾਂ 'ਚ (ਮਨਮੋਹਨ)
-ਆਪਣਾ ਆਪਣਾ ਅਕਾਸ਼ (ਅਜਾਇਬ ਕਮਲ)

**6. ਸਤਪਾਲ ਭੀਖੀ :**
-ਚਰਾਗਾਹਾਂ ਚੋਂ ਪਾਰ (ਹਰਵਿੰਦਰ ਭੰਡਾਲ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
- ਗੂੰਜ
-ਉਲਟੇ ਰੁਖ ਪਰਵਾਜ਼

**7. ਬਲਬੀਰ ਕੌਰ ਰੀਹਲ :**
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਤਨ ਤਕੀਆ (ਪ੍ਰਮਿੰਦਰਜੀਤ)

**8. ਜੈ ਪਾਲ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਚਰਾਗਾਹਾਂ ਚੋਂ ਪਾਰ (ਹਰਵਿੰਦਰ ਭੰਡਾਲ)
-ਦੂਜੇ ਸ਼ਬਦਾਂ 'ਚ (ਮਨਮੋਹਨ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਤਨ ਤਕੀਆ (ਪ੍ਰਮਿੰਦਰਜੀਤ)

**9. ਭਜਨਬੀਰ ਸਿੰਘ :**
-ਤਨ ਤਕੀਆ (ਪ੍ਰਮਿੰਦਰਜੀਤ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਚਰਾਗਾਹਾਂ ਚੋਂ ਪਾਰ (ਹਰਵਿੰਦਰ ਭੰਡਾਲ)
-ਦੂਜੇ ਸ਼ਬਦਾਂ 'ਚ (ਮਨਮੋਹਨ)

**10. ਪਰਮਜੀਤ ਕੌਰ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਤਨ ਤਕੀਆ (ਪ੍ਰਮਿੰਦਰਜੀਤ)
-ਚਰਾਗਾਹਾਂ ਚੋਂ ਪਾਰ (ਹਰਵਿੰਦਰ ਭੰਡਾਲ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)

**11. ਗਗਨਦੀਪ, ਪਟਿਆਲਾ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਤਨ ਤਕੀਆ (ਪ੍ਰਮਿੰਦਰਜੀਤ)
-ਸਖੀਓ ਸਹੇਲੜੀਓ (ਇੰਦਰ ਮਾਨ)



**12. ਅਵਤਾਰ ਜੀਤ, ਪਟਿਆਲ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
- ਸ਼ੀਸੇ ਦੀ ਜੂਨ (ਅਰਤਿੰਦਰ ਸੰਧੂ)
- ਹਸਰਤ (ਡਾ. ਬਲਵਿੰਦਰ)
-ਸਖੀਓ ਸਹੇਲੜੀਓ (ਇੰਦਰ ਮਾਨ)

**13. ਸੰਤੋਖ ਸਿੰਘ ਸੁੱਖ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਤਨ ਤਕੀਆ (ਪ੍ਰਮਿੰਦਰਜੀਤ)
-ਸਖੀਓ ਸਹੇਲੜੀਓ (ਇੰਦਰ ਮਾਨ)

**14. ਪਾਲ ਰਾਏਪੁਰ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਤਨ ਤਕੀਆ (ਪ੍ਰਮਿੰਦਰਜੀਤ)

**15. ਪ੍ਰੋ. ਮਲਕੀਤ ਜੌੜ :**
ਟੁਕੜੇ ਟੁਕੜੇ ਸੂਰਜ (ਅਜਾਇਬ ਕਮਲ)

**16. ਮੋਹਣ ਸਿੰਘ ਮਲਹਾਂਸ :**
-ਤਨ ਤਕੀਆ (ਪ੍ਰਮਿੰਦਰਜੀਤ)
-ਇਹ ਬੰਦਾ ਕੀ ਹੁੰਦਾ (ਜਸਵੰਤ ਜ਼ਫ਼ਰ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)

**17. ਸੁਰਜੀਤ ਸੁਮਨ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
-ਸਫ਼ਰ (ਸਰੋਜ)

**18. ਜਸਵੰਤ ਰਾਏ :**
-ਆਪਣਾ ਆਪਣਾ ਅਕਾਸ਼ (ਅਜਾਇਬ ਕਮਲ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
ਸਫ਼ਰ (ਸਰੋਜ)

**19. ਸਰੂਪ ਸਿਆਲਵੀ :**
-ਲਹੂ ਦੀ ਵਿਰਾਸਤ (ਮੋਹਨ ਤਿਆਗੀ)
- ਸਫ਼ਰ (ਸਰੋਜ)

**20. ਡਾ. ਜਗੀਰ ਸਿੰਘ ਨੂਰ :**
-ਸਫ਼ਰ (ਸਰੋਜ)
-ਲਹੂ ਦੀ ਵਿਰਾਸਤ (ਮੋਹਨ ਤਿਆਗੀ)

## ਪੰਜ ਪ੍ਰਤੀਨਿਧ ਆਲੋਚਨਾ/ ਚਿੰਤਨ ਦੀਆਂ ਪੁਸਤਕਾਂ :

**1. ਲਾਲਾ ਸਿੰਘ :**
-ਸੁਖਬੀਰ ਕਾਵਿ ਨੁਹਾਰ (ਡਾ. ਚੰਦਰ ਮੋਹਨ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਪੰਜਾਬੀ ਨਾਵਲ-ਵਿਹਾਰਕ ਪਰਿਪੇਖ
(ਟੀ. ਆਰ. ਵਿਨੋਦ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)

**2. ਜਸਵੀਰ ਸਿੰਘ ਰਾਣਾ :**
-ਇਕ ਕਹਾਣੀ-ਦਸ ਦਿਸਵਾਂ
(ਡਾ. ਰਵੀ ਰਵਿੰਦਰ)
-ਪੰਜਾਬੀ ਕਹਾਣੀ ਅਰਥਾਂ ਦੀ ਤਲਾਸ਼
(ਡਾ. ਗੁਰਮੀਤ ਕੌਰ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)
-ਪੰਜਾਬੀ ਆਲੋਚਨਾ ਦੇ ਅਣਗੌਲੇ ਪੱਖ
(ਡਾ. ਜੋਗਿੰਦਰ ਰਾਹੀ)

**3 ਮੋਹਨ ਤਿਆਗੀ :**
-ਜਿਗਿਆਸਾ (ਤੇਜਵੰਤ ਮਾਨ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**4. ਗੁਰਮੀਤ ਕੱਲਰਮਾਜਰੀ :**
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)
-ਜਿਗਿਆਸਾ (ਤੇਜਵੰਤ ਮਾਨ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**5. ਅਜਮੇਰ ਸਿੱਧੂ :**
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)
-ਪੰਜਾਬੀ ਆਲੋਚਨਾ ਦੇ ਅਵਚੇਤਨੀ ਸਰੋਕਾਰ
(ਡਾ. ਬਲਕਾਰ ਸਿੰਘ)
-ਪੰਜਾਬੀ ਕਹਾਣੀ ਵਿਚਾਰ ਤੇ ਵਿਸਥਾਰ
(ਡਾ. ਜਸਵਿੰਦਰ ਕੌਰ ਬਿੰਦਰਾ)

**6. ਬਲਬੀਰ ਰੀਹਲ :**
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਪੰਜਾਬੀ ਨਾਵਲ-ਵਿਹਾਰਕ ਪਰਿਪੇਖ
(ਟੀ. ਆਰ. ਵਿਨੋਦ)

**7. ਜੈ ਪਾਲ :**
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)

**8. ਭਜਨਬੀਰ ਸਿੰਘ :**
-ਪੰਜਾਬੀ ਨਾਵਲ-ਵਿਹਾਰਕ ਪਰਿਪੇਖ
(ਟੀ. ਆਰ. ਵਿਨੋਦ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਚਿੰਤਨ ਪੁਨਰ ਚਿੰਤਨ
(ਡਾ. ਹਰਭਜਨ ਸਿੰਘ ਭਟੀਆ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)

**9. ਪਰਮਜੀਤ ਕੌਰ :**
- ਜਿਗਿਆਸਾ (ਤੇਜਵੰਤ ਮਾਨ)
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)

**10. ਗਗਨਦੀ :**
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)

**11. ਅਵਤਾਰਜੀਤ :**
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)

**12. ਸੰਤੋਖ ਸਿੰਘ ਸੁੱਖੀ :**
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**13. ਪ੍ਰੋ. ਮਲਕੀਤ ਜੌੜਾ :**
-ਸੁਖਬੀਰ ਕਾਵਿ ਨੁਹਾਰ (ਡਾ. ਚੰਦਰ ਮੋਹਨ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**14. ਮੋਹਣ ਸਿੰਘ ਮਲਹਾਂਸ :**
-ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ
(ਜੋਗਿੰਦਰ ਸਿੰਘ ਨਿਰਾਲਾ)



**15. ਪੁਸ਼ਪਿੰਦਰ ਕੌਰ, ਖੋਜ ਵਿਦਿ., ਚੰਡੀਗੜ੍ਹ :**
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)
-ਚਿੰਤਨ ਪੁਨਰ ਚਿੰਤਨ
(ਡਾ. ਹਰਭਜਨ ਸਿੰਘ ਭਟੀਆ)
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ
(ਬਲਬੀਰ ਮਾਧੋਪੁਰੀ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**16. ਜਸਬੀਰ ਐਮ. ਫਿੱਲ, ਅੰਮ੍ਰਿਤਸ :**
-ਚਿੰਤਨ ਪੁਨਰ ਚਿੰਤਨ
(ਡਾ. ਹਰਭਜਨ ਸਿੰਘ ਭਟੀਆ)
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)

**17. ਬਖ਼ਸਿੰਦਰ ਕੌਰ, ਤਰਨਤਾਰ :**
-ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ
(ਜਸਵਿੰਦਰ ਸ਼ਰਮਾ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ
(ਬਲਬੀਰ ਮਾਧੋਪੁਰੀ)

**18. ਜਸਵੰਤ ਰਾਏ :**
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ
(ਬਲਬੀਰ ਮਾਧੋਪੁਰੀ)

**19. ਹਰਦੀਪ ਸਿੰਘ ਪੀਐੱਚ ਡੀ. ਵਿਦਿਆਰਥੀ :**
-ਪੰਜਾਬੀ ਸਾਹਿਤ ਚਿੰਤਨ-ਆਧਾਰ ਤੇ ਉਸਾਰ
(ਰਜਨੀਸ਼ ਬਹਾਦਰ ਸਿੰਘ)
-ਪੰਜਾਬੀ ਨਾਵਲ-ਵਿਹਾਰਕ ਪਰਿਪੇਖ
(ਟੀ. ਆਰ. ਵਿਨੋਦ)
-ਚਿੰਤਨ ਪੁਨਰ ਚਿੰਤਨ
(ਡਾ. ਹਰਭਜਨ ਸਿੰਘ ਭਟੀਆ)
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)

**20. ਮੋਹਨ ਲਾਲ ਫਿਲੌਰੀਅ :**
-ਦਲਿਤ ਚੇਤਨਾ ਸਰੋਤ ਤੇ ਸਰੂਪ
(ਡਾ. ਰੌਣਕੀ ਰਾਮ)
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ (ਬਲਬੀਰ ਮਾਧੋਪੁਰੀ)

**21. ਸੁਰਜੀਤ ਸੁਮਨ :**
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ (ਬਲਬੀਰ ਮਾਧੋਪੁਰੀ)
22. ਡਾ. ਜਗੀਰ ਸਿੰਘ ਨੂਰ-
- ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ (ਬਲਬੀਰ ਮਾਧੋਪੁਰੀ)

## ਦੋ ਪ੍ਰਤੀਨਿਧ ਪਰਵਾਸੀ ਨਾਵਲ :

**1. ਲਾਲਾ ਸਿੰਘ :**
-ਸਮਾਂ ਸਵਰਨ ਚੰਦਨ)
-ਜਾਲ਼ (ਬਲਬੀਰ ਕੌਰ ਸੰਘੇੜਾ)

**2. ਜਸਵੀਰ ਸਿੰਘ ਰਾਣਾ :**
-ਸਮਾਂ ਸਵਰਨ ਚੰਦਨ)
-ਜਾਲ਼ (ਬਲਬੀਰ ਕੌਰ ਸੰਘੇੜਾ)

**3 ਮੋਹਨ ਤਿਆਗੀ :**
-ਸਮਾਂ ਸਵਰਨ ਚੰਦਨ)

**4. ਗੁਰਮੀਤ ਕੱਲ ਮਾਜਰੀ :**
-ਸਮਾਂ ਸਵਰਨ ਚੰਦਨ)

**5. ਅਜਮੇਰ ਸਿੱਧੂ :**

-ਰੂਹ ਲੈ ਗਿਆ ਦਿਲਾ ਦਾ ਜਾਨੀ
(ਸ਼ਿਵਚਰਨ ਜੱਗੀ ਕੁੱਸਾ)

**6. ਬਲਬੀਰ ਕੌਰ ਰੀਹਲ :**
-ਸਮਾਂ ਸਵਰਨ ਚੰਦਨ)

**7. ਭਜਨਬੀਰ ਸਿੰਘ :**
-ਜਾਲ਼ (ਬਲਬੀਰ ਕੌਰ ਸੰਘੇੜਾ)

**8. ਪਰਮਜੀਤ ਕੌਰ :**
-ਸਮਾਂ ਸਵਰਨ ਚੰਦਨ)

**9. ਗਗਨਦੀਪ :**
-ਸਮਾਂ ਸਵਰਨ ਚੰਦਨ)

**10. ਅਵਤਾਰ ਜੀਤ :**
-ਰੂਹ ਲੈ ਗਿਆ ਦਿਲਾ ਦਾ ਜਾਨੀ
(ਸ਼ਿਵਚਰਨ ਜੱਗੀ ਕੁੱਸਾ)

**11. ਸੰਤੋਖ ਸਿੰਘ ਸੁੱਖੀ :**
-ਸਮਾਂ ਸਵਰਨ ਚੰਦਨ)

**12. ਸੁਰਜੀਤ ਸੁਮਨ :**
-ਸਮਾਂ ਸਵਰਨ ਚੰਦਨ)

**13. ਬਿੰਦਰ ਬਸਰਾ :**
-ਜਾਲ਼ (ਬਲਬੀਰ ਕੌਰ ਸੰਘੇੜਾ)

**14. ਸਰੂਪ ਸਿਆਲਵੀ :**
-ਸਮਾਂ ਸਵਰਨ ਚੰਦਨ)

**15. ਕੁਲਬੀਰ ਬਡੇਸਰੋਂ :**
-ਸਮਾਂ ਸਵਰਨ ਚੰਦਨ)
-ਜਾਲ਼ (ਬਲਬੀਰ ਕੌਰ ਸੰਘੇੜਾ

---

*ਸਾਡਾ ਇਹ ਸਰਵੇਖਣ ਕਰਵਾਉਣ ਦਾ ਦੂਜਾ ਮੌਕਾ ਹੈ। ਪਹਿਲੇ ਸਰਵੇਖਣ ਨੂੰ ਪਾਠਕਾਂ ਨੇ ਜਿੱਥੇ ਪਸੰਦ ਕੀਤਾ ਉਥੇ ਉਸ ਵੱਲ ਉਂਗਲਾ ਵੀ ਕੀਤੀਆਂ। ਪਰ ਲਿਖ ਕੇ ਕੋਈ ਮੈਦਾਨ ਵਿਚ ਨਹੀਂ ਨਿਤਰਿਆ। ਇਸ ਵਾਰ ਸਰਵੇਖਣ ਦਾ ਢੰਗ ਬਦਲ ਦਿੱਤਾ ਹੈ। ਇਸ ਵਾਰ ਹੁੰਗਾਰਾ ਵੀ ਘੱਟ ਮਿਲਿਆ ਹੈ।*

*ਇਹ ਕਾਰਜ ਬੜਾ ਔਖਾ ਸੀ। ਅਸੀਂ 'ਕਹਾਣੀ ਧਾਰਾ' ਵਿਚ ਵੀ ਪ੍ਰੋਫਾਰਮਾ ਪ੍ਰਕਾਸ਼ਤ ਕਰ ਦਿੱਤਾ ਸੀ। 'ਕਹਾਣੀ ਧਾਰਾ' ਦੇ ਅੰਕ-19 ਨਾਲ ਅਸੀਂ ਮੈਗਜ਼ੀਨ ਦੇ ਪਾਠਕਾਂ ਨੂੰ ਵੱਖਰੇ ਪ੍ਰੋਫਾਰਮੇ ਵੀ ਭੇਜੇ। ਸਾਡੇ ਪੰਜਾਬੀ ਵਿਚ ਨਾ ਤਾਂ ਸੰਵਾਦ ਕਰਨ ਦੀ ਪਿਰਤ ਹੈ ਅਤੇ ਹੀ ਇਸ ਤਰ੍ਹਾਂ ਦੇ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਣ ਦੀ ਆਦਤ ਹੈ। ਲੇਖਕ ਦੋਸਤ ਸਥਾਪਤ ਹੋਣ ਲਈ ਜਾਂ ਤਾਂ ਜੁਗਾੜ ਕਰਨਗੇ ਜਾਂ ਫਿਰ ਇਨਾਮਾਂ ਦੇ ਮਗਰ ਭੱਜਣਗੇ। ਅੱਜ ਕੱਲ ਫੋਨਾਂ ਤੇ ਇਕ ਦੂਜੇ ਦੀ ਰਚਨਾ ਦੀ ਤਰੀਫ ਕਰਨ ਦਾ ਸਮਾਂ ਹੈ। ਚਿੱਠੀ ਲਿੱਖਣ ਦਾ ਨਹੀਂ। ਬਜ਼ੁਰਗ ਸਾਹਿਤਕਾਰਾਂ ਨੇ ਹੁੰਗਾਰਾ ਨਹੀਂ ਭਰਿਆ। ਨੌਜਵਾਨਾਂ ਨੇ ਕਾਫੀ ਸਹਿਯੋਗ ਦਿੱਤਾ। ਖਾਸ ਕਰਕੇ ਜਿਹੜੇ ਯੂਨੀਵਰਸਿਟੀਆਂ ਵਿਚ ਖੋਜ ਵਿਦਿਆਰਥੀ ਹਨ। ਜਿਹੜੇ 'ਕਹਾਣੀ ਧਾਰਾ' ਦੇ ਪਾਠਕ ਹਨ ਉਨ੍ਹਾਂ ਦੇ ਵੀ ਆਪਣੀ ਸਮਰੱਥਾ ਮੁਤਾਬਕ ਲਿਖ ਕੇ ਭੇਜਿਆ।*

*ਸਰਵੇਖਣ ਵਿਚ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਅਤੇ ਚੇਤਨਾ ਪ੍ਰਕਾਸ਼ਨ, ਲੁਧਿਆਣਾ ਦੀਆਂ ਕਿਤਾਬਾਂ ਆਈਆਂ। ਬਾਕੀ ਪ੍ਰਕਾਸ਼ਕਾਂ ਦੀਆਂ ਇਕ-ਇਕ, ਦੋ-ਦੋ ਕਿਤਾਬਾਂ ਹੀ ਸਰਵੇਖਣ ਵਿਚ ਪਾਠਕਾਂ ਨੇ ਪਸੰਦ ਕੀਤੀਆਂ। ਕਹਾਣੀ ਵਿਚ ਮਾਲਵੇ, ਮਾਝੇ ਤੇ ਪੁਆਧ ਦੇ ਕਹਾਣੀਕਾਰਾਂ ਨੂੰ ਦੁਆਬੇ ਦੇ ਕਹਾਣੀਕਾਰਾਂ ਨੇ ਟੱਕਰ ਦਿੱਤੀ। ਇਹ ਕਬੱਡੀ ਦਾ ਮੈਚ ਨਹੀਂ ਹੈ ਕਿ ਅਸੀਂ ਇਸ ਸਰਵੇਖਣ ਅਨੁਸਾਰ ਪਹਿਲੇ ਨੰਬਰ 'ਤੇ ਆਉਣ ਵਾਲੀ ਰਚਨਾ ਨੂੰ ਝੰਡੀ ਫੜਾ ਦਈਏ। ਇਹ ਸਾਡੇ ਪਰਚੇ ਦੇ ਪਾਠਕਾਂ ਦੀ ਪਸੰਦ ਹੈ ਕਿ ਇਹ ਰਚਨਾਵਾਂ ਚੰਗੀਆਂ ਹਨ। ਜੇ ਕੋਈ ਹੋਰ ਅਦਾਰਾ ਸਰਵੇਖਣ ਕਰਾਵੇ ਤਾਂ ਇਹ ਪੁਜੀਸ਼ਨਾ ਬਦਲ ਸਕਦੀਆਂ ਹਨ ਪਰ ਇਹ ਰਚਨਾਵਾਂ ਪ੍ਰਤੀਨਿਧ ਜ਼ਰੂਰ ਹੋਣਗੀਆਂ। ਇਹ ਦਾਅਵਾ ਹੈ।*

*ਅੱਗੇ ਪਾਠਕਾਂ ਦੀ ਪਸੰਦ ਅਨੁਸਾਰ ਪਹਿਲੀਆਂ ਤਿੰਨ ਪੁਜੀਸ਼ਨਾ 'ਤੇ ਪਹੁੰਚੀਆਂ ਰਚਨਾਵਾਂ ਦਾ ਵੇਰਵਾ ਹੈ -*



## *ਸਰਵੇਖਣ ਤੋਂ ਉਪਜੇ ਸਿੱਟੇ-*

**ਪ੍ਰਤੀਨਿਧ ਕਹਾਣੀਆਂ : 44 ਪਾਠਕਾਂ ਨੇ ਪਸੰਦ ਭੇਜੀ।**

1. ਭਗਵੰਤ ਰਸੂਲਪੁਰੀ ਕਹਾਣੀ 'ਆਦੀ ਡੰਕਾ' ਨੂੰ 23 ਪਾਠਕਾਂ ਨੇ ਪਸੰਦ ਕੀਤਾ।
2. ਗੁਰਮੀਤ ਕੜਿਆਲਵੀ ਦੀ ਕਹਾਣੀ 'ਚੀਕ' ਨੂੰ 16 ਪਾਠਕਾਂ ਨੇ ਪਸੰਦ ਕੀਤਾ।
3. ਸਰੂਪ ਸਿਆਲਵੀ ਦੀ ਕਹਾਣੀ 'ਸੂਤ ਪੁੱਤਰ... ਕਰਨ' ਨੂੰ 14 ਪਾਠਕਾਂ ਨੇ ਪਸੰਦ ਕੀਤਾ।

**ਪ੍ਰਤੀਨਿਧ ਕਹਾਣੀ ਸੰਗ੍ਰਹਿ :26 ਪਾਠਕਾਂ ਨੇ ਪਸੰਦ ਭੇਜੀ।**

1. ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨੂੰ 25 ਪਾਠਕਾਂ ਨੇ ਪਸੰਦ ਕੀਤਾ।
2. ਬਲੀਜੀਤ ਦੇ ਕਹਾਣੀ ਸੰਗ੍ਰਹਿ 'ਇਬਾਰਤਾਂ' ਨੂੰ 18 ਪਾਠਕਾਂ ਨੇ ਪਸੰਦ ਕੀਤਾ।
3. ਜਿੰਦਰ ਦੇ ਕਹਾਣੀ ਸੰਗ੍ਰਹਿ 'ਜ਼ਖ਼ਮ' ਨੂੰ 12 ਪਾਠਕਾਂ ਨੇ ਪਸੰਦ ਕੀਤਾ।

**ਪ੍ਰਤੀਨਿਧ ਨਾਵਲ :26 ਪਾਠਕਾਂ ਨੇ ਪਸੰਦ ਭੇਜੀ।**

1. ਬਲਬੀਰ ਪਰਵਾਨਾ ਦੇ ਨਾਵਲ 'ਗਹਿਰ ਚੜ੍ਹੀ ਅਸਮਾਨ' ਨੂੰ 19 ਪਾਠਕਾਂ ਨੇ ਪਸੰਦ ਕੀਤਾ।
2. ਪਰਮਜੀਤ ਜੱਜ ਦੇ ਨਾਵਲ 'ਪਛਾਣ ਬਦਲ ਗਈ' ਤੇ ਜਸਬੀਰ ਮੰਡ ਦੇ ਨਾਵਲ 'ਖਾਜ' ਨੂੰ 10-10 ਪਾਠਕਾਂ ਨੇ ਪਸੰਦ ਕੀਤਾ।
3. ਇੰਦਰ ਸਿੰਘ ਖ਼ਾਮੋਸ਼ ਦੇ ਨਾਵਲ 'ਆਦਰਸ਼ਾ ਦਾ ਵਣਜਾਰਾ' ਨੂੰ 7 ਪਾਠਕਾਂ ਨੇ ਪਸੰਦ ਕੀਤਾ।

**ਪ੍ਰਤੀਨਿਧ ਕਾਵਿ : ਸੰਗ੍ਰਹਿ-20 ਪਾਠਕਾਂ ਨੇ ਪਸੰਦ ਭੇਜੀ।**

1. ਮੋਹਨ ਤਿਆਗੀ ਦੇ ਕਾਵਿ ਸੰਗ੍ਰਹਿ 'ਲਹੂ ਦੀ ਵਿਰਾਸਤ' ਨੂੰ 17 ਪਾਠਕਾਂ ਨੇ ਪਸੰਦ ਕੀਤਾ।
2. ਪ੍ਰਮਿੰਦਰਜੀਤ ਦੇ ਕਾਵਿ ਸੰਗ੍ਰਹਿ 'ਤਨ ਤਕੀਆ' ਨੂੰ 13 ਪਾਠਕਾਂ ਨੇ ਪਸੰਦ ਕੀਤਾ।
3. ਜਸਵੰਤ ਜਫ਼ਰ ਦੇ ਕਾਵਿ ਸੰਗ੍ਰਹਿ 'ਇਹ ਬੰਦਾ ਕੀ ਹੁੰਦਾ' ਨੂੰ 10 ਪਾਠਕਾਂ ਨੇ ਪਸੰਦ ਕੀਤਾ।

**ਪ੍ਰਤੀਨਿਧ ਆਲੋਚਨਾ / ਚਿੰਤਨ : 22 ਪਾਠਕਾਂ ਨੇ ਪਸੰਦ ਭੇਜੀ।**

1. ਜੋਗਿੰਦਰ ਸਿੰਘ ਨਿਰਾਲਾ ਦੀ ਪੁਸਤਕ 'ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ' ਤੇ ਰੌਣਕੀ ਰਾਮ ਦੀ ਪੁਸਤਕ 'ਦਲਿਤ ਚੇਤਨਾ ਸਰੋਤ ਤੇ ਸਰੂਪ ਨੂੰ 10-10 ਪਾਠਕਾਂ ਨੇ ਪਸੰਦ ਕੀਤਾ।
2. ਰਜਨੀਸ਼ ਬਹਾਦਰ ਦੀ ਪੁਸਤਕ 'ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ' ਨੂੰ 8 ਪਾਠਕਾਂ ਨੇ ਪਸੰਦ ਕੀਤਾ।
3. ਜਸਵਿੰਦਰ ਸ਼ਰਮਾ ਦੀ ਪੁਸਤਕ 'ਬਾਜੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ' ਨੂੰ 7 ਪਾਠਕਾਂ ਨੇ ਪਸੰਦ ਕੀਤਾ।

**ਪ੍ਰਤੀਨਿਧ ਪਰਵਾਸੀ ਨਾਵਲ : 15 ਪਾਠਕਾਂ ਨੇ ਪਸੰਦ ਭੇਜੀ।**

1. ਸਵਰਨ ਚੰਦਨ ਦੇ ਨਾਵਲ 'ਸਮਾਂ' ਨੂੰ 11 ਪਾਠਕਾਂ ਨੇ ਪਸੰਦ ਕੀਤਾ।
2. ਬਲਬੀਰ ਕੌਰ ਸੰਘੇੜਾ ਦੇ ਨਾਵਲ 'ਜਾਲ਼' ਨੂੰ 5 ਪਾਠਕਾਂ ਨੇ ਪਸੰਦ ਕੀਤਾ।

ਪਾਠਕਾਂ ਨੂੰ ਸਾਡਾ ਸਰਵੇਖਣ ਕਿਸ ਤਰ੍ਹਾਂ ਦਾ ਲੱਗਾ ਕ੍ਰਿਪਾ ਕਰਕੇ ਖ਼ਤ ਰਹੀਂ ਪ੍ਰਤੀਕਰਮ ਜ਼ਰੂਰ ਲਿਖ ਕੇ ਭੇਜਣ।

***-ਸੰਪਾਦਕ***

## ਮੋਹ ਜਾਲ਼ / ਬਿੰਦਰ ਬਸਰਾ

ਬੇਚੈਨੀ ਕਈ ਚਿਰਾਂ ਤੋਂ ਜਗਦੀਪ ਦਾ ਖਹਿੜਾ ਛੱਡਣ ਦਾ ਨਾਂ ਨਹੀਂ ਲੈ ਰਹੀ। ਘਟਣ ਦੀ ਬਜਾਏ ਇਹ ਪਲੋ ਪਲ ਵਧਦੀ ਜਾਂਦੀ ਐ। ਪਾਰੋ ਨੂੰ ਚੁੰਮਦਿਆਂ ਉਹਦੀ ਠੋਡੀ 'ਤੇ ਨਿਕਲ ਆਏ ਸੂਇਆਂ ਦੀ ਚੁਭਣ ਇਸ ਬੇਚੈਨੀ ਦੀ ਤਾਜ਼ਾ ਵਜ੍ਹਾ ਹੋ ਸਕਦੀ ਐ। ਪਰ ਇਸ ਦੀਆਂ ਜੜ੍ਹਾਂ ਉਸ ਨੂੰ ਘੋਖਣ 'ਤੇ ਵੀ ਨਾ ਲੱਭਦੀਆਂ। ਇਕੋ ਸਮੇਂ ਕਈ ਕਾਰਨ ਨਜ਼ਰ ਆਉਂਦੇ। ਕਦੇ ਲੱਗਦਾ ਪਿਓ ਦੀ ਬੇਰੁਖੀ 'ਚ ਨੇ। ਫੇਰ ਲੱਗਦਾ ਪਤਨੀ ਦੀ ਸੰਤੁਸ਼ਟੀ 'ਚ ਨੇ। ਪਲ ਕੁ ਪਿਛੋਂ ਭਰਾਵਾਂ ਦੇ ਆਪਗਮੇਂ ਹੋਣ ਦਾ ਖਿਆਲ ਆਉਂਦਾ। ਫੇਰ ਲੱਗਦਾ ਮਾਂ ਦੀ ਲਾਚਾਰੀ 'ਚ ਨੇ। ਪਰ ਏਨੇ ਕਾਰਨਾਂ 'ਚੋਂ ਉਸ ਨੂੰ ਬੇਚੈਨੀ ਦਾ ਸਿੱਕੇਬੰਦ ਕਾਰਨ ਕੋਈ ਨਾ ਲੱਭਦਾ।

ਜਗਦੀਪ ਨੂੰ ਲੱਗਦਾ ਫੌਜੀ ਬਾਪੂ ਤੇ ਮਾਂ ਵਿਚਾਲੇ ਕੋਈ ਗੰਢ ਹੈ। ਜਿਸ ਦੇ ਦੋਹਾਂ ਸਿਰਿਆਂ ਨੂੰ ਜਿੰਨਾ ਉਹ ਖਿੱਚਦੇ ਨੇ ਉਹ ਗੰਢ ਓਨੀ ਪੀਚਵੀ ਵੀ ਹੋਈ ਜਾਂਦੀ ਹੈ। ਖਿਝ ਕੇ ਉਹਦਾ ਬਾਪ ਹੱਥੋਪਾਈ 'ਤੇ ਉਤਰ ਆਉਂਦਾ। ਮਾਂ ਕੋਈ ਉਜਰ ਨਾ ਕਰਦੀ। ਚੁੱਪ ਰਹਿੰਦੀ। ਜਗਦੀਪ ਨੂੰ ਮਾਂ ਦੀ ਹੱਦੋਂ ਵੱਧ ਚੁੱਪ ਰੜਕਦੀ। ਬਾਪ ਦੇ ਫੌਜੀ ਰੋਅਬ ਅੱਗੇ ਉਹ ਵੀ ਕਿਥੇ ਕਰ ਸਕਿਆ ਸੀ ਕੋਈ ਉਜਰ, ਘਰੋਂ ਭੱਜ ਨਿਕਲਿਆ ਸੀ। ਸਾਧ ਬਣਕੇ ਭਟਕਦਾ ਰਿਹਾ।

ਜਗਦੀਪ ਨੂੰ ਸਾਧ ਬਣਨ ਸਮੇਂ ਆਪਣੇ ਪਿਓ ਦਾ ਮਾਂ ਨਾਲ ਰੋਜ਼ ਦਾ ਧੱਕਾ ਚੁਭਣੋਂ ਘਟ ਗਿਆ ਸੀ। ਪਰ ਉਸ ਦਾ ਜਿਹੜਾ ਰੂਪ ਜਗਦੀਪ ਲਈ ਅਸਹਿ ਹੋ ਗਿਆ ਸੀ। ਉਹ ਉਸਦੇ ਚੇਤੇ 'ਚ ਮੱਛੀ ਦੇ ਕੰਡੇ ਵਾਂਗ ਅਟਕ ਗਿਆ। ਪੈਨਸ਼ਨ ਆਏ ਸੂਬੇਦਾਰ ਜੈ ਦੇਵ ਨੂੰ ਥਾਣੇ-ਕਚਹਿਰੀ ਘੁੰਮਣ ਦਾ ਅਜਿਹਾ ਭੁਸ ਪਿਆ ਕਿ ਉਹ ਲੋਕਾਂ ਦੇ ਕੰਮ ਕਰਾਉਂਦਾ ਲੀਡਰ ਬਣ ਗਿਆ। ਇਲਾਕੇ 'ਚ ਚੰਗੀ ਜਾਣ ਪਛਾਣ ਹੋ ਗਈ। ਜਗਦੀਪ ਨੂੰ ਮਿਲਣ ਆਉਂਦੀ ਉਹਦੀ ਜਮਾਤਣ ਰੂਪੀ ਨੂੰ ਉਸ ਸਰਕਾਰੀ ਨੌਕਰੀ ਦਾ ਇਹੋ ਜਿਹਾ ਸੁਪਨਾ ਦਿਖਾਇਆ ਕਿ ਉਸ ਦੀ ਨੀਂਦ ਉਡ ਗਈ। ਪਿਛੋਂ ਉਹਦਾ ਕੋਈ ਪਤਾ ਨਾ ਲੱਗਾ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕਹਿੰਦਾ ਜੈਦੇਵ ਨੇ ਆਪਣੇ ਕਿਸੇ ਸਾਥੀ ਨਾਲ ਭਜਾ ਦਿੱਤੀ। ਕੋਈ ਕਹਿੰਦਾ ਦਿੱਲੀ ਕਲਕੱਤੇ ਕਿਤੇ ਵੇਚ ਆਂਦੀ। ਰੂਪੀ ਕਿਥੋਂ, ਕਿਥੇ ਗਈ ਹੌਲੀ ਹੌਲੀ ਸਭ ਭੁੱਲ ਗਏ ਪਰ ਇਹ ਗੱਲ ਜਗਦੀਪ ਦੇ ਮਨ 'ਚ ਕਿਤੇ ਡੂੰਘੀ ਉਤਰ ਗਈ। ਰੂਪੀ ਦਾ ਮਿਲਣ ਆਉਣਾ ਜਗਦੀਪ ਲਈ ਅਜ ਵੀ ਭੇਦ ਬਣਿਆ ਹੋਇਆ ਹੈ। ਉਹ ਸੋਚਦਾ ਮੈਂ ਰੂਪੀ ਨੂੰ ਕਦੇ ਨਹੀਂ ਸੀ ਚਾਹਿਆ ਜਿਵੇਂ ਹੁਣ ਪਾਰੋ ਨੂੰ ਚਾਹੁਣ ਲੱਗ ਪਿਆ। ਕਦੇ ਉਹਨੂੰ ਲੱਗਦਾ ਸ਼ਾਇਦ ਉਹਦੇ ਮਨ 'ਚ ਕੋਈ ਗੱਲ ਹੋਵੇ, ਤਾਂ ਹੀ ਤਾਂ ਉਹ ਨਿਰਾਸ਼ਾ 'ਚ ਉਧਰ ਝੁਕ ਗਈ। ਰੂਪੀ ਦੀ ਨੇੜਤਾ ਭਾਵੇਂ ਜਗਦੀਪ ਨੇ ਕਦੇ ਨਹੀਂ ਸੀ ਮਾਣੀ ਪਰ ਉਸ ਦੇ ਇਸ ਤਰ੍ਹਾਂ ਅਲੋਪ ਹੋ ਜਾਣ ਨਾਲ ਜੁੜੀਆਂ ਕਹਾਣੀਆਂ ਨੇ ਉਸ ਨੂੰ ਤੋੜ ਦਿੱਤਾ। ਬੇਚੈਨ ਹੋਇਆ ਉਹ ਮਨ ਦੀ ਸ਼ਾਂਤੀ ਲਈ ਥਾਂ ਥਾਂ ਭਟਕਿਆ। ਭਟਕਣ ਦੇ ਉਸ ਦੌਰ ਦੀ ਇਕ ਨਿੱਕੀ ਜਹੀ ਯਾਦ ਉਸ ਦੇ ਮਨ ਦੇ ਇਕ ਕੋਨੇ 'ਚ ਅਜੇ ਵੀ ਟਿਕੀ ਹੋਈ ਹੈ। ਇਹ ਪਤਾ ਨਹੀਂ ਕਿੱਦਾਂ ਘਰ ਕਰੀ ਬੈਠੀ ਏ, ਨਹੀਂ ਤਾਂ ਅਜ ਕਲ ਦਿਲੋਂ ਦਿਮਾਗ 'ਤੇ ਪਾਰੋ ਛਾਈ ਹੋਈ ਹੈ। ਜਗਦੀਪ ਘਰੋਂ ਨਿਕਲ ਭਗਵੇਂ ਪਾ ਕੇ ਹਰਿਦੁਆਰ ਤੇ ਪੁਰੀ ਦੇ ਮੰਦਰਾਂ 'ਚ ਭਟਕਦਾ ਕੁਰੂਕਸ਼ੇਤਰ ਆ ਟਿਕਿਆ। ਉਥੇ ਰਹਿੰਦਿਆਂ ਸਾਧੂਆਂ ਨੇ ਉਹਦਾ ਨਾਂ ਜਲੰਧਰੀ ਬਾਬਾ ਧਰ ਦਿੱਤਾ। ਅੱਕ ਧਤੂਰਾ ਖਾਣਾ ਸਾਧਾਂ ਦਾ ਨੇਮ ਸੀ। ਪਰ ਜਗਦੀਪ ਇਨ੍ਹਾਂ ਚੀਜ਼ਾਂ ਤੋਂ ਭੱਜਦਾ। ਸਾਧੂ ਅੱਖ ਟਿਕਾਉਣ ਲਈ ਚਿਲਮ ਖਿੱਚਦੇ। ਉਨ੍ਹਾਂ ਦੇ ਚਿਹਰਿਆਂ 'ਤੇ ਸੁਲਫੇ ਦੀ ਲਾਟ ਵੇਖ, ਉਹ ਡਰ ਜਾਂਦਾ। ਸਰੋਵਰ ਕੰਢੇ ਬੈਠੇ ਸਾਧ ਜਦ ਆਪਣੀ ਮਸਤੀ 'ਚ ਹੁੰਦੇ, ਜਗਦੀਪ ਅੰਦਰ ਕੋਈ ਹੋਰ ਜੰਗ ਛਿੜੀ ਹੁੰਦੀ। ਕਲਕੱਤੇ ਤੋਂ ਆਇਆ ਇਕ ਸਾਧ ਜਦੋਂ ਕਿਤੇ ਮਸਤੀ 'ਚ ਹੁੰਦਾ ਆਪਣੇ ਭੇਦ ਖੋਲ੍ਹ ਬੈਠਦਾ। 'ਸਾਧ ਬਣਕੇ ਵੀ ਏਹਦੇ ਅੰਦਰੋਂ ਭਟਕਣ ਨਹੀਂ ਮੁੱਕੀ ਜਗਦੀਪ ਸੋਚਦਾ। ਤੇਰੇ ਅੰਦਰੋਂ ਮੁੱਕ ਗਈ? ਮਨ 'ਚੋਂ ਸਵਾਲ ਉਠ ਖੜ੍ਹਦਾ। ਮਨ ਹੱਥੋਂ ਹਾਰਿਆ ਤੇ ਉਸ ਸਾਧ ਦੀਆਂ ਗੱਲਾਂ ਤੋਂ ਦੁਖੀ ਹੋਇਆ ਉਹ ਕਿਸੇ ਹੋਰ ਸਾਧ ਨਾਲ ਕਿਧਰੇ ਉਠ ਜਾਂਦਾ। ਉਥੇ ਵੀ ਮਨ ਨਾ ਟਿਕਦਾ। ਕਲਕੱਤੇ ਵਾਲਾ ਸਾਧ ਉਸ ਨੂੰ ਸਹੀ ਲੱਗਦਾ। ਫਿਰ ਮੁੜ ਆਉਂਦਾ।



ਜਗਦੀਪ ਇਕ ਦਿਨ ਪਤਾ ਨਹੀਂ ਕਿੰਨ੍ਹਾਂ ਖਿਆਲਾਂ 'ਚ ਡੁੱਬਾ ਹੋਇਆ ਸੀ। ਉਹਦੇ ਕੋਲ ਇਕ ਨੌਜਵਾਨ ਆ ਬੈਠਾ। ਬਹਿੰਦਿਆਂ ਹੀ ਆਪਣੇ ਪਿਓ ਤੇ ਘਰਵਾਲੀ ਨੂੰ ਗਾਲ੍ਹਾਂ ਕੱਢਣ ਲੱਗਾ। ਉਹਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਪਰ ਉਹ ਨਾ ਰੁਕਿਆ। ਬੋਲੀ ਗਿਆ, "ਸਾਲੀ ਕੁੱਤੀ ਨੇ ਪਿਓ ਮੇਰੇ 'ਤੇ ਕਾਠੀ ਪਾ ਲਈ।' ਕਦੇ ਕਹਿੰਦਾ, "ਪਿਉ ਕੰਜਰ ਨੇ ਘਰ ਪੱਟ ਕੇ ਰੱਖਤਾ ਮੇਰਾ। ਹੁਣ ਉਹ ਮੈਨੂੰ ਮਾਰਨ ਨੂੰ ਫਿਰਦੇ ਨੇ।"

ਜਗਦੀਪ ਅੰਦਰਲੇ ਦੁਨੀਆਦਾਰ ਨੂੰ ਲੱਗਾ ਇਹ ਆਪਣੀ ਕਿਸੇ ਕਮਜ਼ੋਰੀ ਨੂੰ ਲੁਕਾਉਣ ਲਈ ਪਿਓ ਨੂੰ ਗਾਲ੍ਹਾਂ ਕੱਢਦਾ। ਤੀਵੀਂ ਨੂੰ ਬਦਨਾਮ ਕਰਕੇ ਖੁਦ ਸੁਰਖਰੂ ਹੋਣਾ ਚਾਹੁੰਦਾ।' ਤਦ ਉਹਦੇ ਅੰਦਰੋਂ ਸਾਧ ਬੋਲਦਾ-ਦੁਖੀਆ ਜੀਵ ਹੈ ਵਿਚਾਰਾ! ਫੇਰ ਕਿਤੇ ਪੜ੍ਹਿਆ ਉਹਦੇ ਯਾਦ ਆਇਆ ਕਿ ਬੰਦਾ ਮਨੋਰੋਗੀ ਹੋ ਕੇ ਆਪਣਿਆਂ 'ਤੇ ਹੀ ਸ਼ੱਕ ਕਰਨ ਲੱਗ ਪੈਂਦਾ। ਪਰ ਉਹਦਾ ਮਨ ਨਾ ਟਿਕਦਾ। ਕਦੇ ਖਿਆਲ ਆਉਂਦਾ ਕੀ ਪਤਾ ਪਿਉ ਦੇ ਮਨ 'ਚ ਖੋਟ ਆ ਗਈ ਹੋਵੇ। ਜਗਦੀਪ ਨੂੰ ਆਪਣਾ ਪਿਉ ਚੇਤੇ ਆ ਗਿਆ। ਜਿਸ ਤੇ ਉਹ ਰੂਪੀ ਬਾਰੇ ਸ਼ੱਕ ਕਰਦਾ ਘਰੋਂ ਭੱਜਿਆ ਸੀ। ਉਸ ਰਾਤ ਉਹਨੂੰ ਨੀਂਦ ਨਾ ਆਈ।

ਸਵੇਰੇ ਉਠ ਉਸ ਨੇ ਧਿਆਨ ਧਰਿਆ। ਸਭ ਬੇਕਾਰ। ਉਹ ਸੁਰਤੀ ਨੂੰ ਟਿਕਾਉਂਦਾ ਕਿਤੇ ਹੋਰ ਪਰ ਉਹ ਜਾ ਕੇ ਕਿਤੇ ਹੋਰ ਟਿਕਦੀ। ਅੱਖਾਂ ਅੱਗੇ ਰੂਪੀ ਆ ਜਾਂਦੀ, ਜਿੱਦਾਂ ਹੁਣ ਪਾਰੋ ਆਉਂਦੀ ਏ। ਫੇਰ ਉਸ ਮਕੈਨੀਕਲ ਇੰਜੀਨੀਅਰ ਨੌਜਵਾਨ ਦਾ ਪਿਉ ਤੇ ਕਦੇ ਉਹਦੀ ਤੀਵੀਂ ਆ ਖੜ੍ਹਦੇ। ਉਨ੍ਹਾਂ ਦੇ ਚਿਹਰੇ ਤਾਂ ਭਾਵੇਂ ਨਜ਼ਰ ਨਾ ਆਉਂਦੇ ਪਰ ਖਿਆਲ ਦਿਮਾਗ਼ 'ਤੇ ਭਾਰੂ ਹੋ ਜਾਂਦਾ। ਫਿਰ ਹੌਲੀ ਹੌਲੀ ਉਨ੍ਹਾਂ ਦੇ ਚਿਹਰੇ ਉਭਰਨ ਲੱਗਦੇ। ਉਹਦੇ ਪਿਉ ਦਾ ਚਿਹਰਾ ਜਗਦੀਪ ਨੂੰ ਆਪਣੇ ਬਾਪ ਦੇ ਭਰਵੀਆਂ ਚੌੜੀਆਂ ਮੁੱਛਾਂ ਵਾਲੇ ਚਿਹਰੇ 'ਚ ਰਲਗਡ ਹੁੰਦਾ ਲੱਗਦਾ। ਉਹ ਦੀ ਘਰਵਾਲੀ ਰੂਪੀ ਦਾ ਸਿਰ ਲਾਈ ਘੁੰਮਦੀ ਘੋੜੀ ਵਰਗੀ ਲੱਗੀ।

ਜਗਦੀਪ ਜਿਸ ਘਰ ਨੂੰ ਛੱਡ ਕੇ ਭੱਜਿਆ ਸੀ ਉਹਦੀ ਯਾਦ ਆਉਣ ਲੱਗੀ। ਮਾਂ ਦੀ ਸੂਰਤ ਅੱਖਾਂ ਅੱਗੇ ਘੁੰਮਣ ਲੱਗ ਪਈ। ਇਕ ਦਿਨ ਬੇਵੱਸ ਹੋਇਆ ਉਹ ਇਸ ਭਰਮ 'ਚ ਘਰ ਮੁੜ ਆਇਆ ਕਿ ਘਰ 'ਚ ਹੁਣ ਪਹਿਲਾਂ ਵਰਗਾ ਕੁਝ ਨਹੀਂ ਹੋਵੇਗਾ। ਉਹਦੇ ਜਾਣ ਪਿਛੋਂ ਹੇਠਲੀ ਉਤੇ ਹੋ ਗਈ ਹੋਊ। ਪਰ ਇਹ ਉਸਦਾ ਭਰਮ ਸੀ। ਬਸ, ਮਾਂ ਨੇ ਦਿਲ ਨੂੰ ਲਾਈ ਸੀ। ਪੈਰੀਂ ਖੜਾਵਾਂ ਤੇ ਤੇੜ ਭਗਵੇਂ ਪਾਈ ਜਦ ਘਰ ਵੜਿਆ, ਪਿਉ ਦੀਆਂ ਅੱਖਾਂ 'ਚ ਚਮਕ ਆਈ। ਉਹਦੇ ਵੱਲ ਪੈਰ ਪੁੱਟਣ ਲਈ ਅਹੁਲਿਆ। ਫੇਰ ਪਤਾ ਨਹੀਂ ਮਨ 'ਚ ਕੀ ਆਈ ਥਾਂਈਂ ਗੱਡਿਆ ਗਿਆ। ਅਣਗੌਲਿਆਂ ਕਰ ਛੱਡਿਆ, ਜਿੱਦਾਂ ਕੋਈ ਫ਼ਰਕ ਈ ਨਾ ਪਿਆ ਹੋਵੇ। ਪੁੱਤ ਨੂੰ ਦੇਖ ਮਾਂ ਨੇ ਸ਼ੁਕਰ ਕੀਤਾ। ਮੱਥਾ ਚੁੰਮ ਹਿੱਕ ਨਾਲ ਲਾਇਆ। ਭਰਾ ਡੌਰ ਭੌਰ ਹੋਏ ਖੜ੍ਹੇ ਦੇਖਦੇ ਰਹੇ। ਭੈਣ ਸਹਿਮੀ ਰਹੀ। ਪਤਾ ਨਹੀਂ ਪਿਉ ਤੋਂ ਡਰਦੀ। ਸਭ ਦੀਆਂ ਨਜ਼ਰਾਂ 'ਚ ਕੋਈ ਨਾ ਕੋਈ ਸਵਾਲ ਅਟਕਿਆ ਪਿਆ ਸੀ। ਪਰ ਇਨ੍ਹਾਂ ਸਵਾਲਾਂ ਦਾ ਜਗਦੀਪ ਕੋਲ ਕੋਈ ਜਵਾਬ ਨਹੀਂ ਸੀ।

ਘਰ ਮੁੜ ਆਏ ਜਗਦੀਪ ਨੂੰ ਪਿਉ ਘੱਟ ਵੱਧ ਹੀ ਬੁਲਾਉਂਦਾ। ਜੇ ਕਿਤੇ ਲੋੜ ਪੈਂਦੀ ਤਾਂ ਘਰਵਾਲੀ ਨੂੰ ਕਹਿੰਦਾ। ਫੇਰ ਹੌਲੀ ਹੌਲੀ ਉਹਦਾ ਰੌਂਅ ਬਦਲਿਆ। ਪਤਾ ਨਹੀਂ ਕਾਹਦੇ ਕਰਕੇ। ਜਦ ਵੀ ਕੁਝ ਕਹਿਣਾ ਹੁੰਦਾ ਜਗਦੀਪ ਦਾ ਨਾਂ ਲੈ ਕੇ ਨਾ ਬੁਲਾਉਂਦਾ। ਆਵਾਜ਼ ਮਾਰਦਾ-'ਉਹ ਸਾਧਾ, ਉਰੇ ਆ।' ਇਕ ਦਿਨ ਆਖਣ ਲੱਗਾ, "ਹੁਣ ਕੋਈ ਕੰਮ ਧੰਦਾ ਕਰਨੈ ਕਿ ਰਾਂਝਾ ਬਣਿਆ ਰਹਿਣਾ। ਆਹ ਮਾਲਾ ਜਿਹੀ ਲਾਹ ਦੇ ਹੁਣ।" ਫਿਰ ਰੁਕ ਕੇ ਕਹਿੰਦਾ, 'ਕਿਸੇ ਪਾਸੇ ਲੱਗੇਂ ਤੇਰਾ ਵਿਆਹ ਕਰੀਏ। ਤੇਰੇ ਕਰਕੇ ਸਾਰੀ ਕਬੀਲਦਾਰੀ ਰੁਕੀ ਪਈ ਆ।" ਸੁਣ ਕੇ ਜਗਦੀਪ ਚੁੱਪ ਰਹਿੰਦਾ। ਉਹਨੂੰ ਲੱਗਦਾ ਪੈਰ ਭਾਵੇਂ ਘਰ ਮੁੜ ਆਏ ਨੇ ਪਰ ਮਨ ਪੂਰੀ ਤਰ੍ਹਾਂ ਨਹੀਂ ਮੁੜਿਆ। ਭਟਕਦਾ ਮਨ ਇਕ ਦਿਨ ਉਹਨੂੰ ਨੇੜਲੇ ਸ਼ਹਿਰ ਦੇ ਆਸ਼ਰਮ 'ਚ ਲੈ ਵੜਿਆ। ਉਥੇ ਇਕ ਸਾਧਵੀ ਧਿਆਨ ਧਰਾਉਂਦੀ। ਉਹਦੀ ਵੀ ਸੁਰਤੀ ਹੌਲੀ ਹੌਲੀ ਟਿਕਣ ਲੱਗੀ। ਜਗਦੀਪ ਲਈ ਇਹ ਇਕ ਸਬੱਬ ਬਣ ਗਿਆ। ਇਕ ਦਿਨ ਧਿਆਨ ਪਿਛੋਂ ਅੱਖ ਖੁਲ੍ਹੀ। ਸਾਹਮਣੇ ਧਿਆਨ ਕਰਨ ਦੀ ਤਿਆਰੀ 'ਚ ਬੈਠੀ ਕੁੜੀ ਨਾਲ ਜਾ ਟਕਰਾਈ। ਫੇਰ ਅੱਖ ਖੁਲ੍ਹੀ ਦੀ ਖੁਲ੍ਹੀ ਰਹਿ ਗਈ। ਉਸ ਪਿਛੋਂ ਸੁਰਤੀ ਤਾਂ ਭਾਵੇਂ ਟਿਕ ਜਾਂਦੀ ਪਰ ਜਗਦੀਪ ਨੂੰ ਏਹ ਭੇਦ ਉਖਾੜ ਕੇ ਰਖ ਗਿਆ ਕਿ ਜਿਸ ਆਸ਼ਰਮ 'ਚ ਉਹ ਸਾਧਵੀ ਕਲਾ ਤੇ ਸਭਿਆਚਾਰ ਦੇ ਨਾਂ 'ਤੇ ਸਭ ਨੂੰ ਇਕੱਠੇ ਹੋਣ ਦਾ ਸੱਦਾ ਦਿੰਦੀ ਏ। ਉਹ ਸਰਕਾਰੀ ਜ਼ਮੀਨ

'ਤੇ ਕਬਜ਼ਾ ਕਰਨ ਦਾ ਉਹਦਾ ਹਥਿਆਰ ਹੈ। ਬਸ ਉਸ ਦਿਨ ਤੋਂ ਉਹਦੀ ਸੁਰਤੀ ਨਾ ਟਿਕੀ। ਹੁਣ ਇਹ ਸੁਰਤੀ ਪਾਰੋ ਨਹੀਂ ਟਿਕਣ ਦਿੰਦੀ।

ਘਰ 'ਚ ਜਗਦੀਪ ਦੇ ਵਿਆਹ ਦੀ ਗੱਲ ਚੱਲੀ ਤਾਂ ਉਹ ਆਪਣੇ ਮਨ ਦੀ ਆਖ ਬੈਠਾ। ਉਸ ਨੂੰ ਡਰ ਸੀ ਕਿ ਸੁਣ ਕੇ ਪਿਉ ਅੰਦਰਲਾ ਫੌਜੀ ਡਸਿਪਲਨ ਤੋੜਨ ਲਈ ਕੋਰਟ ਮਾਰਸ਼ਲ ਕਰੇਗਾ। ਪਰ ਉਸ ਨੇ ਸਿਰਫ ਏਨਾ ਹੀ ਕਿਹਾ, 'ਜੇ ਉਸ ਕੁੜੀ ਦੇ ਘਰ ਦੇ ਨਾ ਮੰਨੇ।' ਫੇਰ ਕਹਿੰਦਾ, ਤੇਰੀਆਂ ਤੂੰ ਜਾਣ। ਜੇ ਕੋਈ ਪੁੱਠਾ ਸਿੱਧਾ ਪੰਗਾ ਲਿਆ, ਮੈਂ ਮਗਰ ਨਹੀਂ ਆਉਣਾ।' ਸੁਣਕੇ ਜਗਦੀਪ ਚੁੱਪ ਰਿਹਾ। ਪਤਾ ਨਹੀਂ ਕੁੜੀ ਦਾ ਜ਼ੋਰ ਚੱਲ ਗਿਆ ਜਾਂ ਉਹਦੇ ਘਰ ਦੇ ਸਿਆਣੇ ਨਿਕਲੇ। ਉਹ ਵਿਆਹ ਲਈ ਰਾਜ਼ੀ ਹੋ ਗਏ। ਜਗਦੀਪ ਹੁਣ ਇਕ ਬੱਚੇ ਦਾ ਬਾਪ ਹੈ। ਉਹਦੀ ਪਤਨੀ ਦੀਪੀ ਖੁਸ਼ ਹੈ। ਪਰ ਜਗਦੀਪ ਪਤਾ ਨਹੀਂ ਹੁਣ ਕਿਉਂ ਬੇਚੈਨ ਹੈ। ਕਦੇ ਉਹਨੂੰ ਲੱਗਦਾ ਇਹ ਸਭ ਮਾੜੀ ਨੌਕਰੀ ਕਰਕੇ ਹੈ। ਪਰ ਅਗਲੇ ਪਲ ਲੱਗਦਾ ਦੀਪੀ ਨੇ ਤਾਂ ਕਦੇ ਇਸ ਬਾਰੇ ਕੋਈ ਗੱਲ ਨਹੀਂ ਕੀਤੀ। ਉਹ ਤਾਂ ਤੰਗੀ 'ਚ ਵੀ ਖੁਸ਼ ਹੈ। ਫੇਰ ਉਸ ਨੂੰ ਲੱਗਦਾ ਮੈਨੂੰ ਖੁਸ਼ ਹੋਣਾ ਚਾਹੀਦਾ ਪਰ ਦੀਪੀ ਦੇ ਇਸ ਰਹੱਸ ਦਾ ਮੇਰੇ 'ਤੇ ਉਲਟ ਅਸਰ ਕਿਉਂ ਹੋ ਰਿਹਾ। ਉਹ ਸੋਚਦਾ ਉਨ੍ਹਾਂ ਦਾ ਗੁਆਂਢੀ ਹਰੀਸ਼ ਬੈਂਕ 'ਚ ਕੈਸ਼ੀਅਰ ਹੈ। ਮੋਟੀ ਤਨਖਾਹ ਲੈਂਦਾ ਫੇਰ ਵੀ ਘਰ 'ਚ ਨਿੱਤ ਲੜਾਈ ਰਹਿੰਦੀ ਏ। ਉਹਦੀ ਪਤਨੀ ਗੁੱਸੇ ਹੋ ਕੇ ਤੀਏ ਦਿਨ ਤੁਰੀ ਰਹਿੰਦੀ ਏ। ਪਰ ਦੀਪੀ ਆਪਣੀ ਮਸਤੀ 'ਚ ਘਰ ਦੇ ਕੰਮ ਕਾਰ ਕਰੀ ਜਾਂਦੀ ਏ। ਉਹਦੀ ਕੋਈ ਰੀਝ ਪੂਰੀ ਕੀ ਕਰਨੀ ਉਸ ਕਦੇ ਕੋਈ ਦੱਸੀ ਹੀ ਨਹੀਂ। ਜਗਦੀਪ ਨੂੰ ਲੱਗਦਾ ਉਹਨੇ ਆਪਣੀਆਂ ਰੀਝਾਂ ਅੰਦਰ ਦਬਾ ਲਈਆਂ ਨੇ। ਉਸ ਨੂੰ ਦੀਪੀ ਦੀ ਇਸ ਮਸਤ ਮਲੰਗੀ ਜ਼ਿੰਦਗੀ ਦੇ ਰਾਜ਼ ਦਾ ਪਤਾ ਨਾ ਲੱਗਦਾ। ਕਈ ਵਾਰ ਉਸ ਨੂੰ ਲੱਗਦਾ ਉਹਨੇ ਮੇਰੇ ਨਾਲ ਇਸ਼ਕ ਕੀਤਾ। ਸ਼ਾਇਦ ਏਸ ਕਰਕੇ ਹਰ ਹਾਲ 'ਚ ਜਿਊਣ ਲਈ ਤਿਆਰ ਏ। ਹੋ ਸਕਦਾ ਉਹਦੇ ਅੰਦਰ 'ਪੇਕੇ ਘਰੋਂ ਧੀ ਦੀ ਡੋਲੀ ਅਤੇ ਸਹੁਰੇ ਘਰੋਂ ਅਰਥੀ ਨਿਕਲਣ ਦਾ ਸੰਕਲਪ ਘਰ ਕਰੀ ਬੈਠਾ ਹੋਵੇ। ਪਰ ਇਹ ਤਰਕ ਵੀ ਜਗਦੀਪ ਦੀ ਤਸੱਲੀ ਨਾ ਕਰਾਉਂਦੇ। ਉਹਨੂੰ ਲੱਗਦਾ ਦੀਪੀ ਦੇ ਮਨ 'ਚ ਕੋਈ ਗੱਠ ਨਾ ਬਝ ਗਈ ਹੋਵੇ, ਜਿਹੜਾ ਇਹ ਤਿਆਗ ਦੀ ਮੂਰਤ ਬਣੀ ਜਾਂਦੀ ਹੈ। ਫੇਰ ਉਸ ਤੇ ਪਾਰੋ ਦਾ ਖਿਆਲ ਆਉਂਦਾ ਜਿਹੜੀ ਐਵੇਂ ਨਿੱਕੀ ਜਿਹੀ ਗੱਲ ਤੋਂ ਬਿਟਰ ਦੀ ਏ। ਦੀਪੀ ਦੀ ਇਹ ਤਿਆਗ ਭਾਵਨਾ ਉਸ ਲਈ ਸਿਰਦਰਦੀ ਬਣੀ ਹੋਈ ਹੈ। ਜਗਦੀਪ ਦਾ ਸਭ ਤੋਂ ਛੋਟਾ ਭਰਾ ਸ਼ਸ਼ੀ ਇਕ ਦਿਨ ਐਕਟਰ ਬਣਨ ਲਈ ਦੀਪੀ ਦੇ ਸਾਰੇ ਗਹਿਣੇ ਲੈ ਕੇ ਬੰਬੇ ਫਰਾਰ ਹੋ ਗਿਆ। ਫੇਰ ਦੋ ਮਹੀਨੇ ਪਿਛੋਂ ਧੱਕੇ ਧੁੱਕੇ ਖਾ ਕੇ ਆਪੇ ਮੁੜ ਆਇਆ। ਮਾਂ ਨੇ ਮਮਤਾਵਸ ਨਾ ਚਾਹੁੰਦਿਆਂ ਵੀ ਗਲ ਨਾਲ ਲਾਉਣਾ ਸੀ, ਪਰ ਦੀਪੀ ਨੂੰ ਉਸ ਤੋਂ ਵੀ ਵਧ ਖੁਸ਼ੀ ਹੋਈ। ਜਗਦੀਪ ਨੂੰ ਗੁੱਸੇ 'ਚ ਤਪਦਾ ਵੇਖ ਉਸ ਨੇ ਇਕੋ ਗੱਲ ਆਖੀ, ਗਹਿਣਿਆਂ ਦਾ ਕੀ ਏ ਫੇਰ ਬਣ ਜਾਣਗੇ। ਸ਼ੁਕਰ ਕਰੋ ਤੁਹਾਡਾ ਭਰਾ ਘਰ ਆ ਗਿਆ। ਜਗਦੀਪ ਨੂੰ ਹਸਾਉਣ ਲਈ ਉਸ ਨੇ ਅੱਖ ਦੱਬੀ। ਜਗਦੀਪ ਨੂੰ ਬੜਾ ਅਜੀਬ ਲੱਗਾ। ਇਹ ਗੱਲ ਤਾਂ ਦੀਪੀ ਨੂੰ ਮੈਨੂੰ ਕਹਿਣੀ ਚਾਹੀਦੀ ਸੀ। ਉਹ ਸੋਚਦਾ ਤੀਵੀਆਂ ਤਾਂ ਗਹਿਣਿਆਂ 'ਤੇ ਜਾਨ ਦਿੰਦੀਆਂ ਨੇ ਇਹਨੂੰ ਕੋਈ ਫ਼ਰਕ ਈ ਨਹੀਂ। ਕਿਤੇ ਇਸ ਗੱਲੋਂ ਡਰਦੀ ਤਾਂ ਨ੍ਹੀ ਕਹੀ ਜਾਂਦੀ ਕਿ ਘਰ ਦੇ ਕਹਿਣਗੇ। ਏਹ ਬੇਲਾਗਤਾ ਕਿਸ ਬੀਮਾਰੀ ਦਾ ਲੱਛਣ ਹੋਊ। ਜਗਦੀਪ ਸੋਚਦਾ ਦੀਪੀ ਨੂੰ ਸ਼ਸ਼ੀ ਦੇ ਆਉਣ 'ਤੇ ਘਰ ਸਿਰ 'ਤੇ ਚੁੱਕ ਲੈਣਾ ਚਾਹੀਦਾ ਸੀ। ਪਰ ਉਹ ਏਨੀ ਸਹਿਜ ਕਿੱਦਾਂ ਹੈ। ਜਗਦੀਪ ਨੂੰ ਇਕ ਝੋਰਾ ਹੋਰ ਹੈ। ਸੋਚਦਾ, ਗੱਭਲੇ ਭਰਾ ਦੇ ਵਿਆਹ ਪਿਛੋਂ ਚੰਗੇ ਭਲੇ ਅੱਡ ਹੋ ਗਏ ਸੀ। ਪਰ ਦੀਪੀ ਨੂੰ ਚੈਨ ਨਹੀਂ ਸੀ ਆਇਆ। ਅਖੇ, 'ਲੋਕ ਕੀ ਕਹਿਣਗੇ, ਕੱਲ ਅਜੇ ਦਰਾਣੀ ਆਈ, ਅੱਜ ਅੱਡ ਹੋ ਕੇ ਬਹਿਗੀ।'' ਹੁਣ ਰੋਊ ਸਾਰੀ ਉਮਰ ਗੋਡਿਆਂ 'ਚ ਸਿਰ ਦੇ ਕੇ। ਪਹਿਲਾਂ ਛੋਟੇ ਨੇ ਚੰਦ ਚਾੜ੍ਹਿਆ ਸੀ, ਹੁਣ ਗੱਭਲਾ ਲਾਗਲੇ ਪਿੰਡੋਂ ਕਿਸੇ ਦੀ ਤੀਵੀਂ ਲੈ ਕੇ ਭੱਜ ਗਿਆ। ਕਲੰਕ ਤਾਂ ਜਿਹੜਾ ਲੱਗਣਾ ਸੀ ਲੱਗ ਗਿਆ ਉਤੋਂ ਜਿਹੜੇ ਭੱਠੇ ਦਾ ਉਹ ਮੁਣਸ਼ੀ ਸੀ ਉਨ੍ਹਾਂ ਦਾ ਦੋ ਲੱਖ ਲੈ ਗਿਆ। ਇਹ ਵੀ ਕਿਥੋਂ ਪਤਾ ਲੱਗਣਾ ਸੀ ਜੇ ਉਹਨੂੰ ਭਾਲਣ ਪੁਲਸ ਘਰ ਨਾ ਆਉਂਦੀ। ਜਗਦੀਪ ਦੇ ਫੌਜੀ ਬਾਪ ਨੂੰ ਓਦਣ ਦਾ ਹੋਰ ਕੁਸ਼ ਸੁਝਦਾ ਨਹੀਂ ਉਹਦੀ ਮਾਂ ਨੂੰ ਕੁੱਦ ਕੁੱਦ ਪਈ ਜਾਂਦਾ। ਅਖੇ ਗੰਦੀ 'ਲਾਦ ਜਣਤੀ।'

'ਕੋਈ ਪੁੱਛਣ ਵਾਲਾ ਹੋਵੇ ਬਈ ਤੂੰ ਉਦੋਂ ਕਿਥੇ ਸੀ।' ਜਗਦੀਪ ਕਹਿਣਾ ਚਾਹੁੰਦਾ ਪਰ ਚੁੱਪ ਰਿਹਾ।



ਉਹਦੇ ਸਮਝ ਨਾ ਆਉਂਦਾ ਘਰ ਬੈਠੀ ਛੋਟੀ ਭਰਜਾਈ ਦਾ ਉਹ ਕੀ ਕਰਨ? ਉਹ ਹੁਣ ਕਿਥੇ ਜਾਵੇ? ਉਹਦਾ ਰੋਣ ਨਹੀਂ ਝੱਲਿਆ ਜਾਂਦਾ। ਜਗਦੀਪ ਦੋ ਪੁੜਾਂ ਵਿਚਾਲੇ ਫਸਿਆ ਸੋਚਦਾ ਹੁਣ ਏਹਨੂੰ ਦੇਖੀਏ ਕਿ ਭੱਠੇ ਵਾਲਿਆਂ ਤੋਂ ਖ਼ਲਾਸੀ ਕਰਾਈਏ ਜਾਂ ਉਸ ਕੰਜਰ ਨੂੰ ਭਾਲੀਏ? ਉਹਦੀ ਇਸ ਸੋਚ ਨੂੰ ਝਟਕ ਫੱੜਕ ਪਾਰੋ ਆ ਧਮਕੀ। ਜਗਦੀਪ ਨੂੰ ਲੱਗਾ ਇਕ ਦਿਨ ਦੀਪੀ ਤੇ ਪਾਰੋ ਵਿਚਾਲੇ ਉਹ ਵੀ ਏਦਾਂ ਫਸ ਜਾਵੇਗਾ। ਪਰ ਉਸ ਨੇ ਝੱਟ ਇਸ ਖ਼ਿਆਲ ਨੂੰ ਵਗਾਹ ਮਾਰਿਆ।

ਜਗਦੀਪ ਨੂੰ ਰਹਿ ਰਹਿ ਕੇ ਆਪਣੇ ਪਿਉ ਦੀ ਸੋਚ 'ਤੇ ਗੁੱਸਾ ਆਈ ਜਾਂਦਾ। ਕੋਠੇ ਜਿੱਡੀ ਧੀ ਛੱਡ ਕੇ ਪੁੱਤ ਵਿਆਹ ਲਿਆ। ਫੇਰ ਉਹ ਖੁਦ ਨੂੰ ਲਾਹਣਤਾਂ ਪਾਉਂਦਾ ਉਦੋਂ ਕਿਉਂ ਨਾ ਬੋਲਿਆ। ਭੈਣ ਪਿਉ ਦੀਆਂ ਝਿੜਕਾਂ ਅਤੇ ਭਰਜਾਈ ਦੇ ਰੋਣ ਪਿੱਟਣ ਤੋਂ ਅੱਕੀ ਘਰ 'ਚ ਗੁਆਚੀ ਫਿਰਦੀ। ਕਿਸੇ ਨਾਲ ਉਹਦੀ ਨਾ ਬਣਦੀ। ਜਗਦੀਪ ਨੂੰ ਇਕ ਪਲ ਉਹਦੇ 'ਤੇ ਗੁੱਸਾ ਆਉਂਦਾ ਅਗਲੇ ਪਲ ਹੀ ਤਰਸ ਆ ਜਾਂਦਾ। ਉਹ ਸੋਚਦਾ ਗਲਤੀ ਮੁੰਡਿਆਂ ਦੀ ਪਰ ਝਿੜਕਾਂ ਉਸ ਵਿਚਾਰੀ ਨੂੰ ਸਹਿਣੀਆਂ ਪੈ ਰਹੀਆਂ। ਗੱਭਲੇ ਭਰਾ ਹਰਦੀਪ ਦੀ ਕਰਤੂਤ ਨਾਲ ਭੈਣ ਦਾ ਹੋਇਆ ਰਿਸ਼ਤਾ ਟੁਟ ਗਿਆ। ਉਹਦੇ ਸਹੁਰਿਆਂ ਟਕੇ ਵਰਗਾ ਜਵਾਬ ਘੱਲ ਦਿੱਤਾ, 'ਜਿਸ ਘਰ ਦੇ ਮੁੰਡੇ ਵਿਗੜੇ ਨੇ ਧੀ ਕਿੱਦਾਂ ਦੀ ਹੋਊ।' ਕਚੀਚੀਆਂ ਤਾਂ ਬਹੁਤ ਆਈਆਂ ਜਗਦੀਪ ਨੂੰ ਮੁੰਡੇ ਵਾਲਿਆਂ 'ਤੇ, ਪਰ ਕਰ ਕੁਝ ਨਹੀਂ ਸੀ ਸਕਿਆ। ਬੇਵੱਸ ਹੋਏ ਨੂੰ ਉਸ ਨੂੰ ਆਪਣੇ ਆਪ 'ਤੇ ਉਸ ਤੋਂ ਵੀ ਵਧ ਗੁੱਸਾ ਆਇਆ।

ਜਗਦੀਪ ਨੂੰ ਕਾਲਜੋਂ ਧੱਕੇ ਨਾਲ ਹਟਾਈ ਅਤੇ ਰਿਸ਼ਤਾ ਟੁੱਟਣ ਪਿਛੋਂ ਘਰ ਓਦਰੀ ਬੈਠੀ ਰਹਿੰਦੀ ਭੈਣ 'ਤੇ ਤਰਸ ਆਉਂਦਾ। ਇਕ ਦਿਨ ਪਿਉ ਤੋਂ ਬਾਹਰਾ ਹੋ ਉਸ ਨੇ ਨੇੜਲੇ ਪਿੰਡ ਖੁਲ੍ਹੇ ਕੰਪਿਊਟਰ ਸੈਂਟਰ 'ਚ ਭੈਣ ਨੂੰ ਭੇਜ ਸੁੱਖ ਦਾ ਸਾਹ ਲਿਆ। ਪਿਉ ਉਹਦੇ ਇਸ ਕਦਮ ਤੋਂ ਗੁੱਸੇ 'ਚ ਆਇਆ ਆਪਣੇ ਬੇਲੀਆਂ ਨਾਲ ਕਿਤੇ ਟਿਭ ਗਿਆ। ਹੁਣ ਕਈ ਦਿਨਾਂ ਦੀ ਘਰ 'ਚ ਸ਼ਾਂਤੀ ਹੈ। ਪਰ ਉਸ ਦਾ ਇਹ ਭਰਮ ਵੀ ਬਹੁਤੀ ਦੇਰ ਟਿਕ ਨਾ ਸਕਿਆ। ਮਹੀਨੇ ਪਿਛੋਂ ਆਏ ਟੈਲੀਫੋਨ ਦੇ ਭਾਰੀ ਬਿੱਲ ਨੇ ਜਗਦੀਪ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ। ਉਸ ਸੋਚਿਆ ਸਾਰਿਆਂ ਕੋਲ ਸੈੱਲ ਫੋਨ ਨੇ, ਫੇਰ ਏਨਾ ਮੋਟਾ ਬਿਲ ਕਿੱਦਾਂ ਆ ਗਿਆ। ਜਗਦੀਪ ਦੀਪੀ ਨਾਲ ਲੜਦਾ। ਉਦੋਂ ਹੀ ਉਹਨੂੰ ਖਿਆਲ ਆਇਆ ਕਿਤੇ ਕੋਈ ਤਾਰ ਨੂੰ ਕੁੰਡੀ ਨਾ ਲਾਉਂਦਾ ਹੋਵੇ। ਦਫਤਰੋਂ ਡਿਟੇਲ ਕਢਵਾਈ ਤਾਂ ਬਹੁਤੀਆਂ ਕਾਲਾਂ ਇਕੋ ਹੀ ਨੰਬਰ 'ਤੇ ਹੋਈਆਂ ਨਿਕਲੀਆਂ। ਘੋਖ ਕੀਤੀ ਤਾਂ ਨੰਬਰ ਕੰਪਿਊਟਰ ਸੈਂਟਰ ਦਾ ਨਿਕਲਿਆ। ਜਗਦੀਪ ਦਾ ਹੱਥ ਮੱਥੇ 'ਤੇ ਵੱਜਾ-ਉਧਰੋਂ ਟੁਟੀ ਭੈਣ ਨੇ ਕਿਤੇ ਤਾਂ ਜੁੜਨਾ ਸੀ, ਇਧਰ ਜੁੜ ਗਈ।

ਜਗਦੀਪ ਨੇ ਘਰ ਦਾ ਟੈਲੀਫੋਨ ਵਨ ਵੇ ਕਰਾ ਦਿੱਤਾ। ਹੋਰ ਕੋਈ ਰਾਹ ਹੀ ਨਹੀਂ ਸੀ ਬਚਿਆ ਉਸ ਲਈ। ਘਰ 'ਚ ਨਿੱਕੀ ਨਿੱਕੀ ਗੱਲ 'ਤੇ ਕਲੇਸ਼ ਰਹਿਣ ਲੱਗਾ। ਕੋਈ ਕਿਸੇ ਦੀ ਨਾ ਸੁਣਦਾ। ਕਈ ਥਾਈਂ ਟੱਕਰਾਂ ਮਾਰ ਉਹ ਹਾਰ ਕੇ ਬੈਠ ਗਿਆ। ਕਿਤੇ ਕੋਈ ਜੱਚਦਾ ਰਿਸ਼ਤਾ ਨਾ ਲੱਭਾ। ਜਗਦੀਪ ਸੋਚਦਾ ਕਿਥੇ ਤੋਰ ਦੇਵੇ ਭੈਣ ਨੂੰ ਹੁਣ। ਟੁੱਟਿਆ ਬੰਦਾ ਕੋਈ ਨਾ ਕੋਈ ਆਸਰਾ ਭਾਲਦਾ। ਟੈਲੀਫੋਨ ਦਾ ਜਿਹੜਾ ਮਾੜਾ ਮੋਟਾ ਆਸਰਾ ਮਿਲਿਆ ਸੀ, ਉਹ ਵੀ ਉਸ ਤੋਂ ਜਾਂਦਾ ਰਿਹਾ। ਹੁਣ ਉਹ ਲੜੇ ਨਾ ਤਾਂ ਕੀ ਕਰੇ। ਮਾਂ ਤੇ ਭਰਜਾਈ ਹੀ ਹੁਣ ਉਹਦੇ ਨਿਸ਼ਾਨੇ 'ਤੇ ਰਹਿ ਗਈਆਂ ਨੇ। ਜਗਦੀਪ ਦੀਪੀ ਨੂੰ ਸਮਝਾਉਂਦਾ। ਪਰ ਉਹ ਵੀ ਕਿੰਨੀ ਕੁ ਦੇਰ ਚੁੱਪ ਰਹਿੰਦੀ। ਅੱਜ ਤਾਂ ਹੱਦੋਂ ਵਧ ਹੋ ਗਈ। ਲੜਦਿਆਂ ਭੈਣ ਨੇ ਦੀਪੀ ਨੂੰ ਛੋਟੇ ਦਾ ਮਿਹਣਾ ਮਾਰਿਆ। ਉਹ ਰੋਣ ਹਾਕੀ ਹੋ ਗਈ। ਹੁਣ ਇਹ ਗੱਲ ਮਨ ਨੂੰ ਲਾਈ ਬੈਠੀ ਏ। ਘਰੋਂ ਦੌੜੇ ਭਰਾ ਦੇ ਸਹੁਰਿਆਂ ਨੇ ਖਰਚੇ ਦਾ ਦਾਅਬਾ ਠੋਕ ਦਿੱਤਾ ਹੈ। ਭੱਠੇ ਵਾਲਿਆਂ ਨਾਲ ਮਾਮਲਾ ਅਜੇ ਮੁਕਿਆ ਨਹੀਂ। ਇਹ ਨਵਾਂ ਸਿਆਪਾ ਆ ਪਿਆ ਹੈ।

ਜਗਦੀਪ ਨੇ ਸੋਚਿਆ ਭਰਾ ਦੇ ਸਹੁਰੇ ਆਪਣੇ ਥਾਂ ਸਹੀ ਨੇ। ਉਹ ਚੰਗੀ ਭਲੀ ਨਿਆਣੇ ਲੈ ਕੇ ਘਰ ਬੈਠੀ ਸੀ ਪਰ ਪਿਉ ਮੇਰੇ ਨੂੰ ਭਲ ਨਾ ਪਚੀ। ਅਖੇ ਏਹ ਤੇਰੇ ਨਾ' ਰਹਿੰਦੀ ਆ, ਤਦੇ ਨਹੀਂ ਜਾਂਦੀ ਕਿਤੇ। ਏਹ ਵੀ ਦਫਾ ਹੋਵੇ ਜਿਥੇ ਉਹ ਕੰਜਰ ਗਿਆ।' ਉਹ ਸੋਚਦਾ ਵਿਚਾਰੀ ਕਦ ਤਕ ਸੁਣਦੀ ਅੰਤ ਪੇਕੇ ਜਾ ਬੈਠੀ। ਮਾਪੇ ਵੀ ਕਿੰਨਾ ਚਿਰ ਬਿਠਾਈ ਰੱਖਦੇ। ਹਾਰਕੇ ਉਨ੍ਹਾਂ ਏਹ ਰਾਹ ਫੜਿਆ। ਜਦ ਕਿਧਰੇ ਭੈਣ ਦੇ ਰਿਸ਼ਤੇ ਦੀ

ਗੱਲ ਸਿਰੇ ਨਾ ਲੱਗੀ ਤਾਂ ਜਗਦੀਪ ਨੇ ਸੋਚਿਆ ਕੰਪਿਊਟਰ ਸੈਂਟਰ ਵਾਲੇ ਮੁੰਡੇ ਨਾਲ ਗੱਲ ਚਲਾਈ ਜਾਵੇ, ਜਿਸ ਨੂੰ ਉਹ ਐਨੇ ਫੋਨ ਕਰਦੀ ਰਹੀ। ਉਸ ਨੇ ਭੈਣ ਨੂੰ ਵੀ ਨਾ ਪੁੱਛਿਆ। ਇਕ ਦਿਨ ਦਿਲ ਕਰੜਾ ਜਿਹਾ ਕਰਕੇ ਉਥੇ ਪਹੁੰਚ ਗਿਆ। ਜਾ ਕੇ ਪਤਾ ਲੱਗਾ ਸੈਂਟਰ ਤਾਂ ਕੋਈ ਕੁੜੀ ਚਲਾਉਂਦੀ ਏ। ਜਗਦੀਪ ਨੂੰ ਆਪਣੀ ਇਹ ਸਕੀਮ ਵੀ ਸਿਰੇ ਨਾ ਲੱਗਣ 'ਤੇ ਜਿਹੜਾ ਝਟਕਾ ਲੱਗਣਾ ਸੀ ਉਹ ਤਾਂ ਲੱਗਾ ਹੀ, ਨਵਾਂ ਦੰਦਾ ਦਿਮਾਗ 'ਚ ਫਸ ਗਿਆ-ਦੋਹੇ ਕੁੜੀਆਂ ਆਪਸ 'ਚ ਕੀ ਗੱਲਾਂ ਕਰਦੀਆਂ ਰਹੀਆਂ।

ਹੁਣ ਜਗਦੀਪ ਹਰ ਇਕ ਨੂੰ ਕਿਸੇ ਨਾ ਕਿਸੇ ਤਰਕ ਦੇ ਆਧਾਰ 'ਤੇ ਮਾਫ ਕਰੀ ਜਾਂਦੈ। ਜਿਥੇ ਕਿਤੇ ਕੋਈ ਤਰਕ ਊਣਾ ਲੱਗਦਾ ਉਹ ਆਪ ਘੜ ਲੈਂਦਾ। ਹਰ ਹਾਲ 'ਚ ਉਹ ਸ਼ਾਂਤ ਹੋ ਜਾਣਾ ਚਾਹੁੰਦਾ। ਪਰ ਜਦ ਆਪਣੀ ਵਾਰੀ ਆਉਂਦੀ ਉਹਦੇ ਅੰਦਰੋਂ ਕੋਈ ਹੋਰ ਸਿਰ ਚੁੱਕ ਲੈਂਦਾ, ਪਿਉ ਦੀ ਤਾਂ ਚਲੋ ਫੌਜ 'ਚ ਰਹਿ ਕੇ ਮਾਂ ਨਾਲ ਨਾ ਬਣੀ ਹੋਊ, ਛੋਟਾ, ਬੇਸਮਝ ਸੀ ਉਖੜ ਗਿਆ ਪਰ ਤੇਰੇ ਕਿਉਂ ਪੈਰ ਚੁੱਕੇ ਗਏ।" ਪਾਰੋ ਦਾ ਖਿਆਲ ਆਉਂਦਿਆਂ ਉਹ ਖੁਦ ਨੂੰ ਕਸੂਰਵਾਰ ਮੰਨਦਾ। ਫਿਰ ਆਪ ਹੀ ਖੁਦ ਨੂੰ ਮਾਫ ਕਰਨ ਤੁਰ ਪੈਂਦਾ। ਮੈਂ ਵੀ ਤਾਂ ਬੰਦਾ, ਮੇਰਾ ਵੀ ਪੈਰ ਤਿਲਕ ਸਕਦਾ। ਪਰ ਦੀਪੀ ਦੀ ਕੁਰਬਾਨੀ ਦੇਖ ਉਹ ਹਲਕਾ ਜਿਹਾ ਪੈ ਜਾਂਦਾ। ਜੇ ਉਹ ਹਰ ਹਾਲ 'ਚ ਖੁਸ਼ ਏ ਫੇਰ ਤੈਨੂੰ ਕੀ ਤਕਲੀਫ ਏ। ਜੇ ਕਿਤੇ ਉਹਦੀ ਕੋਈ ਹੋਰ ਗੱਲ ਸੁਣ ਲਵੇਂ ਫੇਰ ਤੇਰਾ ਕੀ ਬਣੇ? ਉਹ ਖੁਦ ਨੂੰ ਸਵਾਲ ਕਰਦਾ। ਜਗਦੀਪ ਅੰਦਰੋਂ ਫਿਰ ਕੋਈ ਬੋਲਿਆ, 'ਅਜੇ ਤਾਂ ਭੈਣ ਦੇ ਮਾਰੇ ਤਾਹਨੇ ਨੇ ਤੇਰੀ ਜਾਨ ਕੱਢ ਤੀ ਜੇ ਸੱਚੀਂ ਕੋਈ ਗੱਲ ਹੋ ਗਈ ਫੇਰ ਤੇਰਾ ਕੀ ਬਣੂ।" ਉਹ ਪਤਾ ਨਹੀਂ ਹੋਰ ਕਿੰਨਾ ਚਿਰ ਇਨ੍ਹਾਂ ਖਿਆਲਾਂ 'ਚ ਡੁੱਬਾ ਰਹਿੰਦਾ। ਕਿ ਉਹਦੇ ਅੰਦਰੋਂ ਕੋਈ ਹੋਰ ਬੋਲਣ ਲੱਗ ਪਿਆ, ਆਦਮੀਆਂ ਨੂੰ ਤਾਂ ਸੌ ਖੂਨ ਮਾਫ ਨੇ। ਵਿਆਹ ਪਿਛੋਂ ਪਾਰੋ ਨਾਲ ਬਣੇ ਸਬੰਧਾਂ ਨੂੰ ਜਗਦੀਪ ਨੇ ਇਸ ਤਰਕ ਹੇਠ ਸਹੀ ਮੰਨ ਲਿਆ। ਪਰ ਦੀਪੀ ਦਾ ਖਿਆਲ ਆਉਂਦਿਆਂ ਉਹਦੇ ਸਾਰੇ ਤਰਕ ਖਿੰਡ ਜਾਂਦੇ। ਜਗਦੀਪ ਦੀ ਬੇਚੈਨੀ ਹੁਣ ਹੋਰ ਵਧ ਗਈ ਏ ਜਿੰਦਣ ਦੇ ਪਾਰੋ ਦੀ ਠੋਡੀ 'ਤੇ ਨਿਕਲੇ ਸੂਏ ਉਸ ਨੂੰ ਚੁੱਭੇ ਨੇ। ਪਤਾ ਨਹੀਂ ਓਦਣ ਸ਼ਾਇਦ ਉਹ ਰੇਜ਼ਰ ਫੇਰਨਾ ਭੁੱਲ ਗਈ ਤੇ ਜਗਦੀਪ ਦਾ ਅਚਾਨਕ ਦਾਅ ਲੱਗ ਗਿਆ। ਨਹੀਂ ਦਾ ਪਤਾ ਨਹੀਂ ਇਹ ਭੇਦ ਅਜੇ ਹੋਰ ਕਿੰਨਾ ਚਿਰ ਬਣਿਆ ਰਹਿੰਦਾ। ਉਸ ਦਿਨ ਦੇ ਖਪਰਾ ਆਦਮੀ ਤੇ ਮੁੱਛਾਂ ਵਾਲੀ ਰੰਨ ਉਹਦੇ ਖਿਆਲਾਂ 'ਚੋਂ ਨਹੀਂ ਨਿਕਲਦੇ। ਜਗਦੀਪ ਸੋਚਦਾ ਰਾਜਾ ਭੋਜ ਪਤਾ ਨਹੀਂ ਕਿਉਂ ਉਹਦੇ ਜ਼ਿਹਨ 'ਚ ਚੱਕਰ ਕੱਟੀ ਜਾਂਦਾ। ਕਦੇ ਲੱਗਦਾ ਉਹ ਚੰਗਾ ਭਲਾ ਖੜ੍ਹਾ ਸੀ ਪਰ ਗੋਡੇ ਧਰਤੀ ਨਾਲ ਕਿਉਂ ਲੱਗ ਗਏ।

ਉਹਨੂੰ ਲੱਗਾ ਉਹ ਘੋੜਾ ਬਣਦਾ ਜਾ ਰਿਹਾ। ਪਰ ਟਾਪ ਸੁਣਾਈ ਨਹੀਂ ਦਿੰਦੀ। ਫੇਰ ਉਹਨੂੰ ਲੱਗਾ ਉਹਦੇ ਖੋਤੇ ਦਾ ਸਿਰ ਲੱਗ ਗਿਆ। ਅਚਾਨਕ ਟੁੱਟਾ ਪੱਤਾ ਉਹਦੇ ਸਿਰ 'ਤੇ ਡਿਗਣ ਨਾਲ ਉਹ ਤ੍ਰਬਕਿਆ।

ਜਗਦੀਪ ਨੇ ਸੋਚਿਆ, ਰੋਜ਼ ਦੀ ਇਸ ਖਿਚਾ ਖਿਚ ਨੂੰ ਛੱਡ ਕੇ ਉਹ ਕਿਤੇ ਨਿਕਲ ਜਾਵੇ। ਇਹ ਸੋਚਦਿਆਂ ਉਹਨੇ ਆਪਣਾ ਪੁਰਾਣਾ ਚੋਗਾ ਤੇ ਖੜਾਵਾਂ ਭਾਲੀਆਂ। ਚੋਗੇ ਦੀ ਜੇਬ 'ਚੋਂ ਉਸ ਨੂੰ ਆਪਣੀ ਆਵਾਰਗੀ ਦੇ ਦਿਨਾਂ ਦੀ ਫੋਟੋ ਹੱਥ ਲੱਗ ਗਈ। ਜਿਸ 'ਚ ਉਹਦੇ ਸਿਰ ਦੇ ਲੰਬੇ ਵਾਲ ਤੇ ਖੁਲ੍ਹੀ ਦਾੜ੍ਹੀ। ਉਸ ਨੇ ਫੋਟੋ ਨੂੰ ਨਿਹਾਰਿਆ। ਚੰਗੀ ਤਰ੍ਹਾਂ ਦੇਖਣ ਪਿਛੋਂ ਕਣਸ 'ਤੇ ਟਿਕਾ ਦਿੱਤੀ। ਜਗਦੀਪ ਅਜੇ ਕੋਈ ਫੈਸਲਾ ਲੈਣ ਬਾਰੇ ਸੋਚ ਹੀ ਰਿਹਾ ਸੀ ਕਿ ਇਸ ਦੀ ਬੇਟੀ ਖੇਡਦੀ ਕੋਲ ਆ ਖੜ੍ਹੀ ਹੋਈ।

ਪਾਪਾ ਏਹ ਕਿਹਦੀ, ਫੋਟੋ ਆ?'

'ਜਲੰਧਰੀ ਬਾਬੇ ਦੀ।' ਜਗਦੀਪ ਦੇ ਮੂੰਹੋਂ ਅਚਾਨਕ ਨਿਕਲਿਆ।

'ਮੈਨੂੰ ਨ੍ਹੀਂ ਚੰਗਾ ਲੱਗਦਾ ਏਹ ਬਾਵਾ ਜਿਹਾ।' ਬੇਟੀ ਨੇ ਫੋਟੋ ਵਲ ਵੇਖ ਬੁਲ ਜਿਹੇ ਅਟੇਰੇ।

ਸੁਣ ਕੇ ਜਗਦੀਪ ਨੂੰ ਲੱਗਾ ਉਹਦੇ ਪੈਰਾਂ 'ਚ ਜਿਵੇਂ ਬੇੜੀਆਂ ਪੈ ਗਈਆਂ ਹੋਣ। ਉਹ ਜੋ ਪਲ ਕੁ ਪਹਿਲਾਂ ਘਰ ਵਾਰ ਛੱਡ ਕੇ ਮੁੜ ਸਾਧ ਬਣ ਜਾਣ ਬਾਰੇ ਸੋਚਦਾ ਸੀ ਜਕੜਿਆ ਗਿਆ। ਮਾਂ, ਭੈਣ, ਬੀਵੀ ਤੇ ਬੇਟੀ ਉਸ ਦੇ ਸਾਹਮਣੇ ਆ ਖੜੀਆਂ। ਜਗਦੀਪ ਅੰਦਰਲੇ ਸਿਧਾਰਥ ਨੇ ਪੈਰ ਮੋੜ ਲਏ। ਉਸ ਸੋਚਿਆ ਹੁਣ ਕਿਥੋਂ ਸ਼ੁਰੂ ਕਰਾਂ।

ਥੋੜ੍ਹੇ ਚਿਰ ਬਾਅਦ ਉਸ ਸਕੂਟਰ ਨੂੰ ਕਿੱਕ ਮਾਰੀ ਤੇ ਭੈਣ ਦੇ ਰਿਸ਼ਤੇ ਲਈ ਅਖਬਾਰ 'ਚ ਇਸ਼ਤਿਹਾਰ ਦੇਣ ਚੱਲ ਪਿਆ।

ਪਤਾ-ਪਿੰਡ ਜੜਿਆਲੀ , ਡਾਕ. ਜਮਸ਼ੇਰ, ਜਲੰਧਰ।



## ਵੇਲਾ-ਕੁਵੇਲਾ / ਦੀਪ ਦੇਵਿੰਦਰ ਸਿੰਘ

ਬਾਪੂ ਨੂੰ ਕਈ ਵਰ੍ਹਿਆਂ ਬਾਅਦ ਏਨਾ ਸ਼ਾਂਤ ਤੇ ਅੱਖਾਂ ਮੀਟੀ ਪਏ ਵੇਖਿਆ ਹੈ, ਨਹੀਂ ਤਾਂ ਉਸਦੀਆਂ ਚਿੱਟੀਆਂ-ਚਿੱਟੀਆਂ ਅੱਖਾਂ ਵਿਚਲੇ ਸੁਰਖ਼ ਬਲੌਰਾਂ ਵਰਗੇ ਡੇਲੇ ਸੁੱਤੇ ਪਏ ਦੇ ਵੀ ਨੱਚਦੇ ਜਿਹੇ ਵਿਖਾਈ ਦੇਂਦੇ ਸਨ। ਕਈ ਵਾਰੀ ਪੋਟਿਆਂ ਨਾਲ ਬੰਦ ਕਰਨ 'ਤੇ ਵੀ ਪਲਕਾਂ ਦੇ ਬੂਹੇ ਨਹੀਂ ਸਨ ਢੋਏ ਜਾਂਦੇ। ਭਾਵੇਂ ਉਹ ਮੰਜੇ 'ਤੇ ਲੱਤਾਂ ਲਮਕਾ ਕੇ ਬੈਠਾ ਹੁੰਦਾ ਜਾਂ ਫਿਰ ਕੰਧਾਂ ਨੂੰ ਟੋਹ-ਟੋਹ ਕੇ ਵਿਹੜੇ ਵਿੱਚ ਤੁਰਿਆ ਫਿਰਦਾ ਉਹਦੀਆਂ ਅੱਖਾਂ ਇਕੋਂ ਮੁਦਰਾ 'ਚ ਹਰਕਤ ਕਰਦੀਆਂ ਰਹਿੰਦੀਆਂ। ਅੱਜ ਸਵੇਰੇ ਹੀ ਉਸਦੇ ਆਖਰੀ ਸਾਹ ਦੀ ਹਲਕੀ ਜਿਹੀ ਫੂਕ ਬਾਹਰ ਨਿਕਲੀ ਸੀ। ਉਸਦੀਆਂ ਮੁੱਛਾਂ ਦੇ ਵਿਰਲੇ-ਟਾਵੇਂ ਦੁੱਧ-ਚਿੱਟੇ ਵਾਲ ਥੋੜ੍ਹੇ ਕੁ ਉਪਰ ਨੂੰ ਉਠੇ ਸਨ ਤੇ ਉਹ ਸਹਿਜ ਹੋ ਗਿਆ ਸੀ। ਪਿਛਲੇ ਕਈ ਵਰ੍ਹਿਆਂ ਤੋਂ ਖੁੱਲ੍ਹੀਆਂ ਜੋਤ ਹੀਣ ਅੱਖਾਂ ਨੇ ਆਪਣਾ ਪੰਧ ਸਮੇਟ ਕੇ ਪਲਕਾਂ ਦੇ ਬੂਹੇ ਢੋਹ ਲਏ ਸਨ।

ਪਿੰਡ ਦੀ ਲਹਿੰਦੀ ਗੁੱਠੇ ਛੱਪੜ ਕੰਢੇ ਬੇਢੰਗੀ ਜਿਹੀ ਸ਼ਾਮਲਾਟੀ ਕੁਤਰ 'ਚ ਬਣੇ ਕੰਮੀਆਂ ਦੇ ਸ਼ਮਸ਼ਾਨ ਘਾਟ ਵਿਚਕਾਰ ਬਾਪੂ ਲੱਕੜਾਂ 'ਚ ਚਿਣਿਆ ਪਿਆ ਹੈ। ਸਿਰਫ਼ ਮੂੰਹ ਤੇ ਲੱਕੜਾਂ ਰੱਖਣੀਆਂ ਬਾਕੀ ਨੇ। ਕੈਰੋਂ ਵਾਲੀ ਭੂਆ ਦੇ ਪਿੰਡੋਂ ਆਉਂਦੀ ਮਕਾਣ ਵਾਲੇ ਘੜੁੱਕੇ ਦਾ ਟੈਰ ਪੰਚਰ ਹੋ ਜਾਣ ਕਰਕੇ ਉਨ੍ਹਾਂ ਦੀ ਉਡੀਕ ਹੋ ਰਹੀ ਹੈ। ਮੈਂ ਬਾਪੂ ਦੇ ਪੈਰਾਂ ਵੱਲ ਖੜ੍ਹਾ ਟਿਕ-ਟਿਕ ਲਾ ਕੇ ਏਧਰ ਉਧਰ ਝਾਕਦਾ ਹਾਂ। ਅੱਧਾ ਪਿੰਡ ਸ਼ਮਸ਼ਾਨ ਘਾਟ 'ਚ ਜੁੜਿਆ ਖੜ੍ਹਾ ਹੈ। ਕੁਝ ਬਾਪੂ ਦੀ ਪੀੜ੍ਹੀ ਦੇ ਹਨ। ਕੁਝ ਮੇਰੀ ਉਮਰ ਦੇ ਤੇ ਕੁਝ ਅਗਾਂਹ ਮੇਰੇ ਮੁੰਡੇ ਦੇ ਹਾਣੀ। ਕਈ ਮੜ੍ਹੀਆਂ ਦੁਆਲੇ ਹੋਈ ਵਲਗਣ 'ਤੇ ਧੁੱਪ ਵੱਲ ਮੂੰਹ ਕਰਕੇ ਬੈਠੇ ਹਨ। ਜ਼ਨਾਨੀਆਂ ਮਰੀਅਲ ਜਿਹੀ ਕਿੱਕਰ ਦੁਆਲੇ ਘੇਰਾ ਬਣਾ ਕੇ ਪੈਰਾਂ ਭਾਰ ਭੋਏਂ 'ਤੇ ਜਾ ਬੈਠੀਆਂ ਹਨ। ਬਾਕੀ ਚਿਖ਼ਾ ਦੇ ਆਸ-ਪਾਸ ਖੜ੍ਹੇ ਨਿੱਕੀਆਂ-ਨਿੱਕੀਆਂ ਗੱਲਾਂ ਕਰ ਰਹੇ ਹਨ। ਬਾਪੂ ਦੀ ਕਾਰੀਗਰੀ ਦੀਆਂ ਗੱਲਾਂ। ਉਹਦੇ ਜਵਾਨੀ ਵੇਲੇ ਦੀ ਬਹਾਦਰੀ ਦੇ ਕਿੱਸੇ। ਕੁਝ ਕੁਝ ਅਸਲੀ ਤੇ ਕੁਝ ਮਨੋਘੜਤ। ਸਭ ਦਾ ਆਪੋ ਆਪਣਾ ਨਜ਼ਰੀਆ। ਉਮਰ ਤੇ ਅਕਲ ਮੁਤਾਬਕ।

ਲੱਕੜਾਂ ਦੇ ਢੇਰ ਉੱਤੇ ਚਿੱਟੇ ਕੋਰੇ ਲੱਠੇ 'ਚ ਲਪੇਟਿਆ ਬਾਪੂ ਮੈਨੂੰ ਉਸ ਮੁਸਾਫਰ ਵਾਂਗ ਲੱਗਦਾ ਹੈ ਜਿਸ ਸਾਰੀਆਂ ਮੰਜ਼ਿਲਾਂ ਮਾਰ ਲਈਆਂ ਹੋਣ ਤੇ ਹੋਰ ਧੂੜਾਂ ਪੁੱਟਣ ਦੀ ਚਾਹ ਮੁੱਕ ਗਈ ਹੋਵੇ। ਮੈਂ ਉਸ ਵੱਲੋਂ ਧਿਆਨ ਹਟਾ ਕੇ ਆਸੇ ਪਾਸੇ ਖੜ੍ਹੇ ਲੋਕਾਂ ਨੂੰ ਨਿਹਾਰਦਾ ਹਾਂ ਜਿਨ੍ਹਾਂ ਦੀਆਂ ਵੰਨ ਸਵੰਨੀਆਂ ਅਵਾਜ਼ਾਂ ਮੇਰੀ ਕੰਨੀ ਪੈਂਦੀਆਂ ਹਨ। ਲੰਬੜਦਾਰ ਤਾਰਾ ਸਿਹੁੰ ਆਪਣੀ ਮੋਟਿਆਂ ਸ਼ੀਸ਼ਿਆਂ ਵਾਲੀ ਐਨਕ ਸੂਤ ਕਰਦਾ ਸੁਣਾਈ ਦੇਂਦਾ ਹੈ, 'ਭਈ ਬੜ੍ਹਾ ਵਖ਼ਤ ਵੇਖਿਆ ਭਾਊ ਚੈਂਚਲ ਸਿਹੁੰ ਨੇ। ਆਪਣਾ ਮਰੀਕ ਉਦੋਂ ਚਹੁੰ ਕੁ ਵਰ੍ਹਿਆਂ ਦਾ ਸੀ ਜਦੋਂ ਇਹਦੀਆਂ ਅੱਖਾਂ ਦੀ ਰੋਸ਼ਨੀ ਗਈ। ਮੁੰਡਾ ਹੁਣ ਜਵਾਕ ਜੱਲੇ ਵਾਲਾ ਹੋ ਗਿਆ। ਦੀਦਿਆਂ ਤੋਂ ਬਿਨਾਂ ਪੰਡ ਬਣਕੇ ਬੈਠੇ ਰਹਿਣਾ ਬੜੀ ਸਜ਼ਾ ਐ ਬੰਦੇ ਲਈ।'

'ਸ਼ਾਬਾਸ਼ੇ ਐ ਮੰਗੇ ਦੇ ਤੇ ਇਹਦੇ ਟੱਬਰ ਦੇ, ਕਿਤੇ ਮਜਾਲ ਚੈਂਚਲ ਸਿਹੁੰ ਦੀ ਸਾਂਭ-ਸੰਭਾਲ ਦੀ ਕੋਈ ਕਸਰ ਛੱਡੀ ਹੋਵੇ।' ਸੁੱਚਾ ਘੁਮਿਆਰ ਉਹਦੀ ਹਾਂ 'ਚ ਹਾਂ ਮਿਲਾਉਂਦਾ ਹੈ।

ਮੈਂ ਸੋਚਦਾ ਹਾਂ ਕਿ ਮੇਰੇ ਤੋਂ ਵੱਧ ਬਾਪੂ ਬਾਰੇ ਕੌਣ ਜਾਣਦਾ ਹੈ। ਮੈਂ ਤਾਂ ਨਿੱਕੇ ਹੁੰਦਿਆਂ ਇਹਦੇ ਕੰਧਾੜੇ ਚੜ੍ਹ ਕੇ ਝੂਟੇ ਲਏ ਸਨ ਤੇ ਇਹਦੇ ਸਾਈਕਲ ਦੇ ਡੰਡੇ 'ਤੇ ਬੈਠ ਪਿੰਡੋ ਪਿੰਡ ਵੀ ਜਾਂਦਾ ਰਿਹਾ ਸਾਂ। ਇਸੇ ਕੋਲੋਂ ਉੱਚੇ ਨੀਵੇਂ ਥਾਵਾਂ 'ਤੇ ਚੜ੍ਹ ਕੇ ਇੱਟਾਂ ਲਾਉਣੀਆਂ ਵੀ ਸਿੱਖੀਆਂ। ਕਈ ਵਾਰ ਦਾਰੂ ਨਾਲ ਰੱਜੇ ਹੋਏ ਨੂੰ ਅੱਧੀ ਅੱਧੀ ਰਾਤੀ ਘਰ ਵੀ ਲੈ ਕੇ ਆਉਂਦਾ ਰਿਹਾ ਸੀ। ਪਿਛਲੇ ਵੀਹਾਂ ਵਰ੍ਹਿਆਂ ਤੋਂ ਇਹਦਾ ਹੱਥ ਫੜ੍ਹ ਕੇ ਇਹ ਨੂੰ ਬਾਹਰ ਅੰਦਰ ਵੀ ਲਿਜਾਂਦਾ ਰਿਹਾ ਸਾਂ ਤੇ ਡੋਲੂ ਵਿਚਲੇ ਪਾਣੀ ਨੂੰ ਇਹਦੀ ਪਿੱਠ ਪਿੱਛੇ ਪਾ ਕੇ ਇਹਦੇ ਜੰਗਲ ਪਾਣੀ ਵਾਲੇ ਹੱਥ ਵੀ ਧਵਾਉਂਦਾ ਰਿਹਾ ਸਾਂ।

'ਭਾਈਆ ਓੜਕ ਦੀ ਬਾਕੀ ਹਈਥੇ ਆਂ ਪਿਆ ਨੌਂ ਮਣ ਬਾਲਣ ਦੇ ਢੇਰ 'ਤੇ ਚਿੱਟੀ ਵਰਦੀ ਪਾ ਕੇ।' ਛਿੰਦੋ ਮਾਸੀ ਥੋੜ੍ਹਾ ਕੁ ਅੱਗੇ ਹੋ ਕੇ ਬਾਪੂ ਦਾ ਮੂੰਹ ਵੇਖਦਿਆਂ ਵਿਰਲੀ ਜਿਹੇ ਕਰਦੀ ਹੈ। ਮੇਰੀ ਸੁਰਤੀ ਹੁਣੇ ਹੁਣੇ ਪਹੁੰਚੀ ਮਾਸੀ ਨਾਲ ਜਾ ਜੁੜਦੀ ਹੈ। ਬੁੱਢੜੀ ਹੋ ਚੁੱਕੀ ਮਾਸੀ ਪਤਲੀਆਂ-ਪਤਲੀਆਂ ਲੱਤਾਂ ਦੇ ਸਹਾਰੇ ਡਿਗੂੰ-ਡਿਗੂੰ ਕਰਦੀ ਕਿਸੇ ਦੇ ਮੋਢੇ 'ਤੇ ਹੱਥ ਰੱਖੀ ਮੇਰੇ ਸਾਹਮਣੇ ਖੜ੍ਹੀ ਹੈ। ਆਪਣੇ ਵੇਲੇ ਮਾਸੀ ਵੀ

ਬੜੀ ਸ਼ੈ ਸੀ। ਸਾਡੇ ਕੋਲ ਇਹਦਾ ਬਹੁਤ ਆਉਣਾ ਜਾਣਾ ਹੁੰਦਾ ਸੀ। ਉਸ ਨੂੰ ਆਈ ਵੇਖ ਬਾਪੂ ਵੀ ਪੂਰਾ ਟਹਿਕ ਜਾਂਦਾ ਸੀ। ਪਹਿਲਾਂ ਚੌਂਕੇ 'ਚ ਬੈਠੀ ਦੀ ਸੁਖ-ਸਾਂਦ ਪੁੱਛਦਾ ਤੇ ਫਿਰ ਪਰ੍ਹਾਂ ਆਲੇ 'ਚੋਂ ਕੁਕੜੀ ਜਾ ਫੜਦਾ। ਮਾਸੀ ਬਾਪੂ ਦਾ ਹੱਥ ਵਟਾਉਣ ਬਹਾਨੇ ਲਾਗੇ ਬੈਠਦਿਆਂ ਕੁਕੜੀ ਦੀਆਂ ਲੱਤਾਂ ਤੇ ਖੰਭ ਘੁੱਟ ਕੇ ਫੜਦੀ। ਬਾਪੂ ਤੇਸਾ ਮਾਰ ਕੇ ਕੁਕੜੀ ਦੀ ਧੌਣ ਲਾਹ ਕੇ ਅਹੁ ਮਾਰਦਾ। ਮੇਰਾ ਨੁੱਕਰੇ ਖਲੋਤੇ ਦਾ ਕਲੇਜਾ ਧੱਕ-ਧੱਕ ਕਰਨ ਲੱਗਦਾ। ਵੱਢੀ ਹੋਈ ਕੁਕੜੀ ਜ਼ੋਰ ਜ਼ੋਰ ਨਾਲ ਫੜ ਫੜਾਉਂਦੀ। ਉਹਦੇ ਨਿੱਕੇ ਨਿੱਕੇ ਖੰਭ ਹਵਾ 'ਚ ਉਡ ਉਡ ਕੇ ਇਧਰ-ਉਧਰ ਖਿਲਰਦੇ। ਪੈਰਾਂ ਭਾਰ ਬੈਠੇ ਬਾਪੂ ਤੇ ਮਾਸੀ ਆਪਣੇ ਦੋਹਾਂ ਹੱਥਾਂ ਨਾਲ ਤੜਫਦੀ ਕੁਕੜੀ ਨੂੰ ਜਕੜ ਕੇ ਰੱਖਦੇ ਤੇ ਖਿੜ ਖਿੜ ਹੱਸਦੇ। ਵੱਢੀ ਧੌਣ 'ਚੋਂ ਨੁੱਚੜਦਾ ਲਹੂ ਦੋਹਾਂ ਦੇ ਹੱਥਾਂ 'ਤੇ ਪੈਂਦਾ। ਚੌਂਕੇ ਦੇ ਓਟੇ ਦੇ ਉਪਰੋਂ ਦੀ ਝਾਕਦੀ ਬੇਬੇ ਘੂਰੀਆਂ ਵੱਟਦੀ ਤੇ ਕਹਿੰਦੀ। 'ਵੇਖਾਂ! ਕਿੱਡਾ ਵੱਖੀਆਂ ਰਾਹੀਂ ਹਾਸਾ ਨਿਕਲਦਾ ਦੋਹਾਂ ਦਾ, ਵਿਹਲੇ ਕਿਸੇ ਥਾਂ ਦੇ।'

ਮਾਸੀ ਜਦੋਂ ਵੀ ਮੋਰ-ਘੁੱਗੀਆਂ ਵਾਲਾ ਝੋਲਾ ਕੱਛੇ ਮਾਰੀ ਠੁਮਕ ਠੁਮਕ ਕਰਦੀ ਦੋ-ਚਾਰ ਦਿਨ ਰਹਿਣ ਲਈ ਆ ਜਾਂਦੀ ਤਾਂ ਬੇਬੇ ਕਈ ਵਾਰੀ ਟਕੋਰ ਵੀ ਮਾਰਦੀ ਸੀ, "ਲੈ ਪੁੱਤ ਮੰਗਿਆ, ਆ ਗਈ ਊ ਤੇਰੀ ਮਾਸੀ, ਮਿਲ ਲੈ। ਤੇ ਅਗਲੀ ਗੱਲ ਉਹ ਮੂੰਹ ਵਿੱਚ ਹੀ ਨੱਪ ਜਾਂਦੀ, ਮਿਲਣ ਤਾਂ ਆਈ ਐ ਆਪਣੇ ਭਾਈਏ ਨੂੰ, ਜਿਹਦੀ ਵੇਲੇ-ਕੁਵੇਲੇ ਦੀ ਰੰਨ ਆ ਇਹ।'

ਉਦੋਂ ਮੈਂ ਅਜੇ ਸੱਤ-ਅੱਠ ਵਰ੍ਹਿਆਂ ਦਾ ਹੀ ਹੋਵਾਂਗਾ ਜਦੋਂ ਬਾਪੂ ਨਾਲ ਸਾਈਕਲ 'ਤੇ ਬੈਠ ਕੇ ਵਟਾਲੇ ਬਾਬੇ ਦੀ ਜੰਞ ਵੇਖਣ ਗਿਆ ਸਾਂ। ਉਥੇ ਹੀ ਬੱਸਾਂ ਵਾਲੇ ਅੱਡੇ ਲਾਗੇ ਮਾਸੀ ਟੱਕਰ ਪਈ ਸੀ। ਮੈਂ ਵੇਖਿਆ, ਉਸ ਵੇਲੇ ਬਾਪੂ ਦਾ ਚਾਅ ਸਾਂਭਿਆ ਨਹੀਂ ਸੀ ਜਾਂਦਾ। ਮਾਸੀ ਨੂੰ ਸਾਇਕਲ ਪਿੱਛੇ ਤੇ ਮੈਨੂੰ ਅੱਗੇ ਡੰਡੇ 'ਤੇ ਬਿਠਾ ਪੂਰਾ ਸ਼ਹਿਰ ਘੁੰਮਾ ਛੱਡਿਆ ਸੀ। ਕਦੀ ਅੱਚਲੀ ਗੇਟ ਤੇ ਕਦੀ ਕਪੂਰੀ ਗੇਟ। ਕਦੀ ਕੰਧ ਸਾਹਿਬ ਤੇ ਕਦੀ ਹਕੀਕਤ ਰਾਏ ਦੀ ਸਮਾਧ। ਕਦੀ ਅੰਦਰਲੇ ਸਿਨਮੇ 'ਚ ਲੱਗੇ ਪੋਸਟਰਾਂ ਅੱਗੇ ਤੇ ਕਦੀ ਦੁਸਹਿਰਾ ਗਰਾਉਂਡ 'ਚ ਲੱਗੀ ਸਰਕਸ ਦੇ ਸਾਹਮਣੇ। ਉਹ ਭੀੜਾਂ ਨੂੰ ਚੀਰਦਾ ਸਾਈਕਲ ਚਲਾਉਂਦਾ ਤੇ ਨਾਲ ਨਾਲ ਮਾਸੀ ਨਾਲ ਗੱਲਾਂ ਵੀ ਕਰਦਾ ਜਾਂਦਾ। ਵਿਚ-ਵਿਚਾਲੇ ਕਿਸੇ ਰੇਹੜੀ ਤੋਂ ਕੇਲੇ ਲੈ ਕੇ ਖਵਾਉਂਦਾ ਤੇ ਮਗਰੋਂ ਤਿੱਖੀ ਕਾਂਜੀ ਵਾਲੇ ਗੋਲ ਗੱਪੇ। ਇਉਂ ਲੱਗਦਾ ਸੀ ਜਿਉਂ ਬਾਪੂ ਸਾਰਾ ਮੇਲਾ ਹੀ ਲੁੱਟ ਲੈਣਾ ਚਾਹੁੰਦਾ ਹੋਵੇ। ਫਿਰ ਪਾਥੀ ਗਰਾਉਂਡ 'ਚ ਜ਼ਮੀਨ ਤੋਂ ਆਸਮਾਨ ਵੱਲ ਘੁੰਮਦੇ ਉੱਚੇ ਪੰਘੂੜੇ 'ਚ ਲੈ ਕੇ ਚੜ੍ਹ ਗਿਆ। ਨਾਲੋ ਨਾਲ ਬੈਠੇ ਸਨ ਉਹ ਦੋਵੇਂ ਤੇ ਵਿਚਕਾਰ ਮੈਂ। ਪੰਘੂੜਾ ਹੌਲੀ ਹੌਲੀ ਸ਼ੁਰੂ ਹੋ ਕੇ ਤੇਜ਼ ਹੁੰਦਾ ਗਿਆ। ਕਦੀ ਧੁਰ ਉਪਰ ਤੇ ਕਦੀ ਹੇਠਾਂ। ਹੋਰ ਚੜ੍ਹੇ ਨਿਆਣੇ ਜ਼ਨਾਨੀਆਂ ਚੀਕਾਂ ਮਾਰਨ ਲੱਗੇ। ਮੇਰੀਆਂ ਅੱਖਾਂ ਅੱਗੇ ਭੰਬੂ ਤਾਰੇ ਜਿਹੇ ਨੱਚਣ ਲੱਗੇ। ਸਭ ਕੁਝ ਗੋਲ-ਗੋਲ ਜਿਹਾ ਤੇ ਉਪਰ ਥੱਲੇ ਹੁੰਦਾ ਨਜ਼ਰੀਂ ਆਉਣ ਲੱਗਿਆ। ਬਾਪੂ ਤੇ ਮਾਸੀ ਨੇ ਮੈਨੂੰ ਘੁੱਟ ਕੇ ਫੜਿਆ ਹੋਇਆ ਸੀ। ਮੇਰੀਆਂ ਅੱਖਾਂ ਬੰਦ ਸਨ ਤੇ ਮੈਂ ਸਿਰ ਬਾਪੂ ਦੀ ਵੱਖੀ 'ਚ ਘਸੋੜਿਆ ਹੋਇਆ ਸੀ। ਜਦੋਂ ਪੰਘੂੜਾ ਧੁਰ ਉਪਰੋਂ ਥੱਲੇ ਨੂੰ ਆਉਂਦਾ ਤਾਂ ਮਾਸੀ ਮਜ਼ੇ 'ਚ ਚੀਕ ਜਿਹੀ ਮਾਰਦੀ, ਮੱਠਾ ਜਿਹਾ ਹੱਸਦੀ ਤੇ ਕਹਿੰਦੀ, "ਹਾਏ ਭਾਈਆ ਮਰ ਗਈ ਮੈਂ।" ਅਗਿਉਂ ਬਾਪੂ ਹਵਾ 'ਚ ਕੰਬਦੇ ਜਿਹੇ ਬੋਲਾਂ 'ਚ ਉਹਨੂੰ ਘੁੱਟਦਾ, 'ਛਿੰਦੋ ਘੁੱਟਕੇ ਫੜ ਤੇ ਜ਼ਰਾ ਨਾਲ ਲੱਗ ਕੇ ਬਹੁ ਕਮਲੀਏ। ਐਂ ਮਰਨ ਦਿੰਨਾ ਮੈਂ ਤੈਨੂੰ।'

ਹੇਠਾਂ ਉੱਤਰ ਮਾਸੀ ਮੇਰੇ ਮੱਥੇ ਤੇ ਪੋਲਾ ਪੋਲਾ ਹੱਥ ਫੇਰਦੀ ਬੋਲੀ, 'ਮੇਰੇ ਪੁੱਤ ਦਾ ਰੰਗ ਕਿਉਂ ਉਡਿਆ ਪਿਆ?'

ਬਾਪੂ ਨੇ ਸਾਈਕਲ ਦਾ ਸਟੈਂਡ ਲਾਹੁੰਦਿਆਂ ਕਿਹਾ 'ਇਹ ਧੀ ਜਵ੍ਹਾ ਐਵੇਂ ਡਰਦਾ ਰਹਿੰਦਾ। ਵੀਹ ਵਾਰੀ ਕਿਹਾ ਇਹਨੂੰ ਐਵੇਂ ਨਾ ਮੋਕ ਮਾਰਿਆ ਕਰ, ਜੁਅਰਤ ਨਾਲ ਰਿਹਾ ਕਰ ਤੇ ਮਜ਼ੇ ਲੁਟਿਆ ਕਰ। ਆਪਣੇ ਬਾਪੂ ਵਾਂਗ।'

ਸ਼ਾਮ ਢਲੇ ਮਾਸੀ ਵੀ ਸਾਡੇ ਨਾਲ ਹੀ ਪਿੰਡ ਨੂੰ ਤੁਰ ਆਈ ਸੀ। ਜਰਨੈਲੀ ਸੜਕ ਤੋਂ ਪਿੰਡ ਵੱਲ ਮੁੜਦੇ ਸੂਏ ਦੇ ਕੰਢੇ ਕੰਢੇ ਕੱਚੇ ਰਾਹ ਦੇ ਦੋਵੇਂ ਪਾਸੇ ਉਗੇ ਸਰਕੰਡੇ ਤੇ ਕਾਨਿਆਂ ਦੇ ਸੰਘਣੇ ਝੁੰਡ 'ਚੋਂ ਲੰਘਦਿਆਂ ਮਾਸੀ ਤੇ ਬਾਪੂ ਦਾ ਹਾਸਾ ਛਣਕ ਰਿਹਾ ਸੀ। ਮਾਸੀ ਦੀ ਅਵਾਜ਼ ਆਈ, 'ਕੀ ਕਰਦੈਂ ਭਾਈਆਂ ਤੂੰ?"



'ਕੁਝ ਨਹੀਂ ਛਿੰਦੋ ਐਵੇਂ ਹੱਥ ਜਿਹੇ ਨਿੱਘੇ ਕਰਦਾਂ।' ਉਹ ਮਸਤੀ ਜਿਹੀ 'ਚ ਬੋਲਿਆ। 'ਛਡਿਆ ਵੀ ਕਰ ਹੁਣ ਐਹੋ ਜਿਹੇ ਲੁੱਚ ਪੁਣੇ। ਨਾਲੇ ਨਾਲ ਨਿਆਣਾ।' ਮਾਸੀ ਦੀ ਥਿੜਕਵੀਂ ਤੇ ਤਰਲ ਜਿਹੀ ਅਵਾਜ਼ ਸੁਣਕੇ ਮੇਰਾ ਜੀਅ ਕੀਤਾ ਪਿੱਛੇ ਨੂੰ ਉਲਰ ਕੇ ਵੇਖਾਂ। ਚਲਦੇ ਸਾਈਕਲ ਦਾ ਡੰਡਾ ਮੇਰੀ ਢੂਈ 'ਚ ਖੁਭ ਰਿਹਾ ਸੀ। ਮੈਂ ਦੁਖਦੇ ਚਿੱਤੜਾਂ ਨੂੰ ਰਾਹਤ ਦਵਾਉਣ ਲਈ ਥੋੜ੍ਹਾ ਵੀ ਅੱਗੇ ਪਿੱਛੇ ਹੁੰਦਾ ਤਾਂ ਬਾਪੂ ਝਈ ਲੈ ਕੇ ਪੈਂਦਾ, 'ਰਮਾਨ ਨਾਲ ਨਹੀਂ ਬਹਿ ਹੁੰਦਾ ਤੈਥੋਂ?' ਜਿਸ ਨੂੰ ਸੁਣਦਿਆਂ ਸਾਰ ਪਿੱਛੇ ਮੁੜਕੇ ਵੇਖਣ ਦੀ ਮੇਰੀ ਹਿੰਮਤ ਜਵਾਬ ਦੇ ਜਾਂਦੀ। ਦੂਰ ਉੱਚੇ ਅੰਬਰਾਂ 'ਚੋਂ ਸਰਕਦਾ-ਸਰਕਦਾ ਸੂਰਜ ਲਹਿੰਦੇ ਦੀ ਗੁੱਠੇ ਜਾ ਲੁਕਿਆ ਸੀ ਪਰ ਦਿਨ ਦੀ ਲੋਅ ਅਜੇ ਵਾਹਵਾ ਸੀ। ਕੋਈ ਵਿਰਲਾ ਟਾਵਾਂ ਰਾਹੀ ਆਉਂਦਾ ਜਾਂਦਾ ਸੀ। ਬਾਪੂ ਨੇ ਘਰਾਟਾਂ ਵਾਲੀ ਪੁਲੀ 'ਤੇ ਸਾਈਕਲ ਖੜ੍ਹਾ ਕੀਤਾ ਤੇ ਵੱਡੇ ਪਿੱਪਲ ਦੇ ਉਹਲੇ ਨਿਵਾਣਾਂ ਨੂੰ ਹੋ ਗਿਆ। ਥੋੜ੍ਹਾ ਜਿਹਾ ਲੁਕ ਕੇ ਮਾਸੀ ਨੂੰ ਅਵਾਜ਼ ਮਾਰੀ, 'ਛਿੰਦੋ', ਆਹ ਦੇਖ ਖੁੰਬਾਂ।'

ਮਾਸੀ ਛੁਹਲੇ ਕਦਮੀ ਆਸੇ ਪਾਸੇ ਵੇਖਦੀ ਉਧਰ ਨੂੰ ਹੋ ਤੁਰੀ। ਦੋਵੇਂ ਪਿੱਪਲ ਦੇ ਉਬੜ-ਖਾਬੜ ਜਿਹੇ ਮੋਟੇ ਮੁੱਢ ਦੇ ਉਹਲੇ ਹੋ ਗਏ। ਕਦੀ ਕਦਾਈਂ ਮੁੱਢ ਦੇ ਪਰਲੇ ਪਾਸੇ ਨਾਲ ਢਾਸਣ ਲਾ ਕੇ ਖਲੋਤੀ ਮਾਸੀ ਦੀ ਜੋਗੀਆ ਜਿਹੀ ਚੁੰਨੀ ਹਵਾ 'ਚ ਉਡਦੀ ਦਾ ਸਿਰਾ ਵਿਖਾਈ ਦਿੰਦਾ ਤੇ ਕਦੀ ਨਾਲ ਲੱਗ ਕੇ ਖਲੋਤੇ ਬਾਪੂ ਦੇ ਇਕ ਪੈਰ ਦੀ ਇਕ ਪਾਸਿਓਂ ਅਧਿਓਂ ਬਹੁਤੀ ਘਸ ਗਈ ਗੁਰਗਾਬੀ ਦੀ ਅੱਡੀ ਦਿਸਦੀ। ਸਾਈਕਲ ਦੇ ਡੰਡੇ 'ਤੇ ਹੀ ਬੈਠਾ ਮੈਂ ਚਿਰਾਂ ਦੇ ਸੁੱਕੇ ਸੂਏ 'ਚ ਕਦੀ ਚੜ੍ਹਦੀ ਵਲ ਤੇ ਕਦੀ ਲਹਿੰਦੇ ਵਲ ਦੂਰ ਤੱਕ ਝਾਤੀਆਂ ਮਾਰ ਰਿਹਾ ਸਾਂ। ਥਾਂ ਥਾਂ ਤੋਂ ਖੁਰ ਗਏ ਸੂਏ ਦੇ ਦੋਵੇਂ ਕੰਢਿਆਂ 'ਤੇ ਉਗੀ ਦੱਬ ਕਾਈ ਤੇ ਕੱਖ-ਕਾਨ ਜਿਹਾ ਵੇਖ ਮੈਨੂੰ ਖੌਫ਼ ਜਿਹਾ ਆਉਣ ਲੱਗਾ ਤੇ ਪਰ ਸਾਈਕਲ ਦੇ ਡਿੱਗ ਜਾਣ ਦੇ ਡਰ ਤੋਂ ਮੈਂ ਬਿਨਾਂ ਕੋਈ ਹਿੱਲਜੁਲ ਕੀਤਿਆਂ ਚੁੱਪ-ਚਾਪ ਖੁੰਬਾਂ ਪੁੱਟਣ ਗਏ ਮਾਸੀ ਬਾਪੂ ਦਾ ਰਾਹ ਵੇਖਦਾ ਰਿਹਾ। ਉੱਚੇ ਪਿੱਪਲ ਦੇ ਪੱਤਿਆਂ ਦੀ ਖੜ ਖੜ ਤੇ ਉਪਰ ਬੈਠੇ ਪੰਛੀਆਂ ਦਾ ਸ਼ੋਰ ਮੇਰੇ ਕੰਨਾਂ ਵਿਚ ਕਿਰਚਾਂ ਵਾਂਗ ਵੱਜ ਰਿਹਾ ਸੀ। ਆਸੇ-ਪਾਸੇ ਫੈਲੇ ਸੰਨਾਟੇ ਨੇ ਮੇਲੇ ਵਾਲਾ ਰੰਗ ਅਸਲੋਂ ਭੁਲਾ ਦਿੱਤਾ ਸੀ। ਮੇਰਾ ਸੰਘ ਸੁੱਕ ਗਿਆ ਸੀ ਤੇ ਥੁੱਕ ਵੀ ਅੰਦਰ ਨਹੀਂ ਸੀ ਲੰਘਦਾ ਪਿਆ। ਬਾਪੂ ਤੇ ਮਾਸੀ ਪਤਾ ਨਹੀਂ ਕਿਹੜੀਆਂ ਖੁੰਬਾਂ ਪੁੱਟਣ ਵਿਚ ਰੁੱਝੇ ਹੋਏ ਸਨ ਕਿ ਏਨਾ ਸਮਾਂ ਲਾ ਦਿੱਤਾ ਸੀ।

ਪੈਰ ਝਾੜਦਾ ਤੇ ਆਪਣੇ ਗਲ ਪਾਏ ਝੱਗੇ ਨਾਲ ਮੁੱਛਾਂ ਪੂੰਝਦਾ ਬਾਪੂ ਪਿੱਪਲ ਦੇ ਉਹਲਿਓਂ ਬਾਹਰ ਆਇਆ। ਮੈਨੂੰ ਇਉਂ ਲੱਗਿਆ ਜਿਵੇਂ ਉਹ ਬਾਟੀ 'ਚੋਂ ਇਕੋ ਡੀਕੇ ਲੱਸੀ ਪੀ ਕੇ ਹਟਿਆ ਹੋਵੇ। ਥੋੜ੍ਹਾ ਜਿਹਾ ਰੁਕ ਕੇ ਮਾਸੀ ਹੱਥ 'ਚ ਪੰਜ ਖੁੰਬਾਂ ਫੜੀ ਬਾਹਰ ਆਈ ਤੇ ਕਾਹਲੇ ਕਦਮੀ ਮੁੜ ਸਾਈਕਲ ਤੇ ਆ ਚੜ੍ਹੀ ਸੀ। ਕਿੱਕਰ ਦੇ ਸੁੱਕੇ ਮੋਛਿਆਂ ਉੱਤੇ ਪਏ ਬਾਪੂ ਦੇ ਕੋਲ ਖੜ੍ਹੀ ਉਹੀ ਮਾਸੀ ਹੁਣ ਮੇਰੇ ਸਾਹਮਣੇ ਹੈ। ਜਿਹਦੀਆਂ ਗੱਲ੍ਹਾਂ ਅੰਦਰ ਧੱਸੀਆਂ ਤੇ ਹੜਬਾਂ ਨਿਕਲੀਆਂ ਹੋਈਆਂ ਨੇ। ਸਿਰ 'ਤੇ ਦੁੱਧ ਚਿੱਟੇ ਵਾਲ ਵੀ ਵਿਰਲੇ ਟਾਵੇਂ ਹੀ ਰਹਿ ਗਏ ਨੇ। ਪਤਾ ਨਹੀਂ ਬਾਪੂ ਦੇ ਤੁਰ ਜਾਣ ਕਰਕੇ ਜਾਂ ਕਿਸੇ ਬੀਤੇ ਵੇਲੇ ਨੂੰ ਯਾਦ ਕਰਕੇ ਮਾਸੀ ਆਪਣੀਆਂ ਨਜ਼ਰ ਵਾਲੀਆਂ ਐਨਕਾਂ ਲਾਹ ਕੇ ਵਾਰ ਵਾਰ ਅੱਖਾਂ ਪੂੰਝਦੀ ਹੈ ਤੇ ਮੁੜ ਮੁੜ ਬਾਪੂ ਦੇ ਚਿਹਰੇ ਵੱਲ ਵੇਖਦੀ ਹੈ।

ਇਸੇ ਤਰ੍ਹਾਂ ਹੀ ਤਾਂ ਮਾਸੀ ਵੇਖਦੀ ਹੁੰਦੀ ਸੀ ਜਦੋਂ ਬਾਪੂ ਦੀ ਨਿਗ੍ਹਾ ਬਿਲਕੁਲ ਜਵਾਬ ਦੇ ਗਈ ਸੀ। ਜਦ ਕਦੀ ਮਾਸੀ ਆਈ ਹੁੰਦੀ ਤਾਂ ਉਹ ਦਿਨ ਚੜ੍ਹਦੇ ਸਾਰੇ ਹੀ ਕੰਧਾਂ ਨੂੰ ਟੋਹ ਟੋਹ ਕੇ ਵਿਹੜੇ 'ਚ ਡਿੱਠੀ ਮੰਜੀ 'ਤੇ ਲੱਤਾਂ ਲਮਕਾ ਕੇ ਆ ਬਹਿੰਦਾ ਸੀ। ਬੇਬੇ ਤੇ ਮਾਸੀ ਨਿੱਕੀਆਂ ਨਿੱਕੀਆਂ ਗੱਲਾਂ ਕਰਦੀਆਂ ਤਾਂ ਬਾਪੂ ਕੰਨ ਲਾ ਕੇ ਸੁਣਨ ਦੀ ਕੋਸ਼ਿਸ਼ ਕਰਦਾ। ਕਦੀ ਮਾਸੀ ਦਾ ਕਿਸੇ ਗੱਲੋਂ ਮੱਠਾ ਜਿਹਾ ਹਾਸਾ ਛਣਕਦਾ ਤਾਂ ਬਾਪੂ ਦੇ ਚਿਹਰੇ ਤੇ ਵੀ ਬੇ-ਪਛਾਣੀ ਜਿਹੀ ਮੁਸਕਾਨ ਖਿੰਡਰ ਜਾਂਦੀ। ਉਹਦੇ ਚਿੱਟੇ ਬਲੌਰਾਂ ਵਰਗੇ ਡੇਲੇ ਤੇਜ਼ ਤੇਜ਼ ਘੁੰਮਣ ਲੱਗਦੇ। ਉਹ ਮੰਜੇ ਦੀ ਹੀਂਅ ਤੋਂ ਹੇਠ ਲਮਕਦੀਆਂ ਲੱਤਾਂ ਹਿਲਾਉਣ ਲੱਗਦਾ। ਕਦੀ ਆਪਣੇ ਦੋਵੇਂ ਹੱਥ ਆਪਣੀਆਂ ਖੁੱਚਾਂ ਥੱਲੇ ਦੱਬ ਕੇ ਲਚਾਰਗੀ ਜਿਹੀ ਨਾਲ ਬੁੱਲ੍ਹ ਟੁਕਦਾ ਤੇ ਕਦੀ ਢਿੱਲੀ ਜਿਹੀ ਪੱਗ ਹੇਠ ਉਂਗਲਾ ਵਾੜ ਕੇ ਸਿਰ ਖੁਰਕਣ ਲੱਗਦਾ।

'ਅੱਖਾਂ ਨਾਲ ਹੀ ਜਹਾਨ ਵਸਦੈ ਬੰਦੇ ਦਾ।' ਮੇਰੀ ਸੁਰਤੀ ਮਾਸੀ ਵੱਲੋਂ ਹਟ ਕੇ ਲੰਬੜਦਾਰ ਵੱਲ ਮੁੜਦੀ ਹੈ। ਬਾਪੂ ਦਾ ਟੋਹ ਟੋਹ ਕੇ ਪੈਰ ਪੁੱਟਣ ਦਾ ਲੰਮਾ ਪੈਂਡਾ ਮੇਰ ਅੰਤਰ ਮਨ 'ਚੋਂ ਗੁਜ਼ਰਦਾ ਹੈ। ਉਸ ਨਾਲ ਕੰਮ

'ਤੇ ਪਏ ਨੂੰ ਤਿੰਨ ਚਾਰ ਵਰ੍ਹੇ ਹੀ ਹੋਏ ਸਨ ਜਦੋਂ ਉਸ ਦੀਆਂ ਅੱਖਾਂ ਦੀ ਜੋਤ ਹਮੇਸ਼ਾ ਲਈ ਜਾਂਦੀ ਰਹੀ ਸੀ। ਉਸ ਸਮੇਂ ਬਾਪੂ ਦੀ ਕਾਰੀਗਰੀ ਉਹਦੇ ਸਿਰ ਚੜ੍ਹ ਬੋਲਦੀ ਸੀ। ਉਹਦੇ ਖੱਬੇ ਹੱਥ ਨਾਲ ਚਲਦੀ ਕਾਂਡੀ ਦਾ ਲਾਗੇ ਚਾਗੇ ਚਹੁੰ ਪਿੰਡਾਂ 'ਚ ਕੋਈ ਮੁਕਾਬਲਾ ਨਹੀਂ ਸੀ। ਮਗਰ ਲੱਗੇ ਦਿਹਾੜੀਦਾਰ ਭੱਜ-ਭੱਜ ਕੰਮ ਕਰਦੇ। ਜੁਗਤ ਨਾਲ ਇੱਟਾਂ ਜੁੜਦੀਆਂ। ਕੰਧਾਂ ਉਸਰਦੀਆਂ, ਛੱਤਾਂ ਪੈਂਦੀਆਂ, ਘਰ ਬਣਦੇ। ਬਾਪੂ ਦਾ ਆਪਣੇ ਹੱਥੀਂ ਬਣਾਏ ਤੇ ਘੁਗ ਵਸਦੇ ਘਰਾਂ ਨਾਲ ਖਾਸ ਮੋਹ ਹੁੰਦਾ ਸੀ।

ਉਨ੍ਹਾਂ ਦਿਨਾਂ 'ਚ ਹੀ ਤਾਂ ਰਸਤੇ 'ਚ ਆਉਂਦਿਆਂ ਜਾਂਦਿਆਂ ਵਗਦੀਆਂ ਖੁਸ਼ਕ ਹਵਾਵਾਂ 'ਚ ਕਣਕ ਦੇ ਕਸੀਰ ਉਡ ਕੇ ਉਸ ਦੀਆਂ ਅੱਖਾਂ 'ਚ ਪੈ ਗਏ ਸਨ ਜਿਸ ਦੀ ਰੜਕ ਕਈ ਦਿਨ ਪੈਂਦੀ ਰਹੀ ਸੀ। ਅੱਖਾਂ ਦੀਆਂ ਪੁਤਲੀਆਂ ਸੁੱਜ ਗਈਆਂ ਸਨ ਤੇ ਡੇਲੇ ਲਾਲ ਸੁਰਖ਼ ਹੋ ਗਏ ਸਨ। ਉਹ ਦਿਨ 'ਚ ਕਈ ਵਾਰੀ ਤਾਜ਼ੇ ਪਾਣੀ ਦੇ ਛਿੱਟੇ ਮਾਰਦਾ ਤੇ ਉਸੇ ਹਾਲ ਆਪਣੇ ਕੰਮ ਨੂੰ ਵੀ ਜੁਟਿਆ ਰਹਿੰਦਾ। ਪਾਣੀ ਦੇ ਛਿੱਟਿਆਂ ਨਾਲ ਉਹ ਨੂੰ ਦੋ ਕੁ ਘੜੀਆਂ ਚੈਨ ਆਉਂਦਾ ਪਰ ਬਾਅਦ 'ਚ ਉਹ ਰੜਕ ਨਾਲ ਉਸੇ ਤਰ੍ਹਾਂ ਤਰਲੋ ਮੱਛੀ ਹੋਣ ਲੱਗਦਾ।

ਉਸ ਦਿਨੇ ਵੀ ਸਰਪੰਚਾਂ ਦੀ ਵੇਲ੍ਹੀ 'ਚ ਦੋ ਘੜੀਆਂ ਸਾਹ ਲੈਣ ਲਈ ਸ਼ਰੀਂਹ ਦੀ ਤਿੱਤਰੀ-ਮਿੱਤਰੀ ਛਾਵੇਂ ਬੈਠੇ ਸਾਂ ਜਦੋਂ ਦੋ ਲੰਮੇ ਚੋਗਿਆਂ ਵਾਲੇ ਜੋਗੀ ਮੋਢੇ 'ਤੇ ਵਹਿੰਗੀ ਲਮਕਾਈ ਉਨ੍ਹਾਂ ਦੇ ਕੋਲ ਆਣ ਬੈਠੇ ਸਨ।

ਬਾਪੂ ਨੂੰ ਮੁੜ ਮੁੜ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਦਿਆਂ ਵੇਖ ਜੋਗੀਆਂ ਨੇ ਉਨ੍ਹਾਂ ਵੱਲੋਂ ਤਿਆਰ ਕੀਤਾ ਕੋਈ ਸੁਰਮਾ ਪਾਉਣ ਦੀ ਸਲਾਹ ਦਿੱਤੀ ਸੀ। ਜਿਸ ਨੂੰ ਜੱਕੋ-ਤੱਕੀ ਜਿਹੀ 'ਚ ਮੰਨਦਿਆਂ ਬਾਪੂ ਉਨ੍ਹਾਂ ਅੱਗੇ ਪੈਰਾਂ ਭਾਰ ਜਾ ਬੈਠਾ ਸੀ। ਉਨ੍ਹਾਂ 'ਚੋਂ ਇਕ ਨੇ ਪਟਾਰੀ ਅੰਦਰੋਂ ਮੈਲੀ ਜਿਹੀ ਡੱਬੀ 'ਚੋਂ ਸੁਆਹ ਵਰਗਾ ਕੋਈ ਪਾਊਡਰ ਜਿਹਾ ਕੱਢਿਆ ਤੇ ਲੱਕੜ ਦੇ ਸੁਰਮਚੂ ਨਾਲ ਬਾਪੂ ਦੀਆਂ ਦੋਹਾਂ ਅੱਖਾਂ 'ਚ ਵਾਰੋ ਵਾਰੀ ਪਾ ਦਿੱਤਾ ਸੀ। ਜਿਸ ਨਾਲ ਪੈਰਾਂ ਭਾਰ ਬੈਠੇ ਬਾਪੂ ਨੂੰ ਝੁਣਝੁਣੀ ਜਿਹੀ ਆਈ ਤੇ ਉਹ ਤ੍ਰੇਲਿਓ ਤ੍ਰੇਲੀ ਹੋ ਗਿਆ ਸੀ। ਸੁਰਮਾ ਉਹਦੀਆਂ ਅੱਖਾਂ 'ਚ ਠੰਢ ਪਾਉਣ ਦੀ ਥਾਂ ਮਿਰਚਾਂ ਵਾਂਗ ਲੜਿਆ ਲੱਗਦਾ ਸੀ। ਜੋਗੀ ਦੋ ਕੁ ਰੱਤੀਆਂ ਦੀ ਪੁੜੀ ਬਣਾ ਕੇ ਬਾਪੂ ਦੀ ਤਲੀ 'ਤੇ ਰੱਖਕੇ ਘੰਟੇ-ਘੰਟੇ ਬਾਅਦ ਪਾਉਣ ਦੀ ਸਲਾਹ ਦੇ ਕੇ ਚਲਦੇ ਬਣੇ ਸਨ। ਬਾਪੂ ਦੇ ਲਗਾਤਾਰ ਸੁਰਮਾ ਪਾਉਣ ਨਾਲ ਰੜਕ ਦਾ ਤਾਂ ਭਾਵੇਂ ਫ਼ਰਕ ਪੈ ਗਿਆ ਸੀ ਪਰ ਅੱਖਾਂ ਅੱਗੇ ਹਲਕਾ ਜਿਹਾ ਧੁੰਦਲਕਾ ਪਸਰਦਾ ਅੰਤ ਅੱਖਾਂ ਵਿਚਲੀ ਲੋਅ ਨੂੰ ਸਦਾ ਲਈ ਲੈ ਬੈਠਾ ਸੀ।

ਜਿਥੇ ਕਿਸੇ ਦੱਸ ਪਾਈ ਉਥੇ ਜਾ ਕੇ ਵਿਖਾਇਆ। ਥਾਂ ਥਾਂ ਦੇ ਧੱਕੇ ਧੋੜੇ ਖਾਧੇ। ਡਾਕਟਰ ਹਕੀਮ ਵੀ ਆਪਣਾ ਜ਼ੋਰ ਲਾ ਕੇ ਥੱਕ ਹਾਰ ਗਏ ਪਰ ਬਾਪੂ ਦੀਆਂ ਅੱਖਾਂ ਦੀ ਗਈ ਜੋਤ ਵਾਪਸ ਨਹੀਂ ਸੀ ਪਰਤੀ।

ਕਿੰਨਾ ਬੇਚੈਨ ਰਹਿਣ ਲੱਗਾ ਸੀ ਬਾਪੂ ਉਨ੍ਹਾਂ ਦਿਨਾਂ ਵਿਚ। ਉਹ ਵੇਲੇ ਸਿਰ ਹੀ ਉੱਠ ਬੈਠਦਾ। ਸਿਰਹਾਣੇ ਪਈ ਪੱਗ ਨੂੰ ਸਲੀਕੇ ਨਾਲ ਵਲੇਟਣ ਦੀ ਕੋਸ਼ਿਸ਼ ਕਰਦਾ। ਫਿਰ ਹੌਲੀ ਹੌਲੀ ਕੰਧ ਨਾਲ ਟੰਗੇ ਸ਼ੀਸ਼ੇ ਮੂਹਰੇ ਜਾ ਖਲੋਂਦਾ। ਧੁੰਦਲੇ ਜਿਹੇ ਸ਼ੀਸ਼ੇ 'ਚ ਅੱਖਾਂ ਮੀਚ-ਮੀਚ ਵਲੇਟੀ ਪੱਗ ਦੇ ਪੇਚਾਂ ਨੂੰ ਜਾਚਣ ਦੀ ਕੋਸ਼ਿਸ਼ ਕਰਦਾ ਤੇ ਫਿਰ ਨਿੰਮੋਝੂਣਾ ਜਿਹਾ ਹੋਇਆ ਪਰ੍ਹਾਂ ਜਾ ਬਹਿੰਦਾ ਸੀ। ਫਿਰ ਵੱਡੇ ਸੁਫ਼ੇ ਦੀ ਗੁੱਠੇ ਪਈ ਔਜ਼ਾਰਾਂ ਵਾਲੀ ਪੇਟੀ ਖੋਲ੍ਹ ਕੇ ਬੈਠ ਜਾਂਦਾ। ਇਕੱਲੇ ਇਕੱਲੇ ਔਜ਼ਾਰ ਨੂੰ ਹੱਥ ਫੇਰ ਫੇਰ ਕੇ ਵੇਖਦਾ। ਉਨ੍ਹਾਂ ਨੂੰ ਝਾੜਦਾ-ਪੂੰਝਦਾ ਤੇ ਮੁੜ ਥਾਂ ਸਿਰ ਕਰਦਿਆਂ ਉਂਗਲਾਂ ਤੇ ਉਨ੍ਹਾਂ ਦੀ ਗਿਣਤੀ ਕਰਦਾ।

ਅਵਾਜ਼ਾਂ ਮਾਰ-ਮਾਰ ਕੇ ਕੰਮ 'ਤੇ ਪਏ ਔਜ਼ਾਰਾਂ ਬਾਰੇ ਪੁੱਛਦਾ। ਫਿਰ ਕਿੰਨਾ-ਕਿੰਨਾ ਚਿਰ ਦੋਵੇਂ ਕੂਹਣੀਆਂ ਬੰਦ ਪਏ ਪੇਟੀ ਦੇ ਢੱਕਣ ਉਤੇ ਰੱਖ ਕੇ ਸੋਚੀਂ ਪਿਆ ਰਹਿੰਦਾ।

ਉਹ ਕਈ ਵਾਰ ਜ਼ਿਦ ਕਰਕੇ ਮੇਰੇ ਨਾਲ ਕੰਮ 'ਤੇ ਚਲੇ ਜਾਂਦਾ। ਟੋਹ-ਟੋਹ ਕੇ ਲੱਗ ਗਈ ਚਿਣਾਈ ਦੇ ਵਾਰ ਗਿਣਦਾ। ਹੱਥ ਫੇਰ-ਫੇਰ ਕੇ ਚਿਣੀਆਂ ਇੱਟਾਂ ਦੀ ਸਫ਼ਾਈ ਜਾਚਦਾ। ਪਰ੍ਹਾਂ ਛਾਵੇਂ ਡਿੱਠੀ ਮੰਜੀ 'ਤੇ ਬੈਠਾ ਵਾਰ ਵਾਰ ਹੱਥ ਛੋਹਲਾ ਮਾਰਨ ਦੀ ਤਕੀਦ ਕਰਦਾ ਰਹਿੰਦਾ ਸੀ।

ਅਸਮਾਨ ਵੱਲ ਝਾਕਦਿਆਂ ਲਹਿੰਦੇ ਵਲ ਸਰਕਦੇ ਜਾ ਰਹੇ ਸੂਰਜ ਵੱਲ ਮੇਰਾ ਧਿਆਨ ਜਾਂਦਾ ਹੈ। ਦਿਨ ਥੱਲੇ ਲਹਿ ਗਿਆ ਹੈ। ਰਿਸ਼ਤੇਦਾਰਾਂ ਨੂੰ ਵਾਪਸ ਮੁੜਨ ਦੀ ਕਾਹਲੀ ਵੀ ਹੈ। ਖੜੇ ਲੋਕ ਵੱਡੀ ਸੜਕ ਤੋਂ



ਪਿੰਡ ਨੂੰ ਮੁੜਦੇ ਪਹੇ ਵੱਲ ਮੁੜ ਮੁੜ ਝਾਕਦੇ ਹਨ। ਭੂਆ ਦੇ ਪੁੱਤ ਨੂੰ ਫ਼ੋਨ ਕਰਕੇ ਕਈ ਵਾਰੀ ਪੁੱਛ ਲਿਆ ਹੈ। ਪਿੰਡ ਦੇ ਉਪਰਲੇ ਪਾਸੇ ਪਹੁੰਚਣ ਦਾ ਪਤਾ ਚਲਿਆ ਹੈ ਉਨ੍ਹਾਂ ਦਾ।

'ਕੋਈ ਨਾ ਪਹੁੰਚ ਗਏ ਹੁਣ ਤਾਂ। ਉਡੀਕ ਹੀ ਲੈਣਾ ਚਾਹੀਦਾ ਭਾਈ।' ਖਲੋਤਿਆਂ 'ਚੋਂ ਕੋਈ ਸਿਆਣਾ ਬਜ਼ੁਰਗ ਬੋਲਿਆ ਹੈ।

'ਦੋ ਘੜੀਆਂ ਦੀ ਖੇਡ ਐ। ਜਾਂਦੀ ਵਾਰ ਦਾ ਮੂੰਹ ਵੇਖ ਲੈਣਗੇ। ਫਿਰ ਤਾਂ ਬੰਦਾ ਸੁਪਨ ਹੀ ਹੋ ਜਾਂਦਾ।'

ਗ੍ਰੰਥੀ ਲਹਿਣਾ ਸਿਹੁੰ ਆਪਣੀ ਦੁੱਧ ਚਿੱਟੀ ਦਾਹੜੀ 'ਚ ਉਂਗਲਾਂ ਦੀ ਕੰਘੀ ਜਿਹੀ ਕਰਦਿਆਂ ਥੋੜ੍ਹਾ ਕੁ ਅੱਗੇ ਹੋ ਕੇ ਕਹਿੰਦਾ ਹੈ, 'ਐਵੇਂ ਬੰਦਾ ਸਾਰੀ ਉਮਰ ਉਹ ਵੀ ਸ਼ੈਅ ਮੇਰੀ ਐ, ਇਹ ਵੀ ਸ਼ੈਅ ਮੇਰੀ ਐ ਕਰਦਾ ਖਪੀ ਜਾਂਦੈ। ਘਰ ਬਾਹਰ ਨੂੰ ਜੱਫੇ ਮਾਰਦਾ। ਇਸ ਜਗ੍ਹਾ ਆ ਕੇ ਮੁੱਕ ਜਾਂਦੈ ਸਭ ਕੁਝ। ਇਹੀ ਤਾਂ ਅੰਤਮ ਸੱਚ ਐ। ਵੱਡੇ ਘਰ ਪਰਿਵਾਰ ਵਾਲਾ, ਸਭ ਕੁਝ ਛੱਡ ਛਡਾ ਅੰਤ ਵੇਲੇ ਆ ਪਿਆ ਸਾਢੇ ਤਿੰਨ ਹੱਥ ਜ਼ਮੀਨ 'ਤੇ ਲੱਗੀ ਲਕੜਾਂ ਦੀ ਢੇਰੀ ਉਤੇ। ਇਥੋਂ ਤੱਕ ਨਾਲ ਆਏ ਸੰਗੀ ਸਾਥੀ ਸੋਚਦੇ ਨੇ ਕਿ ਆਪਾਂ ਵੀ ਇਕ ਦਿਨ ਏਥੇ ਹੀ ਆਉਣਾ। ਮੁੜਦੇ ਸਾਰ ਹੀ ਫਿਰ ਭੁੱਲ ਜਾਂਦੇ ਨੇ।'

'ਠੀਕ ਆਂਹਦੇ ਓ ਮਹਾਰਾਜ, ਪਰ ਬੰਦਾ ਕੁਝ ਕਰਕੇ ਮਰਿਆ ਹੋਵੇ ਥੋੜ੍ਹੇ ਕੀਤਿਆਂ ਕਿਥੇ ਭੁੱਲਦਾ ਲੋਕਾਂ ਨੂੰ? ਭਾ ਚੈਂਚਲ ਸਿਹੁੰ ਵੱਡੇ ਰੌਲਿਆਂ 'ਚ ਪਿੰਡ ਦਾ ਬੰਨ੍ਹ ਬਣਕੇ ਖਲੋਤਾ ਸੀ। ਲਾਗਲੇ ਸਾਰੇ ਪਿੰਡ 'ਚ ਭਾਵੇਂ ਗੜ੍ਹ ਸੀ ਮੁਸਲਮਾਨਾਂ ਦਾ ਪਰ ਕੀ ਮਜ਼ਾਲ ਐ ਆਪਣੇ ਪਿੰਡ ਵੱਲ ਕਿਸੇ ਨੇ ਅੱਖ ਚੁੱਕ ਕੇ ਵੀ ਵੇਖਣ ਦੀ ਵੀ ਹਿੰਮਤ ਕੀਤੀ ਹੋਵੇ। ਇਹਦੇ ਦਿਨ ਰਾਤ ਤਪਦੇ ਆਰਣ ਤੇ ਬਣੀਆਂ ਬਰਛੀਆਂ ਨੇ ਪੂਰੇ ਇਲਾਕੇ 'ਚ ਤੜਥੱਲੀ ਮਚਾ ਦਿੱਤੀ ਸੀ। ਕੱਟ ਵੱਢ ਕਰਨ ਨੂੰ ਮੁੰਡਿਆਂ ਦੀ ਢਾਹਣੀ 'ਚ ਸਭ ਤੋਂ ਮੂਹਰੇ ਹੋ ਕੇ ਤੁਰਿਆ ਸੀ। ਜਿਸ ਪਾਸੇ ਨੂੰ ਵੀ ਆਪਣੀ ਟੋਲੀ ਲੈ ਕੇ ਮੂੰਹ ਕਰਦਾ ਭਾਜੜਾਂ ਪੁਆ ਦਿੱਤੀਆਂ ਸੀ। ਭਜਨ ਸਿਹੁੰ ਲੁਹਾਰ ਉਸੇ ਵੇਲੇ ਨੂੰ ਯਾਦ ਕਰਦਾ ਦਸ ਰਿਹਾ ਸੀ। ਉਹ ਬਾਪੂ ਦਾ ਹਾਣੀ ਵੀ ਸੀ ਤੇ ਜੋਟੀਦਾਰ ਵੀ।

'ਭਾ ਜੀ, ਮਾਮਾ ਜ਼ਿਆਦਾ ਢਿੱਲਾ ਮੱਠਾ ਹੋ ਗਿਆ ਸੀ? ਤੁਸੀਂ ਕਿਤੇ ਫ਼ੋਨ-ਫਾਨ ਕਰ ਦਿੰਦੇ ਤਾਂ ਮਿਲ ਹੀ ਜਾਂਦੇ ਅਸੀਂ।' ਭੂਆ ਦੇ ਪੁੱਤ ਦਰਸ਼ਨ ਨੇ ਆਉਂਦਿਆਂ ਹੀ ਮੇਰੇ ਸੱਜੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ ਹੈ। ਮਾਮੂਲੀ ਹੂੰ-ਹਾਂ ਤੋਂ ਬਹੁਤਾ ਜਵਾਬ ਨਹੀਂ ਅਹੁੜਦਾ ਮੈਨੂੰ। ਪਰ ਦਿਹਾੜੀ ਪਹਿਲਾਂ ਦੇ ਹੋਏ ਹਾਲ ਦਾ ਚੇਤਾ ਆਉਂਦਿਆਂ ਹੀ ਮੇਰੀ ਰੂਹ ਕੰਬ ਜਾਂਦੀ ਹੈ। ਡਰ ਆਉਂਦਾ ਹੈ ਉਸ ਦਿਨ ਨੂੰ ਯਾਦ ਕਰਕੇ ਵੀ। ਨਾ ਚਾਹੁੰਦਿਆਂ ਵੀ ਇਕ-ਇਕ ਸੀਨ ਮੇਰੇ ਅਗਿਉਂ ਦੀ ਗੁਜ਼ਰਦਾ ਹੈ। ਉਸ ਦਿਨ ਹਾਲੇ ਗੁਰਦਵਾਰੇ ਬਾਬਾ ਨਹੀਂ ਸੀ ਬੋਲਿਆ ਜਦੋਂ ਬਾਪੂ ਦੀ ਉੱਚੀ ਵੱਜੀ ਚੀਖ਼ ਨਾਲ ਘਰ ਦੇ ਬਾਕੀ ਦੇ ਜੀਅ ਅਭੱੜਵਾਹੇ ਉੱਠ ਖਲੋਤੇ ਸਨ ਤੇ ਪਲਾਂ-ਛਿਣਾਂ 'ਚ ਹੀ ਉਸ ਦੀ ਮੰਜੀ ਦੁਆਲੇ ਆਣ ਇਕੱਠੇ ਹੋਏ ਸਨ। ਰਜਾਈ ਦੀ ਬੁੱਕਲ 'ਚ ਕੰਧ ਨਾਲ ਢੋਹ ਲਾ ਕੇ ਬੈਠੇ ਬਾਪੂ ਨੂੰ ਮੈਂ ਗਹੁ ਨਾਲ ਵੇਖਿਆ। ਅਜਿਹੀ ਮਿੱਠੀ ਜਿਹੀ ਰੁੱਤੇ ਵੀ ਉਸ ਦਾ ਮੱਥਾ ਤ੍ਰੇਲਿਓ ਤ੍ਰੇਲੀ ਹੋਇਆ ਪਿਆ ਸੀ। ਅੱਖਾਂ 'ਚ ਪਾਣੀ ਆਪ ਮੁਹਾਰੇ ਵਗੀ ਜਾਂਦਾ ਸੀ। ਚਿਹਰੇ ਉਤੇ ਛਾਈ ਪਿਲੱਤਣ ਸਾਫ਼ ਦਿਖਾਈ ਦਿੰਦੀ ਸੀ। ਉਹ ਕੰਬਦੇ ਜਿਹੇ ਹੱਥ ਮੁੜ ਮੁੜ ਆਪਣੀ ਦਾੜ੍ਹੀ ਤੇ ਫੇਰਦਾ ਡੌਰ-ਭੌਰ ਜਿਹਾ ਹੋਇਆ ਆਸੇ-ਪਾਸੇ ਡੇਲੇ ਫੇਰਦਾ ਇਉਂ ਲੱਗਦਾ ਸੀ ਜਿਉਂ ਗੂੜ੍ਹੇ ਹਨੇਰੇ 'ਚ ਕਿਸੇ ਨੂੰ ਸਿਆਣ ਰਿਹਾ ਹੋਵੇ। ਮੈਂ ਉਸਨੂੰ ਸਹਿਜ ਨਾਲ ਲਿਟਾਉਣ ਦੀ ਕੋਸ਼ਿਸ਼ ਕੀਤੀ ਤਾਂ ਅਗਿਉਂ ਸਰੀਰ ਨੂੰ ਮਰੋੜੇ ਜਿਹੇ ਚੜ੍ਹਾਉਂਦਾ ਉੱਚੀ ਉੱਚੀ ਡਾਡਾਂ ਮਾਰਨ ਲਗਿਆ, 'ਛਡੋ ਓਏ ਜਾਣ ਦਿਉ ਮੈਨੂੰ। ਕਾਹਤੋਂ ਮੇਰੇ ਹੱਥ-ਪੈਰ ਬੰਨ੍ਹ ਰਹੇ ਜੇ। ਓਏ ਪਾਣੀ 'ਚ ਗੋਤੇ ਨਾ ਦਿਉ ਓਏ। ਮੇਰਾ ਸਾਹ ਨਹੀਂ ਜੇ ਨਿਕਲਦਾ। ਦੁਹਾਈ ਉਏ ਮੈਨੂੰ ਬਖਸ਼ੋ।'

ਫਿਰ ਪਿਆਂ-ਪਿਆਂ ਉੱਚੀ -ਉੱਚੀ ਅਵਾਜ਼ਾਂ ਮਾਰ-ਮਾਰ ਘਰ ਸਿਰ 'ਤੇ ਚੁੱਕ ਲਿਆ।, "ਮੰਗਿਆ ਓਏ, ਓ ਮੰਗਿਆ, ਹਈਥੋਂ ਡਾਂਗ ਫੜ ਸੰਮਾਂ ਵਾਲੀ। ਬੌਲਦ ਆਉਂਦਾ ਈ ਭੂਤਰਿਆ ਇਕ, ਇਹਦੇ ਸਿੰਗ ਵੇਖ ਕਿਵੇਂ ਤਿੱਖੇ ਐ, ਨੇਜ਼ਿਆਂ ਵਰਗੇ। ਲੱਗਦੈ ਮੇਰੇ ਢਿੱਡ 'ਚ ਖੋਭੂਗਾ ਇਹ ਤੇ ਕੱਢ ਦਏਗਾ ਆਂਦਰ-ਪੇਟਾ ਬਾਹਰ ਮੇਰਾ। ਪੁੱਤ ਮੰਗਿਆ, ਤੂੰ ਵੇਂਹਦਾ ਕਿਉਂ ਨਹੀਂ। ਵੇਖ ਓਧਰ, ਕਿੱਦਾਂ ਵਿਹੜੇ 'ਚ ਖੌਰੂ ਪਾ ਰਿਹਾ ਸਾਨ੍ਹ। ਚੌਂਕੇ ਦੇ ਓਟੇ ਨੂੰ ਕਿਵੇਂ ਢੁੱਡਾਂ ਮਾਰਦੈ ਹਟ-ਹਟ ਕੇ। ਅਗਾਂਹ ਹੋ, ਸਿੰਗ ਭੰਨ ਇਹਦੇ। ਨਹੀਂ ਤਾਂ ਢੱਠ ਜਾਊਗਾ ਚੁੱਲਾ-ਚੌਂਕਾ ਤੇ ਭਾਂਡੇ ਮੂੰਧੇ ਵੱਜ ਜਾਣੇ ਜੇ।'

ਉਸ ਵੇਲੇ ਡਰ ਅਤੇ ਖ਼ੌਫ਼ ਦਾ ਸੰਘਣਾ ਪਰਛਾਵਾਂ ਸਾਰਿਆਂ ਦੇ ਚਿਹਰੇ ਤੋਂ ਸਾਫ਼ ਪੜ੍ਹਿਆ ਜਾ ਸਕਦਾ ਸੀ। ਮੇਰੇ ਤਾਂ ਡਰਦੇ ਮਾਰੇ ਦੇ ਗੋਡੇ ਆਪਸ ਵਿਚ ਵੱਜ ਰਹੇ ਸਨ ਤੇ ਦੰਦੋੜਿਕਾ ਜਿਹਾ ਵੀ। ਮੇਰੀ ਘਰ ਵਾਲੀ ਨੇ ਬਿਬੇਕਸਰ ਦੇ ਸਰੋਵਰ ’ਚੋਂ ਲਿਆਂਦੇ ਜਲ ਦਾ ਛਿੱਟਾ ਸਾਰੇ ਘਰ ’ਚ ਦਿੱਤਾ ਤੇ ਦੋ ਘੁੱਟ ਬਾਪੂ ਦੇ ਮੂੰਹ ’ਚ ਵੀ ਪਾਉਣ ਦੀ ਕੋਸ਼ਿਸ਼ ਕੀਤੀ। ਥੋੜ੍ਹਾ ਉਹਦੇ ਅੰਦਰ ਗਿਆ ਤੇ ਬਹੁਤਾ ਕੰਬਦੀਆਂ ਜਿਹੀਆਂ ਵਰਾਛਾਂ ਤੋਂ ਦੀ ਇਧਰ-ਉਧਰ ਵਗ ਗਿਆ। ਆਪਣੀ ਜ਼ਬਾਨ ’ਤੇ ਡਿੱਗੇ ਅੱਧੇ ਕੁ ਚਿਮਚੇ ਪਾਣੀ ਨੂੰ ਉਸਨੇ ਮੂੰਹ ਮੀਚ ਕੇ ਸੰਘੋਂ ਹੇਠਾਂ ਸੁਟਿਆ। ਫਿਰ ਤਰਲੋ-ਮੱਛੀ ਹੁੰਦੇ ਨੇ ਕੰਬਦੇ ਹੱਥਾਂ ਨਾਲ ਪਾਣੀ ਪਾਉਂਦੀ ਮੇਰੀ ਪਤਨੀ ਦੇ ਪੋਟਿਆਂ ਨੂੰ ਫੜਿਆਂ ਤੇ ਟੁੱਟਦੇ ਜਿਹੇ ਬੋਲਾਂ ’ਚ ਕਿਹਾ ‘ਪੁੱਤ ਗੁਰਮੀਤ ਕੁਰੇ ਆਹ ਕਾਲੇ ਰੰਗ ਦੇ ਝੁੰਗਲਮਾਟੇ ਜਿਹੇ ’ਚ ਕੌਣ ਜ਼ਨਾਨੀਆਂ ਖੜੀਆਂ ਨੇ ਬਾਹਰ? ਇਨ੍ਹੰ ਦੇ ਮੂੰਹ ਸਿਰ ਕਿਉਂ ਨਹੀਂ ਦਿਸਦੇ? ਇਹ ਤਾਂ ਕੋਈ ਕਲਜੋਗਣਾਂ ਲੱਗਦੀਆਂ ਨੇ ਲਹੂ ਪੀਣੀਆਂ। ਵਸਦੇ ਘਰਾਂ ’ਚ ਤਾਂ ਇਨ੍ਹਾਂ ਦਾ ਪ੍ਰਛਾਵਾਂ ਵੀ ਮਾੜਾ। ਉਜਾੜਾ ਭਾਲਦੀਆਂ ਇਹ।’

‘ਕੋਈ ਨਹੀਂ ਐ ਬਾਪੂ ਜੀ। ਐਵੇਂ ਡਰੀ ਜਾਂਦੇ ਓ।’ ਗੁਰਮੀਤ ਨੇ ਦਿਲਾਸਾ ਦਿੱਤਾ। ‘ਆਹ ਦੇਖੋ ਖਾਂ ਅਸੀਂ ਕੋਲ ਖੜ੍ਹੇ ਆਂ ਤੁਹਾਡੇ। ਰੱਬ ਰੱਬ ਕਰੋ। ਉਹਦੇ ’ਚ ਧਿਆਨ ਲਾਉ।’ ਕਹਿੰਦਿਆਂ ਉਹ ਗੁਟਕਾ ਫੜ੍ਹ ਕੇ ਸਿਰਹਾਣੇ ਪਾਠ ਕਰਨ ਲਈ ਬੈਠ ਗਈ।

ਬਾਪੂ ਆਪਣੇ ਆਪ ਨੂੰ ਉਸ ਤਰ੍ਹਾਂ ਖੋਹਣ ਤੋੜਨ ਲੱਗਾ। ਤੜੀਆਂ ਦੇ ਦੇ ਕੇ ਰਜਾਈ ਪਾੜਨ ਲੱਗਾ। ਗਲੀ ਗੁਆਂਢ ’ਚੋਂ ਜਿਹਨੇ ਸੁਣਿਆ ਪਤਾ ਲੈਣ ਆਇਆ। ਕਿਸੇ ਮੰਜੀ ਦੀ ਹੀਂਅ ਲਾਗੇ ਥੋੜ੍ਹਾ ਝੁਕਦਿਆਂ ਪੁਛਿਆ, ‘ਕਿਵੇਂ ਭਈ ਚੈਂਚਲ ਸਿਹਾਂ ਕੀ ਹਾਲ ਐ, ਸਿਆਣਦਾ ਮੈਨੂੰ?’ ਤਾਂ ਬਾਪੂ ਬੁੱਲ੍ਹਾਂ ਨੂੰ ਅਜੀਬ ਜਿਹੇ ਢੰਗ ਨਾਲ ਮਰੋੜਦਾ ਬੋਲਦਾ, ‘ਹੋਰ ਤੂੰ ਮੈਨੂੰ ਭੁਲਿਆਂ, ਖੋਰਿਆਂ ਦੀ ਪੱਤੀ ਵਾਲਾ ਫੱਜਾ ਤੇਲੀ। ਜਿਹਦੀ ਬਾਂਹ ਵੱਢੀ ਸੀ ਇਕੋ ਟਪ ਨਾਲ। ਪਰਾਂ ਹਟਵਾਂ ਹੋ ਕੇ ਖਲੋ ਉਏ। ਤੇਰੇ ਜ਼ਖ਼ਮਾਂ ’ਚੋਂ ਖ਼ੂਨ ਡਿੱਗਦੈ ਮੇਰੇ ਲੀੜਿਆਂ ’ਤੇ।’

ਕਿਸੇ ਨੂੰ ਮਿਹਰਦੀਨ ਤੇ ਕਿਸੇ ਨੂੰ ਫ਼ਜਲਦੀਨ ਦਾ ਮੁੰਡਾ। ਕੋਈ ਅਰਾਈਆਂ ਦੀ ਸੱਜ ਨੂੰਹ ਜੈਨਬ ਤੇ ਕੋਈ ਸਯਦਾਂ ਦੀ ਜਵਾਨ ਕੁੜੀ ਜਨਤੇ। ਪਤਾ ਲੈਣ ਆਏ ਹੈਰਾਨ ਜਿਹੇ ਹੁੰਦੇ। ਹੇਠ ਨਹੁੰ ਟੁੱਕਦੇ ਇਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ ਝਾਕਦੇ।

ਸਿਆਣੀ ਉਮਰ ਦੀ ਇਕ ਜ਼ਨਾਨੀ ਆਖਿਆ ‘ਗੁਰਮੀਤ ਕੁਰੇ, ਬਾਪੂ ਜੀ ਦੀ ਤਾਂ ਸੁਰਤੀ ਟੁੱਟ ਗਈ ਏਸ ਜਹਾਨ ਨਾਲੋਂ। ਇਹ ਤਾਂ ਹੁਣ ਅਗਲਿਆਂ ਨਾਲ ਗੱਲਾਂ ਕਰਦਾ ਈ। ਐਂ ਕਰ, ਬਾਪੂ ਜੀ ਦੇ ਹੱਥ ਲੁਆ ਕੇ ਦਾਣੇ ਛੱਜ ’ਚ ਪਾ ਤੇ ਸਿਰਹਾਣੇ ਰੱਖ ਇਨ੍ਹਾਂ ਦੇ। ਦਾਨ ਪੁੰਨ ਕੀਤਿਆਂ ਇਨ੍ਹਾਂ ਦਾ ਅਗਲਾ ਰਾਹ ਸੁਖਾਲਾ ਹੋ ਜੂ।’ ਦੂਜੀ ਨੇ ਦੋਵੇਂ ਹੱਥ ਜੋੜ ਕੇ ਅਸਮਾਨ ਵੱਲ ਮੂੰਹ ਕਰਦਿਆਂ ਕਿਹਾ ‘ਭੈਣਾਂ ਆਹ ਵੇਲੇ ਦਾ ਨਹੀਂ ਪਤਾ ਕਿਹੋ ਜਿਹਾ ਆਉਣੈ। ਇਸ ਬਿਖੜੇ ਰਾਹ ’ਤੇ ਤਾਂ ਆਪਣੀ ਜਾਨ ਤੇ ਹੀ ਝਲਣਾ ਪੈਣਾ ਸਭ ਕੁਝ।’

ਵਿਹੜੇ ’ਚ ਖਲੋਤੇ ਆਦਮੀ ਵੀ ਇਹੋ ਜਿਹੀਆਂ ਹੀ ਗੱਲਾਂ ਕਰਦੇ ਸੁਣਾਈ ਦਿੱਤੇ। ਇਕ ਆਖਿਆ, ‘ਬੁਜ਼ਰਗ ਜ਼ਿਆਦਾ ਹੋਣ ਕਰਕੇ ਅਪਲ-ਟੱਪਲੀਆਂ ਮਾਰਦਾ ਤਾਇਆ।’

ਦੂਜਾ ਬੋਲਿਆ, ਪਿਛਲੇ ਦਿਨੀਂ ਚਾਚੇ ਨੂੰ ਪੀਲੀਆ ਹੋ ਗਿਆ ਸੀ। ਲੱਗਦਾ ਦਿਮਾਗ ਨੂੰ ਅਸਰ ਹੋ ਗਿਆ ਤਾਹੀਉਂ ਆਏ ਗਏ ਦੀ ਸੋਝੀ ਨਹੀਂ ਰਹੀ।’ ਤੀਜੇ ਨੇ ਆਪਣੀ ਅਕਲ ਝਾੜੀ, “ਪੀਲੀਆ ਸੁਆਹ ਚੜ੍ਹਿਆ, ਜਿਨ੍ਹਾਂ ਨੂੰ ਵੱਢਿਆ ਟੁੱਕਿਆ ਤੇ ਅਣਿਆਈ ਮੌਤੇ ਮਾਰਿਆ, ਉਹੋ ਆਪਣਾ ਲੇਖਾ ਮੰਗ ਰਹੇ ਐ ਸਿਰਹਾਣੇ ਖਲੋ ਕੇ।’

‘ਲਹਿਣਾ-ਦੇਣਾ ਤਾਂ ਬਾਈ ਬੰਦੇ ਨੂੰ ਦੇਣਾ ਹੀ ਪੈਣਾ ਇਕ ਦਿਨ।’ ਚੌਥੇ ਗੱਲ ਮੁਕਾਈ।

ਉੱਠ ਖੜ ਮੇਰੇ ਮਾਂ-ਪਿਉ ਜਾਇਆ ਵੀਰਿਆ।’ ਭੂਆ ਦੁਹੱਥੜ ਮਾਰਦਿਆਂ ਲੇਰ ਕੱਢਦੀ ਹੈ, ‘ਕਾਹਤੋਂ ਮੂੰਹ ਮੋੜ ਕੇ ਸੌਂ ਗਿਆ ਵੀਰ ਸੋਹਣਿਆਂ।’

ਉਹ ਗੋਡਿਆਂ ਪਰਨੇ ਹੋ ਕੇ ਲੱਕੜਾਂ ’ਤੇ ਸਿਰ ਰੱਖਕੇ ਕੇ ਕੀਰਨੇ ਪਾ ਰਹੀ ਹੈ। ਭਜਨ ਸਿਹੁੰ ਲੁਹਾਰ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਬੇਰੋਕ ਜਾਰੀ ਨੇ। ਉਜਾੜੇ ਦੀਆਂ ਗੱਲਾਂ। ਉਹ ਗੱਲਾਂ ਜਿਦੇ ’ਚ ਬਾਪੂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਸੀ। ਪੱਥਰ ਦਿਲਾਂ ਨੂੰ ਰੁਆ ਦੇਣ ਵਾਲੇ ਭੂਆ ਦੇ ਵੈਣ ਸੁਣ ਮੈਂ ਸੋਚਦਾਂ ਇਵੇਂ



ਹੀ ਉਸ ਫਿਜ਼ਾ ’ਚ ਧੀਆਂ-ਭੈਣਾਂ ਦੇ ਵੈਣ ਗੂੰਜੇ ਹੋਣਗੇ। ਜਦੋਂ ਆਪਣਿਆਂ ਨੇ ਆਪਣਿਆਂ ਨੂੰ ਹੀ ਮਾਰਿਆ ਹੋਵੇਗਾ ਉਦੋਂ ਬੰਦੇ ਅੰਦਰਲਾ ਰੱਬ ਕਿੱਥੇ ਲੁਕਿਆ ਹੋਵੇਗਾ?

ਜਦੋਂ ਬਾਪੂ ਲੈਅ ’ਚ ਆਇਆ ਉਨ੍ਹਾਂ ਦਿਨਾਂ ਦੀਆਂ ਗੱਲਾਂ ਦੱਸਦਾ ਹੁੰਦਾ ਸੀ ਤਾਂ ਉਹਦੀਆਂ ਗੱਲ੍ਹਾਂ ਦਾ ਰੰਗ ਭਖ ਭਖ ਜਾਂਦਾ ਸੀ। ਉਹ ਨਾਲਦਿਆਂ ਨੂੰ ਉੱਚਾ ਹੋ ਹੋ ਆਪਣੇ ਪਿੰਡ ਕੀਤੀ ਮਾਰ-ਧਾੜ ਦੀ ਕਹਾਣੀ ਸ਼ੁਰੂ ਕਰਦਾ ਤੇ ਮੁਕਾ ਕੇ ਹਟਦਾ। ‘ਬਈ ਜਦੋਂ ਸਾਨੂੰ ਇਧਰ ਪਤਾ ਲੱਗਿਆ ਕਿ ਉਧਰ ਸਾਡੀਆਂ ਜ਼ਨਾਨੀਆਂ ਦੇ ਥਣ ਵਢੇ ਐ। ਤੀਵੀਆਂ ਨੰਗੀਆਂ ਕਰਕੇ ਸੜਕਾਂ ’ਤੇ ਜਲੂਸ ਕੱਢੇ ਐ। ਅਸੀਂ ਸੋਚਿਆ ਕਿ ਉਧਰਲਿਆਂ ਸਾਡੀਆਂ ਧੀਆਂ ਭੈਣਾਂ ਦਾ ਇਹ ਹਾਲ ਕੀਤਾ। ਇਹ ਸਾਡੇ ਕੀ ਲੱਗਦੇ ਐ? ਉਂਝ ਵੀ ਨੌ ਗਜੇ ਪੀਰ ਦੇ ਮੇਲੇ ’ਚ ਉਨ੍ਹਾਂ ਦੀਆਂ ਜ਼ਨਾਨੀਆਂ ਵੇਖੀਦੀਆਂ ਸੀ ਤਾਂ ਧਰਮ ਨਾਲ ਮੂੰਹ ’ਚ ਪਾਣੀ ਆਉਂਦਾ ਸੀ। ਭਰਵੇਂ ਜੁਸੇ, ਡੁੱਲ੍ਹ-ਡੁੱਲ੍ਹ ਪੈਂਦਾ ਹੁਸਨ ਤੇ ਸਰੂ ਵਰਗੇ ਕੱਦ। ਪੂਛਾਂ ਵਾਲਾ ਸੁਰਮਾ ਪਾ ਕੇ ਫਿਰਦੀਆਂ ਬਹਿਸ਼ਤਾਂ ਦੀ ਹੂਰਾਂ ਲੱਗਦੀਆਂ ਹੁੰਦੀਆਂ ਸਨ। ਇਕੱਲੀ-ਇਕੱਲੀ ਉੱਤੇ ਅੱਖ ਸੀ ਸਾਡੀ ਸਾਰਿਆਂ ਸੀ।’

ਅਸੀਂ ਕਈ ਵਾਰੀ ਵੇਖਦੇ ਕਿ ਬਾਪੂ ਨੂੰ ਇਹ ਦਸਦਿਆਂ ਨਾ ਤਾਂ ਆਪਣੇ ਉਮਰ ਦਾ ਧਿਆਨ ਹੁੰਦਾ ਅਤੇ ਨਾ ਹੀ ਘਰ ਦੇ ਬਾਕੀ ਜੀਆਂ ਦੀ ਕੋਈ ਪਰਵਾਹ। ਉਹਦੇ ਚਿਹਰੇ ਤੇ ਬੇ ਪਛਾਣੀ ਜਿਹੀ ਰੌਣਕ ਫੈਲਦੀ। ਤੇਜ਼ੀ ਨਾਲ ਘੁੰਮਦੇ ਅੱਖਾਂ ਦੇ ਸੁਰਖ਼ ਡੇਲੇ ਥੋੜ੍ਹਾ ਸਥਿਰ ਹੋਣ ਲੱਗਦੇ। ਉਹ ਸੁਣਨ ਵਾਲੇ ਦਾ ਹੁੰਗਾਰਾ ਉਡੀਕੇ ਬਿਨਾਂ ਹੀ ਆਪਣੀ ਗੱਲ ਜਾਰੀ ਰੱਖਦਿਆਂ ਦੱਸਦਾ, ‘ਲੌਢੇ ਵੇਲੇ ਘੇਰਾ ਘੱਤ ਕੇ ਉਸ ਪਿੰਡ ’ਚ ਵੜ੍ਹੇ ਸਾਂ। ਇਕੱਲੇ-ਇਕੱਲੇ ਨੂੰ ਧੂਹ ਕੇ ਘਰਾਂ ’ਚੋਂ ਲਿਆਂਦਾ ਅਸੀਂ। ਨਾ ਕੋਈ ਬੁੱਢਾ ਵੇਖਿਆ ਤੇ ਨਾ ਹੀ ਕੋਈ ਛੋਟੇ ਬੱਚੇ ਦਾ ਲਿਹਾਜ਼ ਕੀਤਾ। ਜਿਹੜਾ ਵੀ ਅੱਜੇ ਆਇਆ, ਪਾਰ। ਪੂਰੀ ਦਹਿਸ਼ਤ ਮੱਚ ਗਈ ਪਿੰਡ ਦੀਆਂ ਗਲੀਆਂ ’ਚ। ਲਹੂ ਲੁਹਾਨ ਹੋ ਗਈ ਸੀ ਉਸ ਦਿਨ ਉਸ ਪਿੰਡ ਦੀ ਜੂਹ। ਚਿੱਟੇ ਦਿਨ ਉੱਲੂ ਬੋਲਣ ਲੱਗ ਪਏ ਸੀ ਉਸ ਦਿਨ ਤਾਂ। ਭਈ ਜਿਹੜੇ ਉਥੇ ਵੱਢੇ ਟੁੱਕੇ, ਉਨ੍ਹਾਂ ਜਿਉਂਦੇ ਮੋਇਆਂ ਨੂੰ ਗੱਡਿਆਂ ਉਤੇ ਸੁਟਿਆ। ਪਿੰਡ ਦੇ ਨਾਲ ਖਹਿ ਕੇ ਵਗਦੇ ਦਰਿਆ ਦੇ ਪੁਲ ’ਤੇ ਜਾ ਖਲਿਹਾਰਿਆ ਗੱਡਿਆਂ ਨੂੰ। ਜਦੋਂ ਅਸੀਂ ਖਲੋ ਕੇ ਪਿੱਛੇ ਝਾਤੀ ਮਾਰੀ ਤਾਂ ਵੀਹ ਪੰਝੀ ਜ਼ਨਾਨੀਆਂ ਸਿਰ ਸੁੱਟੀ ਪਿੱਛੇ ਪਿੱਛੇ ਤੁਰੀਆਂ ਆਉਣ। ਚੁੱਪ ਚੁੱਪੀਤੀਆਂ। ਅਸੀਂ ਸੋਚਿਆਂ ਪਹਿਲਾਂ ਗੱਡਿਆਂ ’ਤੇ ਲੱਦਿਆਂ ਨੂੰ ਕਿਸੇ ਬੰਨ ਲਾ ਲਈਏ। ਫਿਰ ਜਿਸਨੂੰ ਜਿਹੜੀ ਚਾਹੀਦੀ ਹੋਵੇਗੀ ਲੈ ਜਾਏਗਾ। ਬੱਸ ਫਿਰ ਕੀ ਸੀ, ਹੋ ਗਏ ਸ਼ੁਰੂ। ਦੋ-ਦੋ ਜਣੇ ਇਕ ਨੂੰ ਫੜਦੇ ਤੇ ਭੁਆਂ ਕੇ ਹੇਠ ਵਗਦੇ ਦਰਿਆ ’ਚ ਮਾਰਦੇ ਤੇ ਕਹਿੰਦੇ ਚਲੋ ਨਿਕਲੋ, ਆਪਣੇ ਦੇਸ਼ ’ਚ ਵੇਲੇ ਸਿਰ। ਆਪਣਿਆਂ ’ਚ ਰਲੋ ਜਾ ਕੇ। ਪਰ੍ਹਾਂ ਹਟਵੀਆਂ ਖਲੋਤੀਆਂ ਜ਼ਨਾਨੀਆਂ ਇਸ ਸਾਰੇ ਦ੍ਰਿਸ਼ ਨੂੰ ਵਿਹੰਦੀਆਂ ਰਹੀਆਂ। ਚੁੱਪ ਚਾਪ। ਉਪਰ ਲਏ ਲੀੜਿਆਂ ’ਚ ਵਲ੍ਹੇਟੇ ਮੂੰਹ ਸਿਰ ਨਾਲ ਕਿਸੇ ਇੱਕ ਜਣੀ ਦਾ ਹਉਕਾ ਵੀ ਨਹੀਂ ਸੁਣਿਆ ਅਸੀਂ। ਸੂਰਜ ਝਾੜੀਆਂ ’ਤੇ ਰੁੱਖਾਂ ਦੇ ਝੁੰਡ ’ਚ ਛਿਪਦਾ ਜਾ ਰਿਹਾ ਸੀ। ਅਸਮਾਨ ’ਚ ਜਿਵੇਂ ਬੱਦਲਾਂ ਨੂੰ ਅੱਗ ਲੱਗੀ ਸੀ। ਤੇ ਉਹ ਅੰਗਿਆਰਾਂ ਵਾਂਗ ਭਖ਼ ਰਹੇ ਸਨ। ਗੱਡਿਆਂ ਅੱਗੇ ਜੁਤੇ ਬਲਦਾਂ ਦੇ ਖੁਰਾਂ ਨਾਲ ਕੱਚੇ ਪਹੇ ਤੋਂ ਧੂੜ ਮਿੱਟੀ ਉਡ ਉਡ ਕੇ ਸਾਡੇ ਸਿਰਾਂ ’ਚ ਪੈ ਰਹੀ ਸੀ। ਗਲ ਪਾਏ ਲੀੜੇ ਥਾਂ ਥਾਂ ਤੋਂ ਲਹੂ ਨਾਲ ਰੰਗੇ ਪਏ ਸਨ। ਇਕ ਵੱਡੇ ਮੋਰਚੇ ਦੀ ਫਤਿਹ ਨਾਲ ਸਾਡਾ ਚਾਅ ਸਾਂਭਿਆ ਨਹੀਂ ਜਾਂਦਾ।

‘ਇੱਕ ਗੁੱਠੇ ਮੁਰਗੀਆਂ ਵਾਂਗ ਡਰ ਕੇ ਖਲੋਤੀਆਂ ਜ਼ਨਾਨੀਆਂ ਵੱਲ ਵੇਖਦਿਆਂ ਹੀ ਦਿਮਾਗ ’ਚੋਂ ਤਰੰਗ ਜਿਹੀ ਉੱਠੀ ਜਿਹੜੀ ਹਿੱਕ ਨੂੰ ਚੀਰਦੀ ਖਲਬਲੀ ਜਿਹੀ ਮਚਾ ਕੇ ਪੈਰਾਂ ਵੱਲ ਦੌੜੀ। ਸਾਡੇ ਪੈਰ ਭੋਂਏ ’ਤੇ ਨਹੀਂ ਸਨ ਟਿਕ ਰਹੇ।’ ਬਾਪੂ ਸ਼ਬਦ ਜਾਲ਼ ਬੁਣ ਬੁਣ ਕੇ ਐਸੀ ਕਸੀਦਾਕਾਰੀ ਕਰਦਾ ਕਿ ਸੁਣਨ ਵਾਲੇ ਦੀ ਉਤਸੁਕਤਾ ਵਧਦੀ ਜਾਂਦੀ। ਬਗੈਰ ਕੋਈ ਹਿਲਜੁਲ ਕੀਤਿਆਂ ਅਗਲਾ ਕੰਨ ਲਾ ਕੇ ਉਸਦੀ ਗੱਲ ਸੁਣਦਾ।

ਉਹ ਹਲਕਾ ਜਿਹਾ ਖੰਘੂਰਾ ਮਾਰ ਕੇ ਆਪਣੀ ਗੱਲ ਜਾਰੀ ਰੱਖਦਿਆਂ ਦਸਦਾ, ‘ਗੱਡਿਆਂ ਤੋਂ ਵਿਹਲੇ ਹੋ ਕੇ ਸਾਡਾ ਸਾਰਿਆਂ ਦਾ ਧਿਆਨ ਲਹਿੰਦੇ ਵੱਲ ਖਲੋਤੀਆਂ ਜ਼ਨਾਨੀਆਂ ਦੇ ਝੁੰਡ ਵੱਲ ਸੀ। ਉਨ੍ਹਾਂ ਦੇ ਤੇ ਸਾਡੇ ਵਿਚਕਾਰ ਐਵੇਂ ਦਸ-ਬਾਰਾਂ ਕਦਮਾਂ ਦੀ ਵਿੱਥ ਸੀ। ਇਕ ਦੂਜੇ ਨਾਲ ਜੁੜ ਕੇ ਖੜੀਆਂ ਜ਼ਨਾਨੀਆਂ

’ਚ ਥੋੜ੍ਹੀ ਹਿਲਜੁਲ ਹੋਈ। ਨਾਲ ਹੀ ਸਾਡੇ ਸਾਰਿਆ ਦੇ ਦਿਲਾਂ ਦੀ ਧੜਕਣ ਤੇਜ਼ ਹੋ ਗਈ। ਇਉਂ ਲੱਗਦਾ ਸੀ ਕਿ ਉਨ੍ਹਾਂ ਨੂੰ ਮਨਾਉਣ ਲਈ ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪਏਗੀ। ਸਾਡੇ ਮੂਹਰੇ ਆਪੇ ਹੀ ਆਪਣਾ ਆਪ ਪੇਸ਼ ਕਰ ਦੇਣਗੀਆਂ। ਅੱਗੇ-ਪਿੱਛੇ ਤਾਂ ਇਨ੍ਹਾਂ ਦਾ ਰਿਹਾ ਕੋਈ ਨਹੀਂ ਸੀ। ਜਾਣਾ ਕਿਥੇ ਸੀ ਇਨ੍ਹਾਂ? ਆਪਣਾ ਪਿੰਡ ਤਾਂ ਛੱਡੋ ਦੂਰ-ਦੂਰ ਰਿਸ਼ਤੇਦਾਰੀ ’ਚ ਵੀ ਕੋਈ ਜ਼ਨਾਨੀ ਵਿਹੂਣਾ ਨਹੀਂ ਰਹਿਣ ਦੇਣਾ।

‘ਫਿਰ?’ ਸੁਣਨ ਵਾਲੇ ਬਾਪੂ ਕੋਲੋਂ ਅਗਲੀ ਗੱਲ ਜਲਦੀ ਸੁਣਨ ਲਈ ਹੋਰ ਉਤਾਵਲੇ ਹੋ ਜਾਂਦੇ।

ਬਾਪੂ ਸੁਣਨ ਵਾਲੇ ਦੇ ਕੰਨ ਰਸ ਦਾ ਪੂਰਾ ਧਿਆਨ ਰੱਖਦਿਆਂ ਆਪਣੀ ਲੜੀ ਟੁੱਟਣ ਨਾ ਦਿੰਦਾ। ਦਸਦਾ ‘ਭਈ ਮਿੱਤਰੋ, ਜ਼ਨਾਨੀਆਂ ਹਿੱਲੀਆਂ ਫਿਰ ਹੌਲੀ ਹੌਲੀ। ਪਤਾ ਨਹੀਂ ਕਿੰਨੀਆਂ ਕੁ ਡਰੀਆਂ ਤੇ ਸਹਿਮੀਆਂ ਹੋਣਗੀਆਂ ਉਹ ਕਿ ਉਨ੍ਹਾਂ ਦੇ ਪੈਰਾਂ ਦਾ ਖੜਾਕ ਵੀ ਨਹੀਂ ਸੀ ਸੁਣਾਈ ਦਿੱਤਾ ਕਿਧਰੇ। ਇਕ ਦੂਜੀ ਦੇ ਅੱਗੇ ਪਿੱਛੇ ਹੀ ਖਿਸਕਦੀਆਂ-ਖਿਸਕਦੀਆਂ ਉਹ ਪੁਲ ਦੀ ਪਾਰਲੀ ਬਾਹੀ ਨੂੰ ਸਰਕੀਆਂ, ਜਿਧਰ ਪਾਣੀ ਦੀ ਠੋਕਰ ਵੱਜਦੀ ਸੀ। ਆਪਣੇ ’ਚ ਵੱਡੇ ਗੁਰਦੁਆਰੇ ਦਾ ਭਾਈ ਖਲੋਤਾ ਸੀ, ਇਕ ਬਾਂਹ ਵਾਲਾ। ਉਹਨੇ ਦੋ ਕੁ ਪੈਰ ਉਨ੍ਹਾਂ ਵੱਲ ਪੁੱਟੇ ਤੇ ਹੌਲੀ ਜਿਹੀ ਬੋਲਿਆ, ‘ਘਬਰਾਓ ਨਾ, ਕੁਝ ਨਹੀਂ ਕਹਿੰਦੇ ਤੁਹਾਨੂੰ। ਸਵੇਰੇ ਅੰਮ੍ਰਿਤ ਛਕਾ ਕੇ ਆਪਣਿਆਂ ’ਚ ਰਲਾਵਾਂਗੇ ਤੁਹਾਨੂੰ। ਬਹੁਤਾ ਨਾ ਹੇਰਵਾ ਕਰੋ। ਸਰਦਾਰਨੀਆਂ ਬਣਕੇ ਘਰ-ਬਾਹਰ ਸੰਭਾਲਿਉ। ਭੁੱਲ ਜਾਉ ਉਨ੍ਹਾਂ ਨੂੰ। ਗਏ ਨਹੀਂ ਮੁੜਦੇ ਹੁੰਦੇ ਕਦੀ ਵੀ।’

“ਬਾਈ ਦੇ ਬਚਨ ਬਿਲਾਸ ਦਾ ਕੋਈ ਵੀ ਅਸਰ ਨਹੀਂ ਸੀ ਹੋਇਆ ਉਨ੍ਹਾਂ ’ਤੇ ਪਹਿਲਾਂ ਦੀ ਤਰ੍ਹਾਂ ਹੀ ਉਨ੍ਹਾਂ ਦੀਆਂ ਪਿਛਾੜੀਆਂ ਸਾਡੇ ਵੱਲ ਸਨ। ਉਹ ਪੁਲ ਦੇ ਹੇਠੋਂ ਗੁਜ਼ਰਦੇ ਪਾਣੀ ਨੂੰ ਨੀਝ ਲਾ ਕੇ ਝਾਕ ਰਹੀਆਂ ਇਉਂ ਲੱਗਦੀਆਂ ਸਨ ਜਿਵੇਂ ਥੋੜ੍ਹਾ ਪਹਿਲਾਂ ਡੂੰਘੇ ਵਹਿਣ’ਚ ਰੁੜ੍ਹ ਗਿਆ ਦਾ ਕੋਈ ਖੁਰਾ-ਖੋਜ ਲੱਭ ਰਹੀਆਂ ਹੋਣ।

‘ਸਾਰੇ ਸਾਹ ਰੋਕ ਕੇ ਉਨ੍ਹਾਂ ਦੀ ਨਿੱਕੀ ਨਿੱਕੀ ਹਰਕਤ ਨੂੰ ਵੇਖਦੇ ਸੋਚ ਰਹੇ ਸਾਂ ਕਿ ਹੁਣੇ ਇਹ ਆਪਣੇ ਚਿਹਰੇ ਸਾਡੇ ਵੱਲ ਭਵਾਉਣਗੀਆ। ਸਾਰੇ ਹਥਿਆਰ ਸੁੱਟ ਦੇਣਗੀਆ ਤੇ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦੇਣਗੀਆਂ।’

ਫਿਰ ਬਾਪੂ ਗੱਲ ਦੱਸਦਾ ਦੱਸਦਾ ਥੋੜ੍ਹਾ ਕੁ ਰੁਕਦਾ। ਉਦਾਸੀ ਦੀ ਇਕ ਲਹਿਰ ਉਹਦੇ ਚਿਹਰੇ ’ਤੇ ਪਸਰਦੀ ਤੇ ਉਹ ਡਾਢੇ ਅਫਸੋਸ ਜਿਹੇ ’ਚ ਸਿਰ ਮਾਰਦਾ! ‘ਉਨ੍ਹਾਂ ਧੀ ਜਾਵ੍ਹੀਆਂ ਕਿਤੇ ਉਂਗਲ ਲਾਉਣ ਦਾ ਵੀ ਮੌਕਾ ਨਾ ਦਿੱਤਾ ਸਾਨੂੰ। ਵਹਿੰਦਿਆਂ ਵਹਿੰਦਿਆਂ ਹੀ ਗੜੰਮ-ਗੜੰਮ ਦਰਿਆ ’ਚ ਛਾਲਾਂ ਮਾਰ ਗਈਆਂ। ਸਾਰੀਆਂ ਦੀਆਂ ਸਾਰੀਆਂ।’

‘ਜਿਨ੍ਹਾਂ ਮਾਈਆਂ ਬੀਬੀਆਂ ਨੇ ਭਾਣਾ ਮਿੱਠਾ ਕਰਕੇ ਮੰਨਿਆ...।’ ਗੰਥੀ ਲਹਿਣਾ ਸਿਹੁੰ ਦੇ ਅਰਦਾਸ ਕਰਦੇ ਦੇ ਬੋਲ ਮੇਰੇ ਕੰਨੀ ਪੈਂਦੇ ਹਨ। ‘ਉਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਸ੍ਰੀ ਵਾਹਿਗੁਰੂ।’

‘ਤੇਰੇ ਭਾਣੇ ਸਰਬੱਤ ਦਾ ਭਲਾ’ ਦੇ ਵਾਕ ਨਾਲ ਸਾਰੇ ਉਂਗਲਾਂ ਜ਼ਮੀਨ ਨਾਲ ਛੁਹਾ ਕੇ ਮੱਥੇ ਲਾਉਂਦੇ ਹਨ। ਪਰਾਲੀ ਦਾ ਥੱਬਾ ਕੋਈ ਮੇਰੇ ਹੱਥ ਫੜਾਉਂਦਾ ਹੈ ਤੇ ਨਾਲ ਹੀ ਡੱਬੀ ’ਚੋਂ ਪੰਜ ਸੱਤ ਤੀਲ੍ਹਾਂ ਕੱਢ ਇਕੱਠੀਆਂ ਬਾਲ ਕੇ ਸਿਰੇ ਨੂੰ ਅੱਗ ਵਿਖਾ ਦਿੰਦਾ ਹੈ। ਲੋਕਾਂ ਦੀ ਆਸੇ ਪਾਸੇ ਜੁੜੀ ਭੀੜ ਦੋ ਦੋ ਪੈਰ ਪਿੱਛੇ ਹਟ ਜਾਂਦੀ ਹੈ। ਮੈਂ ਸਿਆਣਿਆਂ ਦੇ ਆਦੇਸ਼ ਮੰਨਦਿਆਂ ਪਹਿਲਾਂ ਸਿਰ ਵੱਲ ਅੱਗ ਛੁਹਾਉਂਦਾ ਹਾਂ ਫਿਰ ਹੌਲੀ ਹੌਲੀ ਪੈਰਾਂ ਵੱਲ ਵਧਦਾ ਹਾਂ। ਬੁੱਥੇ ਦੀ ਅੱਗ ਤੇਜ਼ੀ ਨਾਲ ਵਧਦੀ ਮੇਰੇ ਹੱਥਾਂ ਤੱਕ ਆ ਜਾਂਦੀ ਹੈ ਤੇ ਮੈਂ ਉਹਨੂੰ ਚਿਖਾ ਦੇ ਉੱਤੇ ਸੁੱਟ ਦਿੰਦਾ ਹਾਂ।

ਤਿੜ-ਤਿੜ ਕਰਦੀ ਅੱਗ ਪਲਾਂ ਛਿਣਾਂ ਵਿੱਚ ਸਾਰੀ ਚਿਖ਼ਾ ਨੂੰ ਘੇਰ ਲੈਂਦੀ ਹੈ। ਆਸੇ ਪਾਸੇ ਖੜੇ ਲੋਕ ਹੋਰ ਪਿੱਛੇ ਹਟ ਜਾਂਦੇ ਹਨ। ਛੋਟੀਆਂ ਤੇ ਪਤਲੀਆਂ ਟਾਹਣੀਆਂ ਦੀ ਤਿੜ ਵਿਚ ਮੱਚਦੀ ਅੱਗ ਅਚਾਨਕ ਮੈਨੂੰ ਵਟਾਲੇ ਦੁਸਹਿਰਾ ਗਰਾਉਂਡ ਵਿੱਚ ਵੇਖੇ ਬਲਦੇ ਪੁਤਲਿਆ ਦਾ ਚੇਤਾ ਕਰਵਾ ਦਿੰਦੀ ਹੈ। ਬਦੀ ਦੇ ਅੰਤ ਬਾਰੇ ਸੋਚਦਿਆਂ ਜਿਵੇਂ ਮੇਰਾ ਮਨ ਹਲਕਾ ਹੋ ਜਾਂਦਾ ਹੈ ਤੇ ਮੈਂ ਹੱਥ ਝਾੜਦਾ ਪਿੱਛੇ ਖਲੋਤੇ ਲੋਕਾਂ ਵਿਚ ਜਾ ਰਲਦਾ ਹਾਂ। **ਪਤਾ-498-ਏ, ਨਿਊ ਜਸਪਾਲ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, 98721-65707**



## ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ / ਸਿਮਰਨ ਧਾਲੀਵਾਲ

ਜਨਾਬ ਜੀ! ਗਲਤ ਨਾ ਸਮਝਿਓ ਮੈਨੂੰ। ਮੈਂ ਨਹੀਂ ਜੇ ਕਰਦਾ ਇਹ ਸਭ। ਅੰਦਰਲੀਂ ਗੱਲ ਦੱਸਾਂ ਮੇਰੇ ਅੰਦਰੋਂ ਤਾਂ ਕੋਈ ਹੋਰ ਬੋਲਦਾ। ’ਤੇ ਜਦੋਂ ਉਹ ਬੋਲਦਾ ਮੈਂ ਚੁੱਪ ਕਰ ਜਾਂਦਾ। ਚੁੱਪ ਤਾਂ ਮਨੀ ਨੇ ਵੀ ਵੱਟੀ ਹੋਈ ਹੈ। ਪਿਛਲੇ ਕਈ ਦਿਨਾਂ ਤੋਂ। ਹੁਣ ਪੁਛੋਗੇ ਬਈ ਇਹ ਮਨੀ ਕੌਣ ਏ? ਮਨੀ ਮੇਰੀ ਘਰਵਾਲੀ ਦਾ ਨਾਂ ਹੈ। ਨਾਮ ਤਾਂ ਉਹਦਾ ਮਨਜੋਤ ਹੈ ਪਰ ਮੈਂ ਹੀ ਉਸਨੂੰ ਮਨੀ ਆਖਦਾ। ਕਈ ਦਿਨ ਹੋ ਗਏ ਉਹ ਮੂੰਹ ਬਣਾਈ ਬੈਠੀ ਏ। ਉਹਦਾ ਵੀ ਕੀ ਕਸੂਰ? ਕਿੰਨਾ ਕੁ ਸਹਿ ਲਏ ਉਹ? ਪਰ ਜਨਾਬ ਤੁਸੀਂ ਦੱਸੋ ਮੈਂ ਵੀ ਕਿੰਨਾ ਕੁ ਸਹਿ ਲਵਾਂ?

“ਤੇਰਾ ਕੀ ਆ ... ਤੂੰ ਤਾਂ ਹੈ ਹੀ ਨੌ ਨੰਬਰ! ਮੀਚੀ ਰੱਖ ਅੱਖਾਂ।” ਇਹ ਕੌਣ ਬੋਲਿਆ? ਤੁਸੀਂ ਤਾਂ ਮੇਰੇ ਸਾਹਮਣੇ ਚੁੱਪ ਬੈਠੇ ਹੋ। ਫੇਰ? ਇਹ ਵੀ ਜ਼ਰੂਰ ਉਸੇ ਦੀ ਸ਼ਰਾਰਤ ਹੈ। ਬਹੁਤ ਖੋਚਰੀ ਬੰਦਾ ਏ ਜੀ ਉਹ। ਬਥੇਰੀ ਥਾਂਏ ਮਰਵਾਉਣ ਲੱਗਾ ਸੀ ਮੈਨੂੰ ਗਰੀਬ ਨੂੰ। ਤਾਂ ਹੀ ਤਾਂ ਜਦੋਂ ਉਹ ਬੋਲਦਾ ਮੈਂ ਚੁੱਪ ਕਰ ਜਾਂਦਾ। ਮੈਨੂੰ ਫਿਰ ਕੁਝ ਸਮਝ ਨਹੀਂ ਆਉਂਦਾ। ਅਜੀਬ ਜਿਹਾ ਉਲਝਾਣ ਹੈ। ਜਿਵੇਂ ਮਨੀ ਨੂੰ ਮੇਰੀ ’ਤੇ ਮੈਨੂੰ ਮਨੀ ਦੀ ਸਮਝ ਨਹੀਂ ਆਉਂਦੀ। ਅਸੀਂ ਆਪਸ ਵਿੱਚ ਉਲਝੇ ਰਹਿੰਦੇ ਹਾਂ ਤੇ ਮੇਰੇ ਅੰਦਰ ਦੀਆਂ ’ਵਾਜ਼ਾਂ ਆਪਸ ਵਿੱਚ। ਜਨਾਬ... ਤੁਹਾਨੂੰ ਲੱਗਦਾ ਨਾ ਕਿ ਮੈਂ ਪਾਗਲ ਹਾਂ। ਐਵੇਂ ਬਿਨਾਂ ਸਿਰ ਪੈਰ ਦੀਆਂ ਮਾਰਦਾ। ਪਰ ਮੇਰੀ ਥਾਂਏ ਤੁਸੀਂ ਹੋਵੋ ਤਾਂ ਪਤਾ ਲੱਗੇ। ਮਾਂ ਮੇਰੀ ਨੇ ਐਵੇਂ ਹੀ ਮੇਰਾ ਨਾਂ ਦਲੇਰ ਸਿੰਘ ਨਹੀਂ ਰੱਖਿਆ। ਮੈਂ ਤਾਂ ਵਾਕਿਆ ਹੀ ਦਲੇਰ ਬੰਦਾ ਜਨਾਬ! ਯਕੀਨ ਨਹੀਂ ਆਉਂਦਾ ਤਾਂ ਲੇਖਾ ਜੋਖਾ ਕਰ ਕੇ ਵੇਖ ਲਿਓ। ਮੇਰੀ ਪੂਰੀ ਗੱਲ ਸੁਣ ਕੇ ਗੱਲ ਕਰਿਓ! ਮੇਰੇ ਥਾਂਏ ਕੋਈ ਹੋਰ ਹੁੰਦਾ ਤਾਂ ਹੱਡੀਆਂ ਗੰਗਾ ਨੂੰ ਗਈਆਂ ਹੁੰਦੀਆਂ। ਹੁਣ ਤੁਸੀਂ ‘ਜੁਗਤੀ’ ਦਾ ਮਤਲਬ ਨਾ ਪੁੱਛਿਓ! ਇਹ ਤਾਂ ਪਟਿਆਲੇ ਦੀ ਦੇਣ ਹੈ। ਹੱਟ ਤੇਰਾ ਦੀ... ਕਿੱਥੇ ਯਾਦ ਕਰਾਤਾ ਜੇ ਪਟਿਆਲਾ ...! ਮੈਨੂੰ ਤਾਂ ਪਟਿਆਲੇ ਬਾਰੇ ਸੋਚ ਹੀ ਗੁੱਸਾ ਚੜ੍ਹਨ ਲੱਗਦਾ। ਮੌਤ ਵਰਗੀ ਜ਼ਿੰਦਗੀ ਹੰਢਾਈ ਸੀ ਮੈਂ ਪਟਿਆਲੇ। ਮੇਰੇ ਪੈਰ ਤਿਲਕ ਗਏ ਸੀ ਉੱਥੋਂ। ਮੈਂ ਦੌੜਦਾ ਹੀ ਰਿਹਾ। ਮਜ਼ਾਕ ਨਹੀਂ ਜਨਾਬ! ਵਾਕਿਆ ਇੰਨਾ ਕਿਤੇ ਉਲੰਪਿਕ ’ਚ ਦੌੜਿਆ ਹੁੰਦਾ ਤਾਂ ਸਾਲਾ ਸੋਨੇ ਦਾ ਤਮਗ਼ਾ ਜਿੱਤਦਾ। ਕਿਉਂ ਮਜ਼ਾਕ ਉਡਾਉਂਦੇ ਹੋ ਗਰੀਬ ਦਾ। ਮੰਨਿਆ ਪਟਿਆਲੇ ਨੇ ਹੀ ਮਿਲਾਇਆ ਸੀ ਮੈਨੂੰ ’ਤੇ ਮਨੀ ਨੂੰ। ਪਰ ਸੱਚ ਪੁੱਛੋਂ ਤਾਂ ਮੈਨੂੰ ਬਹੁਤਾ ਗੁੱਸਾ ਤਾਂ ਚੜ੍ਹਦਾ। ਨਾ ਮੈਂ ਪਟਿਆਲੇ ਜਾਂਦਾ। ਨਾ ਮਨੀ ਮਿਲਦੀ ਤੇ ਨਾ ਆਹ ਉਲਝਾਣ ਪੈਦਾ ਹੁੰਦੀ। ਨਹੀਂ ਜਨਾਬ! ਇਹ ਵੀ ਭੁਲੇਖਾ ਤੁਹਾਡਾ। ਮਨੀ ਕਰਕੇ ਮੈਨੂੰ ਕੋਈ ਬਹੁਤਾ ਫ਼ਰਕ ਨਹੀਂ ਸੀ ਪਿਆ। ਪੈਰ ਤਾਂ ਮੇਰੇ ਮੁਢ ਤੋਂ ਹੀ ਉਖੜ ਗਏ ਸੀ। ਤੇ ਨਾ ਹੀ ਮਨੀ ਦਾ ਸਹਾਰਾ ਸੀ ਮੈਨੂੰ। ਸੱਚ ਪੁਛੋਂ ਤਾਂ ਬਹੁਤਾ ਪੰਗਾ ਹੀ ਮਨੀ ਦਾ ਸੀ। ਅੱਧਾ ਉਲਝਾਣ ਤਾਂ ਉਹ ਖੜ ਕਰੀ ਛੱਡਦੀ ਸੀ। ਬੱਸ ਜੀ। ਪੁੱਛੋ ਨਾ। ਸੋਹਣੀ ਨਾਰ ’ਤੇ ਨਜ਼ਾਇਜ ਹਥਿਆਰ... ਦੋਨੋਂ ਜਾਨ ਦਾ ਖੋਹ ਹੁੰਦੇ ਨੇ...! ਲੈ ਜਨਾਬ! ਤੁਸੀਂ ਤਾਂ ‘ਜੁਗਤੀ’ ਤੇ ਹੀ ਅੜੇ ਹੋਏ ਹੋ। ਦੱਸ ਦਿੰਦਾ ‘ਜੁਗਤੀ’ ਦਾ ਵੀ ਇਤਿਹਾਸ। ਇਤਿਹਾਸ ਵੀ ਕਾਹਦਾ ਜਨਾਬ! ਮੈਂ ਕਿਹੜਾ ਸਿੰਕਦਰ ਹਾਂ। ਐਵੇਂ ਸਾਲੀ ਮੁੰਡੀਰ ਨੇ ਛੇੜ ਪਾ ਛੱਡੀ। ਗੱਲ ਤਾਂ ਕੋਈ ਵੀ ਨਹੀਂ ਸੀ। ਬੱਸ ਮੈਂ ‘ਜੁਗਤਾਂ’ ਬਹੁਤ ਵੰਡਿਆ ਕਰਦਾ ਸੀ। ਜੁਗਤਾਂ ਵੀ ਕਾਹਦੀਆਂ ਵੰਡੀਆਂ ਜਨਾਬ! ਲੋੜ ਹੁੰਦੀ ਹੈ ਕਾਢ ਦੀ ਮਾਂ! ਤੀਜੇ ਦਿਨ ਤਾਂ ਮੈਨੂੰ ਛੁੱਟੀ ਦੀ ਲੋੜ ਪੈ ਜਾਂਦੀ ਸੀ। ਉਹ ਸਾਲਾ ਰਾਜੇਸ ਸੂਰੀ ਕਿੱਥੇ ਮੰਨਦਾ ਸੀ ਪੋਲੇ ਪੈਰੀ। ਫਿਰ ਉੱਥੇ ਵੀਰ ਥੋਡੇ ਦੀਆਂ ਜੁਗਤਾਂ ਹੀ ਕੰਮ ਆਉਂਦੀਆਂ ਸੀ। ਮਾੜੇ ਮੋਟੇ ਦੇ ਪੈਰ ਲੱਗਣ ਦਿੰਦਾ ਸੀ ਕਿਤੇ ਉਹ! ਕੋਈ ਸ਼ੱਕ ਨਹੀਂ ਜਨਾਬ! ਪੈਰ ਤਾਂ ਮੈਂ ਨਹੀਂ ਸੀ ਲੱਗਣ ਦਿੰਦਾ ਕਿਸੇ ਦੇ ਪਰ ਹੁਣ ਜਗ ਭੈੜਾ ਪੈ ਗਿਆ। ਨਹੀਂ ਨਹੀਂ ਜਨਾਬ। ਮੈਂ ਨਹੀਂ ਕਹਿੰਦਾ ਇਹ! ਇਹ ਤਾਂ ਡਾਕਟਰੀ ਰਿਪੋਰਟਾਂ ਦੱਸਦੀਆਂ ’ਤੇ ਮੈਂ ਨਹੀਂ ਜੇ ਮੰਨਦਾ ਡਾਕਟਰਾਂ ਦੀ! ਮੈਂ ਤਾਂ ਜਨਾਬ ਅਜੇ ਆਪਣੇ ਅਸਲੀ ਰੰਗ ’ਚ ਆਇਆ ਹੀ ਨਹੀਂ! ਨਹੀਂ ਤਾਂ ...! ਛੱਡੋ ਇਸ ਗੱਲ ਨੂੰ! ਆਪਾਂ ਤਾਂ ਕਰ ਵਿਖਾਉਣ ਵਾਲਿਆਂ ’ਚੋਂ ਹਾਂ...! ਨਹੀਂ ਜਨਾਬ ਆਹ ਗੱਲ ਨਾ ਕਹੋ ਤੁਸੀਂ! ਮੈਂ ਦੱਸਿਆ ਤਾਂ ਹੈ ਬਈ ਮੇਰਾ ਨਹੀਂ ਜੇ ਕਸੂਰ! ਮੈਂ ਤਾਂ ਮਨੀ ਨੂੰ ਕਰ ਕੇ ਵਿਖਾਉਂਦਾ! ਪਰ ਉਹ ਖੋਚਰੀ ਬੰਦਾ ਹੀ ਟਿਕਣ ਨਹੀਂ ਸੀ

ਦਿੰਦਾ ਮੈਨੂੰ ! ਨਹੀਂ ਤਾਂ ਜਨਾਬ ! ਜੱਟ ਦਾ ਪੁੱਤ ਕਦੀ ਥੁੱਕ ਕੇ ਚੱਟਦਾ? ਪਰ ਲੱਗਦੀ ਤਾਂ ਜਨਾਬ ਮਨੀ ਨੂੰ ਵੀ ਨਹੀਂ ਸੀ। ਹੁਣ ਕੀ ਦੱਸਾਂ ਤੇ ਕੀ ਨਾ ਦੱਸ? ਝੱਗਾ ਚੁੱਕਿਆ ਤਾਂ ਢਿੱਡ ਆਪਣਾ ਹੀ ਨੰਗਾ ਹੁੰਦਾ। ਖੈਰ ਪਹਿਲਾਂ 'ਜੁਗਤੀ' ਵਾਲੀ ਗੱਲ ਸੁਣ ਲਓ। ਫੇਰ ਵਿੱਚੇ ਟੋਕਦੇ ਫਿਰੋ ਗੇ। ਗੱਲ ਤਾਂ ਸਿੱਧੀ ਜਿਹੀ ਹੈ। ਰਾਜੇਸ ਸੂਰੀ ਕੋਲੋਂ ਛੁੱਟੀ ਲੈਣ ਲਈ ਵੇਲਣੇ ਪੈਂਦੇ ਸੀ ਵੀਹ ਪਾਪੜ। ਮੈਂ ਨਿੱਤ ਨਵੇਂ ਬਹਾਨੇ ਲੱਭਦਾ। ਮੇਰੀਆਂ ਜੁਗਤਾਂ ਕੰਮ ਨੀ ਆਉਂਦੀਆਂ। ਬੱਸ ਸਿਆਪਾ ਮਨੀ ਨੇ ਪਾਇਆ। ਮੈਂ ਇੱਕ ਦੋ ਵਾਰ ਉਹਨੂੰ ਵੀ ਕੋਈ ਜੁਗਤ ਸਮਝਾ ਬੈਠਾ। ਉਹਨੇ ਕਰਤੀ ਆਪਣੀਆਂ ਸਹੇਲੀਆਂ ਕੋਲ ਗੱਲ। ... 'ਤੇ ਬੱਸ ਪੈ ਗਿਆ ਪੰਗਾ। ਗੱਲ ਤਾਂ ਪੂਰੇ ਕਾਲਜ 'ਚ ਫੈਲ ਗਈ। ਸਾਲੀ ਜਨਤਾ... ਜਿਸਨੂੰ ਛੁੱਟੀਂ ਦੀ ਲੋੜ ਹੁੰਦੀ, ਆ ਵੱਜਦਾ। "ਬਾਈ ਦਲੇਰ ਸਿੰਹਾ ! ਭਈਏ ਅੱਗੇ ਗੱਪ ਕੀ ਮਾਰਾ। ਕੋਈ 'ਜੁਗਤ' ਸਮਝਾ। ਬੱਸ ਫੇਰ ਕੀ ਵੀਰ ਥੋਡਾ ਬਣ ਗਿਆ ਦਲੇਰ ਤੋਂ ਦਲੇਰ ਸਿੰਘ ਤੇ ਫੇ ਦਲੇਰ ਸਿੰਘ 'ਜੁਗਤੀ' ! ਬੱਸ ਗੱਲ ਤਾਂ ਨਿਕੀ ਜਿਹੀ ਸੀ ਨਹੀਂ ਨਹੀਂ ਜਨਾਬ ਇਹ ਵੀ ਭੁਲੇਖਾ ਥੋਡਾ। ਹਰ ਗੱਲ ਇੰਨੀ ਨਿੱਕੀ ਨਹੀਂ ਹੁੰਦੀ। ਜਿੰਨੀ ਤੁਸੀਂ ਸਮਝ ਬੈਠੇ ਹੋ ! ਨਿੱਕੀ ਮੋਟੀ ਗੱਲ ਨੂੰ ਤਾਂ ਮੈਂ ਉਝ ਹੀ ਨਹੀਂ ਗੌਲਦਾ। ਸੱਚ ਦੱਸਾਂ ਮੈਂ ਬੰਦਾ ਹੀ ਜਰ੍ਹਾਂ ਹੋਰ ਕਿਸਮ ਦਾ। ਹਾਂ ਜੀ ਜਨਾਬ ਜਿਵੇਂ ਸੱਪਾਂ ਦੀਆਂ ਕਿਸਮਾਂ ਹੁੰਦੀਆਂ ਉਂਜ ਈ ਬੰਦਿਆ ਦੀਆਂ ਵੀ ਕਿਸਮਾਂ ਹੁੰਦੀਆਂ। ਇਹ ਨੁਕਤਾ ਵੀ ਸਮਝਾ ਦਊ ਪਰ ਪਹਿਲਾਂ ਥੋਨੂੰ ਜਰਾ ਹੋਰ ਚਾਨਣਾ ਪਾ ਲਵਾ ! ਮੈਂ ਜਨਾਬ ਜਰਾਂ ਟੇਢੀ ਖੋਪੜੀ ਵਾਲਾ ਬੰਦਾ ! ਥੋਨੂੰ ਲੱਗਦਾ ਨਾ ਮੈਂ ਐਵੇਂ "ਨੌ ਨੰਬਰ' ਹੀ ਆ ਪਰ ਜਨਾਬ ਕਦੀ ਪਰਖ ਕੇ ਵੇਖਿਓ ! ਇੱਕ ਨੰਬਰ ਦਾ ਅਸੂਲਾ ਦਾ ਪੱਕਾ ਬੰਦਾ ਮੈਂ ! ਇਮਾਨਦਾਰੀ ਦੀ ਹੱਦ ਤੱਕ ਈਮਾਨਦਾਰ। ਉਹ ਜਿਹੜਾ ਆਰ. ਐੱਸ. ਪਬਲਿਕ ਸਕੂਲ ਵਾਲਾ ਰੌਲਾ ਸੁਣਿਆ ਸੀ ਤੁਸੀਂ ਉਹ ਕਾਹਦਾ ਉਲਝਾਣ ਸੀ ਭਲਾ? ਬੱਸ ਜਨਾਬ ਅਸੂਲਾਂ ਦਾ ਹੀ ਪੰਗਾ ਸੀ। ਜੇ ਅਸੂਲਾ ਦਾ ਸਵਾਲ ਨਾ ਹੁੰਦਾ ਤਾਂ ਵੀਰ ਥੋਡਾ ਆਰ. ਐੱਸ ਦਾ ਪ੍ਰਿੰਸੀਪਲ ਹੁੰਦਾ। ਫੇਰ ਥੋਡੇ ਜਵਾਕਾਂ ਨੂੰ ਵੀ ਬਿਨਾਂ ਫੀਸ ਤੋਂ ਪੜ੍ਹਾਉਂਦਾ। ਬੱਸ ਗੱਲ ਜ਼ਮੀਰ ਦੀ ਸੀ। ਲੋਕ ਤਾਂ ਮੈਨੂੰ ਚੋਰ ਸਮਝਦੇ ਸੀ। ਪਰ ਵਿਚਲੀ ਗੱਲ ਕੌਣ ਜਾਣਦਾ? ਸਿਰਫ ਮੈਂ 'ਤੇ ਜਾਂ ਜਾਣਦਾ ਉਹ ਸਾਲਾ ਰਮਨਦੀਪ ! ਥੂਹ !! ਸਾਲਾ ਗੰਦਾ ! ਕੀ ਦੱਸਾਂ ਹੁਣ? ਕੰਜਰ ... ਦੱਸਵੀਂ ਜਮਾਤ ਦੀ ਕੁੜੀ ਨਾਲ...! ਮੈਂ ਵੇਖ ਲਿਆ ਸੀ। ਮੈਨੂੰ ਕਹਿੰਦਾ, 'ਮਾਸਟਰ ਜੀ ! ਰੌਲਾ ਨਾ ਪਾਇਓ ! ਬਾਪੂ ਨੂੰ ਕਹਿ ਕੇ ਪ੍ਰਿੰਸੀਪਲ ਬਣਾ ਦਊਂ ਸਕੂਲ ਦਾ।"

ਬੱਸ ਜਨਾਬ ! ਆਪਾ ਧਾਰ ਨਹੀਂ ਮਾਰਦੇ ਇਹੋ ਜਿਹੀਂ ਪ੍ਰਿੰਸੀਪਲੀ 'ਤੇ। ਮੈਂ ਤਾਂ ਹੋ ਗਿਆ ਸਿੱਧਾ। ਮੈਂ ਕਿਹਾ ਪੁੱਤ ਪਿਓ ਤੇਰੇ ਨੂੰ ਮੈਂ ਦੱਸਦਾ ਤੇਰੀਆਂ ਕਰਤੂਤਾਂ, ਪ੍ਰਿੰਸੀਪਲ ਤਾਂ ਉਹ ਬਣਾਊ ਮੈਨੂੰ। ਪਰ ਜਨਾਬ ਸਾਲਾ ਰਾਤ ਰਾਤ 'ਚ ਈ ਖਿਲਾਰਾ ਪੈ ਗਿਆ। ਉਹ ਤਾਂ ਰਮਨਦੀਪ ਦੀ ਚਾਲ ਸੀ। ਨਹੀਂ ਤਾਂ ਦੱਸੋ... ਮੈਂ ਕੰਪਿਊਟਰ ਢੂਏ 'ਚ ਲੈਣੇ ਸੀ। ਮੈਂ ਚੋਰ ਜਾਪਦਾ ਥੋਨੂੰ? ਸਕੂਲ ਦੇ ਕੰਪਿਊਟਰ ਉਹਨੇ ਹੀ ਮੇਰੇ ਘਰ 'ਚ ਰਖਵਾਏ ਸੀ। ਆਪੇ ਹੀ ਰੌਲਾ ਪਾਇਆ। ਅਸਲੀ ਗੱਲ ਦੱਸਤੀ ਥੋਨੂੰ। ਈਮਾਨਦਾਰੀ ਦਾ ਆਹ ਫ਼ਲ ਵੀ ਮਿਲਦਾ ਜੇ ! ਮੇਰਾ ਕਹਿਣ ਤੋਂ ਭਾਵ ਕੀ ਹੈ ਭਲਾ? ਗੱਲ ਤਾਂ ਸਿੱਧ ਪੱਧਰੀ ਹੈ ਬਈ ਮੈਂ ਹਾਂ ਈਮਾਨਦਾਰ ਬੰਦਾ। ਅਸੂਲਾ ਦਾ ਪੱਕਾ। ਜ਼ਿੰਦਗੀ 'ਚ ਕਦੀ ਕਿਸੇ ਨਾਲ ਧੋਖਾ ਨਹੀਂ ਕੀਤਾ। ਪਰ ਮੇਰੇ ਨਾਲ ਕਿਨਾ ਵੱਡਾ ਧੋਖਾ ਹੋ ਗਿਆ... ਕੀ ਦੱਸਾਂ ਥੋਨੂੰ ! ਮੈਂ ਤਾਂ ਜਨਾਬ ਦੱਸਣ ਜੋਗਾ ਵੀ ਨਹੀਂ ਰਿਹਾ। ਚੋਰਾ ਨੂੰ ਵੀ ਮੋਰ ਪੈ ਜਾਂਦੇ ਨੇ ਜਨਾਬ ! ਮੈਂ ਕੋਈ ਧੋਖਾ ਨਹੀਂ ਕੀਤਾ ਕਿਸੇ ਨਾਲ ਪਰ ਮੇਰੇ ਨਾਲ ਜੋ ਹੋਇਆ...! ਜਨਾਬ ! ਮੈਂ ਸੋਚਦਾ ਸੀ ਬਈ ਜਿਹੋ ਜਿਹਾ ਮੈਂ ਉਹੋਂ ਜਿਹੇ ਲੋਕ ਹੋਣਗੇ। ਪਰ ਜਨਾਬ ਸਾਰੀ ਦੁਨੀਆਂ ਕਿਤੇ ਇਕੋ ਜਿਹੀ ਹੁੰਦੀ? ਮੇਰੇ ਵਰਗੀ ਤਾਂ ਜਨਾਬ ਮਨੀ ਨਹੀਂ ਬਣੀ। ਜਿਹੜੀ ਮੇਰੇ ਵਰਗੀ ਬਣਨ ਦੇ ਦਾਅਵੇ ਕਰਿਆ ਕਰਦੀ ਸੀ। ਦਾਅਵੇ ਤਾਂ ਜਨਾਬ ਉਹਨੇ ਹੋਰ ਵੀ ਬਥੇਰੇ ਕੀਤੇ ਸੀ। ਪਰ ਰੌਲਾ ਤਾਂ ਇਸੇ ਗੱਲ ਦਾ ਨਾ... ਉਹਨੂੰ ਬੋਲ ਪੁਗਾਣੇ ਨਹੀਂ ਆਉਂਦੇ। ਇਹ ਤਾਂ ਮੈਂ ਹੀ ਦੜ ਵੱਟ 'ਤੇ ਜ਼ਮਾਨਾ ਕੱਟ... ਕਹੀਂ ਜਾਂਦਾ ! ਨਹੀਂ ਤਾਂ ਜਨਾਬ ਜੀ ਸੋਚਦੇ ਤਾਂ ਤੁਸੀਂ ਵੀ ਜਾਇਜ ਹੋ ! ਆਹੀ ਗੱਲ ਮੇਰੇ ਪਿਓ ਨੇ ਕਹੀ ਸੀ। ਪਰ ਮੈਂ ਕਿੱਥੇ ਮੰਨਣੀ ਸੀ ਕਿਸੇ ਦੀ ! ਇਸ਼ਕੇ ਦਾ ਭੂਤ ਜੋ ਚਿੰਬੜਿਆ ਹੋਇਆ ਸੀ। ਬਾਪੂ ਪਤਾ ਕੀ ਕਹਿੰਦਾ ਸੀ? ਜਨਾਬ ਜੀ ! ਬਾਪੂ ਮੇਰਾ ਫੰਨੇ ਖਾਂ ਬੰਦਾ ! ਨਿੰਬੂ ਖੜਦਾ ਉਹਦੀ ਮੁਛ 'ਤੇ ! ਬਾਪੂ ਕਹਿੰਦਾ ਸੀ ਦਿਨ ਚੜ੍ਹਦੇ



ਨੂੰ ਵੀਹ ਕੁੜੀਆਂ ਲਿਆ ਖਿਲਾਰੂ ਤੇਰੇ ਬੂਹੇ ਅੱਗੇ। ਛੱਡ ਦੇ... ਦਾ ਖਹਿੜਾ। ਪਰ ਜਨਾਬ ! ਵੀਹਾਂ ਦਾ ਆਚਾਰ ਪਾਉਣਾ ਸੀ। ਮੇਰੀ ਤਾਂ ਉਦੋਂ ਉਹ ਗੱਲ ਸੀ ਨਾ ਕਿ "ਸਾਨੂੰ ਇੱਕੋ ਯਾਰ ਬਥੇਰਾ ਹੋਰ ਲਈ ਮਾਫੀ ਹੈ।" ਪਰ ਬਾਪੂ ਮਾਫ ਨਹੀਂ ਸੀ ਕੀਤੇ ਮੈਨੂੰ ! ਮੈਂ ਮਨੀ ਨਾਲ ਕੋਰਟ ਮੈਰਿਜ ਕਰਾ ਲਈ। ਬਾਪੂ ਵਿਰੋਧ ਨਹੀਂ ਸੀ ਕੀਤੀ ਪਰ ਮੈਂ ਉਹਦੀ ਅੱਖ ਪਹਿਚਾਣਦਾ। ਕੋਈ ਗੰਢ ਬੱਝ ਗਈ ਸੀ ਉਹਦੇ ਅੰਦਰ ! ਜਨਾਬ ! ਗੰਢ ਦੀ ਗੱਲ ਕਰਦੇ ਹੋ। ਗੰਢਾਂ ਤਾਂ ਮੇਰੇ ਅੰਦਰ ਨੇ...! ਕੋਈ ਲੇਖਾ ਨਹੀਂ ! ਗੰਢ ਤੋਂ ਉਹ ਕਹਾਵਤ ਯਾਦ ਆ ਗਈ। ਕਹਿੰਦੇ ਹੁੰਦੇ ਨੇ ਨਾ ਕਿ ਹੱਥਾਂ ਦੀਆਂ ਦਿੱਤੀਆਂ ਦੰਦਾ ਨਾਲ ਖੋਲਣੀਆਂ ਪੈਂਦੀਆਂ। ਪਰ ਜਨਾਬ ! ਮੈਥੋਂ ਤਾਂ ਹੁਣ ਦੰਦਾ ਨਾਲ ਵੀ ਨਹੀਂ ਖੁਲ੍ਹਦੀਆਂ। ਨਹੀਂ ਨਹੀਂ ਜਨਾਬ। ਦੰਦ ਤਾਂ ਕਮਜੋਰ ਨਹੀਂ ਹੋਏ ਪਰ ਮੈਂ ਹੀ...! ਖ਼ੈਰ ਜਨਾਬ ਆਪਾ ਤਾਂ ਮਨੀ ਦੀ ਗੱਲ ਕਰ ਰਹੇ ਸੀ। ਤੁਸੀਂ ਤਾਂ ਉਲਝਾਅ ਕੇ ਰੱਖਤਾ। ਜਨਾਬ ਗੱਲ ਤਾਂ ਥੋਡੀ ਠੀਕ ਏ... ਉਲਝਿਆ ਤਾਂ ਮੈਂ ਖੁਦ ਹੀ ਪਿਆ। ਨਹੀਂ ਨਹੀਂ ਮੈਂ ਪਟਿਆਲੇ ਕਿਸੇ ਨਾਲ ਨਹੀਂ ਸੀ ਉਲਝਿਆ। ਉੱਥੇ ਤਾਂ ਮੈਂ ਮਾਨਸਿਕ ਤੌਰ 'ਤੇ ਹਿੱਲ ਗਿਆ ਸੀ। ਤਾਂ ਹੀ ਤਾਂ ਅਜੀਬ ਅਜੀਬ ਹਰਕਤਾ ਕਰਦਾ ਸੀ। ਚੌਵੀ ਘੰਟੇ ਖਿਝਿਆ ਰਹਿੰਦਾ ਸੀ ! ਗੁੱਸੇ ਦੀ ਤਾਂ ਪੁੱਛੋ ਨਾ। ਮੈਂ ਕੁੜੀਆਂ ਦੇ ਹੋਸਟਲ ਨੂੰ ਅੱਗ ਲਗਾ ਦੇਣ ਦੀਆਂ ਸਕੀਮਾਂ ਘੜਦਾ ਰਹਿੰਦਾ। ਕਦੀ ਕਿਸੇ ਦੇ ਗਲ ਪੈ ਜਾਣ ਨੂੰ ਜੀਅ ਕਰਦਾ ! ਜਨਾਬ ਜੀ ! ਅੰਦਰਲੀ ਗੱਲ ਦੱਸਾਂ? ਪਤਾ ਨਹੀਂ ਕੀ ਕੀੜਾ ਵੜ ਗਿਆ ਸੀ ਮੇਰੇ ਅੰਦਰ ! ਮੈਨੂੰ ਤਾਂ ਕਿਸੇ ਕੁੜੀ ਨੂੰ ਵੇਖਦਿਆਂ ਹੀ ਕਚੀਚੀਆਂ ਚੜ੍ਹਨ ਲੱਗਦੀਆਂ ਸੀ। ਹੋਸਟਲ ਤਾਂ ਮੈਨੂੰ ਬੁਰਾ ਲੱਗਦਾ ਸੀ। ਕਿਉਂ ਕਿ ਉਥੇ ਮਨੀ ਸੀ। ਤੁਸੀਂ ਤਾਂ ਆਪਣੇ ਹੀ ਤਜੁਰਬੇ ਲਾਉਣ ਲੱਗ ਜਾਂਦੇ ਹੋ। ਅਸਲ ਗੱਲ ਸਮਝਾਏ ਬਿਨਾਂ ਸਮਝ ਨਹੀਂ ਆਉਣੀ ਥੋਨੂੰ। ਅਸਲ 'ਚ ਰੌਲਾ ਇਸ ਗੱਲ ਦਾ ਸੀ ਕਿ ਮਨੀ ਨੇ ਰੰਗ ਵਟਾ ਲਿਆ ਸੀ। ਉਥੇ ਜਾ ਕੇ। ਜਨਾਬ ! ਰੰਗ ਵਟਾਉਣ ਵਾਲੇ ਨੂੰ ਗਿਰਗਟ ਕਹਿੰਦੇ ਨੇ। ਹੁਣ ਜਨਾਬ... ਗਿਰਗਟਾਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ। ਪਰ ਇਹ ਤਬਸਰਾ ਕਦੇ ਫੇਰ ਛੇੜਾਂਗੇ। ਮੈਨੂੰ 'ਕੱਲੇ 'ਕੱਲੇ ਦੀ 'ਕੱਲੀ 'ਕੱਲੀ ਕਿਸਮ ਦਾ ਪਤਾ। ਪਰ ਛੱਡੋ... ਆਪਾ ਜੀਵ ਵਿਗਿਆਨ ਨਹੀਂ ਪੜ੍ਹਨ ਬੈਠੇ ਇੱਥੇ। ਹਾਂ ਮਨੀ ਦੀ ਦੱਸਦਾ ਥੋਨੂੰ...। ਜਨਾਬ ਉਹ ਤਾਂ ਮੈਨੂੰ ਪਹਿਚਾਨਣੋ ਹੀ ਹੱਟਦੀ ਜਾਂਦੀ ਸੀ। ਉੱਥੇ ਆਪਣੀਆਂ ਹੀ ਮੌਜਾ 'ਚ ਰਹਿੰਦੀ। ਨਹੀਂ ਨਹੀਂ ਹਿ ਕਿਹਨੇ ਕਹਿਤਾ ਥੋਨੂੰ। ਮੌਜਾ 'ਤੇ ਮੈਂ? ਮੈਂ ਤਾਂ ਜੂਨ ਗੁਜਾਰਾ ਕੀਤਾ ਉਥੇ। ਪੀ. ਜੀ. 'ਚ ਭਲਾ ਕਾਹਦੀਆਂ ਮੌਜਾਂ। ਖਾ ਖਾ ਆਲੂ... ਮੇਰੇ ਤਾਂ ਗੋਡੇ ਜੁੜ ਗਏ... ਤਾਂ ਹੀ ਤਾਂ ਹੁਣ ਟੇਢਾ ਜਿਹਾ ਹੋ ਕੇ ਤੁਰਦਾ। ਹੁਣ ਹੱਸੋ ਨਾ... ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ। ਮੈਨੂੰ ਤਾਂ ਨੀਂਦ ਨਹੀਂ ਸੀ ਆਉਂਦੀ ਉਥੇ।

ਮੇਰੇ ਕਮਰੇ ਦੇ ਐਨ ਸਾਹਮਣੇ ਮਨੀ ਦਾ ਕਮਰਾ ਦਿੱਸਦਾ ਸੀ। ਅੱਧਾ ਦੁੱਖ ਤਾਂ ਹੈ ਈ ਐਸ ਗੱਲ ਦਾ। ਨਾ... ਨਾ ਮੌਜਾ ਨੂੰ ਤਾਂ ਉਹ ਵੀ ਕਿਹੜਾ ਪਰੌਠੇ ਤਲ ਤਲ ਖਾਂਦੀ ਸੀ। ਬੱਸ ਜਨਾਬ ਬਹਾਨਾ ਜਿਹਾ ਫੜੀ ਬੈਠੀ ਸੀ। ਅਖੇ... ਮੈਨੂੰ ਤਾਂ ਇੱਥੇ ਕੰਮ ਹੀ ਬੜੇ ਨੇ ! ਮੇਰਾ ਤਾਂ ਕਦੀ ਫੋਨ ਨਹੀਂ ਸੀ ਸੁਣਿਆਂ ਉਹਨੇ ਹੋਸਟਲ 'ਚ ! ਇੱਥੇ ਕੁੜੀਆਂ ਨੇ... ਇੱਥੇ ਇੰਜ ਹੋ ਜਾਂਦਾ ਉਂਜ ਹੋ ਜਾਂਦਾ। ਹੁੰਦਾ ਕੀ ਸੀ? ਘੁੱਗੂ? ਜਨਾਬ ਇੱਕ ਪਤੇ ਦੀ ਗੱਲ ਦੱਸਾਂ? ਇਹ ਗੱਲਾਂ ਬੰਦੇ ਦੀ ਤਬੀਅਤ 'ਚ ਹੁੰਦੀਆਂ। ਗੱਲ ਫੇਰ ਬੰਦੇ ਦੀਆਂ ਕਿਸਮਾਂ 'ਤੇ ਆ ਖਲੋਤੀ ਨਾ? ਬੜੇ ਬੰਦੇ ਹੁੰਦੇ ਇਹੋ ਜਿਹੇ ਜਿਹੜੇ ਰੁਝੇਵਿਆਂ ਦਾ ਰੌਣਾ ਰੋਂਦੇ ਨੇ...! ਕਰਦੀ ਤਾਂ ਉਹ ਵੀ ਇੰਜ ਈ ਸੀ। ਨਹੀਂ ਤਾਂ ਜਨਾਬ ਕਿਸੇ ਨੂੰ ਕੀ ਪਤਾ ਲੱਗਦਾ ਬਈ 'ਧੰਨੇ ਦਾ ਫੁੱਫੜ ਕਿਹੜਾ?" ਗੱਲਾਂ ਤਾਂ ਕੁੜੀਆਂ ਵੀ ਕਰਦੀਆਂ ਸੀ। ਬੱਸ... ਬੱਸ... ਜਨਾਬ ਆ ਗਏ ਤੁਸੀਂ ਅਸਲੀ ਮੁੱਦੇ 'ਤੇ। ਰੋਣਾ ਕਿਹੜੀ ਗੱਲ ਦਾ ਸੀ? ਆਹੀ ਤਾਂ ਦੁੱਖ ਸੀ ਮੈਨੂੰ ! ਲੋਕਾਂ ਵਾਰੀ ਤਾਂ ਟਾਈਮ ਹੀ ਟਾਈਮ ਸੀ ਉਸ ਕੋਲ। ਗੱਲ ਤਾਂ ਮੇਰੇ ਨਾਲ ਹੀ ਨਹੀਂ ਸੀ ਕਰਦੀ ਉਹ। ਉਹਦੀ ਭਾਬੀ ਦਾ ਭਰਾ ਉਹਨੂੰ ਫੋਨ ਕਰਿਆ ਕਰਦਾ ਸੀ। ਤਿੰਨ ਤਿੰਨ ਘੰਟੇ ਲੜੀ ਨਹੀਂ ਸੀ ਟੁੱਟਦੀ ਦੋਹਾਂ ਦੀ। ਆਹੀ ਗੱਲ ਤਾਂ ਮੈਂ ਪੁੱਛਦਾ ਸੀ ਮਨੀ ਨੂੰ ਬਈ ਆਖਿਰ ਗੱਲਾਂ ਕੀ ਕਰਦਾ ਉਹ? ਨਾ ਨਾ ਜੀ ! ਕੋਈ ਜਵਾਬ ਹੁੰਦਾ ਤਾਂ ਦਿੰਦੀ। ਉਂਜ ਵੀ ਜਨਾਬ ! ਤੁਸੀਂ ਦੱਸੋ? ਭਰਾ ਉਹਦੀ ਭਾਬੀ ਦਾ, ਉਹਦਾ ਕੀ ਲੱਗਦਾ ਉਹ? ਜਨਾਬ ਜੀ ! ਹਰ ਰਿਸ਼ਤੇ ਦੀ ਕੋਈ ਪਰਿਭਾਸ਼ਾ ਹੁੰਦੀ। ਸਮਾਜ ਸ਼ਾਸਤਰ ਬਥੇਰਾ ਸਮਝਦਾ ਮੈਂ ! ਸਾਡਾ ਤਾਂ ਤੀਜੇ ਦਿਨ ਕਲੇਸ਼ ਹੁੰਦਾ ਸੀ। ਕਲੇਸ ਤਾਂ ਜਨਾਬ ਕਾਲ

ਦਾ ਨਾਂ ਹੈ। ਕਾਲ ਹੀ ਤਾਂ ਸਵਾਰ ਸੀ ਉਸ ਦਿਨ ਮੇਰੇ ਸਿਰ 'ਤੇ। ਪਰ ਜਨਾਬ ਸਾਲੀਆਂ ਗੋਲੀਆਂ ਧੋਖਾ ਦੇ ਗਈਆ। ਨਹੀਂ ਤਾਂ ਜੀਣ ਨੂੰ ਕੀਹਦਾ ਜੀਅ ਕਰਦਾ ਸੀ। ਪੰਜ ਖਾਧੀਆਂ ਸੀ ਪਰ ਪੰਜੇ ਦਾ ਅਸਰ ਨਹੀਂ ਹੋਇਆ। ਨਹੀਂ ਨਹੀਂ ਆਹ ਗੱਲ ਨਹੀਂ ਕਹਿ ਸਕਦੇ ਤੁਸੀਂ। ਮੋਕ ਨਹੀਂ ਸੀ ਮਾਰੀ ਮੈਂ...! ਹੋਰ ਰਾਹ ਨਹੀਂ ਸੀ ਦਿੱਸਦਾ ਕੋਈ। ਇੱਕ ਦਿਨ ਦਾ ਵਿਹਾਰ ਹੋਵੇ ਤਾਂ ਜਰ ਲਵੇ ਬੰਦਾ। ਗੱਲ ਤਾਂ ਦਰੁੱਸਤ ਏ ਥੋਡੀ ਜਨਾਬ! ਮੈਂ ਖੁਦ ਹੀ ਕਹਿੰਦਾ ਸੀ ਕਿ ਕੋਈ ਵੀ ਚੀਜ਼ ਬੰਦੇ ਦੀ 'ਸਹਿਣ ਸ਼ਕਤੀ' ਤੋਂ ਵੱਡੀ ਨਹੀਂ ਹੁੰਦੀ। ਪਰ ਮੈਥੋਂ ਹੋਰ ਸਹਿਣ ਨਹੀਂ ਸੀ ਹੁੰਦਾ। ਤਾਂ ਹੀ ਤਾਂ...! ਦੂਜਾ ਜਨਾਬ, ਪੰਗਾ ਭਲਾ ਕਿਹੜੀ ਗੱਲ ਦਾ ਸੀ? ਮੈਂ ਪੰਜਾਬੀ 'ਚ ਰੋਜ਼ ਪੁੱਛਦਾ ਸੀ ਮਨੀ ਨੂੰ ਬਈ ਤੂੰ ਦੋ ਟੁੱਕ ਦੱਸਦੇ ਬਈ ਤੇਰੇ ਲਈ ਮੈਂ ਜ਼ਰੂਰੀ ਹਾਂ ਜਾਂ ਲੋਕ? ਨਾ ਜਨਾਬ ਕਾਹਨੂੰ! ਮੈਂ ਦੱਸਿਆ ਤਾਂ ਹੈ ਬਈ ਮੇਰੇ ਵਾਰੀ ਤਾਂ ਉਹਨੂੰ ਗੱਲ ਨਹੀਂ ਸੀ ਆਉਂਦੀ ਕੋਈ। ਗੱਲਾਂ ਤਾਂ ਮਾਰਦੀ ਸੀ ਉਹ ਲੋਕਾਂ ਨਾਲ। ਹੋਰ ਕੀ? ਉਦੋਂ ਨਾਗਰੇ ਨਾਲ ਗੱਲਾਂ ਹੀ ਤਾਂ ਮਾਰਦੀ ਸੀ। ਮੈਂ ਤਾਂ ਜਨਾਬ ਘੰਟਾ ਇੱਕ ਤਮਾਸ਼ਾ ਹੀ ਦੇਖਦਾ ਰਿਹਾ। ਐਨ ਜੁੜ ਕੇ ਖਲੋਤੀ ਸੀ ਉਹਦੇ ਨਾਲ। ਦੋਵੇਂ ਹੱਸ ਹੱਸ ਗੱਲਾਂ ਕਰਦੇ ਰਹੇ। ਮੇਰੀ ਪੁਛਦੇ ਹੋ? ਤੁਸੀਂ ਕੀ ਅੰਦਾਜ਼ਾ ਲਗਾ ਸਕਦੇ ਹੋ ਬਈ ਕੀ ਬੀਤੀ ਹੋਊ ਮੇਰੇ ਨਾਲ। ਜਨਾਬ! ਮੈਂ ਤਾਂ ਦਰਵਾਜੇ ਅੱਗੇ ਖੜਾ ਹੀ ਤਾਂ ਸੀ ਬਈ ਸ਼ਾਇਦ ਆਜੂ ਉਹਨੂੰ ਛੱਡ ਕੇ ਜਿਵੇਂ ਮੈਂ ਲੋਕਾਂ ਨੂੰ ਉਹਦੀ ਖਾਤਿਰ ਛੱਡਿਆ ਕਰਦਾ ਸੀ। ਪਰ ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਸਾਰੇ ਕਿਤੇ ਇੱਕੋ ਜਿਹੇ ਹੁੰਦੇ ਨੇ...। ਨਾ ਜੀ... ਉਹਨੇ ਤਾਂ ਵੇਖਿਆ ਵੀ ਨਹੀਂ ਸੀ ਮੇਰੇ ਵੱਲ। ਤੁਸੀਂ ਆਉਣ ਦੀ ਗੱਲ ਕਰਦੇ ਹੋ। ਮੈਂ ਤਾਂ ਕੰਬਣ ਲੱਗਿਆ ਸੀ ਜਨਾਬ! ਨਾ ਨਾ ਗੁੱਸਾ ਤਾਂ ਆਇਆ ਹੀ ਨਹੀਂ ਸੀ ਮੈਨੂੰ। ਮੈਨੂੰ ਤਾਂ ਦੁੱਖ ਸੀ। ਹਾਂਜੀ... ਮੇਰੇ ਵਰਗੇ ਨੂੰ ਦੁੱਖ ਕਿਉਂ ਨਾ ਹੋਊ? ਮੈਂ ਇਕੱਲਾ ਬੈਠਾ ਕਿੰਨੀ ਦੇਰ ਤੱਕ ਰੋਂਦਾ ਰਿਹਾ। ਆਹ ਗੱਲ ਨਹੀਂ ਜਨਾਬ! ਜਨਾਨੀਆਂ ਬਹੁਤਾ ਨਹੀਂ ਰੋਂਦੀਆਂ। ਜਦੋਂ ਦੁੱਖ ਹੋਵੇ ਪਸ਼ੂ ਪੰਛੀ ਵੀ ਰੋਂਦੇ ਨੇ...। ਮੈਂ ਤਾਂ ਫੇਰ ਸਧਾਰਨ ਬੰਦਾ। ਜ਼ਜਬਾਤ ਨੇ... ਦਿਲ ਹੈ ਮੇਰੇ ਅੰਦਰ। ਉਹਨੂੰ ਕਿੱਥੇ ਫਰਕ ਪੈਂਦਾ ਸੀ ਮੇਰੇ ਰੋਣ ਨਾਲ। ਰੋਇਆ ਤਾਂ ਮੈਂ ਉਹਦੇ ਸਾਹਮਣੇ ਵੀ ਬਹੁਤ ਸੀ ਇੱਕ ਦਿਨ! ਸੋ ਸਹੁੰਆ ਖਾਧੀਆਂ ਉਹਨੇ ਬਈ ਬਦਲ ਲਊ ਮੈਂ ਖੁਦ ਨੂੰ! ਪਰ ਨਾ ਜਨਾਬ! ਗੱਲ ਤਾਂ ਉਹ ਸੀ ਕਿ ਆਖਾ ਮੋੜਨਾ ਨਹੀਂ ਤੇ ਡੱਕਾ ਤੋੜਨਾ ਨਹੀਂ! ਪੁੱਛਦਾ ਕਿਉਂ ਨਹੀਂ ਸੀ? ਮੈਂ ਤਾਂ ਉਨੂੰ ਨਾਗਰੇ ਵਾਲੀ ਗੱਲ ਵੀ ਪੁੱਛੀ ਸੀ। ਪਰ ਉਹਦਾ ਜਵਾਬ ਸੁਣ ਕੇ ਹੋਰ ਵੀ ਦੁੱਖ ਹੋਇਆ ਸੀ ਮੈਨੂੰ। ਰਾਜੀ... ਸਹੀ ਕਿਹਾ ਤੁਸੀਂ ਕਈ ਵਾਰ ਕਈ ਗੱਲਾਂ ਹੀ ਜ਼ਹਿਰ ਵਰਗੀਆਂ ਹੁੰਦੀਆਂ! ਨਾਲੇ ਮੈਨੂੰ ਗੱਲ ਨਹੀਂ ਗੱਲ ਕਰਨ ਦਾ ਅੰਦਾਜ ਬੁਰਾ ਲੱਗਦਾ ਹੁੰਦਾ। ਕਹਿਣਾ ਕੀ ਸੀ ਉਹਨੇ ਕਹਿੰਦੀ ਮੈਂ ਤਾਂ ਨਹੀਂ ਸੀ ਤੇਰੇ ਕੋਲ ਆਈ ਕਿਉਂ ਕਿ ਤੂੰ ਤਾਂ ਉਦਾਸ ਜਿਹਾ ਖੜਾ ਸੀ। ਬੱਸ... ਬੱਸ... ਜਨਾਬ ਆਹੀ ਗੱਲ ਮੈਂ ਉਹਨੂੰ ਸੌ ਵਾਰ ਸਮਝਾਈ ਸੀ। ਮੈਂ ਉਦਾਸ ਸੀ ਖੁਰਕ ਤਾਂ ਨਹੀਂ ਸੀ ਪਈ ਮੈਨੂੰ। ਜਨਾਬ ਜੀ! ਤੁਸੀਂ ਦੱਸੋਂ ਜਦੋਂ ਕੋਈ ਆਪਣਾ ਉਦਾਸੀ ਵੇਲੇ ਕੋਲ ਨਹੀਂ ਖੜਦਾ ਤਾਂ ਚੰਗੇ ਵੇਲੇ ਉਹਨੂੰ ਘੋਟ ਕੇ ਫੋੜੇ 'ਤੇ ਲਾਉਣਾ!" ਪਰ ਕਿੱਥੇ ਪੱਲੇ ਪਈ ਸੀ ਉਹਦੇ ਇਹ ਗੱਲ। ਅਸਲ 'ਚ ਆਹ ਤਾਂ ਉਹਨੇ ਟਪਲਾ ਹੀ ਮਾਰਿਆ ਸੀ ਨਹੀਂ ਤਾਂ ਬਣਦੀ ਤੁਕ ਬਈ ਤੂੰ ਉਦਾਸ ਸੀ...! ਮੇਰੇ ਦੁੱਖ ਸੁੱਖ ਦਾ ਤਾਂ ਹਮਰਾਜ ਬਣਾਇਆ ਸੀ ਉਹਨੂੰ। ਸੱਚੀ ਗੱਲ ਏ ਜਨਾਬ! ਦੁੱਖ ਵੇਲੇ ਵਾਕਿਆ ਕੋਈ ਨਹੀਂ ਜੇ ਪੁੱਛਦਾ। ਪੀੜ ਤਾਂ ਆਪਣਿਆਂ ਨੂੰ ਹੀ ਹੁੰਦੀ। ਜਿਵੇਂ ਮੇਰੇ ਬਾਪੂ ਨੂੰ ਮੇਰੀ ਹੋਈ ਸੀ। ਮੈਂ ਥੋਨੂੰ ਐਵੇਂ ਥੋੜੀ ਕਿਹਾ ਬਈ ਬਾਪੂ ਮੇਰੇ ਫੰਨੇ ਖਾਂ ਬੰਦਾ! ਵੀਹ ਮਿੰਟ ਨਹੀਂ ਸੀ ਕੱਟਣ ਦਿੱਤੇ ਉਹਨੇ ਮੈਨੂੰ ਥਾਣੇ। ਐਸੇ ਘੜੀ 'ਤੇ ਟਾਈਮ ਦੇਖਿਆ ਸੀ ਮੈਂ ਆਹ ਦੇਖੋ ਪੰਜ ਵੱਜ ਕੇ ਪੰਜੀ ਮਿੰਟ ਹੋਏ ਨੇ...! ਜਨਾਬ ਜੀ ਥਾਣੇਦਾਰ ਨੂੰ ਤਾਂ ਗੱਲ ਨਹੀਂ ਸੀ ਆਈ। ਉਹ ਤਾਂ ਸੁਣ ਕੇ ਹੀ ਠਾਕਿਆ ਗਿਆ ਸੀ ਬਈ ਮੈਂ ਬਾਗਾਂ ਵਾਲਿਆਂ ਦਾ ਮੁੰਡਾ! ਬਾਪੂ ਦੀ ਸਫ਼ਾਈ ਸੂਕਦੀ ਆਈ ਸੀ। ਰਮਨਦੀਪ ਤਾਂ ਕੁਸਕਿਆ ਨਹੀਂ ਸੀ। ਬਾਪੂ ਜ਼ਮਾਨਤ 'ਤੇ ਘਰ ਲੈ ਆਇਆ ਸੀ ਮੈਨੂੰ। ਨਾ ਨਾ ਜਨਾਬ ਬਾਪੂ ਨੇ ਤਾਂ ਗੱਲ ਵੀ ਨਹੀਂ ਸੀ ਕੀਤੀ ਕੋਈ ਉਹ ਚੰਗੀ ਤਰ੍ਹਾਂ ਸਮਝਦਾ ਮੈਨੂੰ। ਉਹਨੂੰ ਕਿਤੇ ਭੁੱਲ ਸੀ ਰਮਨਦੀਪ ਕਿਆ ਦੀ। ਭੁੱਲ ਤਾਂ ਜਨਾਬ ਕਿਸੇ ਨੂੰ ਵੀ ਨਹੀਂ। ਮੇਰੀ ਕੀ ਗੱਲ ਕਰਦੇ ਹੋ? ਮੈਂ ਵੀ ਜਨਾਬ ਰੋਟੀ ਖਾ ਕੇ ਸੌਂਦਾ ਰਾਤ ਨੂੰ। ਕਰਦਾ ਦਿਮਾਗ ਮੇਰਾ ਵੀ ਕੰਮ। ਪਰ ਜਨਾਬ ਕਰਦਾ ਵੀ ਕੀ ਮੈਂ? ਉਹ ਰੋ ਕੇ ਸੱਚੀ ਹੋ ਜਾਂਦੀ ਸੀ। ਗਲਤੀ ਮੰਨ ਲਈ ਉਹਨੇ ਬਈ ਮੈਂ ਅੱਜ ਤੋਂ ਬਾਅਦ ਨਹੀਂ...!



ਮਰੇ ਮੁਕਰੇ ਦਾ ਦਾਰੂ ਹੁੰਦਾ ਕੋਈ? ਨਹੀਂ ਨਾ ਹੁੰਦਾ! ਬਾਕੀ ਜਨਾਬ ਕਸੂਰ ਮੇਰਾ ਵੀ ਨਹੀਂ ਸੀ। ਮੇਰੇ ਅੰਦਰ ਬੈਠਾ ਉਹ ਖੋਚਰੀ ਬੰਦਾ ਮੰਨਦਾ ਸੀ ਕਿਤੇ? ਉਹੀ ਕਰਵਾਉਂਦਾ ਸੀ ਉਹ ਸਭ! ਨਹੀਂ ਤਾਂ ਜਨਾਬ ਤੁਸੀਂ ਦੱਸੋ ਮੈਂ ਹੋਸਟਲ ਨੂੰ ਅੱਗ ਲਾ ਕੇ ਛਣਕਣਾ ਲੈਣਾ ਸੀ? ਮੈਂ ਤਾਂ ਸੋ ਵਾਰ ਚਾਹਿਆ ਸੀ ਛੱਡਾ ਮਨੀ ਨੂੰ ਉਹਦੇ ਹਾਲ 'ਤੇ ... ਖੁਸ਼ ਰਹਾ 'ਤੇ ਰਹਿਣ ਦੇਵਾ। ਪਰ ਨਾ...! ਜਨਾਬ ਉਹ ਖੋਚਰੀ ਬੰਦਾ ਨਹੀਂ ਸੀ ਜਿਉਂਦਾ ਪਲ ਵੀ ਮਨੀ ਬਿਨਾ! ਬੜਾ ਡਰਾਮੇ ਬਾਜ਼ ਹੈ ਸਾਲਾ। ਕਿਆ ਕਲਾ ਹੈ ਉਹਨੂੰ ! ਬੜੇ ਬੜੇ ਲੋਹੇ ਦੇ ਥਣ ਪਸਮਾ ਛੱਡੇ ਉਹਨੇ। ਮਨੀ ਵੀ ਬਥੇਰੀ ਵਾਰ ਵਿਟਰ ਜਾਂਦੀ ਸੀ। ਮਰਨ ਮਾਰਨ 'ਤੇ ਉੱਤਰ ਆਉਂਦੀ। ਫੇਰ ਉਹੀ ਸੰਭਾਲਦਾ ਸੀ। ਸੰਭਾਲਣਾ ਵੀ ਕੀ ਸੀ? ਅੱਗਿਓ ਉਹੋ ਜਿਹਾ ਬੇਸ਼ਰਮ ਬਣ ਜਾਂਦਾ ਸੀ। ਗੱਲ ਕਾਹਦੀ ਬਈ ਉਹਨੂੰ ਘੇਰਾ ਪਾਉਣ ਦੀ ਜਾਂਚ ਸੀ। ਮਾਨਸਿਕ ਤੌਰ 'ਤੇ ਘੇਰ ਲੈਂਦਾ ਸੀ ਮਨੀ ਨੂੰ! ਘੇਰਾ ਤਾਂ ਮਨੀ ਵੀ ਬਥੇਰਾ ਪਾਉਂਦੀ ਸੀ ਮੈਨੂੰ! ਢੰਗ ਤਾਂ ਉਹਨੂੰ ਵੀ ਬੜਾ। ਤੁਸੀਂ ਆਪ ਸਿਆਣੇ ਹੋ! ਬੰਦਾ ਤਾਂ ਤੀਵੀਂ ਅੱਗੇ ਉਂਜ ਈ ਭੁੰਡੂ ਹੁੰਦਾ। ਧਰਮ ਨਾਲ ਬੜਾ ਨਚਾਇਆ ਸੀ ਮੈਨੂੰ ਮਨੀ ਨੇ! ਜਨਾਬ ਜੀ! ਦਲੇਰ ਸਿੰਘ 'ਜੁਗਤੀ' ਤਾਂ ਪਰਵਾਹ ਨਹੀਂ ਸੀ ਕਰਦਾ ਕਿਸੇ ਦੀ ਪਰ ਮਨੀ ਦੇ ਚੰਗਿਆੜੇ ਕੱਢ ਛੱਡੇ ਤੁਸੀਂ ਲਗਾ ਲਓ ਹਿਸਾਬ ਬਈ ਪਟਿਆਲੇ ਤੋਂ ਮੁੜਦਿਆਂ ਪਹਿਲਾਂ ਉਹਨੂੰ ਬੁੱਘੀਪੁਰੇ ਛੱਡਦਾ ਤੇ ਮੁੜਕੇ ਪੱਟੀ ਆਉਂਦਾ। ਉਹ ਜੋ ਕਹਿੰਦੀ ਕਰਦਾ ਜਾਂਦਾ। ... ਤਾਂ ਹੀ ਤਾਂ ਉਹ ਖੋਚਰੀ ਬੰਦਾ ਹੁਣੇ ਆਖਦਾ ਸੀ ਬਈ "ਮੀਚੀ ਰੱਖ ਅੱਖਾ।" ਪਰ ਸੱਚ ਦੱਸਾਂ ਅੱਖਾਂ ਮੈਂ ਹੀ ਨਹੀਂ ਜੇ ਮੀਟਦਾ। ਤੁਸੀਂ ਸਾਰੇ ਵੀ ਇੰਜ ਹੀ ਕਰਦੇ ਹੋ। ਸੁਣਿਓ ਨਾ ਮੇਰੀ ਗੱਲ ਨੂੰ! ਕੌਣ ਨਹੀਂ ਮੰਨਦਾ ਤੀਵੀਂ ਦੀ? ਜ਼ਨਾਨੀ ਦੇ ਕਹੇ 'ਤੇ ਸਾਰੇ ਹੀ ਭੂਤ ਭੰਗੜਾ ਕਰਦੇ ਨੇ... ਪਤਾ ਮੈਨੂੰ! ਹਾਜੀ ਭੂਤ ਭੰਗੜਾ ਜਨਾਬ ਜੀ! ਭੰਗੜੇ ਦੀਆਂ ਵੀ ਕਈ ਕਿਸਮਾਂ ਹੁੰਦੀਆਂ। ਜੇ ਮੈਂ ਕਿਸਮਾਂ ਦੇ ਚੱਕਰ ਪੈ ਗਿਆ ਤਾਂ ਮੈਂ ਉਲਝ ਜਾਣਾ। ਫੇਰ ਮੇਰੀ ਗੱਲ ਰਹਿ ਜਾਣੀ ਵਿੱਚੇ। ਨਾ ਨਾ ਗਾਲੜੀ ਨਾ ਸਮਝੋ ਮੈਨੂੰ। ਆਹ ਤਾਂ ਥੋਡੇ ਨਾਲ ਦੁੱਖ ਸਾਂਝਾ ਕਰਨ ਬੈਠ ਗਿਆ ਨਹੀਂ ਤਾਂ ਜਨਾਬ ਮੈਂ ਤਾਂ ਫਾਲਤੂ ਬੋਲਦਾ ਈ ਨਹੀਂ। ਆਹੀ ਤਾਂ ਰੋਸਾ ਸੀ ਲੋਕਾਂ ਨੂੰ ਮੇਰੇ ਤੋਂ। ਮੈਂ ਤਾਂ ਬਹੁਤੀ ਵਾਰ ਕਿਸੇ ਨਾਲ ਹੱਥ ਵੀ ਨਹੀਂ ਮਿਲਾਉਂਦਾ। ਨਾ ਨਾ ਆਹ ਕੀ ਗੱਲ ਕੀਤੀ ਤੁਸੀਂ। ਸਵਾਲ ਆਕੜ ਦਾ ਨਹੀਂ ਏ। ਆਕੜ ਤਾਂ ਮੇਰੇ 'ਚ ਭੋਰਾ ਨਹੀਂ ਹੈਗੀ। ਬੱਸ ਉਂਜ ਈ ਜਨਾਬ! ਮੈਂ ਆ ਸਿੱਧ ਪੱਧਰਾ ਬੰਦਾ... ਜਲੇਬੀ ਵਰਗਾ... ਮੈਥੋਂ ਧੋਖਾ ਨਹੀਂ ਕਰ ਹੁੰਦਾ ਕਿਸੇ ਨਾਲ। ਪਰ ਜਿਹੜਾ ਧੋਖਾ ਮੇਰੇ ਨਾਲ ਹੋਇਆ! ਖ਼ੈਰ... ਆਪਾਂ ਕਿਹੜੀ ਗੱਲ ਕਰਦੇ ਸੀ। ਹਾਜੀ... ਜਦੋਂ ਜਨਾਬ ਮੇਰਾ ਮਨ ਨਾ ਕਰੇ ਮੈਂ ਤਾਂ ਸਕੇ ਪਿਓ ਨੂੰ ਨਹੀਂ ਬੁਲਾਉਂਦਾ। ਹੱਥ ਮਿਲਾਇਆ ਕੀ ਹੁੰਦਾ ਜਦੋਂ ਦਿਲ ਨਾ ਮਿਲੇ। ਲੈ ਤੁਸੀਂ ਤਾਂ ਮੈਨੂੰ ਘੇਰਨ ਲੱਗ ਗਏ ਹੋ! ਕੁਝ ਨਹੀਂ ਹੁੰਦਾ ਹੱਥ ਮਿਲਾਇਆ ਪਤਾ ਮੈਨੂੰ! ਪਰ ਨਹੀਂ ਸੀ ਜਚਿਆ ਮੈਨੂੰ। ਫਿਰ ਪੁੱਛੋਂ ਤਾਂ ਇਹ ਵੀ ਜੁਗਤ ਦੀ ਗੱਲ ਜੇ। ਮੈਂ 'ਤੇ ਮਨੀ ਖੜੇ ਸੀ। ਪ੍ਰਦੀਪ ਆਇਆ। ਮੇਰੇ ਨਾਲ ਹੱਥ ਮਿਲਾ ਕੇ ਉਹਨੇ ਮਨੀ ਵੱਲ ਵਧਾ ਦਿੱਤਾ। ਮਨੀ ਨੇ ਅੱਗਿਓ ਹੱਥ ਜੋੜ ਦਿੱਤੇ। ਪਰ ਜਨਾਬ ਮੈਂ ਵੀ ਬੜਾ ਤਕੜਾ ਖੋਜੀ ਆ। ਮੈਨੂੰ ਜਾਪਿਆ ਬਈ ਜ਼ਰੂਰ ਇਹ ਅੱਗੇ ਵੀ ਹੱਥ ਮਿਲਾ ਮਿਲਾ ਮਿਲਦੇ ਹੋਣੇ। ਇਸੇ ਲਈ ਤਾਂ ਰੋਜ਼ ਦਾ ਗਿਜਾ ਇਹ ਅੱਜ ਵੀ! ਬੱਸ ਸੁਝ ਗਈ ਆਪਾਂ ਨੂੰ ਜੁਗਤ। ਮੈਂ ਅਗਲੇ ਦਿਨ ਮਾਰ 'ਤਾ ਪੱਤਾ। ਮੈਂ ਮਨੀ ਨੂੰ ਕਿਹਾ ਬਈ ਪ੍ਰਦੀਪ ਕਹਿੰਦਾ ਕੱਲ੍ਹ ਮਨੀ ਨੇ ਤੈਥੋਂ ਡਰਦਿਅੰ ਹੱਥ ਨਹੀਂ ਮਿਲਾਇਆ! ਬੱਸ ਆ ਗਈ ਯਾਰਾਂ ਦੀ ਜੁਗਤ ਕੰਮ। ਕਹਿੰਦੀ ਰੋਜ਼ ਕਿੱਥੇ ਮੈਂ ਤਾਂ ਇਕੋ ਦਿਨ ਮਿਲਾਇਆ ਸੀ। ਬੱਸ ਪੈ ਗਿਆ ਸਿਆਪਾ... ਮੈਂ ਤਾਂ ਜਨਾਬ ਜੀ ਦੂਜੇ ਪਾਸੇ ਹੋ ਗਿਆ। ਮੈਂ ਕਿਹਾ ਆਪੇ ਕਿਉਂ ਨਾ ਦੱਸਤਾ ਤੂੰ? ਨਾ ਨਾ ਜੀ! ਉਹ ਗੱਲ ਨਹੀਂ ਏ ਜੋ ਤੁਸੀਂ ਸੋਚਦੇ ਜੇ। ਮਸਲਾ ਤਾਂ ਸੋਚ ਦਾ ਏ। ਜਦੋਂ ਕਹਿੰਦੀ ਦੀ ਜ਼ੁਬਾਨ ਨਹੀਂ ਸੀ ਥੱਕਦੀ ਕਿ ਮੈਂ ਤੈਥੋਂ ਲੁਕਾਉਂਦੀ ਨਹੀਂ ਕੁਝ ਤਾਂ ਫੇਰ...। ਆਪਾ ਕਹਿਣੀ 'ਤੇ ਕਰਨੀ ਇੱਕ ਰੱਖਣ ਵਾਲੇ ਬੰਦੇ ਹਾਂ। ਕੀ ਗੱਲ ਯਕੀਨ ਨਹੀਂ ਆਉਂਦਾ। ਤੁਸੀਂ ਪਰਖ ਕੇ ਵੇਖਿਓ! ਫੇਰ ਪਤਾ ਲੱਗੂ। ਆਪਾ ਫੋਕੇ ਫੈਂਟਰ ਨਹੀਂ ਮਾਰਦੇ। ਕੀ ਗੱਲਾਂ ਕਰਦੇ ਹੋ? ਮਨੀ ਨੂੰ ਕਿਤੇ ਭੁੱਲ ਸੀ। ਜਨਾਬ ਉਹ ਵੀ ਰੋਟੀ ਖਾ ਕੇ ਸੌਂਦੀ ਹੈ। ਸੌ ਦੀ ਇਕ ਗੱਲ ਦੱਸਾਂ ਥੋਨੂੰ... ਪੱਲੇ ਬੰਨ੍ਹ ਲਿਓ! ਕੁਰਬਾਨੀ ਦਾ ਮਤਲਬ ਧੌਣ ਦੇਣਾ ਹੀ ਨਹੀਂ ਜੇ ਹੁੰਦਾ! ਪੁੱਛਦੇ ਹੋ ਕੀ ਕੀਤਾ ਮੈਂ? ਮੋਤੀਆਂ ਵਾਲਿਓ... ਇਹ ਪੁੱਛੋਂ ਕੀ ਨਹੀਂ ਕੀਤਾ ਮੈਂ? ਇਹ ਤਾਂ ਦਲੇਰ ਸਿੰਘ ਦੀਆਂ ਹੀ ਦਲੇਰੀਆਂ ਨੇ...। ਸੱਚ ਦੱਸਾਂ ਹੁਣ ਇਹ ਨਾ ਕਿਹੋ ਬਈ ਮੈਂ ਆਪਣੇ

ਗੁਣ ਆਪੇ ਗਾਉਣ ਲੱਗ ਗਿਆ। ਪਰ ਜਨਾਬ ਮੇਰੇ ਵਰਗੇ ਪੁੱਤ ਮਾਵਾਂ ਰੋਜ਼ ਰੋਜ਼ ਨਹੀਂ ਜੇ ਜੰਮਦੀਆਂ ਮੈਂ ਹੀ ਸੀ ਜਿੰਨੇ ਇੰਨਾ ਕੁਝ ਝੱਲਿਆ ’ਤੇ ਵਿਆਹ ਵੀ ਉਸੇ ਨਾਲ ਕਰਵਾਇਆ। ਪ੍ਰੇਮਿਕਾ ਤਾਂ ਮੈਂ ਸਮਝਿਆ ਹੀ ਕਦੀ ਨਹੀਂ ਸੀ ਉਹਨੂੰ ! ਕੀ ਗੱਲਾਂ ਕਰਦੇ ਹੋ? ਸ਼ੱਕ ਨਹੀਂ ਕਰਦਾ ਜਨਾਬ ! ਫੇਰ ਜੇ ਨਾਰ ਸੋਹਣੀ ਸਨੁੱਖੀ ਹੋਵੇ। ਬਾਕੀ ਗੱਲ ਮਨੀ ਦੀ ਨਹੀਂ ਹੈ। ਦੁਨੀਆਂ ਬਹੁਤ ਖਰਾਬ ਹੈ ਜੀ। ਕੋਈ ਦੇ ਸਕਦਾ ਕਿਸੇ ਦੀ ਗਰੰਟੀ। ਨਾ ਬਿਲਕੁੱਲ ਨਹੀਂ...! ਪਰ ਜਨਾਬ ਮਨੀ ਨੇ ਆਪਣੀ ਭਾਬੀ ਦੇ ਭਰਾ ਦੀਆਂ ਬਹੁਤ ਗਰੰਟੀਆਂ ਦਿੱਤੀਆਂ ਸੀ ਮੈਨੂੰ। ਪਰ ਮੇਰਾ ਮਨ ਤਦ ਵੀ ਨਹੀਂ ਸੀ ਮੰਨਿਆ ! ਤੁਸੀਂ ਖੁਦ ਸੋਚੋ ! ਭਲਾ ਭੈਣ ਦੀ ਅੱਗੇ ਨਨਾਣ ਨਾਲ ਕਾਹਦਾ ਰਿਸ਼ਤਾ? ਨਾਲੇ ਜਨਾਬ... ਤਿੰਨ ਤਿੰਨ ਘੰਟੇ ਫ਼ੋਨ ! ਲੋਕਾਂ ਨੂੰ ਤਾਂ ਮਰਨ ਲਈ ਵਿਹਲ ਨਹੀਂ ਮਿਲਦਾ। ਉਹ ਸਾਲਾ ਫ਼ੋਨ ਜੋਗਾ ਹੀ ਸੀ। ਮੈਂ ਸਭ ਸਮਝਦਾ ਜਨਾਬ ! ਮੈਨੂੰ ਤਾਂ ਸੋਚ ਕੇ ਵੀ ਵੱਟ ਚੜ੍ਹਨ ਲੱਗਦਾ। ਨਾਲੇ ਜਨਾਬ ਯਕੀਨ ਮਨੀ ਤਾਂ ਕਰਲਾ ਉਹਦਾ ਕੀ ਇਤਬਾਰ। ਬੱਸ ਕਰਾਤਾ ਮੈਂ ਫ਼ੋਨ ਬੰਦ ਜਨਾਬ ਤੁਸੀਂ ਨਹੀਂ ਸਮਝੋਗੇ ਇਸ ਗੱਲ ਨੂੰ। ਆਹੀ ਗੱਲ ਮਨੀ ਸੋਚਦੀ ਸੀ ਬਈ ਮੇਰੀ ਸੋਚ ਛੋਟੀ ਹੁੰਦੀ ਜਾਂਦੀ। ਪਰ ਨਹੀਂ ਜੀ... ਮੈਂ ਦੱਸਿਆ ਤਾਂ ਸੀ ਬਈ ਮਾੜੀ ਮੋਟੀ ਗੱਲ ਨੂੰ ਤਾਂ ਗੌਲਦਾ ਹੀ ਨਹੀਂ ਮੈਂ ! ਮਾਮਲਾ ਤਾਂ ਇਹੀ ਸੀ ਨਾ ਕਿ ‘ਸਾਈਆ ਕਿਤੇ ’ਤੇ ਵਧਾਈਆਂ ਕਿਤੇ।” ਥੋਡੀ ਹੋਵੇ ਘਰ ਵਾਲੀ ’ਤੇ ਗੱਲਾਂ ਕਿਸੇ ਹੋਰ ਨਾਲ ਕਰੇ ! ਜਰ ਲਉਂਗੇ? ਸੁਣਿਓ ਨਾ ਮੇਰੀ ਗੱਲ ਨੂੰ ! ਪੰਗਾ ਤਾਂ ਆਹੀ ਸੀ ਨਾ ਕਿ ਮੈਂ ਤਾਂ ਪਤਨੀ ਬਣਾ ਬੈਠਾ ਸੀ ਉਹਨੂੰ। ਮੈਂ ਮੰਨਦਾ ਥੋਡੀ ਗੱਲ ਰਿਸ਼ਤੇ ਮੰਨਿਆ ਹੀ ਨਹੀਂ ਬਣਦੇ। ਪਰ ਮੈਂ ਕਰ ਕੇ ਵੀ ਤਾਂ ਵਿਖਾਇਆ ਨਾ ! ਨਹੀਂ ਤਾਂ ਘਾਟ ਸੀ ਕਿਸੇ ਗੱਲ ਦੀ। ’ਕੱਲਾ ’ਕੱਲਾ ਪੁੱਤ ਹਾਂ ਕਚਹਿਰੀਆਂ ’ਚ ਜਾ ਕੇ ਕੰਮ ਫਿੱਟ ਕਰ ਲਿਆ। ਨਹੀਂ ਤਾਂ ਪੰਜ ਸੌ ਬੰਦਾ ਬਰਾਤੇ ਜਾਂਦਾ। ਕੀ ਯਾਦ ਕਰਾਤਾ ਤੁਸੀਂ। ਮੈਂ ਤਾਂ ਨਹੀਂ ਜਾਣਾ ਸੀ ਸੁੱਖੀ ਦੇ ਵਿਆਹ ਪਰ ਜਨਾਬ। ਲੋਕਾਂ ਚਾਰੀ ਵੀ ਚੀਜ਼ ਹੈ ਕੋਈ। ਨਹੀਂ ਤਾਂ ਮੈਨੂੰ ਕਚੀਚੀਆਂ ਚੜਦੀਆਂ ਸਾਲੇ ’ਤੇ...। ਹਾਂਜੀ ਸੱਚ ਕਹਿੰਦਾ ਮੈਂ। ਉਹ ਬੰਦਾ ਈ ਐਸਾ। ਉਹਦੀਆਂ ਕਰਤੂਤਾ ਦੱਸਾਂ ਤਾਂ ... ਤਾਂ ਥੋਨੂੰ ਪਤਾ ਲੱਗੇ। ਮੈਂ ਤਾਂ ਸਾਲਾ ਸਮਝਿਆ ਹੀ ਨਹੀਂ ਕਦੀ ਉਨੂੰ ! ਉਹ ਮਨੀ ਦਾ ਭਰਾ ਹੈ ਬੱਸ। ਭਰਾ ਵੀ ਕਾਹਦਾ। ਭਰਾਵਾਂ ਵਾਲੀ ਗੱਲ ਤਾਂ ਹੈ ਈ ਨਹੀਂ ਉਹਦੇ ’ਚ। ਪਰਦੇ ਵਾਲੀ ਗੱਲ ਦੱਸਾਂ? ਇਕ ਨੰਬਰ ਦਾ ਵੈਲੀ ਹੈ ਉਹ ! ਕੀ ਪੁੱਛਦੇ ਹੋ? ਕੀ ਵੈਲ ਪੁਣਾ ਕਰਦਾ? ਜਨਾਬ ਜੀ ਵੈਲੀਆਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ। ਹੁਣ ਸੋਚੋਗੇ ਬਈ ਮੈਨੂੰ ਕਿਵੇਂ ਪਤਾ। ਨਾ ਨਾ ਜੀ ਮੈਂ ਤਾਂ ਮਕਾਣੇ ਨਹੀਂ ਜਾਂਦਾ ਇਹੋ ਜਿਹੇ ਬੰਦਿਆਂ ਦੇ। ਹਾਂ ਇੱਕ ਵਾਰ ਵੈਲ ਪੁਣਾਂ ਕੀਤਾ ਸੀ ਪਟਿਆਲੇ। ਪਰ ਜੀ ਕੀ ਸਿੱਟਾ ਨਿਕਲਿਆ? ਠੱਗੀ ਖਾਧੀ। ਠੱਗੀ ਵਰਗੀ ਠੱਗੀ। ਮੇਰਾ ਤਾਂ ਸਭ ਕੁਝ ਲੁੱਟਿਆ ਗਿਆ। ਮੈਂ ਤਾਂ ਪਛਤਾਉਂਦਾ ਬਈ ਨਾ ਉਸ ਦਿਨ ਦਾਰੂ ਪੀਂਦਾ। ਨਾ ਮੋਟਰ ਸਾਈਕਲ ਚੁੱਕ ਕੇ ਬਰਨਾਲੇ ਜਾਂਦਾ ਤੇ ਨਾ...! ਪਰ ‘ਜੇ’ ਵੀ ਕਦੀ ਹੱਥ ਆਈ ਕਿਸੇ ਦੇ। ਪਰ ਮੈਨੂੰ ਛੱਡੋ ਸੁੱਖੀ ਦੀ ਵਾਰਤਾ ਸੁਣ ਲਓ !

ਲੋਫਰ ਏ ਜੀ ਉਹ ਤਾਂ। ਤੁਸੀਂ ਦੱਸੋ ਜਿਹਨੂੰ ਭੈਣ ਦੀ ਨਹੀਂ ਪਰਵਾਹ ਉਹ ਹੋਰ ਕੀ ਕਰੂ। ਉਹ ਤਾਂ ਮਨੀ ਨੂੰ ਕਦੀ ਬੱਸ ਸਟੈਂਡ ਤੋਂ ਲੈਣ ਨਹੀਂ ਆਇਆ। ਬਾਹਰ ਅੰਦਰ ਦੇ ਸਾਰੇ ਕੰਮ ਉਹ ਆਪ ਕਰਦੀ ਸੀ। ਹੋਰ ਤਾਂ ਹੋਰ ਜਨਾਬ ! ਉਹ ਸਾਲਾ ਤਾਂ ਮੱਝਾ ਜੋਗੇ ਪੱਠੇ ਨਹੀਂ ਵੱਢਦਾ ਖੇਤੋਂ। ਇਹ ਕੰਮ ਵੀ ਮਨੀ ਸੰਭਾਲਦੀ ਸੀ। ਦੱਸੋ ਹੁਣ... ਕੀ ਕਹੋਗੇ ਇਹਨੂੰ। ਆ ਗਈ ਨਾ ਉਹੀ ਗੱਲ ਫੋੜੇ ਤੇ ਮਲੋਗੇ ਐਸੇ ਭਰਾ ਨੂੰ? ਪਰ ਮੰਨਦਾ ਮੈਂ ਮਨੀ ਨੂੰ ਉਨ੍ਹੇ ਫੇਰ ਵੀ ਕਦੀ ਮਾੜਾ ਨਹੀਂ ਸੀ ਕਿਹਾ ਉਹਨੂੰ। ਇਹ ਵੀ ਸਿਫ਼ਤ ਹੈ ਉਹਦੀ। ਜਰ ਲੈਂਦੀ ਹੈ ਸਭ ਕੁਝ ਉਹ। ਮੇਰੀਆਂ ਵੀ ਬਥੇਰੀਆਂ ਸਹਿ ਲੈਂਦੀ ਸੀ ਪਰ ਕਦੀ ਟੱਸ ਤੋਂ ਮੱਸ ਨਹੀਂ ਕੀਤੀ ਉਹਨੇ। ਨਾ ਨਾ ਜਨਾਬ ! ਫਿਰਵੇ ਚੁੱਲ੍ਹੇ ਵਾਲੀ ਗੱਲ ਨਹੀਂ ਕੋਈ। ਮੈਂ ਦੱਸਿਆ ਤਾਂ ਹੈਗਾ ਬਈ ਆਪਾਂ ਸੱਚ ਨੂੰ ਸੱਚ ਕਹੀਦਾ। ਗੁਸਾ ਤਾਂ ਮੈਂ ਵੀ ਬਥੇਰਾ ਝਾੜਦਾ ਸੀ ਉਹਦੇ ’ਤੇ ! ਪਰ ਜਨਾਬ ਮੈਂ ਕਿਤੇ ਜ਼ਾਲਮ ਥੋੜੀ ਆ। ਬੱਸ ਮੇਰੀ ਸਹਿਣ ਸ਼ਕਤੀ ਕਮਜ਼ੋਰ ਹੋ ਗਈ ਸੀ। ਪੱਟ ’ਤਾਂ ਸੀ ਪਟਿਆਲੇ ਨੇ...! ਮੇਰੀ ਤਾਂ ਬੋਲੀ ਵਿਗਾੜ ਕੇ ਰੱਖ ’ਤੀ। ਪੱਟੀ ਦਾ ਬੰਦਾ ’ਤੇ ਪਟਿਆਲੇ ਦੀ ਬੋਲੀ। ਮਿਲਗੋਭਾ ਜਿਹਾ ਬਣ ਗਿਆ। ਨਾ ਮਝੈਲ ਨਾ ਮਲਵਈ । ਤੁਸੀਂ ਤਾਂ ਜਨਾਬ ਪੁਠੇ ਪਾਸੇ ਵਗ ਤੁਰੇ ਹੋ। ... ਜੋ ਮਰਜੀ ਕਹਿ ਲਓ ਜੀ ! ਇੰਜ ਦੇ ਈ ਸਾਡੇ ਨਿਆਣੇ ਹੋਣਗੇ। ਨਾ ਜੱਟ ਨਾ ਝੀਂਬਾ। ਮਨੀ ਕਹਿੰਦੀ ਹੁੰਦੀ ਮੈਂ ਆਪਣੇ ਪੁੱਤ ਦਾ ਨਾਮ ਅਮੀਤੋਜ ‘ਰੱਖਰਾ’



ਰੱਖਣਾ ’ਤੇ ਮੈਂ ਕਹਿੰਦਾ ਅਮੀਤੋਜ ‘ਮਾਨ’। ਪੈ ਗਿਆ ਨਾ ਪੰਗਾ। ਪਰ ਚਲੋਂ ਕੀ ਰੱਖਿਆ ਜਾਤਾਂ ’ਤੇ ਗੋਤਾਂ ’ਚ। ਰੱਖਿਆ ਤਾਂ ਜਨਾਬ ਨਿੱਕੀਆਂ ਗੱਲਾਂ ’ਚ ਵੀ ਕੁਝ ਨਹੀਂ ਪਰ ਮਨੀ ਨਹੀਂ ਸੀ ਸਮਝਦੀ। ਉਹ ਤਾਂ ਨਿੱਕੀਆਂ ਨਿੱਕੀਆਂ ਗੱਲਾਂ ’ਤੇ ਵੀ ਨਿਆਣਿਆਂ ਵਾਂਗੂੰ ਜਿੱਦ ਕਰਿਆ ਕਰਦੀ ਸੀ। ... ’ਤੇ ਜਨਾਬ ਜੀ ਜਿੱਦ ਹੁੰਦੀ ਜੇ ਭੈੜੀ। ਜਿੱਦ ਹੀ ਤਾਂ ਪੁਗਾਈ ਸੀ ਮੈਂ ਮਨੀ ਨਾਲ ਵਿਆਹ ਕਰਕੇ। ਬਾਪੂ ਨੇ ਬੜਾ ਕਿਹਾ। ਪਰ ਮੈਂ ਨਹੀਂ ਸੀ ਸੁਣੀ ਕਿਸੇ ਦੀ। ... ਤੇ ਜਦੋਂ ਵਿਆਹ ਹੋ ਗਿਆ। ਸਭ ਨੇ ਮੇਰੀ ਸੁਣਨੀ ਛੱਡ ’ਤੀ। ਮੇਰੇ ’ਤੇ ਮਨੀ ਦੇ ਝਗੜੇ ’ਚ ਕੋਈ ਹਾਮੀ ਨਹੀਂ ਸੀ ਭਰਦਾ।

“ਲੈ ਪੁੱਤ ਇਸ਼ਕ ਦੇ ਨਜ਼ਾਰੇ !” ਮੇਰੇ ਅੰਦਰੋਂ ਉਹੀ ਖੋਚਰੀ ਬੋਲਦਾ। ਪਹਿਲਾਂ ਕਹਿੰਦਾ ਸੀ ਲੜ ਮਰ ਪਿਆਰ ਲਈ ’ਤੇ ਹੁਣ ਕਹਿੰਦਾ, ‘ਭੱਜ ਲੈ ਪੁੱਤ... ਮਾਰਿਆ ਜਾਏਗਾ।” ਪਰ ਹੁਣ ਤਾਂ ਜਨਾਬ ਭੱਜਣ ਲਈ ਰਾਹ ਨਹੀਂ ਦਿੱਸਦਾ। ਮੈਂ ਤਾਂ ਕਸੂਤਾ ਫਸ ਗਿਆ। ਨਾ ਦੱਸਿਆ ਜਾਂਦਾ ਨਾ ਲੁਕਾਇਆ। ਬੱਸ ਜੀ ਸੱਪ ਦੇ ਮੂੰਹ ’ਚ ਕੋਹੜ ਕਿਰਲੀ ਆਗੀ।

————————

ਦੋ ਸਾਲ ਹੋ ਗਏ ਸਾਡੇ ਵਿਆਹ ਨੂੰ ! ਮਨੀ ਨੂੰ ਅਮੀਤੋਜ ਨਹੀਂ ਮਿਲਿਆ। ਮੈਂ ਕੋਈ ਬਹੁਤੀ ਪਰਵਾਹ ਨਹੀਂ ਸੀ ਕੀਤੀ। ਪਰ ਅਚਾਨਕ ਮਨੀ ਨੂੰ ਪਤਾ ਨਹੀਂ ਕੀ ਹੋ ਗਿਆ। ਉਹਨੂੰ ਜਿਵੇਂ ਕਾਹਲੀ ਮੱਚ ਗਈ ਸੀ। ਸੌ ਤਰ੍ਹਾਂ ਦੇ ਓਹੜ ਪੋਹੜ ਕਰਨ ਲੱਗੀ। ਆਪਣੀ ਭਾਬੀ ਦੇ ਘਰ ਤੁਰੀ ਰਹਿੰਦੀ। ਜਦੋਂ ਆਉਂਦੀ ਉਹਦੀ ਤੋਰ ਬਦਲੀ ਹੁੰਦੀ। ਮੇਰੇ ਅੰਦਰ ਕਈ ਗੱਲਾਂ ਫਰਾਟੇ ਮਾਰਦੀਆਂ। ਪਰ ਉਹ ਬਹੁਤ ਪਰਵਾਹ ਨਾ ਕਰਦੀ। ਉਹਦੀ ਭਾਬੀ ਦਾ ਵੈਲੀ ਭਰਾ ਹੁਣ ਉਥੇ ਬੁੱਘੀਪੁਰ ਰਹਿੰਦਾ ਸੀ। ਹੁਣ ਫੋਨ ਦੀ ਕੀ ਲੋੜੀ ਸੀ। ਤਾਰਾ ਸਿੱਧੀਆਂ ਜੁੜ ਗਈਆਂ ਸਨ। ਘਰੋਂ ਉਹ ਓਹੜ ਪੋਹੜ ਕਰਵਾਉਣ ਜਾਂਦੀ ਉਥੇ ਜਾ ਕੇ ਭਾਬੀ ਦੇ ਭਾਰੇ ਨਾਲ ਪੁੱਠੀਆਂ ਤਾਰਾਂ ਜੋੜ ਲੈਂਦੀ ਹੋਵੇਗੀ।

ਮੇਰੇ ਦਿਮਾਗ਼ ਨੇ ਪਲਟਾ ਖਾਧਾ... ਖਾਧਾ ਕੀ ਜੁਗਤ ਸੁੱਝ ਗਈ। ਮੈਂ ਇਕ ਡਾਕਟਰ ਕੋਲ ਚੈੱਕ ਅੱਪ ਕਰਵਾਉਣ ਚਲੇ ਗਿਆ। ਡਾਕਟਰ ਨੇ ਟੈਸਟ ਕੀਤੇ। ਮੈਨੂੰ ਪੁੱਛਿਆ , “ਦਲੇਰ ਸਿੰਘ ਜੀ ! ਕੋਈ ਐਕਸੀਡੈਂਟ ਹੋਇਆ ਸੀ ਤੁਹਾਡਾ?”

“ਹਾਂ ਜੀ !” ਮੈਨੂੰ ਪਟਿਆਲਾ ਯਾਦ ਆ ਗਿਆ। ਉਸ ਦਿਨ ਦਾਰੂ ਪੀ ਕੇ ਮੈਂ ਮੋਟਰ ਸਾਈਕਲ ’ਤੇ ਪਟਿਆਲੇ ਤੋਂ ਬਰਨਾਲੇ ਨੂੰ ਆਉਂਦਾ ਪਿਆ ਸੀ। ਰਾਹ ’ਚ ਪਤਾ ਨਹੀਂ ਨਸ਼ੇ ’ਚ ਕੀ ਹੋਇਆ। ਮੇਰੀ ਅੱਖ ਖੁਲੀ ਤਾਂ ਹਸਪਤਾਲ ਪਿਆ ਸੀ। ਚਾਰ ਦਿਨ ਹਸਪਤਾਲ ਕੱਟੇ। ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ।

“ਅਸਲ ’ਚ ਦਲੇਰ ਸਿੰਘ ਜੀ ! ਆਈਂ ਥਿੰਕ ਉਸੇ ਐਕਸੀਡੈਂਟ ਦੀ ਵਜਾ ਨਾਲ... ਤੁਹਾਡੇ ’ਚ ਪਿਓ ਬਣਨ ਦੀ ਸਮਰੱਥਾ ਨਹੀਂ ਹੈਗੀ। ਸੌਰੀ !!” ਡਾਕਟਰ ਸੌਰੀ ਮੰਗ ਕੇ ਫਾਰਗ ਹੋ ਗਿਆ ਸੀ। ... ਤੇ ਮੈਂ ਡਾਕਟਰ ਦੇ ਹਸਪਤਾਲ ’ਚੋਂ ਨਿਕਲ ਕੇ ਮਨੀ ਕੋਲੋਂ ਸੌਰੀ ਮੰਗਣ ਲਈ ਘਰ ਨੂੰ ਤੁਰ ਪਿਆ। ਮੈਂ ਕੋਈ ਗੱਲ ਕਰਦਾ ਇਸ ਤੋਂ ਪਹਿਲਾਂ ਹੀ ਮਨੀ ਟਹਿਕ ਰਹੀ ਸੀ। ਮੇਰੇ ਅੰਦਰ ਕਾਹਲੀ ਮੱਚੀ ਹੋਈ ਸੀ ਪਰ ਮਨੀ ਕੁਝ ਦੱਸਣ ਲਈ ਮੈਥੋਂ ਵੱਧ ਕਾਹਲੀ ਸੀ।

“ਦਲੇਰ ਆਪਾਂ ਦੋ ਤੋਂ ਤਿੰਨ ਹੋਣ ਵਾਲੇ ਹਾਂ ! ਦਵਾਈ ਕਾਟ ਕਰ ’ਗੀ। ’ ਉਹ ਕਿੰਨਾ ਚਿਰ ਇਕੋ ਸਾਹੇ ਕਈ ਕੁਝ ਬੋਲਦੀ ਰਹੀ। ਪਰ ਮੈਨੂੰ ਜਿਵੇਂ ਸੁਣਾਈ ਦੇਣੋਂ ਹੱਟ ਗਿਆ ਸੀ। ਡਾਕਟਰ ਦੀ ਰਿਪੋਰਟ ਹੱਥ ਵਿਚ ਮਰੋੜੀ ਗਈ। ਮੈਂ ਬੁੱਤ ਬਣਿਆ ਖੜਾ ਸੀ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਬੋਲਾ। ਉਸੇ ਦਿਨ ਤੋਂ ਬਾਅਦ ਮੇਰਾ ਸਿਰ ਬਹੁਤ ਘੁੰਮਦਾ ਰਹਿੰਦਾ ਹੈ।

ਮੈਂ ਮਨੀ ਕੋਲੋਂ ਤਲਾਕ ਮੰਗਿਆ। ਉਹ ਚੁੱਪ ਵੱਟੀ ਬੈਠੀ ਹੈ। ਘਰ ਵਿੱਚ ਜਿਵੇਂ ਸੁਨਾਮੀ ਉਠੀ ਪਈ ਹੈ। ਕਈ ਦਿਨ ਹੋ ਗਏ ਅਸੀਂ ਤਾਂ ਆਪਸ ਵਿਚ ਬੋਲੇ ਨਹੀਂ।

ਮਨੀ ਕਾਰਨ ਪੁੱਛਦੀ ਹੈ। ਪਰ ਕੀ ਦੱਸਾਂ ਉਹਨੂੰ? ਜਵਾਬ ਤਾਂ ਉਹਦੇ ਢਿੱਡ ਅੰਦਰ ਹੈ। ਮੈਂ ਕੀ ਕਰਾਂ? ਮਨੀ ਨੂੰ ਉਹਦਾ ਅਮੀਤੋਜ’ ਤਾਂ ਮਿਲ ਗਿਆ ਹੈ... ਪਰ.... ਪਰ...???

**ਪਤਾ-ਪਿੰਡ ਧਾਰੀਵਾਲ, ਤਹਿ. ਪੱਟੀ, ਜ਼ਿਲ੍ਹਾ ਤਰਨਤਾਰਨ-143416**

## ਕੱਠਪੁਤਲੀ / ਬਲਵੀਰ ਕੌਰ ਰੀਹਲ

ਕਾਲਜ਼ 'ਚ ਨਵੀਂ ਮੈਡਮ ਆਈ ਹੈ, ਪਤਲੀਆਂ ਪਤਲੀਆਂ ਲੱਤਾਂ ਹਨ ਘੁੱਟਮੀ ਪਜ਼ਾਮੀ ਹੀ ਪਾਉਂਦੀ ਹੈ, ਸੂਟ ਉਹਦੇ ਸਲੀਵਲੈਸ ਹਨ, ਅੱਖਾਂ ਉਹਦੀਆਂ 'ਚ ਨਸ਼ਾ ਜਿਹਾ ਹੈ, ਠੁਮਕਦੀ ਫਿਰਦੀ ਹੈ। ਧਰਤੀ 'ਤੇ ਪੱਬ ਨਹੀਂ ਟਿਕਦੇ, ਲੋਹੜੇ ਦੀ ਜੁਆਨੀ ਹੈ। ਹੁਸਨ ਠਾਠਾਂ ਮਾਰਦਾ ਹੈ। ਮੇਰੇ ਕੋਲੋਂ ਰਿਹਾ ਨਹੀਂ ਜਾਂਦਾ, ਮੈਂ ਉਹਨੂੰ ਵਾਰ ਵਾਰ ਚੋਰ ਅੱਖ ਨਾਲ ਤੱਕਦਾ ਹਾਂ, ਮੇਰੀ ਨਿਗਾਹ ਉਹਦੀਆਂ ਪਤਲੀਆਂ ਲੱਤਾਂ ਵੱਲ ਜਾਂਦੀ ਹੈ, ਕਦੇ ਉਹਦੇ ਬਾਕੀ ਲਿਬਾਸ ਵਲ।

ਮੇਰੇ ਅੰਦਰ ਇੱਕ ਝਰਨਾਹਟ ਜਿਹੀ ਛਿੜ ਰਹੀ ਹੈ, ਦਿਲ ਕਰਦਾ ਹੈ ਮੈਂ ਉਹਦੇ ਵੱਲ ਤੱਕੀ ਹੀ ਜਾਵਾਂ। ਫਿਰ ਮੈਨੂੰ ਬਾਕੀ ਸਟਾਫ਼ ਰੂਮ 'ਚ ਬੈਠੇ ਪ੍ਰੋਫੈਸਰਾ ਦਾ ਖਿਆਲ ਆਉਂਦਾ ਹੈ, ਮੈਂ ਜਾਣ ਬੁੱਝ ਕੇ ਅਖਬਾਰ ਪੜ੍ਹਨ ਦਾ ਬਹਾਨਾ ਕਰ ਰਿਹਾ ਹਾਂ, ਅਖਬਾਰ 'ਚੋਂ ਤਾਂ ਮੈਂ ਇੱਕ ਵੀ ਖਬਰ ਨਹੀਂ ਪੜ੍ਹੀ। ਨਵੀਂ ਆਈ ਮੈਡਮ ਨੇ ਤਾਂ ਸ਼ਾਂਤ ਪਾਣੀ 'ਚ ਜਿਵੇਂ ਢੀਮ ਮਾਰ ਦਿੱਤੀ ਹੋਵੇ।

ਪ੍ਰੋ. ਸ਼ਰਮਾ ਮੈਨੂੰ ਅਵਾਜ਼ਾਂ ਦੇਈ ਜਾ ਰਹੇ ਹਨ, "ਚੱਲੋ ਡਾ. ਸਾਹਿਬ ਕੈਨਟੀਨ ਚੱਲੀਏ, ਚਾਹ ਪੀ ਕੇ ਆਈਏ, ਲਗਾਤਾਰ ਕਈ ਪੀਰੀਅਡ ਲੱਗ ਗਏ, ਚੱਜ ਦੀ ਚਾਹ ਨਹੀਂ ਮਿਲੀ।"

ਡਾ. ਸ਼ਰਮਾ ਮੇਨਕਾ ਵਾਂਗ ਮੇਰੀ ਤਪੱਸਿਆ ਭੰਗ ਕਰ ਗਿਆ ਹੈ, ਮੈਂ ਕਿੰਨੇ ਖੂਬਸੂਰਤ ਖਿਆਲਾਂ 'ਚ ਨਵੀਂ ਮੈਡਮ ਨਾਲ ਗੁਆਚਿਆ ਹੋਇਆ ਸੀ।

ਮੈਂ ਆਪਣਾ ਹੱਥ ਆਪਣੀ ਦਾਹੜੀ ਤੇ ਫੇਰਦਾ ਹਾਂ, ਮੇਰੀ ਭਗਤੀ ਟੁੱਟ ਜਾਂਦੀ ਹੈ, ਇੱਕ ਦਮ ਮੈਨੂੰ ਆਪਣੀ ਉਮਰ ਦਾ ਖਿਆਲ ਆਉਂਦਾ ਹੈ, ਹੁਣ ਨੂੰ ਤਾਂ ਮੈਡਮ ਦੀ ਉਮਰ ਦੇ ਮੇਰੇ ਨਿਆਣੇ ਹੋਣੇ ਸਨ।

ਪ੍ਰੋ. ਸ਼ਰਮਾ ਮੈਨੂੰ ਮੱਲੋ ਜੋਰੀ ਕੈਨਟੀਨ ਲੈ ਗਿਆ ਹੈ, ਚਾਹ ਦਾ ਕੱਪ ਭਾਵੇਂ ਮੇਰੇ ਹੱਥ 'ਚ ਹੈ, ਮੈਨੂੰ ਪਤਾ ਹੀ ਨਹੀਂ ਚੱਲਿਆ ਮੈਂ ਕਦੋਂ ਦਾ ਚਾਹ ਖਤਮ ਕਰੀ ਬੈਠਾ ਹਾਂ। ਪ੍ਰੋ. ਸ਼ਰਮਾ ਮੈਨੂੰ ਚਾਹ ਦੇ ਸੁਆਦ ਬਾਰੇ ਪੁੱਛਦਾ ਹੈ। "ਕਿਹੋ ਜਿਹੀ ਲੱਗੀ ਯਾਰਾਂ ਦੀ ਚਾਹ।" ਪਰ ਮੈਂ ਨਿਰਉੱਤਰ ਹਾਂ।

ਪ੍ਰੋ. ਸ਼ਰਮਾ ਜਦੋਂ ਮੂਡ 'ਚ ਹੁੰਦਾ ਹੈ ਤਾਂ ਉਹਨੇ ਸਾਰੇ ਕਾਲਜ ਦੀਆਂ ਗੱਲਾਂ ਮੈਨੂੰ ਸੁਣਾਉਣੀਆਂ ਹੁੰਦੀਆਂ ਹਨ, "ਫਲਾਣੀ ਮੈਡਮ ਦਾ ਫਲਾਣੇ ਸਰ ਨਾਲ ਚੱਕਰ ਹੈ, ਪ੍ਰੋ. ਬਾਜਵੇ ਦੀ ਕੁੜੀ ਭੱਜ ਗਈ, ਪ੍ਰੋ. ਹਾਂਡੇ ਦੀ ਆਪਣੀ ਘਰ ਵਾਲੀ ਨਾਲ ਨਹੀਂ ਬਣਦੀ, ਪ੍ਰੋ. ਬੰਗਾ ਘਰੋਂ ਆਉਂਦੀ ਆਪਣੇ ਪਤੀ ਨਾਲ ਹੈ, ਰਸਤੇ 'ਚ ਹੋਰ ਹੀ ਬੰਦੇ ਤੋਂ ਰੋਜ ਪੱਕੀ ਲਿਫਟ ਲੈਂਦੀ ਹੈ, ਆਹ ਨਵੇਂ ਮੁੰਡੇ ਕੁੜੀਆਂ ਵੱਲ ਵੇਖ ਐ ਲੱਗਦੇ ਆ ਪ੍ਰੋਫੈਸਰ, ਬੇੜਾ ਤਾਂ ਗਰਕ ਇਨ੍ਹਾਂ ਨੇ ਕੀਤਾ ਹੋਇਆ।" ਮੈਂ ਹਾਂ ਹੂੰ ਹੀ ਕਰ ਛੱਡਦਾ ਹਾਂ।

ਪ੍ਰੋ. ਸ਼ਰਮਾ ਫਿਰ ਮੈਨੂੰ ਦੱਸਣ ਲੱਗੂਗਾ, "ਆਹ ਜਿਹੜਾ ਬੀ. ਐੱਡ ਵਾਲਾ ਸਰ ਆ, ਇਹ ਸਾਲਾ ਪੂਰਾ ਹਰਾਮੀ ਆ, ਬੀ. ਐੱਡ ਦੀਆਂ ਕੁੜੀਆਂ ਨ੍ਹੀਂ ਬਖਸ਼ਦਾ ਵੱਧ ਨੰਬਰ ਲੁਆਉਣ ਦੇ ਚੱਕਰ 'ਚ ਕੁੜੀਆਂ ਇਹਦੇ ਝਾਸੇ ਵਿਚ ਆ ਜਣਗੀਆਂ।"

ਫਿਰ ਮੈਡਮ ਬਸਰਾ ਦੀ ਗੱਲ ਲੈ ਬੈਠੂ ਮੇਰੇ ਕੋਲ, "ਇਹਨੇ ਵਿਆਹ ਨਹੀਂ ਕਰਵਾਇਆ, ਇਹ ਤੇ ਕਾਲਜ ਦਾ ਫੁੱਫੜ ਕਿਹੜਾ ਜੱਗੋ ਬਾਹਰੇ ਆ।" ਮੈਨੂੰ ਪ੍ਰੋ. ਸ਼ਰਮਾ ਦੀਆਂ ਗੱਲਾਂ ਉਕਤਾ ਰਹੀਆਂ ਹਨ, ਮੇਰਾ ਅੱਜ ਕਾਲਜ਼ ਮਨ ਨਹੀਂ ਲੱਗਦਾ, ਮੈਂ ਹਾਫ ਡੇਅ ਲੈ ਕੇ ਘਰ ਗਿਆ ਹਾਂ।

ਮੇਰੇ ਨਾਂ ਮੋਹਰੇ ਡਾ. ਲੱਗ ਗਿਆ ਹੈ, ਧੱਕੇ ਖਾ ਖਾ ਕੇ ਪੜ੍ਹਾਈ ਕੀਤੀ, ਕਿੰਨੇ ਮਿੰਨਤਾਂ ਤਰਲੇ ਕਰਕੇ ਮੈਂ ਪੀਐਚ. ਡੀ. ਕੀਤੀ। ਬੜਾ ਕੁੱਤਾ ਸੀ ਮੇਰਾ ਗਾਈਡ, ਉਹਦੇ ਕੋਲ ਪੰਜ ਕੁੜੀਆਂ ਪੀਐਚ. ਡੀ. ਕਰਦੀਆਂ ਸਨ, ਉਨ੍ਹਾਂ ਦੀ ਪੀਐੱਚ. ਡੀ. ਮੇਰੇ ਮਗਰੋਂ ਸ਼ੁਰੂ ਹੋਈ, ਪਹਿਲਾਂ ਹੀ ਨੇਮ ਪਲੇਟ ਅੱਗੇ ਡਾ. ਲੱਗ ਗਿਆ। ਅੰਦਰ ਖਾਤੇ ਕੀ ਰਿੱਝਦਾ ਹੈ, ਮੈਥੋਂ ਕੋਈ ਬਾਹਰਾ ਨਹੀਂ ਹੈ। ਗਾਈਡ ਮੇਰੇ ਮੂੰਹੋਂ ਗਾਲਾਂ ਖਾਂਦਾ ਹੈ, ਦਿਲ ਕਰਦਾ ਸੀ, ਉਹਦੀ ਧੌਣ ਸਿਰ ਨਾਲੋਂ ਅਲੱਗ ਕਰ ਦਿਆ, ਕੁੜੀਆਂ ਨੂੰ ਉਹ ਪੀ ਐੱਚ ਡੀ ਦੇ ਦਾਅ ਪੇਚ ਘਰ ਬੁਲਾ ਕੇ ਐਤਵਾਰ ਵਾਲੇ ਦਿਨ ਸਮਝਾਉਂਦਾ ਹੁੰਦਾ ਸੀ।



ਮੈਂ ਸਾਰੀ ਸਾਰੀ ਰਾਤ ਟੌਪਿਕ ਤਿਆਰ ਕਰਨ ਨੂੰ ਲਾਉਣੀ। ਮੇਰੇ ਕੀਤੇ ਕੰਮ ਤੇ ਸਵੇਰੇ ਉਹਨੇ ਕਾਂਟਾ ਫੇਰ ਦੇਣਾ। ਮੈਂ ਕੁੱਝ ਬੋਲ ਵੀ ਨਹੀਂ ਸਕਦਾ ਸੀ। ਮੈਂ ਤਾਂ ਪੀਐੱਚ. ਡੀ. ਕਰਨੀ ਸੀ। ਕਾਲਜ ਵਧੀਆ ਨੌਕਰੀ ਲੈਣੀ ਸੀ।

ਮੇਰੇ ਸਿਰ ਦੇ ਵਾਲ ਚਿੱਟੇ ਹੋ ਗਏ, ਘਰ ਦੇ ਬਥੇਰਾ ਆਖਣ, "ਕਾਕਾ ਵਿਆਹ ਕਰਵਾ ਲੈ, ਅਸੀਂ ਵੀ ਬੁੱਢੇ ਬਾਰੇ ਕੋਈ ਸੁੱਖ ਵੇਖ ਲਵਾਂਗੇ। ਤੇਰੇ ਨਿਆਣੇ ਖਿਡਾਵਾਗੇ। ਘਰ 'ਚ ਰੌਣਕ ਵਧੂਗੀ।" ਪਰ ਮੈਂ ਟੱਸ ਤੋਂ ਮੱਸ ਨਾ ਹੋਇਆ।

ਡਾ. ਬਣ ਗਿਆ, ਬਿਮਾਰੀਆਂ ਦਾ ਨਹੀਂ ਕਿਤਾਬਾਂ ਦਾ ਡਾਕਟਰ। ਬਿਮਾਰੀਆਂ ਦਾ ਬਣਦਾ ਤਾਂ ਹੁਣ ਨੂੰ ਪੰਜ ਸੱਤ ਕੋਠੀਆਂ ਖੜੀਆਂ ਕਰ ਲੈਣੀਆਂ ਸੀ, ਲੋਕਾਂ ਦੀ ਵੱਢ ਟੁੱਕ ਕਰਕੇ।

ਢੇਰਾ ਦੇ ਢੇਰ ਕਿਤਾਬਾਂ ਦੇ ਪੜ੍ਹ ਲਏ। ਘਰ ਦਿਆ ਦਾ ਕਹਿਣਾ ਨਾ ਮੰਨਿਆ, ਮੈਂ ਅਜੇ ਵਿਆਹ ਨਹੀਂ ਕਰਵਾਉਣਾ। ਬੀਬੀ ਭਾਪਾ ਤਾਂ ਮੇਰੇ ਪਿੱਛੇ ਕਲਪਦੇ ਤੁਰ ਗਏ, ਮੈਂ ਆਪਣੀ ਜਿੱਦ 'ਤੇ ਅੜ੍ਹਿਆ ਰਿਹਾ। ਨੌਕਰੀ ਮਿਲੀ ਪੰਜ ਹਜ਼ਾਰ ਦੀ, ਉਹ ਵੀ ਸੱਤ ਮਹੀਨਿਆਂ ਲਈ ਐਡਹਾਕ।

ਕਈ ਵਾਰੀ ਕੁੜੀ ਵਾਲੇ ਰਿਸ਼ਤਾ ਲੈ ਕੇ ਵੀ ਆਉਂਦੇ, ਇੱਕ ਤਾਂ ਮੇਰਾ ਹੀ ਮਨ ਨਾ ਹੁੰਦਾ, ਦੂਜਾ ਕੁੜੀ ਵਾਲੇ ਮੇਰੀ ਤਨਖਾਹ ਸੁਣ ਕੇ ਹੀ ਮੁੜ ਕੋਈ ਹਾਂ ਨਾਂਹ ਨਾ ਕਰਦੇ। ਪੀਐਡ. ਡੀ. ਬੰਦਾ ਐਡਹਾਕ ਜਾਬ ਹੋਵੇ ਉੱਪਰੋ ਉਹਦੇ ਨਾਲ ਉਹਨਾਂ ਕੁੜੀ ਵਿਆਹ ਕੇ ਭੁੱਖਾ ਥੋੜਾ ਮਾਰਨੀ ਸੀ।

ਜਦੋਂ ਮੈਂ ਪੀਐਚ. ਡੀ. ਕਰਦਾ ਸੀ, ਮੇਰੇ ਨਾਲ ਹੀ ਇੱਕ ਕੁੜੀ ਪੀਐਚ. ਡੀ. ਕਰਦੀ ਸੀ। ਮੈਨੂੰ ਅੰਦਰੋਂ ਅੰਦਰੀ ਬੜੀ ਚੰਗੀ ਲੱਗਦੀ ਸੀ, ਉਹ ਵੀ ਮੈਨੂੰ ਅੰਦਰੋਂ ਅੰਦਰੀ ਚਾਹੁੰਦੀ ਸੀ। ਮੇਰਾ ਉਹਦੇ ਨਾਲ ਵਿਆਹ ਤਾਂ ਹੋ ਜਾਣਾ ਸੀ। ਪਰ ਮੇਰਾ ਤੇ ਉਹਦਾ ਗਾਈਡ ਇਕੋ ਹੀ ਸੀ, ਮੇਰੇ ਗਾਈਡ ਨੇ ਮੈਥੋਂ ਸੈਦੇ ਵਾਂਗ ਉਹ ਖੋਹ ਲਈ, ਪਰ ਮੈਂ ਮਿਰਜ਼ਾ ਨਹੀਂ ਸੀ, ਜਿਹੜਾ ਉਹਨੂੰ ਕੱਢ ਲਿਆਉਂਦਾ। ਭੁੱਖ ਨੰਗ ਵਿਚ ਮਸੀਂ ਤਾਂ ਮੈਂ ਪੀਐਚ. ਡੀ. ਕਰਨੀ ਸੀ, ਕੀਤੀ ਕਰਾਈ ਸਭ ਖੂਹ 'ਚ ਪੈ ਜਾਣੀ ਸੀ। ਨਾ ਹੀ ਉਹ ਹੀਰ ਤੇ ਸਾਹਿਬਾ ਸੀ ਤੇ ਨਾ ਹੀ ਮੈਂ ਰਾਂਝਾ ਤੇ ਮਿਰਜ਼ਾ।

ਬੇਸ਼ੱਕ ਮੈਂ ਘਰ ਹਾਫ ਡੇਅ ਲੈ ਕੇ ਆਇਆ ਹਾਂ, ਪਰ ਮੇਰੀ ਬੇਚੈਨੀ ਪਹਿਲਾਂ ਨਾਲੋਂ ਵੀ ਵਧੀ ਹੋਈ ਹੈ, ਅੱਧੀ ਰਾਤ ਹੋ ਚੱਲੀ ਹੈ। ਅੱਜ ਅਸਮਾਨ ਤੇ ਤਾਰੇ ਵੀ ਮੈਨੂੰ ਸੋਹਣੇ ਨਹੀਂ ਲੱਗਦੇ। ਮੈਨੂੰ ਨਵੀਂ ਆਈ ਮੈਡਮ ਦਾ ਫਿਰ ਖਿਆਲ ਆਉਂਦਾ ਹੈ, ਮੇਰੀ ਪਲ ਕੁ ਅੱਖ ਲੱਗੀ, ਉਹਨੇ ਮੇਰੇ ਗਲ 'ਚ ਬਾਹਾਂ ਪਾਈਆਂ ਹੋਈਆਂ ਹਨ, ਖਿੜ ਖਿੜ ਹੱਸ ਰਹੀ ਹੈ, ਮੈਂ ਅੱਧ ਨੀਂਦਰੇ ਤੋਂ ਜਾਗਦਾ ਹਾਂ। ਕੁਰਸੀ ਤੋਂ ਡਿੱਗਣੋਂ ਮਸਾਂ ਮਸਾਂ ਹੀ ਬਚਦਾ ਹਾਂ।

ਪੰਦਰਾਂ ਸਾਲਾਂ 'ਚ ਮੈਂ ਗਿਆਰਾ ਬਾਰਾਂ ਕਾਲਜ਼ ਬਦਲ ਚੁੱਕਿਆ ਹਾਂ। ਗੌਰਮਿੰਟ ਵੀ ਅਜੀਬ ਹੈ, ਪਤਾ ਨਹੀਂ ਕਿੱਡਾ ਵੱਡਾ ਗੌਰਮਿੰਟ ਦਾ ਢਿੱਡ ਹੈ, ਜਿਹੜਾ ਭਰਦਾ ਹੀ ਨਹੀਂ, ਦੂਜੇ ਪਾਸੇ ਗੌਰਮਿੰਟ ਨੂੰ ਲੱਗਦਾ ਹੈ ਕਿ ਸਾਡੇ ਵਰਗੇ ਲੋਕਾਂ ਦਾ ਕੋਈ ਢਿੱਡ ਹੀ ਨਹੀਂ ਹੁੰਦਾ।

ਕਿੰਨੇ ਸਾਲ ਹੋ ਗਏ, ਗੌਰਮਿੰਟ ਨੇ ਕਾਲਜਾਂ ਦੀਆਂ ਪੱਕੀਆਂ ਪੋਸਟਾਂ ਬੈਨ ਕੀਤੀਆਂ ਹੋਈਆਂ ਹਨ, ਚਾਰ ਵਰ੍ਹੇ ਪਹਿਲਾਂ ਗੌਰਮਿੰਟ ਨੇ ਇਸ਼ਤਿਹਾਰ ਦਿੱਤਾ ਸੀ ਪੱਕੀਆਂ ਅਸਾਮੀਆਂ ਲਈ ਮੈਂ, ਅਪਲਾਈ ਵੀ ਕੀਤਾ, ਮੁੜ ਗੌਰਮਿੰਟ ਲੱਗਦਾ ਸੌਂਅ ਹੀ ਗਈ ਹੈ, ਉਹ ਤਾਂ ਹੱਥਕੰਡਾ ਸੀ ਵੋਟਾਂ ਹਥਿਆਉਣ ਦਾ।

ਕਾਲਜਾਂ ਦੀਆਂ ਕਮੇਟੀਆਂ ਵੀ ਬੜੀਆਂ ਚੁਸਤ ਹਨ, ਥਾਂ ਥਾਂ ਬਾਬਿਆਂ ਦੇ ਡੇਰੇ ਖੁੱਲੇ ਹੋਏ ਹਨ ਤੇ ਖੁੰਬਾਂ ਵਾਂਗ ਬਾਬਿਆਂ ਨੇ ਧੜਾਧੜ ਕਾਲਜ ਖੋਲ ਦਿੱਤੇ ਹਨ। ਲੋਕਾਂ ਦੀ ਲੁੱਟ ਦੇ ਅੱਡੇ ਬਣ ਗਏ ਹਨ, ਇਹ ਦੁਕਾਨਾਂ ਰੂਪੀ ਕਾਲਜ ਵਿੱਦਿਆਰਥੀ ਤਬਕਾ ਘੱਟ ਲੁੱਟ ਦਾ ਸ਼ਿਕਾਰ ਹੋ ਰਿਹਾ, ਵੱਧ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ ਪ੍ਰੋ. ਵਰਗ। ਮੈਂ ਬਾਬਿਆਂ ਨੂੰ ਪੰਜ ਹਜ਼ਾਰ ਦੀ ਨੌਕਰੀ ਲਈ ਜੁਆਬ ਦੇ ਆਇਆ, ਉਹਨਾਂ ਨੂੰ ਅਗਲੇ ਦਿਨ ਹੀ ਪੰਤਾਲੀ ਸੌ ਤੇ ਨਵਾਂ ਚਮਚਾ ਮਿਲ ਗਿਆ।

ਗੱਲ ਯਾਦ ਆਈ ਹੈ ਚਮਚੇ ਤੋਂ, ਮੈਂ ਅੱਜ ਤੱਕ ਕਿਸੇ ਵੀ ਪ੍ਰਿੰਸੀਪਲ ਦਾ ਚਹੇਤਾ ਚਮਚਾ ਕਿਉਂ ਨਹੀਂ ਬਣ ਸਕਿਆ? ਜਿਸ ਕਾਲਜ ਜਾਵਾਂ, ਕੰਮ ਵੀ ਬਥੇਰੇ ਕਰੀਦੇ ਆ, ਨਿਆਣੇ ਵੀ ਵਧੀਆ ਤਰੀਕੇ ਨਾਲ

ਪੜ੍ਹਾਈ ਦਾ ਆ, ਪਤਾ ਨਹੀਂ ਕਿਉਂ ਅਗਲੇ ਵਰ੍ਹੇ ਪ੍ਰਿੰਸੀਪਲ ਜੁਆਇੰਨ ਕਿਸੇ ਹੋਰ ਨੂੰ ਹੀ ਕਰਵਾ ਜਾਂਦਾ ਹੈ, ਮੈਨੂੰ ਫਿਰ ਨਵਾਂ ਕਾਲਜ ਲੱਭਣਾ ਪੈਂਦਾ। ਜਿਹੜੇ ਪੰਜ ਸੱਤ ਪੱਕੇ ਪ੍ਰੋ. ਆ ਉਹਨਾਂ ਦੇ ਸਿਰ ਤੇ ਕਾਲਜ ਚੱਲੇ ਤਾਂ ਸਾਰਾ ਕਾਲਜ਼ ਫੇਲਾਂ ਦਾ ਹੀ ਹੋਊ। ਉਹ ਤਾਂ ਘਰੋਂ ਚਾਹ ਪੀਣ ਹੀ ਆਉਣਗੇ। ਵੱਧ ਕੰਮ ਵੀ ਐਡਹਾਕ ਵਾਲੇ ਹੀ ਕਰਨਗੇ, ਵਾਧੂ ਕਲਾਸਾਂ ਵੀ ਐਡਹਾਕ ਵਾਲੇ ਹੀ ਲਾਉਣਗੇ। ਰੇਗੂਲਰ ਪ੍ਰੋਫੈਸਰਾਂ ਨੂੰ ਤਾਂ ਗੱਲਾਂ ਕਰਨ, ਚਾਹ ਪੀਣ ਤੇ ਕਾਲਜ ਆ ਕੇ ਸੌਫਿਆ ਤੇ ਸੌਣ ਦੀਆਂ ਤਨਖਾਹਾ ਮਿਲਦੀਆਂ।

ਪੰਜ ਕੁ ਵਰ੍ਹੇ ਪਹਿਲਾਂ ਮੈਂ ਰੋਪੜ ਲਾਗੇ ਪੜ੍ਹਾਉਂਦਾ ਸੀ। ਪਿੰ. ਦਾ ਮੈਂ ਬਹੁਤ ਮਾਣ ਸਤਿਕਾਰ ਕਰਦਾ ਸੀ, ਕਦੇ ਕੋਈ ਕਹਿਣਾ ਨਹੀਂ ਮੋੜਦਾ ਸੀ, ਜੋ ਵੀ ਉਹ ਕੰਮ ਕਹਿੰਦਾ, ਮੈਂ ਸਭ ਕੰਮ ਕਰੀ ਜਾਂਦਾ।

ਇੱਕ ਦਿਨ ਆਈ ਯੂਨੀਵਰਸਿਟੀ ਤੋਂ ਟੀਮ ਚੈਕਿੰਗ ਕਰਨ ਵਾਸਤੇ। ਉਹ ਇਕੱਲੇ ਇਕੱਲੇ ਦੀ ਤਨਖਾਹ ਪੁੱਛਣ ਲੱਗੀ, ਮੈਨੂੰ ਜੋ ਮਿਲਦਾ ਸੀ, ਮੈਂ ਉਹ ਹੀ ਸੱਚ ਦੱਸਿਆ, ਉਹ ਸੱਚ ਨਹੀਂ ਦੱਸਿਆ ਜਿਹੜਾ ਪ੍ਰਿੰ. ਦਸਤਖਤ ਜਾਅਲੀ ਕਰਵਾ ਕੇ ਵਧ ਤਨਖਾਹ ਬੈਂਕ ਭੇਜਦਾ, ਫਿਰ ਮੁੜ ਕੇ ਦੁਆਰਾ ਕਾਲਜ ਨੂੰ ਪੈਸੇ ਵਾਪਸ ਕਰਵਾਉਂਦਾ।

ਮੈਂ ਕਮੇਟੀ ਨੂੰ ਆਖਿਆ, ਇੱਕ ਤਾਂ ਸਾਨੂੰ ਤਨਖਾਹਾਂ ਵੱਧ ਮਿਲਣੀਆਂ ਚਾਹੀਦੀਆਂ, ਦੂਜੀ ਗੱਲ ਜੋ ਮੈਂ ਆਖੀ, ਉਹ ਇਹ ਸੀ, ਸਾਨੂੰ ਸੱਤ ਮਹੀਨੇ ਨਹੀਂ ਬਾਰਾਂ ਮਹੀਨੇ ਕਾਲਜ ਰੱਖਿਆ ਜਾਵੇ, ਸਾਨੂੰ ਰਲੀਵ ਨਾ ਕੀਤਾ ਜਾਵੇ, ਕੀ ਪੰਜ ਮਹੀਨੇ ਸਾਨੂੰ ਭੁੱਖ ਨਹੀਂ ਲੱਗਦੀ। ਸਾਡੇ ਵੀ ਢਿੱਡ ਲੱਗਾ ਹੋਇਆ।

ਮੀਟਿੰਗ ਵਿਚ ਪ੍ਰਿੰ. ਤਾਂ ਹਾਜ਼ਰ ਨਹੀਂ ਸੀ, ਕਮੇਟੀ ਅਜੇ ਮਗਰੋਂ ਗਈ, ਹੋ ਸਕਦਾ ਮੇਰੇ ਦੁਸ਼ਮਣ ਹੋਣ ਜਾਂ ਪ੍ਰਿੰ. ਦੇ ਚਹੇਤੇ ਪਤਾ ਨਹੀਂ ਅੰਦਰ ਜਾ ਕੇ ਕੀ ਖਿਚੜੀ ਪੱਕੀ। ਮੇਰੀ ਉਸ ਕਾਲਜ ਤੋਂ ਛੁੱਟੀ ਹੋ ਚੁੱਕੀ ਸੀ। ਮੈਨੂੰ ਤਾਂ ਪ੍ਰਿੰ. ਦੀ ਨਰਾਜ਼ਗੀ ਕਈ ਵਰ੍ਹਿਆ ਮਗਰੋਂ ਪਤਾ ਚੱਲੀ। ਮੈਂ ਸੱਚੇ ਦਿਲੋਂ ਆਖਦਾ, ਮੇਰੀ ਪ੍ਰਿੰਸੀਪਲ ਨਾਲ ਕੋਈ ਦੁਸ਼ਮਣੀ ਨਹੀਂ ਸੀ, ਮੈਂ ਹੁਣ ਵੀ ਪ੍ਰਿੰ. ਦਾ ਸਤਿਕਾਰ ਕਰਦਾ। ਮੈਂ ਦਿਲੋਂ ਚਾਹੁੰਦਾ ਕਿ ਹੁਣ ਵੀ ਪ੍ਰਿੰ. ਨੂੰ ਜਾ ਕੇ ਆਖਾਂ, "ਮੈਂ ਜੋ ਕਿਹਾ ਸੀ ਉਹ ਠੀਕ ਹੀ ਕਿਹਾ ਸੀ, ਮੈਨੂੰ ਸੱਤ ਮਹੀਨੇ ਨਹੀਂ ਬਾਰਾਂ ਮਹੀਨੇ ਰੋਟੀ ਚਾਹੀਦੀ ਸੀ, ਮੇਰੇ ਢਿੱਡ ਨੂੰ 365 ਦਿਨ ਭੁੱਖ ਲੱਗਦੀ ਹੈ ਨਾ ਕਿ ਸੱਤ ਮਹੀਨੇ।

ਮੇਰਾ ਧਿਆਨ ਅੱਜ ਵੱਖੋ ਵੱਖਰੇ ਕਾਲਜ ਉਨ੍ਹਾਂ ਦੇ ਪ੍ਰਿੰਸੀਪਲ, ਕਮੇਟੀਆਂ, ਸਟਾਫ ਦੀਆਂ ਵਿਰੋਧੀ ਪਾਰਟੀਆਂ, ਸਭ ਕੁਝ ਘੁੰਮ ਰਿਹਾ ਹੈ।

ਪ੍ਰਿੰਸੀਪਲ ਤੇ ਕਮੇਟੀਆਂ ਅੰਦਰੋਂ ਰਲ ਕੇ ਸਭ ਕੁਝ ਮਿਲੀ ਭੁਗਤ ਨਾਲ ਕਰਦੀਆਂ ਪ੍ਰਿੰ. ਨੇ ਤਾਂ ਵੱਧ ਤੋਂ ਵੱਧ ਫਾਇਦਾ ਕਰਨਾ ਹੁੰਦਾ ਬਾਬਿਆਂ ਦਾ ਤੇ ਕਮੇਟੀਆਂ ਨੂੰ ਖੁਸ਼ ਕਰਨ ਦਾ। ਪ੍ਰਿੰਸੀਪਲ ਕਮੇਟੀ ਨਾਲ ਰਲ ਕੇ ਪ੍ਰੋ. ਦਾ ਗਲਾ ਵੱਢਣ 'ਚ ਕਸਰ ਨਹੀਂ ਛੱਡੂਗਾ। ਹੁੰਦਾ ਕੀ ਹੈ, ਬਾਬਿਆਂ ਨੇ ਸਰਕਾਰੀ ਰਿਟਾਇਰ ਲੈਕਚਰਾਰ ਲਿਆ ਕੇ ਪ੍ਰਿੰ. ਲਾ ਦੇਣਾ ਹੁੰਦਾ ਹੈ, ਉਹ ਰਿਟਾਇਰ ਪ੍ਰਿੰ ਇੱਕ ਪਾਸੇ ਤਾਂ ਬਾਬਿਆਂ ਕੋਲੋਂ ਕਮੀਨਗੀਆਂ ਕਰ ਕਰ ਕੇ ਵੱਧ ਤਨਖਾਹ ਲਵੇਗਾ, ਦੂਜੇ ਬੰਨੇ ਉਹ ਆਪਣੀ ਸਰਕਾਰੀ ਪੈਨਸ਼ਨ ਲੈ ਰਿਹਾ ਹੁੰਦਾ ਹੈ। ਉਹਦਾ ਆਪਣਾ ਕੋਈ ਨਿੱਜੀ ਹਿੱਤ ਨਹੀਂ ਹੁੰਦਾ, ਉਹ ਕਿਉਂ ਬਾਬਿਆਂ ਨਾਲ ਪੰਗਾ ਲਊ। ਉਹ ਤਾਂ ਬਾਬਿਆਂ ਨੂੰ ਲੈ ਕੇ ਦੇਓ ਸੋਫੇ ਤੇ ਹੋਰ ਗਿਫਟਾਂ।

ਮੇਰਾ ਤਾਂ ਦਿਲ ਕਰਦਾ ਸੀ ਕੁੱਕੜ ਪ੍ਰਿੰ. ਦਾ ਗਾਟਾ ਲਾਹ ਦਿਆ। ਜਿੱਦਣ ਉਹਨੇ ਸਾਰਾ ਐਡਹਾਕ ਸਟਾਫ ਸੱਤ ਮਹੀਨਿਆਂ ਤੋਂ ਪਹਿਲਾਂ ਹੀ ਰੀਲੀਵ ਕਰ ਦਿੱਤਾ। ਉਹ ਬਾਬਿਆਂ ਨੂੰ ਦੱਸਣਾ ਚਾਹੁੰਦਾ ਸੀ, ਪ੍ਰੋਫੈਸਰਾ ਨੂੰ ਪਹਿਲਾਂ ਕੱਢ ਕੇ ਮੈਂ ਤੁਹਾਨੂੰ ਇੰਨੇ ਦਿਨਾਂ ਦੇ ਪੈਸੇ ਬਚਾਅ ਕੇ ਦੇ ਰਿਹਾ ਹਾਂ। 95% ਏਡਿਡ ਕਾਲਜਾਂ 'ਚ ਜੇ ਕੋਈ ਪੋਸਟ ਖਾਲੀ ਹੁੰਦੀ ਆ ਤਾਂ ਉਹ ਮੁੜ ਬੈਨ ਕਰਕੇ ਭਰੀ ਨਹੀਂ ਜਾਂਦੀ, ਕਮੇਟੀਆਂ ਪੱਲਿਓਂ ਪੈਸੇ ਖਰਚ ਕਰਕੇ ਪੱਕਾ ਬੰਦਾ ਰੱਖਦੀਆਂ ਨਹੀਂ। ਇੱਕ ਪੱਕੇ ਬੰਦੇ ਨੂੰ ਜਿੰਨੀ ਉਹਨਾਂ ਨੇ ਤਨਖਾਹ ਦੇਣੀ ਆ, ਉਹਦੇ 'ਚ ਤਾਂ ਉਹ ਰੱਖਣਗੇ ਪੰਜ ਪ੍ਰੋਫੈਸਰ ਕਮੇਟੀਆਂ ਤੇ ਬਾਬੇ ਤਾਂ ਹੋ ਗਏ ਹਨ ਹਾਈਟੈਕ। ਬਾਬਿਆਂ ਕੋਲ ਇਹ ਡੰਗ ਟਪਾਊ ਕਾਲਜ਼ ਹੋ ਗਏ ਹਨ ਮਾਇਆ ਇਕੱਠੀ ਕਰਨ ਦਾ ਇੱਕ ਹੋਰ ਜ਼ਰੀਆ, ਲੁੱਟ ਲਓ ਲੋਕਾਂ ਨੂੰ ਦੋਹੀਂ ਹੱਥੀਂ।

ਰਾਤ ਦਾ ਅੱਧਾ ਪਹਿਰ ਬੀਤ ਚੁੱਕਾ ਹੈ, ਮੈਂ ਅੱਜ ਬਹੁਤ ਬੇਚੈਨ ਹਾਂ। ਪਿਛਲੇ ਵਰ੍ਹੇ ਮੈਂ ਮਿੰਨਤਾਂ ਤਰਲੇ ਕਰਕੇ ਆਪਣੀ ਡਿਊਟੀ ਪੇਪਰ ਮਾਰਕਿੰਗ ਦੀ ਲੁਆ ਲਈ। ਯੂਨੀਵਰਸਿਟੀ ਨੇ ਉਨ੍ਹਾਂ ਪ੍ਰੋਫੈਸਰਾਂ ਦੀ ਲਿਸਟ



ਉੱਪਰ ਰੱਖਣੀ ਹੁੰਦੀ ਹੈ, ਜਿਹਨਾਂ ਨੇ ਸਾਰਾ ਸਾਲ ਕਾਲਜ਼ 'ਚ ਕੁਝ ਪੜਾਉਂਣਾ ਨਹੀਂ ਹੁੰਦਾ ਤੇ ਤਨਖਾਹਾਂ ਵੀ ਲੈਣੀਆਂ ਪਰਮਾਨੈਂਟ ਸਟਾਫ਼ ਹੋਣ ਕਰਕੇ ਲੱਖ ਲੱਖ ਦੇ ਲਾਗੇ।

ਪ੍ਰੋ. ਬੰਗਾ, ਸਰਕਾਰੀ ਕਾਲਜ਼ ਕਦੇ ਸਮੇਂ ਸਿਰ ਨਹੀਂ ਪਹੁੰਚਦਾ, ਅੱਜ ਸੈਂਟਰ ਖੁੱਲਣ ਤੋਂ ਪਹਿਲਾਂ ਹੀ ਪਹੁੰਚਿਆ ਹੋਇਆ ਹੈ, ਕਲਰਕ ਨਾਲ ਬਹਿਸ ਕਰ ਰਿਹਾ ਹੈ, "ਮੈਂ ਪਹਿਲਾਂ ਆਇਆ, ਮੈਂ ਸੀਨੀਅਰ ਹਾਂ, ਤੂੰ ਐਡਹਾਕ ਵਾਲੇ ਅਨਏਡਿਡ ਕਾਲਜ਼ ਦੇ ਪ੍ਰੋਫੈਸਰ ਨੂੰ ਬੰਡਲ ਕਿਉਂ ਦੇ ਦਿੱਤਾ, ਤੂੰ ਉਹਨਾਂ ਕੋਲੋਂ ਰੋਜ਼ ਵੱਧ ਬੰਡਲ ਚੈੱਕ ਕਰਵਉਂਦਾ।" ਕਲਰਕ ਨਹੀਂ ਬੋਲਦਾ, ਰਹਿ ਗਏ ਬੰਡਲ ਪ੍ਰੋ. ਬੰਗੇ ਲਈ ਮੇਜ ਹੇਠਾ ਰੱਖ ਲੈਂਦਾ ਹੈ।

ਮੇਰੀ ਨਿਗਾਹ ਪ੍ਰੋ. ਬੰਗਾ ਤੇ ਪ੍ਰੋ. ਰਮਨ ਉੱਪਰ ਹੀ ਹੈ, ਗੜ੍ਹਦੀਵਾਲ ਵਾਲਾ ਪ੍ਰੋ. ਰਮਨ ਅੱਜ ਹੀ ਆਇਆ ਹੈ, ਸਾਇੰਸ ਦਾ ਲੈਕਚਰਾਰ ਹੈ, ਸਾਇੰਸ ਦੇ ਪੇਪਰ ਇਸ ਸੈਂਟਰ ਘੱਟ ਹੀ ਆਉਂਦੇ ਹਨ।

"ਪ੍ਰੋ. ਬੰਗਾ ਜੀ ਸੁਣਾਓ ਕੀ ਹਾਲ ਹੈ, ਕਾਫੀ ਦੇਰ ਮਗਰੋ ਮਿਲੇ ਆ, ਅੱਗੇ ਤਾਂ ਯੂਥ ਫੈਸਟੀਵਲ ਦਾ ਜੋਨ ਇੱਕ ਸੀ, ਮਿਲ ਗਿਲ ਲੈਂਦੇ ਸੀ।"

"ਭਰਾ ਕੀ ਸੁਣਾਵਾਂ, ਵਧੀਆ ਹਾਲ ਚਾਲ ਕਾਹਦੇ ਆ।" ਦੋਵੇਂ ਜਣੇ ਪੇਪਰਾਂ ਤੇ ਠੀਕੇ ਮਾਰੀ ਜਾ ਰਹੇ ਹਨ, ਮੂੰਹ ਉੱਪਰ ਨੂੰ ਕਰੀਂ ਗੱਲਾਂ ਕਰੀ ਜਾਂਦੇ ਹਨ।

ਸਾਨੂੰ ਤਾਂ ਪੇ ਕਮਿਸ਼ਨ ਲਾਗੂ ਹੋ ਕੇ ਤਨਖਾਹਾਂ ਮਿਲੀਆਂ ਹਨ, ਅੱਸੀ ਹਜ਼ਾਰ ਦੇ ਲਾਗੇ , ਇੱਕ ਯੂਨੀਵਰਸਿਟੀ ਦਾ ਪ੍ਰੋਜੈਕਟ ਸੀ, ਉਹ ਲੈ ਲਿਆ, ਚਾਰ ਪੰਜ ਕਿਤਾਬਾਂ 'ਚੋਂ ਨੋਟਿੰਗ ਲਏ, ਸਾਇੰਸ ਦੀ ਇੱਕ ਕਿਤਾਬ ਲਿਖ ਦਿੱਤੀ, ਇਸ ਵਾਰ ਪੇਪਰ ਮਾਰਕਿੰਗ ਦੇ ਪੈਸੇ ਵੀ ਵਧ ਗਏ ਹਨ, ਵਧੀਆ ਰਹਿ ਗਿਆ ਸੈਸ਼ਨ। ਪ੍ਰੋ. ਰਮਨ ਖਚਰੀ ਜਿਹੀ ਹਾਸੀ ਹੱਸਦਾ ਹੈ।

ਪ੍ਰੋ. ਬੰਗਾ ਉਦਾਸ ਹੈ, ਉਹਦਾ ਅਜੇ ਪੇ ਕਮਿਸ਼ਨ ਲਾਗੂ ਨਹੀਂ ਹੋਇਆ। ਦੋਵੇਂ ਕਾਹਲੀ ਕਾਹਲੀ ਆਪੋ ਆਪਣੇ ਬੰਡਲ ਕਲਰਕ ਕੋਲ ਜ਼ਮਾਂ ਕਰਵਾ ਆਏ ਹਨ। ਬਾਕੀ ਬਚੀਆਂ ਖੁਚੀਆਂ ਗੱਲਾਂ ਕਰਨ ਕੈਨਟੀਨ ਤੁਰ ਪਏ ਹਨ। ਸਾਲ ਮਗਰੋਂ ਇਹ ਮਾਰਕਿੰਗ ਕਰਨ ਨਹੀਂ ਆਉਂਦੇ ਮੇਲਾ ਵੇਖਣ ਆਉਣਗੇ। ਵੱਖ ਵੱਖ ਕਾਲਜਾਂ ਦੇ ਪ੍ਰੋਫੈਸਰਾਂ ਦਾ।

ਕਿਸੇ ਐਡਹਾਕ ਵਾਲੇ ਨੂੰ ਵੱਧ ਬੰਡਲ ਮਿਲ ਜਾਵੇ ਚੀਕਾਂ ਮਾਰਦੇ ਫਿਰਨਗੇ ਸਰਕਾਰੀ ਪ੍ਰੋਫੈਸਰ। ਬਗੈਰ ਪੈਸਿਆਂ ਤੋਂ ਕੋਈ ਆਖ ਦੇਵੇ ਇੱਕ ਬੰਡਲ ਪੇਪਰਾਂ ਦਾ ਚੈੱਕ ਕਰਨ ਨੂੰ ਤਾਂ ਆਖਣਗੇ। "ਇਹ ਫਲਾਣੇ ਟੀਚਰ ਦੀ ਡਿਊਟੀ ਹੈ, ਮੇਰੀ ਨਹੀਂ।"

ਮੈਂ ਕਿਸੇ ਵੀ ਬਾਬੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਚਾਹੇ ਹਿੰਦੂ ਬਾਬਾ ਹੋਵੇ ਜਾਂ ਸਿੱਖ ਬਾਬਾ ਕਿਸੇ ਵੀ ਫਿਰਕੇ ਦਾ ਬਾਬਾ ਲੈ ਲਉ। ਜਿਹੋ ਜਿਹੇ ਕਾਲਜ਼ ਗਏ ਹੋ, ਸਮਝ ਲਉ, ਉਹੋ, ਬਾਬਿਆਂ ਦੇ ਪੈਰੀਂ ਪੈਣਾ ਜ਼ਰੂਰ ਸਿੱਖ ਲਉ। ਫਿਰ ਤੁਸੀਂ ਜ਼ਰੂਰ ਕਾਮਯਾਬ ਹੋ। ਮੇਰੀ ਹਮੇਸ਼ਾਂ ਨੀਤੀ ਹੁੰਦੀ ਸੀ, ਮੈਂ ਨਾ ਮਾਨੂੰ ਵਾਲੀ।

ਮੈਂ ਪਿਛਲੇ ਕਾਲਜ ਵਾਲੇ ਬਾਬੇ ਦਾ ਤੇ ਪ੍ਰਿੰਸੀਪਲ ਦਾ ਨਾਂ ਨਹੀਂ ਲਿਖਣਾ, ਪਰ ਉਹ ਬਾਬਾ ਤੇ ਪ੍ਰਿੰਸੀਪਲ ਮੈਡਮ ਮੈਨੂੰ ਬੜੇ ਰੜਕਦੇ ਆ। ਪ੍ਰਿੰਸੀਪਲ ਤੇ ਬਾਬੇ ਦੀ ਅੰਦਰ ਖਾਤੇ ਕੋਈ ਤਾਰ ਜੁੜਦੀ ਸੀ। ਕਾਲਜ ਸੀ ਜੰਗਲ ਜਿਹੇ ਇਲਾਕੇ 'ਚ ਕੋਈ ਉੱਥੇ ਜਾ ਕੇ ਨੌਕਰੀ ਕਰਨ ਨੂੰ ਮੰਨੇ ਨਾ, ਮੇਰੀਆਂ ਮਿੰਨਤਾਂ ਤਰਲੇ ਕਰਕੇ ਮੈਨੂੰ ਲੈ ਗਏ, ਮੈਂ ਮੂਰਖ ਵਧੀਆ ਕਾਲਜ ਛੱਡ ਗਿਆ, ਇਸ ਲਾਲਚ 'ਚ ਕਿ ਮੈਨੂੰ ਉਹ ਆਖ ਰਹੇ ਹਨ, "ਤੈਨੂੰ ਪੱਕੀ ਨੌਕਰੀ ਦਿਆਂਗੇ।" ਮੈਂ ਨਵਾਂ ਕਾਲਜ ਜੁਆਇਨ ਕਰ ਲਿਆ, ਮੇਰੇ ਮਨ 'ਚ ਪੱਕੀ ਨੌਕਰੀ ਦਾ ਉਤਸ਼ਾਹ ਮੈਂ ਵੱਧ ਤੋਂ ਵੱਧ ਕੰਮ ਕਰਨੇ, ਘਰ ਆ ਕੇ ਵੀ ਮੈਨੂੰ ਟਿਕਾਅ ਨਹੀਂ ਸੀ ਹੁੰਦਾ।

ਅੱਧੀ ਅੱਧੀ ਰਾਤ ਤੱਕ ਹੋਰ ਵੀ ਆਪਣੀ ਡਿਊਟੀ ਤੋਂ ਬਾਹਰੇ ਕਾਲਜ ਦੇ ਕੰਮ ਕਰਕੇ ਲਿਜਾਂਦਾ। ਦੋ ਚਾਰ ਵਾਰੀ ਮੈਂ ਪ੍ਰਿੰਸੀਪਲ ਨੂੰ ਪਰਮਾਨੈਂਟ ਕਰਨ ਲਈ ਆਖਿਆ, "ਮੈਡਮ ਜੀ ਬਾਕੀਆਂ ਦੀ ਪਰਮਾਨੈਂਟ ਜੌਬ ਦੀ ਐਡ ਨਾਲ ਮੇਰੇ ਸਬਜੈਕਟ ਦੀ ਵੀ ਐਡ ਦਿਓ, ਪੈਨਲ ਬੁਲਾਓ।"

ਪ੍ਰਿੰਸੀਪਲ ਮੈਨੂੰ ਜੋ ਵਾਅਦਾ ਕਰਕੇ ਲੈ ਗਈ ਸੀ ਉਹ ਸਭ ਕੁਝ ਮੈਂ ਕਮੇਟੀ ਪ੍ਰਧਾਨ ਨੂੰ ਆਖ ਕੇ ਸਥਿਤੀ ਸਪੱਸ਼ਟ ਕੀਤੀ। ਦੋਵੇਂ ਜਣੇ ਇੱਕ ਦੂਜੇ ਨੂੰ ਹੀ ਆਖੀ ਜਾਣ, "ਜੋ ਵੀ ਕਰਨਾ ਪ੍ਰਿੰਸੀਪਲ ਨੇ ਕਰਨਾ।"

ਪ੍ਰਿੰਸੀਪਲ ਆਖੀ ਜਾਵੇ, "ਜੋ ਵੀ ਕਰਨਾ ਕਮੇਟੀ ਨੇ ਹੀ ਕਰਨਾ।' ਪ੍ਰਿੰਸੀਪਲ ਜ਼ੁਬਾਨ ਦੀ ਐਨੀ ਕੱਚੀ ਸੀ, ਤੱਤੇ ਤਵੇ 'ਤੇ ਉਹਨੂੰ ਕੋਈ ਬਿਠਾ ਦੇਵੇ ਤਾਂ ਵੀ ਉਹਦੀ ਗੱਲ ਦਾ ਯਕੀਨ ਨਹੀਂ ਸੀ।

ਮੈਨੂੰ ਤਾਂ ਪਤਾ ਹੀ ਉਦਣ ਲੱਗਾ, ਜਿੱਦਣ ਉਹਨੇ ਮੈਨੂੰ ਪੱਕਿਆ ਹੀ ਕਾਲਜ ਤੋਂ ਕੱਢ ਮਾਰਿਆ। ਉਹਨੇ ਤਾਂ ਕਾਲਜ ਦੀ ਇੱਕ ਪ੍ਰੈਗਨੈਂਟ ਮੈਡਮ ਨਾਲ ਬੜਾ ਧੋਖਾ ਕੀਤਾ, ਉਹਨੂੰ ਛੁੱਟੀ ਨਾ ਦਿੱਤੀ, ਉਹਨੂੰ ਹਸਪਤਾਲ ਬੈਠੀ ਨੂੰ ਨੋਟਿਸ ਕੱਢੀ ਜਾਵੇ, ਆਖਿਰ ਇਸ ਨੇ ਉਹਨੂੰ ਟਰਮੀਨੇਟ ਹੀ ਕਰ ਦਿੱਤਾ।

ਫਿਰ ਮੈਂ ਕਈ ਵਾਰੀ ਸੋਚਿਆ ਕਿ ਕਿਸੇ ਵੇਲੇ ਜਾ ਕੇ ਯੂਨੀਵਰਸਿਟੀ ਰਜਿਸਟ੍ਰਾਰ ਨੂੰ ਮਿਲਿਆ ਜਾਵੇ, ਵਾਈਸ ਚਾਂਸਲਰ ਨੂੰ ਮਿਲਾ। ਇੱਕ ਦੋ ਕਾਲਜਾਂ ਦੀਆਂ ਮੈਡਮਾਂ ਯੂਨੀਵਰਸਿਟੀ ਲਿਖਤੀ ਸ਼ਿਕਾਇਤਾਂ ਲੈ ਕੇ ਗਈਆਂ ਕਿਉਂਕਿ ਉਹਨਾਂ ਨੂੰ ਵੀ ਪ੍ਰੋਬੇਸ਼ਨ ਪੀਰੀਅਡ ਤੋਂ ਪਹਿਲਾਂ ਹੀ ਪ੍ਰਿੰਸੀਪਲ ਨੇ ਆਪਣੀਆਂ ਮਨ ਮਾਨੀਆਂ ਕਰਦੇ ਹੋਏ, ਦੁੱਧ 'ਚੋਂ ਮੱਖੀ ਵਾਂਗ ਬਾਹਰ ਕੱਢਕੇ ਮਾਰਿਆ ਸੀ। ਸ਼ਾਇਦ ਮੈਡਮਾਂ ਦੇ ਹੁਸਨ ਦੀ ਪਿਟਾਰੀ ਬੰਦ ਸੀ।

ਯੂਨੀਵਰਸਿਟੀ ਨੂੰ ਚੜ੍ਹਾਵਾ ਚੜਦਾ, ਯੂਨੀਵਰਸਿਟੀ ਵੱਲੋਂ ਟੀਮਾਂ ਆਉਂਦੀਆਂ ਜਾਚਾਂ ਪੜਤਾਲਾ ਹੁੰਦੀਆਂ, ਜੇਬਾਂ ਗਰਮ ਕਰਕੇ ਕਮੇਟੀਆਂ ਸਹੀ ਰਿਪੋਰਟਾਂ ਪੇਸ਼ ਕਰਦੀਆਂ। ਯੂਨੀਵਰਸਿਟੀ ਆਪਣੇ ਪੈਸੇ ਕਮਾਉਣ ਦਾ ਜ਼ਰੀਆ ਬੰਦ ਕਰੇਗੀ, ਇਹਨਾਂ ਕਾਲਜ਼ਾਂ ਨੂੰ ਕੋਈ ਨੋਟਿਸ ਕੱਢ ਕੇ ਜਾ ਐਕਸ਼ਨ ਲੈ ਕੇ।

ਮੈਨੂੰ ਹੁਣ ਨੀਂਦ ਤਾਂ ਆਉਂਣੀ ਨਹੀਂ, ਮੈਂ ਚਾਹ ਬਣਾ ਕੇ ਪੀਂਦਾ ਹਾਂ। ਮੈਂ ਚਾਹੁੰਦੇ ਹੋਏ ਵੀ ਨਵੀਂ ਮੈਡਮ ਬਾਰੇ ਸੋਚਣੋ ਨਹੀਂ ਹਟ ਸਕਦਾ, ਲੱਗਦਾ ਮੈਨੂੰ ਉਹਦੇ ਨਾਲ ਪਿਆਰ ਹੋ ਗਿਆ ਹੈ।

ਮੈਂ ਜਿੰਨੀ ਵਾਰੀ ਕੋਈ ਕਾਲਜ ਜੁਆਇਨ ਕਰਨਾ ਹੁੰਦਾ, ਉਹਦੇ ਮੁਤਾਬਿਕ ਦੇਖਦਾ ਹਾਂ ਕਿ ਇੱਥੇ ਕਿਹੜੇ ਬੰਦੇ ਦੀ ਸਿਫਾਰਿਸ ਚੱਲਦੀ ਹੈ, ਕਿਹੜਾ ਬੰਦਾ ਪ੍ਰਿੰਸੀਪਲ ਤੇ ਕਮੇਟੀ ਦੇ ਵੱਧ ਨੇੜੇ ਹੈ। ਕਈ ਕਈ ਦਿਨ ਮਿੰਨਤਾਂ ਤਰਲੇ ਲੋਕਾਂ ਦੇ ਕਰਾਂਗਾ। ਕਦੇ ਵਾਲ ਵਧਾ ਕੇ ਦਾਹੜੀ ਰੱਖ ਲਵਾਂਗਾ, ਕਦੇ ਕਲੀਨਸ਼ੇਵ ਬਣ ਜਾਂਦਾ।

ਆਹ ਮੇਰੇ ਨਾਂ ਅੱਗੇ ਪੀਐੱਚ. ਡੀ. ਦਾ ਫੱਟਾ ਕਿਸੇ ਕੰਮ ਨਹੀਂ ਆਉਂਦਾ। ਕੰਮ ਆਉਂਦੀ ਸਿਫਾਰਿਸ। ਮੈਂ ਕਦੇ ਵਾਹਿਗੁਰੂ ਜੀ ਕਾ ਖਾਲਸਾ ਤੇ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦਾ, ਕਦੇ ਜਾਂਦਾ ਹੀ ਰਾਮ ਰਾਮ ਬਾਬਾ ਜੀ ਕਹਿ ਕੇ ਬਾਬੇ ਦੀਆਂ ਲੱਤਾਂ ਘੁੱਟਣ ਲੱਗਦਾ। ਹੁਣ ਮੈਨੂੰ ਲੱਗਦਾ ਹੈ, ਬੁੱਢਾ ਹੋ ਗਿਆ ਹਾਂ। ਮੈਂ ਜਿਸ ਕਾਲਜ ਜਾਂਦਾ ਹਾਂ, ਉਹਦੇ ਗਰੁੱਪਾਂ ਵਿਚ ਸ਼ਾਮਿਲ ਨਹੀਂ ਹੁੰਦਾ, ਕਾਲਜ ਦੀ ਲਾਇਬ੍ਰੇਰੀ ਵੱਧ ਤੋਂ ਵੱਧ ਸਮਾਂ ਬਿਤਾਉਂਦਾ ਹਾਂ। ਫਿਰ ਵੀ ਪਤਾ ਨਹੀਂ, ਮੈਂ ਹਰੇਕ ਵਾਰ ਕਿਸੇ ਨਾ ਕਿਸੇ ਕਾਲਜ ਦੇ ਐਂਟੀ ਗਰੁੱਪ ਵਿਚ ਬਿਨਾ ਵਜਾ ਹੀ ਚਰਚਿਤ ਹੋ ਜਾਂਦਾ ਹਾਂ।

ਚਾਰ ਵੱਜ ਗਏ ਹਨ, ਸਾਰੀ ਰਾਤ ਇੰਝ ਹੀ ਲੰਘ ਗਈ ਹੈ, ਮੇਰੇ ਨਾਲ ਪ੍ਰੀਤਮ ਉਰਫ ਪ੍ਰੀਤੂ ਪੜ੍ਹਦਾ ਸੀ, ਦਸਵੀਂ ਕਲਾਸ 'ਚੋਂ ਫੇਲ ਹੋ ਗਿਆ, ਬਰਗਰਾਂ ਦੀ ਰੇੜੀ ਲਾਉਂਦਾ ਹੈ, ਘਰ ਉਹਦਾ ਬੜਾ ਆਲੀਸ਼ਾਨ ਹੈ, ਜੁਆਕਾਂ ਨੂੰ ਸਕੂਲ ਛੱਡਣ ਗਿਆ ਕਈ ਵਾਰੀ ਮੈਨੂੰ ਮਿਲੂੰਗਾ, ਅਖੇਗਾ, "ਪ੍ਰੋ. ਸਾਹਿਬ ਆਪਾਂ ਤਾਂ ਅਨਪੜ੍ਹ ਦੇ ਅਨਪੜ੍ਹ ਰਹਿ ਗਏ, ਪੜ੍ਹ ਨਹੀਂ ਸਕੇ, ਸਾਰੀਆਂ ਰੀਝਾਂ ਨਿਆਣਿਆਂ 'ਤੇ ਹੀ ਲਾ ਦੇਣੀਆਂ। ਕਦੇ ਇਹ ਵੀ ਪੜ੍ਹ ਲਿਖ ਕੇ ਤੁਹਾਡੇ ਵਾਂਗ ਸੂਟ ਬੂਟ ਪਾ ਕੇ ਜਾਇਆ ਕਰਨਗੇ।"

ਸਾਰੀ ਰਾਤ ਇੰਝ ਹੀ ਬੀਤ ਗਈ, ਅੱਖਾਂ ਮੇਰੀਆਂ ਲਾਲ ਹੋਈਆਂ ਪਈਆਂ ਹਨ। ਮੈਂ ਇੱਕ ਪ੍ਰਿੰਸੀਪਲ ਦੇ ਨਾਂ ਪੱਤਰ ਲਿਖ ਰਿਹਾ ਹਾਂ।

ਕਾਲਜ ਪੁੱਜ ਕੇ ਮੈਂ ਆਪਣਾ ਰਿਜਾਇਨ ਪ੍ਰਿੰਸੀਪਲ ਦੇ ਟੇਬਲ ਤੇ ਰੱਖ ਆਇਆ ਹਾਂ। ਪੀਐਚ. ਡੀ. ਦੀ ਡਿਗਰੀ ਰੱਦੀ ਵਾਲੀਆਂ ਕਿਤਾਬਾਂ 'ਚ ਰੱਖ ਮੇਰੇ ਕਦਮ ਪ੍ਰੀਤੂ ਦੇ ਘਰ ਵੱਲ ਨੂੰ ਵਧ ਰਹੇ ਹਨ।

ਪਿੰਡ ਤੇ ਡਾਕ. ਸੋਨਾ, ਜ਼ਿਲ੍ਹਾ ਨਵਾਂ ਸ਼ਹਿਰ-144516



# ਕੰਧਾਂ ਵਿੱਚ ਘਿਰਦਾ ਆਦਮੀ / -ਗੁਰਮੀਤ ਆਰਿਫ਼

ਸੁੱਤਾ ਪਿਆ ਨਿਰਵੈਰ ਅਚਾਨਕ ਉੱਠ ਬੈਠਾ ਹੈ। ਸਾਹ ਉਖੜਿਆਂ ਹੋਇਆ ਤੇ ਠਕ ਠਕ ਵਜਦੇ ਦਿਲ 'ਤੇ ਹੱਥ ਧਰ ਕੇ ਡੌਰ ਭੌਰ ਹੋਇਆ ਉਹ ਮੋਟਰ ਦੇ ਚਾਰੋਂ ਤਰਫ਼ ਦੇਖਣ ਲਗ ਪਿਆ। ਕੋਈ ਸ਼ਕਲ ਜਾਂ ਪ੍ਰਛਾਵਾਂ ਉਹਦੀ ਨਜ਼ਰ ਨੀ ਪਿਆ, ਉਪਰ ਛੱਤ ਵੱਲ ਦੇਖਿਆ ਤੇ ਹੇਠਾਂ ਮੰਜੇ ਵੱਲ ਵੀ। ਉਹ ਬੇਚੈਨ ਹੋ ਉਠਿਆ। ਪਿੰਡ ਵਲੋਂ ਬੋਲਦੇ ਪਾਠੀ ਦੀ ਮੱਧਮ ਜਿਹੀ ਆਵਾਜ਼ ਆ ਰਹੀ ਸੀ। ਮੋਟਰ ਦੇ ਫੱਟੀਆਂ ਵਾਲੇ ਬੂਹੇ ਦੀਆਂ ਵਿਰਲਾਂ ਥਾਣੀਂ ਆਉਂਦੀ ਚੰਨ ਚਾਨਣੀਂ ਰਾਤ ਦੀ ਚਾਨਣ ਵੱਲ ਦੇਖ ਕੇ ਉਹ ਆਪਣੇ ਆਪ ਨੂੰ ਸਹਿਜ ਕਰਨ ਦੀ ਕੋਸ਼ਿਸ਼ ਕਰਨ ਲਗ ਪਿਆ। ਅੱਚੋਤਾਣੀ ਜਿਹੀ 'ਚ ਈ ਉਠ ਕੇ ਉਹ ਬਾਹਰ ਨਿਕਲ ਆਇਆ। ਦੋ ਕੁ ਮਿੰਟ ਮੋਟਰ ਦੇ ਚੁਬੱਚੇ ਦੁਆਲੇ ਘੁੰਮ ਕੇ ਮਨ ਉਚਾਟ ਜਿਹਾ ਹੋ ਗਿਆ। ਤੇ ਉਹ ਫਿਰ ਅੰਦਰ ਆ ਕੇ ਪੱਲੀ ਦਾ ਢਾਸਣਾ ਲਾ ਕੇ ਮੰਜੇ ਤੇ ਬਹਿ ਗਿਆ।

ਅਚਾਨਕ ਉਹਦੇ ਸੁਭਾਅ 'ਚ ਤੱਲਖੀ ਦੇ ਭਾਵ ਪ੍ਰਗਟ ਹੋਏ ਨੇ। ਉਹਦਾ ਦਿਲ ਉੱਚੀ ਉੱਚੀ ਗਾਲ੍ਹਾਂ ਕੱਢਣ ਨੂੰ ਕਰਦੈ। ਗਾਲ੍ਹ ਕੱਢੇ ਆਵਦੇ ਮੁੰਡਿਆਂ ਜੀਤ ਤੇ ਮੀਤ ਨੂੰ ਜਾਂ ਨੂੰਹ ਨਿੰਮੀ ਨੂੰ ਜਾਂ ਫਿਰ ਗਿੰਦੂ ਦਲਾਲ ਨੂੰ ਜਿਹੜਾ ਉਹਦੇ ਘਰ ਦੀ ਪੱਟੀ ਮੇਸ ਕਰਨ ਤੇ ਤੁਲਿਆ ਹੋਇਐ। ਕੀਹਨੂੰ ਗਾਲ੍ਹਾਂ ਦੇਵੇ? ਸਾਰੇ ਹੀ ਤਾਂ ਉਹਨੂੰ ਹੁਣ ਮਰਿਆ ਭਾਲਦੇ ਨੇ।

ਫਿਰ ਉਹਦਾ ਧਿਆਨ ਪਲਟਦੈ। ਗਾਲ੍ਹਾਂ ਦਾ ਖਿਆਲ ਛੱਡ ਉਹ ਅਧੂਰੇ ਟੁੱਟੇ ਸੁਪਨੇ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਨ ਲਗ ਪਿਆ। ਜਿਵੇਂ ਜੀਤ ਅਤੇ ਮੀਤ ਉਹਨੂੰ ਖਖਰਾਣੇ ਵਾਲੀ ਨਹਿਰ ਦੇ ਗੰਜੇ ਪੁਲ ਤੇ ਵੱਢ ਰਹੇ ਹੋਣ ਤੇ ਗਿੰਦੂ ਨੇ ਉਹਨੂੰ ਮੁਸ਼ਕਾਂ ਤੋਂ ਫੜਿਆ ਹੋਵੇ ਤੇ ਨਿੰਮੀ ਜਿਵੇਂ ਕਹਿ ਰਹੀ ਹੋਵੇ... 'ਚੰਗੀ ਤਰ੍ਹਾਂ ਮਾਰਿਓ, ਕਿਤੇ ਅਧਮੋਇਆ ਜਿਹਾ ਈ ਨਾ ਕਰਕੇ ਸਿੱਟ ਦਿਓ, ਸਵੇਰ ਨੂੰ ਕਿਤੇ ਆਪਾਂ ਨੂੰ ਵਾਹਣੀਂ ਪਾਈ ਫਿਰੇ।" ਤੇ ਫਿਰ ਇੱਕ ਲੰਮੀ ਸਾਰੀ ਜਾਨ ਨਿਕਲਣ ਵਾਲੀ ਲੇਰ ਦੇ ਨਾਲ ਉਹਦਾ ਸੁਪਨਾ ਟੁੱਟ ਗਿਆ ਸੀ।

"ਭੈਣ ਦੇਣੇ ਲਗਦਾ ਮਾਰ ਕੇ ਈ ਦਮ ਲੈਣਗੇ।" ਉਹ ਖਿਝਿਆ।

ਇਸੇ ਡਰੋਂ ਈ ਤਾਂ ਗਿਆ ਸੀ। ਮੋਟਰ 'ਤੇ ਆ ਕੇ ਪੈਣ ਲੱਗਿਆ ਸੀ। ਪਰ ਹੁਣ ਉਹ ਡਰ ਸੁਪਨਿਆਂ ਵਿਚ ਵੀ ਘਰ ਕਰ ਗਿਆ ਸੀ। ਜਦੋਂ ਵੀ ਅੱਖ ਲਗਦੀ ਕੋਈ ਨਾ ਕੋਈ ਖਾਬ ਉਹਨੂੰ ਅੰਦਰੋਂ ਝੰਜੋੜ ਜਾਂਦਾ। ਪਿਛਲੀਆਂ ਤਿੰਨ ਰਾਤਾਂ ਅੱਖਾਂ ਵਿੱਚ ਈ ਲੰਘੀਆਂ ਸਨ। ਕਦੇ ਭੈੜੇ ਭੈੜੇ ਸੁਪਨੇ ਆਉਂਦੇ ਕਦੇ ਮੁੰਡਿਆਂ ਵਲੋਂ ਦਿਤੀਆਂ ਨੰਗੀਆਂ ਗਾਲ੍ਹਾਂ ਚੇਤੇ ਆਉਂਦੀਆਂ। ਉਸ ਦਿਨ ਤਾਂ ਬਾਹਲੀ ਭੈੜੀ ਹੋਈ ਸੀ ਜੀਤ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਸਾਲਿਆਂ ਜਦੋਂ ਮਰਿਆ ਨਾਂ ਵੱਡਾ ਸਾਰਾ ਮੁੱਢ ਤੇਰੀ ਹਿੱਕ ਤੇ ਧਰੂੰ, ਤੇ ਫੇਰ ਪੁੱਛੂੰ ਹੁਣ ਕਰ ਲੈ ਮੇਰਾ। ਔਹ ਬੀਬੀ ਵੀ ਮੇਰ ਮੇਰ ਕਰਦੀ ਸੀ ਨਾ, ਹੁਣ ਪੁੱਛ ਬਈ ਉਹ ਕਿਥੇ ਆ, ਹੋਗੀ ਨਾ ਸਵਾਹ ਦੀ ਢੇਰੀ। ਤੇਰਾ ਵੀ ਉਹੀ ਹਾਲ ਹੋਣਾਂ, ਰਿੱਝ ਰਿੱਝ ਕੇ ਮਰੇਂਗਾ, ਭੈਣ ਦੇਣਿਆਂ।"

"ਖਬਰਦਾਰ ! ਜੇ ਆਵਦੀ ਮਾਂ ਦਾ ਨਾਂ ਲਿਆ ਤਾਂ। ਸਾਲਿਆ ਉਹਦਾ ਮਰੀ ਦਾ ਮਰਨ ਖਰਾਬ ਕਰਨ ਲਗਿਆਂ ਤੂੰ, ਮੇਰੇ ਮਾਰ ਜੋ ਸਿਰ 'ਚ ਮਾਰਨਾਂ। ਪਰ ਜੇ ਉਹਦਾ ਨਾਂ ਲੈ ਕੇ ਕੋਈ ਗੱਲ ਕੀਤੀ ਤਾਂ ਮੈਥੋਂ ਬੁਰਾ ਕੋਈ ਨੀ... ਤੈਨੂੰ ਦੱਸਾਂ। ਸਾਲਿਓ ਢਿੱਡੋਂ ਕੱਢ ਕੇ ਗਿਲੇ ਥਾਂ ਪੈ ਪੈ ਕੇ ਪਾਲਿਆ ਥੋਨੂੰ ਉਹਨੇ, ਅੱਜ ਭੁਲਗੇ ਤੁਸੀਂ ਸਭ ਕੁਸ਼। ਆਹ ਜੀਹਦੇ ਪਿਛੇ ਤੁਸੀਂ ਅੱਤ ਚੁੱਕੀ ਫਿਰਦੇ ਆਂ ਨਾਂ ਉਸੇ ਦੀ ਹੀ ਸਾਂਭੀ ਹੋਈ ਆ। ਧੇਲਾ ਧੇਲਾ ਜੋੜ ਕੇ ਘਰ ਬੰਨ੍ਹਿਆ ਉਹਨੇ। ਤੁਸੀਂ ਤਾਂ ਸਾਡੇ ਪੈਰ ਦੀ ਰੀਸ ਨੀ ਕਰ ਸਕਦੇ, ਗੱਲਾਂ ਕਰਦੇ ਆ ਸਾਲੇ ਮਲੰਗ ਨਾ ਹੋਣ ਤਾਂ।"

ਤੇ ਛੋਟਾ ਮੀਤਾ ਉਹਨੇ ਤਾਂ ਹੱਦ ਈ ਕਰਤੀ ਸੀ। ਗਾਲਾਂ ਪਹਿਲਾਂ ਉਹੀ ਦੇਣ ਲਗਿਆ ਸੀ। ਪਿਓ ਦੇ ਦਾੜ੍ਹੀ ਪੈਣ ਲੱਗੇ ਨੇ ਮਿੰਟ ਨਾ ਲਾਇਆ, ਜੱਫੋ ਜੱਫੀ ਹੋ ਗਿਆ ਸੀ। ਕਹਿੰਦਾ ਕੰਜਰਾ ਜੇ ਤੇਰੀ ਜੈਦਾਤ

ਉੱਤੇ ਸਾਡਾ ਕੋਈ ਹੱਕ ਨੀ ਤਾਂ ਦੱਸਦੇ, ਸਾਨੂੰ ਕਿਥੋਂ ਫੜ੍ਹ ਕੇ ਲਿਆਇਆ ਸੀ। ਕੀਹਦੀ ਅਲਾਦ ਆਂ ਅਸੀਂ, ਜੇ ਨਹੀਂ ਦੱਸਣਾਂ ਤਾਂ ਇਸ ਘਰ 'ਚ ਪ੍ਰਛਾਵਾਂ ਨਾ ਦਿਸੇ ਤੇਰਾ, ਦਫਾ ਹੋ ਜਾ ਇਥੋਂ ਨਹੀਂ ਆਹੂ ਲਾਹ ਦੂੰ ਤੇਰੇ। ਗੁਸੇ 'ਚ ਆਏ ਨੇ ਫਹੁੜਾ ਨਿਰਵੈਰ ਦੇ ਸਿਰ 'ਚ ਮਾਰਿਆ ਸੀ। ਉਹ ਝੁਕ ਗਿਆ ਤੇ ਫਹੁੜਾ ਮੋਢੇ ਤੇ ਵੱਜਾ ਸੀ ਜਿਹੜਾ ਅਜੇ ਵੀ ਟਸ ਟਸ ਕਰਨੋਂ ਨੀ ਹਟਿਆ। ਯਾਦ ਆਉਂਦਿਆਂ ਈ ਉਹ ਮੋਢਾ ਪਲੋਸਣ ਲਗ ਪਿਆ। ਪੀੜ ਅਜੇ ਵੀ ਪੂਰੀ ਤਰ੍ਹਾਂ ਗਈ ਨੀ ਸੀ। ਸੋਜ ਨੇ ਧੌਣ ਅਕੜਾਈ ਪਈ ਸੀ। ਜੇ ਅੱਜ ਨਿੰਮੀ ਹੁੰਦੀ...। ਉਸ ਸੋਚਿਆ ਜਦੋਂ ਕਿਤੇ ਖੇਤੋਂ ਥੱਕੇ ਆਏ ਦੇ ਹੱਡ ਭੰਨਵੀਂ ਜਿਹੀ ਲਗਣੀ ਨਿੰਮੀ ਨੇ ਆ ਕੇ ਲੱਤਾਂ ਘੁੱਟਣ ਬਹਿ ਜਾਣਾ। ਨਾਂਹ ਨਾਂਹ ਕਰਦਿਆਂ ਵੀ ਅੱਗੋਂ ਆਖੀ ਜਾਣਾ। ਲੈ ਫੇਰ ਕੀ ਹੋਇਆ ਭਾਪਾ ਜੀ ਮੈਂ ਵੀ ਥੋਡੀ ਧੀ ਹੀ ਆਂ... ਧੀ ਨੂੰ ਐਨਾ ਵੀ ਹੱਕ ਨੀ ਦੇ ਸਕਦੇ ਭਲਾ...।"

"ਮੈਂ ਤੇਰਾ ਇਹ ਦੇਣ ਕਿਥੋਂ ਦਊਂ। ਨਿੰਮੋ, ਮੇਰੇ ਸਿਰ ਬਹੁਤੇ ਪਾਪ ਨਾ ਚੜ੍ਹਾਇਆ ਕਰ ਪੁੱਤਾ।

"ਲੈ ਭਾਪਾ ਜੀ ਇਹ ਵੀ ਕੋਈ ਪਾਪ ਆ ਭਲਾ, ਇਹ ਤਾਂ ਸੇਵਾ ਹੁੰਦੀ ਆ ਬਜੁਰਗਾਂ ਦੀ। ਇਹ ਕਿਤੇ ਹਰੇਕ ਦੇ ਕਰਮਾਂ 'ਚ ਥੋੜਾ ਹੁੰਦੀ ਆ, ਇਹ ਤਾਂ ਰੱਬ ਕਿਸੇ ਕਿਸੇ ਨੂੰ ਦਿੰਦਾ।"

ਉਹ ਐਹੋ ਜੀ ਤਾਂ ਨਈਂ ਸੀ। ਹਮੇਸਾਂ ਵੱਡਿਆ ਦਾ ਆਦਰ ਕਰਨ ਵਾਲੀ ਨਿੰਮੋਂ ਦਾ ਸੁਭਾਅ ਐਨਾ ਤਲਖ ਕਿਉਂ ਹੋ ਗਿਆ? ਸ਼ਾਇਦ ਉਹਦੇ ਢਿੱਡ 'ਚ ਵੀ ਕੋਈ ਪਾਪ ਲੁਕਿਆ ਬੈਠਾ ਸੀ, ਜਿਹੜਾ ਉਸ ਦਿਨ ਸਾਹਮਣੇਂ ਆਇਆ ਜਦੋਂ ਜੀਤ ਦੇ ਮਗਰ ਲੱਗ ਕੇ ਉਹਨੇ ਨਿਰਵੈਰ ਦੀ ਮਕਾਣ ਲਈ ਝੋਲੀਆਂ ਅੱਡੀਆਂ ਸੀ। ਜਿਹੜੀ ਕਦੀ ਭਾਪਾ ਜੀ ਤੋਂ ਬਿਨਾਂ ਨੀ ਸੀ ਬੋਲੀ ਹੁਣ ਉਹਦੀ ਵੀ ਗਿੱਠ ਜੀਭ ਬਾਹਰ ਨਿਕਲੀ ਸੀ। ਚੌਰਾ, ਕੰਜਰ, ਰੰਡਾ ਤੇ ਪਤਾ ਨੀ ਹੋਰ ਕਿਹੜੇ ਕਿਹੜੇ ਉਹਦੇ ਕਹੇ ਹੋਏ ਲਫਜ਼ ਅਜੇ ਵੀ ਨਿਰਵੈਰ ਦੇ ਕੰਨਾਂ ਦੁਆਲੇ ਘੁੰਮਦੇ । ਘੁੰਮਿਆਂ ਤਾਂ ਸਾਰਾ ਘਟਨਾਂ ਚੱਕਰ ਵੀ ਸੀ ਉਹਦੇ ਦਿਮਾਗ ਦੇ ਦੁਆਲੇ। ਪਰ ਹੁਣ ਉਹ ਉਹਦੇ ਤੋਂ ਕੰਨੀ ਕਤਰਾਉਣ ਲੱਗਾ ਸੀ। ਦਿਨਾ ਵਿੱਚ ਈ ਉਹਦਾ ਆਪਾ ਉਹਦੀਆਂ ਉਂਗਲਾਂ ਦੀਆਂ ਵਿਰਲਾਂ ਵਿਚੋਂ ਦੀ ਕਿਰ ਗਿਆ ਸੀ। ਮੁੱਠੀ ਮੁੱਠੀ ਕਰਕੇ ਬੰਨਿਆ ਸੀਬੋ ਦਾ ਘਰ ਹੁਣ ਬੁੱਕਾਂ ਨਾਲ ਲੁਟ ਜਾਣ ਲਗਾ ਸੀ।

ਨਿਰਵੈਰ ਦੇ ਘਰ ਵਾਲੀ ਸੀਬੋ ਬੜੀ ਸਿਆਣੀ ਤੇ ਬਰਕਤ ਵਾਲੀ ਜਨਾਨੀ ਸੀ। ਥੋੜੇ ਵਿੱਚ ਈ ਬਹੁਤਾ ਸਾਰ ਲੈਣ ਦੀ ਜਾਚ, ਉਹਨੂੰ ਸਮੇਂ ਨੇ ਸਿਖਾ ਦਿੱਤੀ ਸੀ। ਸ਼ਾਇਦ ਇਸੇ ਕਰਕੇ ਈ ਸਾਰਾ ਟੱਬਰ ਉਹਨੂੰ ਸੂਮਣੀ ਕਹਿੰਦਾ ਸੀ। ਭੁਖ ਤ੍ਰੇਹ ਤੇ ਮਾੜਾ ਵੇਲਾ ਕੱਟ ਕੇ ਉਹਨੇ ਪੰਜ ਕਿੱਲਿਆਂ ਦੀ ਖੇਤੀ ਬਚਾ ਰੱਖੀ ਸੀ, ਨਈਂ ਤਾਂ ਸ਼ਰੀਕਾਂ ਤੋਂ ਤਾਂ ਉਹ ਵੀ ਨਾਂ ਸਾਂਭ ਹੋਈ। ਪਰ ਸੀਬੋ ਨੇ ਇੱਕ ਸਿਆੜ ਵੀ ਖੁਰਨ ਨਈ ਸੀ ਦਿੱਤਾ। ਨਿਰਵੈਰ ਤਾਂ ਸਦਾ ਮਿੱਟੀ ਨਾਲ ਈ ਘੁਲਦਾ ਰਿਹਾ। ਭਰਾਵਾਂ ਨੇ ਬਾਂਦਰ ਵੰਡ ਕਰਕੇ ਉਹਨੂੰ ਉਭੜ ਖਾਬੜ ਤੇ ਉੱਚੀ ਨੀਵੀਂ ਜ਼ਮੀਨ ਦਿੱਤੀ ਸੀ। ਜ਼ਮੀਨ ਪੱਧਰੀ ਕਰਦੇ ਦੀ ਈ ਸਿਰ ਚੋਂ ਚਾਂਦੀ ਚਮਕਣ ਲੱਗੀ ਸੀ। ਸੀਬੋ ਨੇ ਉਹਨੂੰ ਕਦੀ ਨਾ ਡੋਲਣ ਦਿੱਤਾ ਹਮੇਸ਼ਾ ਹੌਸਲਾ ਦਿੰਦੀ ਰਹੀ। ਪਰ ਦੋਹਾਂ ਜੀਆਂ ਨੇ ਬਹੁਤ ਕੁਸ਼ ਬਚਾ ਕੇ ਵੀ ਬਹੁਤਾ ਖੋਹ ਲਿਆ ਸੀ। ਦੋ ਮੁੰਡੇ ਜੀਤ ਤੇ ਮੀਤ ਦੋਵੇਂ ਲਫੈਂਡੀ ਨਿਕਲੇ ਸਨ। ਸਾਰਾ ਦਿਨ ਹਰ ਗੇੜੇ ਪਿੰਡ ਆਲੀ ਬੱਸ ਨਾਲ ਈ ਤੁਰੇ ਰਹਿੰਦੇ। ਬੱਸ ਆਲਿਆਂ ਦੇ ਮੁੰਡਿਆਂ ਵਾਂਗ ਉਹ ਖੁੱਲ੍ਹੀ ਐਸ਼ ਕਰਨੀ ਚਾਹੁੰਦੇ ਸਨ ਪਰ ਸੀਬੋ ਉਨ੍ਹਾਂ ਨੂੰ ਗਿਣਤੀ ਦਾ ਵੀ ਖਰਚਾ ਦਿੰਦੀ ਸੀ। ਉਹ ਜਾਣਦੀ ਸੀ ਦੋਵੇਂ ਭਰਾ ਸ਼ਹਿਰ ਜਾ ਕੇ ਨਸ਼ੇ ਕਰਦੇ ਸਨ। ਘਰ 'ਚ ਕਲੇਸ਼ ਪੈਣ ਦੇ ਡਰੋਂ ਉਹ ਗੱਲ ਨੂੰ ਦਬਾਈ ਰੱਖਦੀ ਜੇ ਕਿਤੇ ਨਿਰਵੈਰ ਅੱਕਿਆ ਬੋਲਦਾ ਤਾਂ ਉਹ ਜਵਾਨ ਮੁੰਡਿਆਂ ਦੀ ਦੁਹਾਈ ਪਾ ਕੇ ਉਹਨੂੰ ਚੁਪ ਕਰਾ ਦਿੰਦੀ। ਘਰੋਂ ਖੁੱਲਾ ਖਰਚ ਨਾ ਮਿਲਣ ਕਰਕੇ ਉਹ ਘਰ ਦਾ ਡੱਕਾ ਵੀ ਤੋੜ ਕੇ ਦੂਹਰਾ ਨਾ ਕਰਦੇ। ਜੇ ਕਦੇ ਸੀਬੋ ਨੇ ਕਿਸੇ ਕੰਮ ਨੂੰ ਕਹਿਣਾ ਤਾਂ ਉਹ ਅੱਗੋਂ ਅਵਾ ਤਵਾ ਬੋਲਦੇ ਰਹਿੰਦੇ। ਕੋਈ ਪੇਸ਼ ਨਾ ਚਲਦੀ ਵੇਖ ਕੇ ਸੀਬੋ ਨੇ ਵੱਡੇ ਜੀਤ ਨੂੰ ਵਿਆਹ ਲਿਆ ਤੇ ਮੀਤੇ ਨੂੰ ਵੀ ਨਾਲ ਦੇ ਪਿੰਡ ਮੰਗ ਦਿੱਤਾ ਸੀ ਕਿ ਚਲੋ ਹੁਣ ਜਦੋਂ ਸਿਰ ਪਈ ਆਪੇ ਕੰਮ ਕਰਨਗੇ। ਜੀਤ ਦੀ ਬਹੁ ਨਿੰਮੀ ਬੜੀ ਸਿਆਣੀ ਕੁੜੀ ਸੀ ਆਉਂਦਿਆਂ



ਹੀ ਘਰ ਸਾਂਭ ਲਿਆ ਸੀ ਉਹਨੇ। ਪਰ ਜੀਤ ਤੇ ਮੀਤ ਦੀਆਂ ਆਦਤਾਂ 'ਚ ਕੋਈ ਫਰਕ ਨੀ ਸੀ ਪਿਆ ਸਵੇਰ ਦੇ ਗਏ ਸ਼ਾਮੀ ਮੂੰਹ ਹਨੇਰੇ ਤੱਕ ਘਰ ਵੜਦੇ। ਸੀਬੋ ਕੁੜਦੀ ਤਾਂ ਨਿਰਵੈਰ ਉਹਨੂੰ ਕੁੱਦ ਕੇ ਪੈ ਜਾਂਦਾ।

"ਭੈਂ ਚੋ ਮੈਂ ਕੀ ਕਰਾਂ, ਤੇਰੇ ਵੀ ਤਾਂ ਵਿਗਾੜੇ ਹੋਏ ਐ। ਨਿੱਕੇ ਹੁੰਦਿਆਂ ਜਦੋਂ ਮੈਂ ਇਨ੍ਹਾਂ ਨੂੰ ਘੂਰਦਾ ਸੀ ਤੂੰ ਅੱਗੋਂ ਪੁਚਕਾਰਨ ਲਗ ਪੈਂਦੀ ਸੀ। ਆਹ ਵੇਖ ਲਾ ਹੁਣ ਸਾਲੇ ਅਵਾਰਾਗਰਦ ਹੋਗੇ। ਰੰਬਾ ਤੇ ਜਵਾਕ ਹਮੇਸ਼ਾ ਚੰਡਿਆ ਈ ਕੰਮ ਦਿੰਦਾ। ਪਰ ਤੂੰ ਤਾਂ ਸਾਲੀ ਹਮੇਸ਼ਾ ਕੁਕੜੀ ਵਾਂਗ ਖੰਭਾਂ ਹੇਠ ਕਰੀ ਰਖਦੀ ਸੀ। ਹੁਣ ਵੇਖ ਲਾ ਕਰਤੇ ਨਾ ਖਰਾਬ ਤੇਰੇ ਲਾਡ ਨੇ, ਜੇ ਨਿੱਕੇ ਹੁੰਦੇ ਈ ਚੰਡ ਕੇ ਸਕੂਲੇ ਤੋਰੇ ਹੁੰਦੇ ਤਾਂ ਕੋਈ ਅਕਲ ਦੀ ਗੱਲ ਸਿੱਖਦੇ... ਚਾਰ ਅੱਖਰ ਪੜ੍ਹ ਜਾਂਦੇ... ਜੁੱਤੀ ਨਾਲ ਸਕੂਲੇ ਤੋਰ ਦਿੰਦੀ ਤਾਂ ਆਹ ਦਿਨ ਦੇਖਣੇ ਨਾ ਪੈਂਦੇ। ਸਾਲੀ ਗੰਦੀ ਲਾਦ ਜਮਾਂ ਈ ਨੀ ਮੇਰੇ ਤੇ ਗਈ।"

"ਆਹ ਗੱਲ ਕਰਕੇ ਤੂੰ ਕੀ ਸੋਚਦਾਂ, ਮੈਂ ਪੇਕਿਆਂ ਤੋਂ ਲੈ ਕੇ ਆਈ ਸੀ। ਮੇਰਾ ਤਾਂ ਹਰ ਪਾਸੇ ਜੀਣਾਂ ਦੁਭਰ ਕੀਤਾ ਪਿਆ ਤੁਸੀਂ। ਜੇ ਘਰੇਂ ਕੋਈ ਗੱਲ ਕਰਾਂ ਤੂੰ ਕੁੱਟ ਣ ਪੈ ਜਾਨਾਂ, ਇਨ੍ਹਾਂ ਨੂੰ ਕੁਸ਼ ਕਹਾਂ ਇਹ ਮਾਰਨ ਪੈਂਦੇ ਐ। ਮੈਂ ਤਾਂ ਕਹਿਨੀਆਂ ਆ ਰੱਬਾ ਮੇਰਾ ਈ ਦਿਲ ਫੇਲ੍ਹ ਕਰਦੇ, ਮੈਂ ਵੀ ਨਿੱਕਲਜਾਂ ਇਨ੍ਹਾਂ ਜੋਕਾਂ 'ਚੋਂ ਮੈਥੋਂ ਨੀ ਲੋਕਾਂ ਦੀਆਂ ਗੱਲਾਂ ਸੁਣੀਆਂ ਜਾਂਦੀਆਂ ਹੁਣ। ਤੁਰੀ ਜਾਂਦੀ ਤੋਂ ਪਿੱਠ ਪਿਛੇ ਹੁੰਦੀਆਂ ਗੱਲਾਂ ਮੈਨੂੰ ਹੁਣ ਸੱਪ ਬਣ ਬਣ ਡੰਗਦੀਆਂ। ਹਰੇਕ ਕਹਿ ਦਿੰਦਾ ਇਨ੍ਹਾਂ ਦਾ ਪਿਓ ਤਾਂ ਐਨਾਂ ਕਾਮਾਂ ਐ, ਇਹ ਪਤਾ ਨੀ ਕੀਹਦੇ ਤੇ ਗਏ ਐ, ਪਤਾ ਨੀ ਸੀਬੋ ਨੇ ਕੀਹਦਾ ਮੂੰਹ ਵੇਖ ਕੇ ਜੰਮ ਧਰੇ ਨਖੱਟੂ ਜਿਹੇ। ਮੈਂ ਤਾਂ ਸਤੀ ਪਈ ਆਂ ਇਨ੍ਹਾਂ ਲੋਕਾਂ ਤੋਂ, ਇਹਦੇ ਨਾਲੋਂ ਤਾਂ ਬੰਦਾ ਮਰਿਆ ਈ ਚੰਗਾ, ਮੈਂ ਕਹਿਨੀਆਂ ਜੀਤ ਦੇ ਭਾਪਾ ਜਾਂ ਤਾਂ ਇਹ ਦੋਹੇਂ ਸੁਧਰ ਜਾਣ, ਨਈਂ ਫਿਰ ਮੇਰਾ ਹੁਣ ਜਿਉਣ ਨੂੰ ਜੀਅ ਨੀ ਕਰਦਾ।" ਨਿਰਵੈਰ ਨੇ ਪਹਿਲੀ ਵਾਰ ਉਹਨੂੰ ਐਸ ਤਰ੍ਹਾਂ ਰੋਂਦਿਆਂ ਦੇਖਿਆ ਸੀ। ਐਨੀਆਂ ਹਵਾਵਾਂ ਵਗੀਆਂ ਉਹ ਕਦੀ ਡੋਲੀ ਨਈ ਸੀ ਪਰ ਉਸ ਦਿਨ ਤਾਂ ਜਿਵੇਂ ਉਹਦੇ ਰੋਣ ਦਾ ਕੜ ਈ ਪਾਟ ਗਿਆ ਸੀ। ਵੀਹਰੇ ਹੋਏ ਜਵਾਕ ਵਾਂਗ ਰੋਈ ਸੀ ਉਹ। ਜਿਵੇਂ ਆਪਣੇ ਈ ਮਰਨ ਦੇ ਵੈਣ ਉਹਨੇ ਆਪ ਈ ਪਾਏ ਹੋਣ। ਸਵੇਰੇ ਉਠ ਕੇ ਉਹਨੇ ਚਾਹ ਨਈ ਸੀ ਧਰੀ ਤੇ ਨਾਂ ਈ ਨਿਰਵੈਰ ਨੂੰ ਮੂੰਹ ਧੋਣ ਲਈ ਜਗਾਇਆ ਸੀ। ਫਿਰ ਜਦੋਂ ਨਿਰਵੈਰ ਨੇ ਅੰਦਰ ਜਾ ਕੇ ਉਹਦੇ ਮੂੰਹ ਤੋਂ ਖੇਸ ਪਰਾਂ ਕੀਤਾ ਤਾਂ ਉਹ ਸਿੱਲ ਹੀ ਬਣ ਗਿਆ ਸੀ ਜਿਵੇਂ ਉਹਨੂੰ ਅਧਰੰਗ ਨੇ ਜਕੜ ਲਿਆ ਹੋਵੇ। ਸੀਬੋ ਨੂੰ ਅਰਥੀ ਤੇ ਪਈ ਵੇਖ ਕੇ ਜਿਵੇਂ ਉਹ ਗੁੰਮ ਈ ਹੋ ਗਿਆ ਸੀ। ਲੋਕ ਅਫਸੋਸ ਕਰਨ ਆਉਂਦੇ, ਉਹ ਡੌਰ ਭੌਰ ਉਨ੍ਹਾਂ ਦੇ ਚਿਹਰਿਆਂ ਵੱਲ ਦੇਖਦਾ ਰਹਿੰਦਾ। ਜਿਸ ਦਿਨ ਪਾਠੀ ਨੇ ਸੀਬੋ ਦਾ ਨਾਂ ਲੈ ਕੇ ਅੰਤਮ ਅਰਦਾਸ ਕੀਤੀ ਉਹਦੀਆਂ ਭੁੱਬਾਂ ਨਿੱਕਲ ਗਈਆਂ ਸਨ। ਉਹ ਜਿਵੇਂ ਅੰਦਰੋਂ ਤਿੜਕ ਗਿਆ ਸੀ। "ਰੋਣਾਂ ਨੀ ਭਾਈ, ਰੋਇਆਂ ਕੁਸ਼ ਨੀ ਲੱਭਣਾਂ। ਤੁਰ ਗਏ ਨੇ ਵਾਪਸ ਨੀ ਮੁੜਨਾ। ਗੁਰੂ ਸਾਹਿਬ ਫਰਮਾਨ ਕਰਦੇ ਨੇ ਇਹ ਮਾਇਆ ਮਮਤਾ ਮੋਹਣੀ ਐ, ਇਸ ਤੋਂ ਆਪਣੇ ਆਪ ਨੂੰ ਮੁਕਤ ਕਰਕੇ ਗੁਰੂ ਚਰਨਾਂ ਨਾਲ ਜੁੜੋ ਤਾਂ ਕਿ ਅਗਲਾ ਜਨਮ ਸਫਲਾ ਹੋ ਸਕੇ। ਇਥੇ ਬੈਠ ਕੇ ਸਾਡਾ ਰੋਣਾਂ ਧੋਣਾਂ ਸਭ ਵਿਅਰਥ ਹੈ। ਜਿਹੜਾ ਮਨੁੱਖ ਇੱਕ ਵਾਰ ਮਰ ਜਾਂਦਾ ਉਹਦਾ ਸਬੰਧ ਸਾਡੇ ਨਾਲੋਂ ਖਤਮ ਹੋ ਜਾਂਦਾ। ਉਹਦੇ ਵਿਯੋਗ ਵਿੱਚ ਰੋਣਾਂ ਸਮਾਂ ਨਸ਼ਟ ਕਰਨਾਂ ਹੈ। ਸੋ ਗੁਰਮੁਖ ਪਿਆਰਿਓ ਹਰ ਵੇਲੇ ਪ੍ਰਭੂ ਦਾ ਸਿਮਰਨ ਕਰਿਆ ਕਰੋ, ਇਨ੍ਹਾਂ ਕੂੜ ਦੇ ਧੰਦਿਆਂ ਵਿੱਚ ਫਸ ਕੇ ਆਪਣਾ ਜੀਵਨ ਨਸ਼ਟ ਨਾ ਕਰੋ। " ਪਾਠੀ ਮਾਈਕ ਵਿੱਚ ਬੋਲ ਰਿਹਾ ਸੀ।

ਭੋਗ ਪੈ ਗਿਆ। ਘਰ ਜਿਵੇਂ ਖਾਲੀ ਖਾਲੀ ਜਾਪ ਰਿਹਾ ਸੀ। ਨਿਰਵੈਰ ਖੇਤ ਜਾ ਕੇ ਮੋਟਰ ਦੇ ਚੁਬੱਚੇ ਦੀ ਬੰਨੀ 'ਤੇ ਬੈਠਾ ਸ਼ਮਸਾਨ ਘਾਟ ਵੱਲ ਦੇਖਦਾ ਰਹਿੰਦਾ। ਪਾਠੀ ਦੀ ਕਥਾਂ ਨੇ ਉਹਦੇ ਮਨ ਤੇ ਡੂੰਘਾ ਅਸਰ ਕੀਤਾ ਸੀ। ਇੱਕ ਦਿਨ ਮਨ 'ਚ ਪਤਾ ਨੀ ਕੀ ਆਈ। ਬਿੰਦਰ ਨੰਬਰਦਾਰ ਨੂੰ ਨਾਲ ਲੈ ਕੇ ਕਚਹਿਰੀ ਚਲਾ ਗਿਆ ਤੇ ਆਵਦੇ ਮਰਨ ਤੋਂ ਬਾਅਦ ਸਾਰੀ ਜੈਦਾਤ ਦੀ ਵਸੀਅਤ ਆਵਦੇ ਦੋਹਾਂ ਮੁੰਡਿਆਂ ਦੇ ਨਾਂ ਕਰਾ ਆਇਆ।

“ਮੈਂ ਕਿਆ ਨੰਬਰਦਾਰਾ ਹੁਣ ਤਾਂ ਮੇਰਾ ਦਿਲ ਬਹੁਤਾ ਈ ਦਿਲਗੀਰ ਜਿਹਾ ਹੋ ਗਿਆ ਇਸ ਘਰ ਚੋਂ, ਭਲਾਂ ਮੇਰਾ ਕੀ ਸਾਕ ਰਹਿ ਗਿਆ ਇਸ ਦੁਨੀਆਂ ਨਾਲ। ਹੁਣ ਤਾਂ ਸਾਲੀ ਐਵੇਂ ਦਿਨ ਕਟੀ ਜੀ ਕਰਦੇ ਆ। ਬੰਦਾ ਜਦੋਂ ਕੱਲਾ ਰਹਿ ਜਾਂਦਾ ਨਾ, ਸਾਲਾ ਕੰਧਾਂ ’ਚ ਟੱਕਰਾਂ ਮਾਰਨ ਨੂੰ ਚਿੱਤ ਕਰਦਾ, ਜ਼ਿੰਦਗੀ ਦਾ ਸਾਥ ਛੁਟਜੇ ਇਹਤੋਂ ਵੱਡਾ ਕਹਿਰ ਕੋਈ ਹੋ ਸਕਦਾ ਭਲਾ ਬੰਦੇ ’ਤੇ।”

“ਦਿਲ ਥੋੜਾ ਨੀ ਕਰੀਦਾ ਨਿਰਵੈਰ, ਸੰਭਾਲ ਆਪ ਨੂੰ। ਤੂੰ ਕੱਲਾ ਥੋੜਾਂ ਕਿਤੇ ਦੋ ਮੁੰਡੇ ਆ ਤੇਰੇ, ਆਹ ਸਾਰਾ ਪਿੰਡ ਵਸਦਾ, ਜੇ ਹੈਂਅ ਕਰੇਂਗਾ ਫੇਰ ਕਿਹੜਾ ਸੀਬੋ ਨੇ ਮੁੜ ਆਉਣਾਂ। ਇਹ ਤਾਂ ਚਲੋ ਚਲੀ ਦਾ ਮੇਲਾ ਐ, ਸਭ ਨੇ ਇਕ ਨਾ ਇਕ ਦਿਨ ਤੁਰ ਜਾਣਾਂ। ਕੋਈ ਅੱਜ ਤੁਰਿਆ ਜਾਂਦਾ ਕੋਈ ਕੱਲ ਨੂੰ। ਨਾਲ ਥੋੜਾ ਮਰ ਹੁੰਦਾ ਕਿਸੇ ਦੇ, ਹੈਂਅ! ਕਮਲਾ ਨਾ ਹੋਵੇ ਤਾਂ।” ਨੰਬਰਦਾਰ ਨੇ ਉਹਨੂੰ ਕੱਛ ’ਚ ਲੈ ਲਿਆ ਸੀ।

“ਨੰਬਰਦਾਰ ਤੂੰ ਤਾਂ ਜਾਣਦਾ ਈ ਐਂ ਸੀਬੋ ਬਾਰੇ। ਉਹ ਜਨਾਨੀ ਨੀ ਬੰਦਾ ਸੀ ਬੰਦਾ ਮੇਰੀ ਸੱਜੀ ਬਾਂਹ ਸੀ ਉਹ। ਭਾਵੇਂ ਮੈਂ ਕਿੰਨਾਂ ਉਹਦੇ ਨਾਲ ਲੜਦਾ ਰਿਹਾਂ, ਪਰ ਹੁਣ ਮੈਨੂੰ ਮਸੂਸ ਹੋਣ ਲਗ ਗਿਆ ਬਈ ਉਹਤੋਂ ਬਿਨਾਂ ਮੈਂ ਕੌਡੀ ਮੁੱਲ ਦਾ ਨੀ ਰਿਹਾ। ਇਨ੍ਹਾਂ ਦੋਹਾਂ ਭਰਾਵਾਂ ਨੇ ਕਿਥੋਂ ਕੰਮ ਕਰ ਲੈਣਾਂ ਸਾਡੇ ਬਰਾਬਰ ਸਾਲਿਆਂ ਨੇ ਕਦੇ ਵੱਟ ਛਾਂਗ ਕੇ ਦੇਖੀ ਨੀ। ਜਦੋਂ ਉਹ ਹੁੰਦੀ ਸੀ ਉਦੋਂ ਤਾਂ ਬੋਲੇ ਨੀ ਹੁਣ ਮੈਨੂੰ ਕੱਲਾ ਵੇਖ ਕੇ ਦਬਾਈ ਜਾਂਦੇ ਆ। ਬੱਸ ਆਲਿਆਂ ਦਾ ਕਨੈਂਟਰ ਗਿੰਦੂ ਦਲਾਲ ਇਨ੍ਹਾਂ ਨੂੰ ਉਂਗਲ ਲਾਈ ਫਿਰਦਾ। ਕਈ ਦਿਨਾਂ ਦੇ ਮੇਰੇ ਪਿਛੇ ਪਏ ਹੋਏ ਐ, ਅਖੇ ਜ਼ਮੀਨ ਦੇ ਨਾਲ ਲਗਦੀ ਫੈਕਟਰੀ ਵਾਲੇ ਮੂੰਹ ਮੰਗੀ ਕੀਮਤ ਦੇਣ ਨੂੰ ਤਿਆਰ ਬੈਠੇ ਆ। ਜੇ ਆਪਾ ਜ਼ਮੀਨ ਵੇਚ ਦੇਈਏ ਤਾਂ ਚੰਗੇ ਪੈਸੇ ਵੱਟ ਹੋ ਜਾਣਗੇ ਨਾਲੇ ਗਾਂਹ ਚਾਰ ਸਿਆੜ ਵਧ ਬਣ ਜਾਣਗੇ। ਮੈਂ ਕਿਆ ਸਾਲਿਓ ਥੋਡੇ ਤੋਂ ਆਹ ਪੰਜ ਕਿਲੇ ਤਾਂ ਵਾਹ ਨੀ ਹੁੰਦੇ ਹੋਰ ਲੈ ਕੇ ਤੁਸੀਂ ਕੀ ਫੰਨੂੰ ਖੋਹ ਦਿਉਂਗੇ। ਊਂ ਨੰਬਰਦਾਰਾ ਅਲਾਦ ਵੀ ਨਾ ਕਿਸੇ ਦੀ ਮਾੜੀ ਨਿੱਕਲੇ, ਇਹ ਵੀ ਸਾਲਾ ਜ਼ਿੰਦਗੀ ਭਰ ਦਾ ਰੋਣਾਂ ਈ ਹੁੰਦੀ ਆ। ਬੰਦਾ ਤਿਲ ਤਿਲ ਹੋ ਕੇ ਮਰਦਾ ਇਨ੍ਹਾਂ ਦੇ ਦੁਖੋਂ। ਫਿਰ ਸੋਚਦਾਂ ਮਨਾਂ ਕੀ ਲੈਣਾਂ ਇਨ੍ਹਾਂ ਕੰਮਾਂ ਚੋਂ, ਕੀਹਦੇ ਨਾਲ ਜਿਉਣ ਮਰਨ ਦਾ ਸਾਥ ਸੀ ਉਹ ਤਾਂ ਰਹੀ ਨੀ ਏਸ ਮਿੱਟੀ ਦਾ ਮੈਂ ਕੀ ਕਰਨਾਂ, ਇਨ੍ਹਾਂ ਦੀ ਜੈਦਾਤ ਆ ਜੋ ਮਰਜੀ ਕਰਨ। ਪਰ ਜਿਹੜੇ ਕੁੱਤੇ-ਖਾਣੀ ਇਹ ਮੇਰੇ ਨਾਲ ਕਰਦੇ ਆ ਜੀ ਕਰਦਾ ਸਾਰੀ ਜ਼ਮੀਨ ਦਾਨ ਕਰਦਿਆ। ਸੱਚ ਜਾਣੀ ਹੁਣ ਤਾਂ ਮੇਰਾ ਮੋਹ ਈ ਟੁੱਟਦਾ ਜਾਂਦਾ ਇਸ ਦੁਨੀਆਂ ਤੋਂ, ਸਾਧ ਹੋਣ ਨੂੰ ਜੀਅ ਕਰਦਾ, ਦਿਲ ਕਰਦਾ ਛੱਡ ਛੁਡਾ ਕੇ ਤੁਰ ਜਾਂ ਕਿਧਰੇ, ਪਰ ਸਾਲੀ ਸਵਾਹ ਹੋਈ ਰੱਸੀ ਦਾ ਵੱਟ ਕਿਵੇਂ ਨਿਕਲੇ, ਫਿਰ ਮੁੜ ਆਉਨਾਂ ਪਿਛਾਂਹ ਨੂੰ, ਸੋਚਦਾਂ ਇਹ ਦੋਵੇਂ ਭਰਾ ਮੂਰਖ ਨੇ ਕਿਤੇ ਐਵੇਂ ਨਾ ਦਰ ਦਰ ਦੀਆਂ ਠੋਕਰਾਂ ਨਾ ਖਾਂਦੇ ਫਿਰਨ। ਲੋਕਾਂ ਨੇ ਮੂੰਹ ਜੋੜ ਜੋੜ ਗੱਲਾਂ ਕਰਨੀਆਂ, ਸੀਬੋ ਦੀ ਆਤਮਾ ਅੱਡ ਸਰਾਪ ਦਊ। ਇਸੇ ਕਰਕੇ ਵਸੀਅਤ ਆਵਦੇ ਮਰਨ ਤੋਂ ਬਾਅਦ ਦੀ ਕਰਾ ਕੇ ਆਇਆ। ਜਿਉਂਦੇ ਜੀਅ ਜੱਟਾਂ ਦੇ ਪੁੱਤ ਮਲੰਗ ਹੁੰਦੇ ਦੇਖਣ ਨੂੰ ਕੀਹਦਾ ਚਿਤ ਕਰਦਾ। ਮਰੇ ਤੋਂ ਬਾਅਦ ਜੋ ਮਰਜੀ ਕਰਨ, ਪਰ ਜਿਉਂਦੇ ਜੀਅ ਨੀ ਮੈਂ ਇਹ ਹੋਣ ਦੇਣਾਂ।”

“ਦਲਗੀਰ ਨਾ ਹੋ ਨਿਰਵੈਰ ਸਭ ਠੀਕ ਹੋਜੂ, ਇਹ ਤੇਰੇ ’ਕੱਲੇ ਦਾ ਦੁੱਖ ਨੀ। ਸਾਰੇ ਪਿੰਡ ’ਚ ਘਰ ਘਰ ਇਹੋ ਕਲੇਸ਼ ਆ, ਮੈਂ ਤਾਂ ਜਾਣਦਾਂ... ਤੈਨੂੰ ਪਤਾ, ਅੱਧੋਂ ਵੱਧ ਪਿੰਡ ਦੀ ਜ਼ਮੀਨ ਵਿੱਕ ਚੁੱਕੀ ਐ। ਜਦੋਂ ਅਗਲੇ ਬੋਰੀਆਂ ਦੀਆਂ ਬੋਰੀਆਂ ਨੋਟ ਮੂਹਰੇ ਲਿਆ ਕੇ ਢੇਰੀ ਕਰ ਦਿੰਦੇ ਐ ਤਾਂ ਉਦੋਂ ਕਿਸੇ ਤੋਂ ਨਾਂਹ ਨੀ ਹੁੰਦੀ। ਇੱਕ ਤੂੰ ਈ ਐਂ ਜਿਹੜਾ ਅੜਿਆ ਬੈਠਾਂ, ਬਹੁਤੇ ਜੱਟ ਤਾਂ ਪੈਸਾ ਵੇਖ ਕੇ ਊਂ ਈ ਤਿਲਕ ਤਿਲਕ ਗਏ ਐ। ਦਿਲ ਨਾ ਛੱਡ ਰੱਬ ਜੋ ਕਰੂ ਚੰਗਾ ਈ ਕਰੂ।”

“ਦੇਖੀ ਚੱਲੀ ਮੈਂ ਵੀ ਫੈਕਟਰੀ ਵਾਲਿਆ ਦੀ ਹਿੱਕ ’ਤੇ ਪਿੱਪਲ ਲਾਊ।” ਨਿਰਵੈਰ ਮਨ ਹੀ ਮਨ ਸੋਚਦਾ। ਸਰਪੰਚ ਦਾ ਭਤੀਜਾ ਗਿੰਦੂ ਦਲਾਲ ਫਿਰ ਘਰ ਆਇਆ ਸੀ। ਨਿਰਵੈਰ ਦੀ ਜ਼ਮੀਨ ਦੇ ਨਾਲ ਲਗਦੀ ਆਪਣੀ ਦਸ ਕਿਲੇ ਜ਼ਮੀਨ ਉਨ੍ਹਾਂ ਨੇ ਧਾਗਾ ਫੈਕਟਰੀ ਨੂੰ ਵੇਚ ਦਿੱਤੀ ਸੀ। ਪਰ ਅੱਗੇ ਉਨ੍ਹਾਂ ਤੋਂ ਕਿਤੇ ਜ਼ਮੀਨ ਨਈਂ ਸੀ ਬਣੀ। ਅਖੀਰ ਭਰਾਵਾਂ ਨੇ ਆਪੋ ਵਿੱਚ ਵੰਡੀਆਂ ਪਾ ਕੇ ਆਪੋ ਆਪਣੇ ਹਿੱਸੇ ਦੱਬ ਲਏ ਸਨ। ਗਿੰਦੂ ਹੁਣ ਬੱਸ ਦੀ ਕੰਡਕਟਰੀ ਤੇ ਜ਼ਮੀਨਾਂ ਦੀ ਦਲਾਲੀ ਕਰਦਾ ਸੀ। ਆਪਣੇ ਨਾਲ ਲਗਦੇ



ਕਈ ਘਰਾਂ ਦੀਆਂ ਜ਼ਮੀਨਾਂ ਦਾ ਉਹਨੇ ਸੌਦਾ ਕਰਵਾ ਦਿਤਾ ਸੀ। ਬੇਟ ਦੇ ਇਲਾਕੇ ਵਿੱਚ ਜ਼ਮੀਨਾਂ ਦਿਖਾ ਕੇ ਉਹਨੇ ਬਹੁਤ ਸਾਰੇ ਜੱਟ ਨਿਹੱਥੇ ਕਰ ਦਿੱਤੇ ਸਨ। ਹੁਣ ਧਾਗਾ ਮਿੱਲ ਦੇ ਨਾਲ ਲਗਦੀ ਨਿਰਵੈਰ ਦੀ ਪੰਜ ਕੀਲੇ ਜ਼ਮੀਨ ਫੈਕਟਰੀ ਵਾਲਿਆਂ ਦੀ ਅੱਖਾਂ ’ਚ ਰੜਕਦੀ ਪਈ ਸੀ। ਇਹਦੇ ਵਿਚੋਂ ਗਿੰਦੂ ਨੂੰ ਕਮਿਸ਼ਨ ਵੀ ਮੋਟਾ ਮਿਲਣਾ ਸੀ। ਪਰ ਨਿਰਵੈਰ ਉਹਦੇ ਸੂਤ ਨਾ ਆਇਆ। ਉਹ ਹਰ ਰੋਜ ਉਹਦੇ ਕੋਲ ਆ ਕੇ ਬੈਠਾ ਰਹਿੰਦਾ। ਅਖੀਰ ਇੱਕ ਦਿਨ ਨਿਰਵੈਰ ਬੋਲ ਈ ਪਿਆ।

“ਦੇਖ ਸ਼ੇਰਾ ਆਪਣੇ ਹੱਥੀ ਬਣਾਈਂ ਜੈਦਾਤ ਐਂ ਨੀ ਵੇਚੀ ਜਾਂਦੀ ਹੁੰਦੀ। ਭਾਵੇਂ ਮੈਨੂੰ ਕੋਈ ਕਰੋੜਾ ਰੁਪਈਆ ਕਿਉਂ ਨਾ ਦੇਵੇ, ਮੈਂ ਆਪਣੀ ਜ਼ਮੀਨ ਦਾ ਸੌਦਾ ਨੀ ਕਰਨਾਂ। ਉਹ ਹੋਰ ਹੋਣਗੇ ਜਿਹੜੇ ਪੈਸੇ ਪਿਛੇ ਖੂਹ ’ਚ ਡਿੱਗਦੇ ਐ, ਪਰ ਮੈਂ ਉਨ੍ਹਾਂ ’ਚੋਂ ਨੀਂ।”

“ਤਾਇਆ ਬਹੁਤੀ ਜਿਦ ਨੀ ਕਰੀਦੀ ਹੁੰਦੀ, ਇਹ ਮੌਕੇ ਵਾਰ ਵਾਰ ਨੀ ਆਉਂਦੇ। ਨਾਲੇ ਮੈਂ ਕਿਹੜਾ ਤੇਰਾ ਮਾੜਾ ਸੋਚਦਾਂ। ਸਾਡੀ ਤੀਹ ਲੱਖ ਨੂੰ ਗਈ ਐ, ਤੈਨੂੰ ਪੰਜਾਹ ਲੰਘ ਉਹ ਆਵਦੀ ਜ਼ਬਾਨੋਂ ਕਹਿੰਦੇ ਐ। ਬਾਕੀ ਹੋਰ ਜਿਨਾਂ ਤੂੰ ਮੰਗ ਲਵੇਂ, ਮੈਂ ਮਨਾਉਂ ਆਪੇ ਉਨਾਂ ਨੂੰ ਪੰਜ ਕਿੱਲਿਆਂ ਦਾ ਢਾਈ ਕਰੋੜ ਵੱਟ ਹੋਜੂ। ਐਧਰ ਬੇਟ ’ਚ ਬਥੇਰੀਆਂ ਜ਼ਮੀਨਾਂ ਨੇ ਦੋ ਦੋ ਲਖ ਨੂੰ ਕਿਲਾ ਮਿਲੀ ਜਾਂਦਾ। ਤੇਰੇ ਸਿਆੜ ਵੀ ਵਧ ਜਾਣਗੇ ਨਾਲ ਚਾਰ ਪੈਸੇ ਬਚ ਜਾਣਗੇ। ”

ਮੈਨੂੰ ਪਹਿਲਾਂ ਐਂ ਦੱਸ ਬਈ ਤੁਸੀਂ ਦਸ ਕਿਲੇ ਤਿੰਨ ਕਰੋੜ ਦੇ ਵੇਚੇ ਐ, ਕਿੰਨੀ ਕੁ ਜ਼ਮੀਨ ਬਣਾਈ ਐ ਤੁਸੀਂ ਬੇਟ ’ਚ। ਮੈਂ ਜਾਣਦਾ ਨੀ ਭਲਾ, ਸਾਲਿਓ ਅੱਡੋ ਅੱਡ ਢੇਰੀਆਂ ਪਾ ਕੇ ਤੁਸੀਂ ਮਲੰਗ ਹੋਏ ਫਿਰਦੇ ਓ, ਤੇ ਹੁਣ ਲੋਕਾਂ ਨੂੰ ਮਲੰਗ ਕਰਨ ’ਤੇ ਤੁਲੇ ਹੋਏ ਓ, ਜਿਹੇ ਜੇ ਤੁਸੀਂ ਆ ਉਹੋ ਜੇ ਈ ਮੇਰੇ ਮੁੰਡੇ ਆ ਸਾਲੇ ਲੱਟੂ ਯਾਰ। ਕੀ ਸਮਝਦੇ ਆ ਮੈਨੂੰ ਤੁਸੀਂ... ਨਿੱਕਲ ਮੇਰੇ ਘਰੋਂ... ਖਬਰਦਾਰ ਜੇ ਦਬਾਰਾ ਵੜਿਆ ਤਾਂ। ਸਾਲਾ ਮਲੰਗ ਚੌਧਰੀ ਜਗਰਾਵੀਂ ਗੇੜੇ ਹੇਖਾਂ।”

ਗਿੰਦੂ ਠਿਠ ਜਿਹਾ ਹੋ ਕੇ ਤੁਰ ਗਿਆ ਸੀ। ਪਰ ਅਗਲੇ ਈ ਦਿਲ ਨੂੰ ਉਹਨੇ ਪਾਸਾ ਪਰਤ ਦਿੱਤਾ ਸੀ। ਹੁਣ ਉਹਨੇ ਪੱਤਾ ਜੀਤ ਤੇ ਮੀਤ ਵਲ ਸੁਟਿਆ ਜੀਹਦੀ ਸੀਪ ਜਲਦੀ ਈ ਲਗ ’ਗੀ ਸੀ। ਪੰਜਾਹ ਲੱਖ ਨੇ ਦੋਹਾਂ ਭਰਾਵਾਂ ਦੀ ਨੀਂਦ ਹਰਾਮ ਕੀਤੀ ਪਈ ਸੀ। ਸਵੇਰੇ ਸਵੇਰੇ ਚਾਹ ਪੀਂਦੇ ਜੀਤ ਨੇ ਗੱਲ ਛੇੜ ਲਈ ਸੀ। “ਭਾਪਾ ਜੀ ਮੈਂ ਸੁਣਿਆ ਆਪਣੀ ਜ਼ਮੀਨ ਦਾ ਰੇਟ ਵਧੀਆ ਮਿਲਦਾ। ਮੈਂ ਤਾਂ ਕਹਿੰਨਾ ਕੱਢ ਦੀਏ ਪਰਾਂ, ਔਧਰ ਚਲਦੇ ਆ ਬੇਟ ਦੇ ’ਲਾਕੇ ’ਚ, ਉਧਰ ਜ਼ਮੀਨਾਂ ਸਸਤੀਆਂ। ਨਾਲੇ ਸੰਦ ਆਵਦੇ ਬਣਾ ਲਵਾਂਗੇ ਨਾਲੇ ਜ਼ਮੀਨ ਵਧ ਬਣਜੂ। ਪੰਜ ਕਿੱਲਿਆ ਦੀ ਖੇਤੀ ਵੀ ਹੁਣ ਕੋਈ ਖੇਤੀ ਆ, ਐਵੇਂ ਸਾਲਾ ਝੱਖ ਮਾਰਨ ਆਲੀ ਗੱਲ ਆ।”

“ਦੇਖੋ ਕਾਕਾ ਮੈਂ ਇਹ ਜ਼ਮੀਨ ਡਲੇ ਭੋਰ ਭੋਰ ਕੇ ਬਣਾਈ ਐ। ਬਹੁਤ ਕੁਸ਼ ਮੇਰਾ ਤੇ ਤੇਰੀ ਮਾਂ ਦਾ ਇਸ ਜ਼ਮੀਨ ਨਾਲ ਜੁੜਿਆ ਹੋਇਆ। ਜਿਉਂਦੇ ਜੀਅ ਮੈਂ ਇਹ ਜ਼ਮੀਨ ਨੀ ਵੇਚਣੀ। ਮੇਰੇ ਮਰੇ ਤੋਂ ਬਾਅਦ ਜੋ ਮਰਜੀ ਕਰਿਓ ਪਰ ਹੁਣ ਮੈਨੂੰ ਦਬਾਰਾ ਨਾ ਕਹਿਓ, ਮੈਨੂੰ ਪਤਾ ਥੋਨੂੰ ਗਿੰਦੂ ਚੱਕੀ ਫਿਰਦਾ। ਪਰ ਥੋਨੂੰ ਇਹ ਨੀ ਪਤਾ ਬਈ ਨਾ ਤਾਂ ਗਿੰਦੂ ਤੋਂ ਅੱਗੇ ਜ਼ਮੀਨ ਬਣਾ ਹੋਈ ਐ ਨਾ ਉਹਦੇ ਪੱਟੇ ਬੰਦਿਆਂ ਤੋਂ। ਸਾਰੇ ਮਲੰਗ ਹੋਏ ਫਿਰਦੇ ਐ, ਔਹ ਬਚਨਾਂ ਦੇਖਿਆ, ਢਿੱਲੀ ਪੱਗ ਆਲਾ... ਝੋਟੇ ਦੇ ਸਿਰ ਅਰਗੀ ਜ਼ਮੀਨ ਵੇਚ ਕੇ ਬਾਰਡਰ ’ਤੇ ਚਲਾ ਗਿਆ। ਉਥੇ ਭਲਾ ਲੋਕ ਸੌਖੇ ਐ, ਛੇ ਮਹੀਨੇ ਨੀ ਕੱਟੇ। ਜਦੋਂ ਫੌਜੀ ਟੈਂਕਾਂ ਨੇ ਪੱਕੀ ਕਣਕ ਵਾਹਤੀ ਫੇਰ ਭੱਜੇ ਪਿਛਾਂਹ ਨੂੰ। ਜਿਨਾ ਪੈਸਾ ਖਰਚ ਕੀਤਾ ਸੀ ਉਹਤੋਂ ਅੱਧ ਵੀ ਨੀ ਵੱਟ ਹੋਇਆ। ਤੇ ਇਥੇ ਉਹਦੀ ਜ਼ਮੀਨ ’ਚ ਪੁੱਡਾ ਵਾਲਿਆਂ ਦੀ ਕੱਟੀ ਕਲੋਨੀ ’ਚ ਇਹਨੂੰ ਪਲਾਟ ਲੈਣਾ ਵੀ ਔਖਾ ਹੋ ਗਿਆ। ਹੁਣ ਦੇਖ ਲਾ ਔਹ ਬੈਠਾ ਧੱਕਾ ਕਲੋਨੀ ’ਚ ਮਲੰਗ ਹੋਇਆ। ਤੇ ਆਹ ਸ਼ਿੰਗਾਰਾ, ਆਂਹਦਾ ਸੀ ਮੰਡ ’ਚ ਜ਼ਮੀਨਾਂ ਸਸਤੀਆਂ ਭਲਾ ਬੰਦਾ ਪੁੱਛੇ ਸਾਲਿਓ ਮੰਡ ਦੇ ਲੋਕ ਮਿੱਟੀ ਖਾਂਦੇ ਐ ਜਿਹੜੇ ਜ਼ਮੀਨਾਂ ਸਸਤੀਆਂ ਵੇਚਣਗੇ। ਇਥੋਂ ਵੇਚ ਕੇ ਦਰਿਆ ’ਚ ਲੈ ’ਲੀ ਜਾ ਕੇ ਦਸ ਕਿਲੇ। ਉਹ ਹਰ ਛਿਮਾਹੀ ਪਾਣੀ ਲੈ ਜਿਆ ਕਰੇ ਰੋੜ ਕੇ। ਰਹਿੰਦੀ ਖੂੰਹਦੀ ਸੇਮ ਮਾਰ ਜਾਂਦੀ। ਹੁਣ ਉਧਰ ਨੂੰ ਮੂੰਹ ਨੀ ਕਰਦਾ। ਸ਼ੁਕਰ ਕਰੋਂ

ਹਵੇਲੀ ਨੀ ਸੀ ਵੇਚ ਕੇ ਗਿਆ, ਚਲੋ ਘਰ ਬਨਿਆ ਰਹਿ ਗਿਆ... ਨਈ ਤਾਂ ਬਚਨੇ ਵਾਂਗੂੰ ਧੱਕਾ ਕਲੋਨੀ 'ਚ ਈ ਧੱਕੇ ਖਾਣੇਂ ਪੈਣੇਂ ਸੀ। ਦੇਖ ਲੈ ਇਨ੍ਹਾਂ ਦਲਾਲਾਂ ਦੇ ਤਾਂ ਰੁਖ ਚੱਟੇ ਹਰੇ ਨੀ ਹੋਏ, ਬੰਦੇ ਕਿਥੋਂ ਤਾਬ ਆਉਣਗੇ। ਇਹ ਥੋਡੀ ਜੈਦਾਤ ਆ ਥੋਡੀ ਹੀ ਰਹਿਣੀ ਐ, ਮੈਂ ਕੁਸ ਚੱਕ ਕੇ ਨਾਲ ਨੀ ਲੈ ਜਾਣਾਂ। ਪਰ ਜੇ ਮੈਨੂੰ ਜਾਦਾ ਦਬਾਇਆ ਤਾਂ ਮੈਂ ਵਸੀਅਤ ਤੁੜਵਾ ਕੇ ਗੁਰਦੁਆਰੇ ਜਾਂ ਸਕੂਲ ਦੇ ਨਾਂ ਕਰਵਾ ਦੇਣੀ ਐਂ ਫੇਰ ਨਾ ਕਹਿਓ। ਗਿੰਦੂ ਕੇ ਬੰਦੇ ਚੰਗੇ ਨੀ ਇਨ੍ਹਾਂ ਦਾ ਖਹਿੜਾ ਛੱਡ ਦੋ ਤਾਂ ਚੰਗੇ ਰਹੋਂਗੇ।"

ਬਸ ਉਸੇ ਦਿਨ ਤੋਂ ਈ ਪੁੱਠੀ ਗਿਣਤੀ ਸ਼ੁਰੂ ਹੋਈ ਸੀ। ਸਵੇਰ ਸ਼ਾਮ ਘਰ 'ਚ ਕਲੇਸ਼ ਦਾ ਭੰਬੂਕਾ ਜਿਹਾ ਉਠਦਾ ਫਿਰ ਸ਼ਾਂਤ ਹੋ ਜਾਂਦਾ। ਤਰਲੇ ਮਿਨਤਾਂ ਤੇ ਗਾਲਾਂ 'ਚੋਂ ਲੰਘਦੀ ਗੱਲ ਮਰਨ ਮਾਰਨ ਤੱਕ ਪਹੁੰਚ ਜਾਂਦੀ। ਹੁਣ ਤਾਂ ਨਿੰਮੀ ਵੀ ਦੋਹਾਂ ਭਰਾਵਾਂ ਦੇ ਨਾਲ ਆ ਰਲੀ ਸੀ। ਕਲੇਸ਼ 'ਚ ਬਰਾਬਰ ਦੀ ਹਿਸੇਦਾਰ ਬਣਦੀ। ਕੋਈ ਗੱਲ ਹੋਣੀ ਹਿੱਕ ਥਾਪੜ ਕੇ ਆਖਦੀ... ਬਰਾਬਰ ਦੀ ਹੱਕਦਾਰ ਆਂ, ਮੈਂ ਕੋਈ ਕੱਢ ਕੇ ਨੀ ਲਿਆਂਦੀ ਹੋਈ, ਸੌ ਬੰਦੇ 'ਚ ਆਈ ਆ। ਸਾਡਾ ਵੀ ਜ਼ਮੀਨ 'ਤੇ ਉਨਾਂ ਈ ਹੱਕ ਆ ਜਿਨਾਂ ਤੇਰਾ ਆ ਬੁੜਿਆ।"

"ਮੈਂ ਜਣਦਾਂ ਸਾਲਿਓ ਹੁਣ ਥੋਡੇ ਅੰਦਰ ਕੌਣ ਬੋਲਦਾ। ਕੋਈ ਨੀ ਪੁੱਤ ਵੇਲੇ ਨੂੰ ਪਛਤਾਓਗੇ। ਤੁਹਾਡੇ ਹੱਥ ਠੂਠਾ ਨਾ ਫੜਾਇਆ ਤਾਂ ਮੈਂ ਵੀ ਪਿਓ ਦਾ ਪੁੱਤ ਨੀਂ, ਜਿਹੜੇ ਥੋਨੂੰ ਉਂਗਲਾਂ ਲਾਉਂਦੇ ਆ ਨਾ ਉਨ੍ਹਾਂ ਦਾ ਕੁਸ਼ ਨੀ ਜਾਣਾਂ ਤੁਸੀ ਪਛਤਾਓਗੇ। ਕਰਦਾਂ ਜਾ ਕੇ ਗੱਲ ਉਹਦੇ ਸਾਲੇ ਨਾ ਵੀ ਜਿਹੜਾ ਥੋਨੂੰ ਚੱਕੀ ਫਿਰਦਾ।"

"ਨਿਰਵੈਰ ਘਰੋਂ ਨਿੱਕਲ ਸਿਧਾ ਸਰਪੰਚ ਦੇ ਘਰ ਵੱਲ ਗਿਆ। ਉਹ ਉਹਨੂੰ ਗਲੀ 'ਚ ਈ ਮਿਲ ਪਿਆ। ਦੇਖ ਲਾ ਸਰਪੰਚਾ ਤੇਰਾ ਭਤੀਜਾ ਗਿੰਦੂ ਮੇਰੇ ਘਰੇ ਅੱਗ ਮਚਾਈ ਫਿਰਦਾ। ਗੱਲ ਤਾਂ ਤੈਨੂੰ ਪਤਾ ਈ ਹੋਣੀਂ ਐਂ, ਮੈਂ ਜ਼ਮੀਨ ਵੇਚਣ ਦੇ ਰੌਂਅ 'ਚ ਹੈਨੀ, ਪਰ ਉਹ ਮੁੰਡਿਆਂ ਨੂੰ ਉਂਗਲ ਲਾਈ ਫਿਰਦਾ, ਮੈਂ ਥਾਣੇਂ ਰਪਟ ਕਰਾ ਆਉਣੀ ਆ, ਬਈ ਜੇ ਕੋਈ ਹਬੀ ਨਭੀ ਹੋਗੀ ਗਿੰਦੂ ਈ ਜਿੰਮੇਵਾਰ ਹੋਊ। ਥੋਡੇ ਵੱਲ ਦੇਖ ਕੇ ਚੁਪ ਆਂ, ਜੇ ਕੋਈ ਹੋਰ ਹੁੰਦਾ ਹੁਣ ਨੂੰ ਠੋਕ ਦੇਣਾਂ ਸੀ। ਤੂੰ ਵਰਜ ਉਹਨੂੰ, ਕਿਉਂ ਪਿਛਲੇ ਉਮਰੇ ਮੇਰੀ ਨੂੰਹ ਪੁੱਤਾਂ ਤੋਂ ਕੱਤੇ ਖਾਣੀ ਕਰਾਉਂਦਾ।"

"ਤੂੰ ਵੀ ਨਾ ਬਸ ਨਿਰਵੈਰ ਝੁੱਡੂ ਈ ਰਿਹਾ। ਕੀ ਮਰਨ ਲਗਿਆ ਜ਼ਮੀਨ ਹਿੱਕ 'ਤੇ ਧਰ ਕੇ ਲੈਜੇਂਗਾ। ਮੁੰਡਿਆਂ ਦੀ ਜੈਦਾਤ ਆ ਜੇ ਵੇਚ ਕੇ ਹੋਰ ਬਣਾਉਣੀ ਚਹੁੰਦੇ ਆ ਤਾਂ ਤੈਨੂੰ ਦਸ ਕੀ ਤਕਲੀਫ ਆ। ਸਿਆਣਾਂ ਬਣ ਮੁੰਡੇ ਹੁਣ ਨਿਆਣੇਂ ਥੋੜਾ ਸਮਝਦਾਰ ਨੇ, ਤੂੰ ਤਾਂ ਐਵੇਂ ਸੀਖ ਪਰਨੇ ਹੋਇਆ ਫਿਰਦਾਂ, ਜੇ ਗਿੰਦੂ ਤੇਰੇ ਚੰਗੇ ਪੈਸੇ ਵਟਾਉਂਦਾ, ਉਹ ਕਿਹੜਾ ਤੇਰਾ ਮਾੜਾ ਕਰਦਾ। ਆਹ ਸਾਡੀ ਜ਼ਮੀਨ ਦੇਖ ਲਾ ਤੇਰੇ ਤੋਂ ਅੱਧੇ ਮੁੱਲ ਤੇ ਗਈ ਆ, ਤੈਨੂੰ ਖੁਸ਼ ਹੋਣਾਂ ਚਾਹੀਦਾ, ਤੂੰ ਆਕੜਿਆ ਸੂਤ ਨੀ ਆਉਂਦਾ।"

"ਅੱਛਾ ਤੇ ਤੂੰ ਵੀ ਨਾਲ ਈ ਰਲਿਆ ਹੋਇਐਂ। ਸਾਲਿਓ ਕੀੜੇ ਪੈ ਪੈ ਕੇ ਮਰੋਂਗੇ ਜਿਹੜਾ ਤੁਸੀਂ ਟੱਕ ਧਰਿਆ ਹੋਇਐ। ਪਹਿਲਾਂ ਤੂੰ ਸਾਰਾ ਪਿੰਡ ਲੁਟ ਕੇ ਖਾ ਲਿਆ। ਕੋਈ ਗਰਾਂਟ ਛੱਡੀ ਨੀ ਜਿਹੜੀ ਤੇਰੇ ਢਿੱਡ 'ਚ ਨਾ ਗਈ ਹੋਵੇ। ਫੇਰ ਆਵਦੀ ਜ਼ਮੀਨ ਵੇਚ ਕੇ ਖਾਲੀ। ਹੁਣ ਕੁਸ਼ ਬਚਿਆ ਨੀ ਥੋਡੇ ਖਾਣ ਨੂੰ ਤਾਂ ਸਾਲਿਓ ਲੋਕਾਂ ਦੀਆਂ ਜ਼ਮੀਨਾਂ ਪਿਛੇ ਪੈਗੇ ਥੋਡੀ ਮਾਂ... ਹੁਣ ਆਉਣ ਦੇ ਮੇਰੇ ਸਾਲੇ ਨੂੰ ਜੇ ਉਥੇ ਈ ਨਾ ਵਿਛਾਤਾ ਤਾਂ ਆਖੀਂ ਐਵੇਂ ਈ ਕਹਿੰਦਾ ਸੀ। ਫੇਰੇ ਦੇਣੇ ਨਾ ਹੋਣ ਤਾਂ ਦੱਲੇ ਸਾਲੇ।" ਨਿਰਵੈਰ ਉੱਚੀ ਉੱਚੀ ਗਾਲਾਂ ਦਿੰਦਾ ਖੇਤ ਵੱਲ ਤੁਰ ਗਿਆ। ਸਰਪੰਚ ਉਹਨੂੰ ਇੱਕ ਦੋ ਵਾਰੀ ਝਈ ਜੀ ਲੈ ਕੇ ਪਿਆ ਪਰ ਫਿਰ ਉਹ ਆਪਣੇ ਘਰ ਵੱਲ ਮੁੜ ਗਿਆ।

ਘੁਸਮੁਸਾ ਜਿਹਾ ਹੋ ਗਿਆ ਸੀ। ਨਿਰਵੈਰ ਅਜੇ ਖੇਤੋਂ ਨੀ ਸੀ ਮੁੜਿਆ ਗਿੰਦੂ ਬਾਹਰਲੀ ਬੈਠਕ ਵਿੱਚ ਜੀਤ ਹੁਰਾਂ ਕੋਲ ਸ਼ਰਾਬ ਪੀਣ ਆ ਬੈਠਾ ਸੀ। ਗੱਲਾਂ ਗੱਲਾਂ ਵਿੱਚ ਈ ਉਹਨੇ ਗੱਲ ਛੇੜ ਲਈ ਸੀ। "ਹਾਂ ਫਿਰ ਜੀਤ ਸਿਹਾਂ, ਬਈ ਕੋਈ ਥੋਡੀ ਸਲਾਹ ! ਦੇਖ ਬਾਈ ਤੁਸੀਂ ਹੈਗੇ ਆ ਮੇਰੇ ਭਰਾ, ਮੈਂ ਕਿਹੜਾ ਭਰਾਵਾਂ ਦਾ ਮਾੜਾ ਸੋਚਦਾਂ। ਪਰ ਥੋਡਾ ਬੁੜਾ ਪਤਾ ਨੀ ਕਿਉਂ ਮੈਨੂੰ ਕੈਰੀ ਅੱਖ ਨਾਲ ਦੇਖਦਾ ਰਹਿੰਦਾ। ਮੈਂ ਤਾਂ



ਸੋਚਦਾ ਸੀ ਬਈ ਥੋਨੂੰ ਕਿਲੇ ਦਾ ਪੰਜਾਹ ਲੱਖ ਦਵਾਉਣਾਂ ਈ ਦਵਾਉਣਾਂ ਜੋਰ ਲਾ ਕੇ ਵੱਧ ਵੀ ਦਵਾ ਦੂੰ, ਪਰ ਤਾਇਆ ਕੁਸ਼ ਬੋਲੇ ਤਾਂ ਸਈ। ਆਹ ਵੇਖ ਲੋ ਮਿਲੀ ਆ ਪਿੰਡ 'ਚ ਕਿਸੇ ਨੂੰ ਐਡੀ ਰਕਮ। ਸ਼ਿੰਗਾਰੇ ਨੂੰ ਵੀਹ ਮਿਲਿਆ ਤੇ ਬਚਨੇ ਦੀ ਅਠਾਰਾਂ ਲਖ ਨੂੰ ਗਈ ਐ। ਥੋਨੂੰ ਤਿਗਣਾਂ ਮੁੱਲ ਮਿਲਦਾ, ਪਰ ਥੋਡਾ ਬੁੜਾ ਪਤਾ ਨੀਂ ਕਿਉਂ ਲੋਹੇ ਦਾ ਥਣ ਬਣਿਆਂ ਬੈਠਾ। ਜੇ ਉਹਨੂੰ ਕੋਈ ਚੰਗੀ ਮਤ ਦਿਓ ਅਗੋਂ ਚਾਰੇ ਖੁਰ ਚੱਕ ਕੇ ਪੈਜੂ ਜਿਵੇਂ ਡਮਾਕ ਹਿੱਲਿਆ ਹੋਵੇ। ਊਂ ਡਮਾਕ ਹਿਲੇ ਬੰਦੇ ਨੂੰ ਸਮਝਾਉਣਾ ਐਨਾ ਸੌਖਾ ਨੀ ਹੁੰਦਾ। ਮੇਰੀ ਮੰਨੋਂ ਵਸੀਅਤ ਥੋਡੇ ਨਾਂ ਹੈਗੀ ਈ ਆ, ਹੁਣ ਤਾਂ ਉਹਦੇ ਮਰਨ ਦੀ ਦੇਰ ਆ, ਸਭ ਕੁਸ਼ ਥੋਡਾ ਹੋ ਜਾਣਾਂ। ਮੈਂ ਤਾਂ ਕਹਿਨਾਂ ਨ੍ਹੇਰ ਸਵੇਰ ਮਰੋੜ ਦਿਓ ਘੰਡੀ। ਉਮਰ ਹੋਈ ਪਈ ਆ ਕਿਸੇ ਨੂੰ ਸ਼ੱਕ ਵੀ ਨੀ ਹੋਣਾਂ, ਫੇਰ ਆਵਦੀ ਐਸ਼ ਕਰਿਓ।"

ਗਿੰਦੂ ਦੀ ਗੱਲ ਸੁਣ ਕੇ ਜੀਤ ਤੇ ਮੀਤ ਤਾਂ ਚੁਪ ਰਹੇ ਪਰ ਮੀਟ ਦੀ ਕੌਲੀ ਲੈ ਕੇ ਆਈ ਨਿੰਮੋ ਨੇ ਹੁੰਗਾਰਾ ਭਰਿਆ ਸੀ। ਹਾਂ ਭਾਜੀ ਲਗਦਾ ਐਂ ਈ ਕਰਨੀ ਪਊ, ਊਂ ਤਾਂ ਇਹਨੇ ਸਾਡੇ ਹੱਥ ਪੱਲੇ ਕੁਸ਼ ਪੈਣ ਨੀ ਦੇਣਾਂ... ਸੋਚਦੀ ਆਂ ਕਿਤੇ ਸੱਚੀਂ ਨਾਂ ਜ਼ਮੀਨ ਹੱਥੋਂ ਨਿਕਲਜੇ। ਸਕੂਲ ਦੀ ਕਮੇਟੀ ਦਾ ਪ੍ਰਧਾਨ ਵੀ ਕੱਲ੍ ਘਰੇ ਆਇਆ ਸੀ, ਗੁਰਦਵਾਰੇ ਵੀ ਬੁੜ੍ਹਾ ਗੇੜੇ ਮਾਰਦਾ।"

"ਪੈਣ ਕਿਉਂ ਨੀ ਦੇਣਾਂ ਪੱਲੇ, ਸਾਨੂੰ ਕਿਹੜਾ ਯਤੀਮ ਖਾਨਿਓਂ ਲੈ ਕੇ ਆਇਆ ਸੀ, ਮੇਰਾ ਸਾਲਾ।" ਜੀਤ ਭੁੜਿਆ।

"ਉਸ ਦਿਨ ਸੁਣਿਆ ਨੀ ਸੀ ਤੂੰ ਜਦੋਂ ਆਂਹਦਾ ਸੀ ਜ਼ਮੀਨ ਗੁਰਦੁਆਰੇ ਦੇ ਨਾਂ ਕਰਾ ਦੂੰ, ਐਹੋ ਜੇ ਦਾ ਕੀ ਪਤਾ, ਕੱਲ ਨੂੰ ਕਿਤੇ ਉਹ ਨਾ ਕਰੇ। ਛੇਤੀ ਕਰੋ ਜੋ ਕਰਨਾ ਨਈਂ ਫਿਰ ਮੈਨੂੰ ਦੱਸੋ ਮੈਂ ਕਰਦੀ ਆਂ ਇਹਦਾ ਸੌਦਾ ਸੁੱਧ।"

"ਹੈਗੇ ਆ ਅਸੀਂ ਅਜੇ ਤੈਨੂੰ ਕੋਈ ਲੋੜ ਨੀ ਭਰਜਾਈ। ਇਹ ਸਾਡੀ ਵੰਡ ਆ ਅਸੀਂ ਆਪੇ ਸਮਝਾਂਗੇ। ਅੱਜ ਹੀ ਸਾਲੇ ਨੂੰ ਨਰਕਪੁਰੀ ਦਿਖਾਊਂ ਰਾਤ ਨੂੰ।" ਮੀਤਾ ਬੋਲਿਆ ਸੀ।

"ਨਈ ਓਏ ਬੇਫਕੂਫਾ ਤੈਨੂੰ ਨੀ ਪਤਾ, ਇਹਦਾ ਲਾਜ ਤਾਂ ਹੈਗਾ, ਕੋਈ ਨੀ ਤੂੰ ਚੁਪ ਕਰ ਅਜੇ, ਫਿਰ ਦੇਖਦੇ ਆਂ ਕੀ ਬਣਦਾ।" ਜੀਤ ਮੱਥੇ 'ਤੇ ਸਿਰ ਫੇਰਦਾ ਬੋਲਿਆ।

ਭੋਲੇ ਸ਼ਾਹ ਦੀ ਦਰਗਾਹ ਤੋਂ ਲੰਗਰ ਛਕ ਕੇ ਨਿਰਵੈਰ ਪਸ਼ੂਆਂ ਵਾਲੇ ਬਰਾਂਡੇ 'ਚ ਆ ਕੇ ਪੈ ਗਿਆ। ਪਿਸ਼ਾਬ ਕਰਨ ਆਏ ਮੀਤੇ ਨੇ ਸੋਚਿਆ ਜਿਵੇਂ ਉਹ ਸੌਂ ਗਿਆ ਹੋਵੇ। ਉਹਨੇ ਗਲਮੇਂ ਤੋਂ ਫੜਕੇ ਨਿਰਵੈਰ ਦਾ ਗਲ ਘੁੱਟਣ ਦੀ ਕੋਸ਼ਿਸ਼ ਕੀਤੀ, ਪਰ ਸ਼ਰਾਬੀ ਹੋਣ ਕਰਕੇ ਉਹ ਉਹਤੋਂ ਛੁਟ ਗਿਆ। ਥੋਡੀ ਓ ਮਾਂ ਦੀ ਸਾਲਿਓ ਤੁਸੀਂ ਐਥੋਂ ਤੱਕ ਪਹੁੰਚਗੇ। ਨਿਰਵੈਰ ਉੱਚੀ ਗਾਲ੍ਹਾਂ ਦੇਣ ਲਗ ਪਿਆ। ਰੌਲਾ ਸੁਣ ਕੇ ਜੀਤ ਨੇ ਭੱਜ ਕੇ ਮੀਤੇ ਨੂੰ ਫੜਿਆ ਉਹ ਨਿਰਵੈਰ ਵੱਲ ਫਹੁੜਾ ਉਲਾਰੀ ਖੜਾ ਸੀ। ਉਵੇਂ ਆਹ ਕੀ ਕਰੀ ਜਾਨਾਂ ਕੰਜਰਾ, ਫਸਣਾ ਤੂੰ। ਕਿਉਂ ਮਰੇ ਨੂੰ ਮਾਰਦਾਂ ਇਹਨੂੰ ਤਾਂ ਪਹਿਲਾਂ ਈ ਮੌਤ ਚੁੱਕੀ ਫਿਰਦੀ ਆ ਚੌਰੇ ਨੂੰ... ਤੂੰ ਕਾਹਨੂੰ ਮਰਿਆ ਸੱਪ ਗਲ 'ਚ ਪਾਉਣ ਲਗਿਆ।"

"ਛੱਡ ਦੇ ਬਾਈ ਮੈਂ ਅੱਜ ਏਹਦਾ ਘੋਗਾ ਚਿਤ ਕਰਨਾਂ ਈ ਆਂ। ਇਹ ਸਾਲਾ ਸਾਡੇ ਗਲੇ ਦੀ ਹੱਡੀ ਬਣਿਆ ਪਿਆ, ਇਹਨੂੰ ਸੋਧਣਾਂ ਈ ਆ ਅੱਜ... ਪਰੇ ਹੋ ਜਾ ਤੂੰ।" ਜੀਤ ਦੇ ਰੋਕਦਿਆਂ ਰੋਕਦਿਆਂ ਈ ਉਹਨੇ ਫਹੁੜਾ ਘੁਮਾ ਦਿੱਤਾ ਸੀ।

ਨਿਰਵੈਰ ਨੇ ਫਿਰ ਮੋਢਾ ਪਲੋਸਿਆ। ਮੋਢੇ ਦੀ ਬੰਨ ਤੇ ਪਈ ਸੋਜ ਨਾਲ ਚੀਸ ਟੱਸ ਟੱਸ ਕਰਨੋਂ ਨੀ ਸੀ ਹਟੀ ਅਜੇ। ਉਹ ਉਠ ਕੇ ਕੋਠੀਓਂ ਬਾਹਰ ਨਿਕਲਿਆ। ਦਿਨ ਵਾਹਵਾ ਚੜ੍ਹ ਆਇਆ ਸੀ।

"ਸਾਲਾ ਬੰਤੀ ਵੀ ਅਜੇ ਤੱਕ ਚਾਹ ਲੈ ਕੇ ਨੀ ਆਇਆ। ਉਸ ਸੋਚਿਆ ਤੇ ਫਿਰ ਚੁਬੱਚੇ ਦੀ ਬੰਨੀ 'ਤੇ ਬੈਠ ਕੇ ਉਹ ਗਿੰਦੂ ਕੀ ਜ਼ਮੀਨ ਵਿੱਚ ਨਵੀਂ ਬਣ ਰਹੀ ਫੈਕਟਰੀ ਵੱਲ ਦੇਖਣ ਲਗ ਪਿਆ। ਪਿੰਡੋ ਸ਼ਹਿਰ ਵੱਲ ਜਾਂਦੇ ਮੋਟਰ ਸੈਂਕਲ ਦੀ ਜਾਣੀ ਪਛਾਣੀ ਆਵਾਜ਼ ਨੇ ਉਹਨੂੰ ਤਲਖ ਕਰ ਦਿੱਤਾ। ਇਹ ਗਿੰਦੂ ਈ ਸੀ।

"ਜਾ ਰਿਹਾ ਹੋਣਾਂ ਕਿਸੇ ਦੀ ਜੜ੍ਹ ਪੱਟਣ ਸਾਲਾ ਦੱਲਾ ਨਾ ਹੋਵੇ ਤਾਂ... ਕੰਜਰਾਂ ਨੇ ਆਪ ਤਾਂ ਸਾਰੀ ਡਕਾਰਲੀ ਹੁਣ ਲੋਕਾਂ ਦੇ ਆਹੂ ਲਹੁਣ 'ਤੇ ਹੋਏ ਐ। ਹਾਂ ਤੇਰਾ ਕੱਖ ਨਾ ਰਹੇ ਸਾਲਿਆ, ਤੂੰ ਵੀ ਪਿਛਲੀ ਉਮਰੇ ਐਂ ਈ ਧੱਕੇ ਖਾਣੇਂ ਜਿਵੇਂ ਅੱਜ ਮੇਰੇ ਨਾਲ ਤੂੰ ਕਰਾਈ ਐ।" ਉਹਦਾ ਦਿਲ ਕੀਤਾ ਗਿੰਦੂ ਨੂੰ ਪਿਛੋਂ 'ਵਾਜ ਮਾਰ ਕੇ ਮੂੰਹ 'ਤੇ ਗਾਲ੍ਹਾਂ ਕੱਢੇ। ਕੋਈ ਨੀ ਪੁੱਤ ਜਿਹੜੀ ਤੇਰੀ ਅੱਤ ਚੱਕੀ ਆ ਨਾ ਰੱਬ ਨੇੜੇ ਹੋ ਕੇ ਦੇਖੂ ਤੈਨੂੰ। ਦੇਖਣਾਂ ਕੀ ਐ, ਦੇਖੀ ਜਾਂਦਾ ਪੱਲੇ ਕੁਸ਼ ਰਿਹਾ ਨੀ... ਜਿਹੜੇ ਚਾਰ ਛਿਲੜ ਬਚੇ ਐ ਉਹ ਕਿੰਨਾਂ ਕੁ ਚਿਰ ਸਾਂਭੇਗਾ, ਉਹ ਤਾਂ ਖਾਧੇ ਈ ਜਾਣੇਂ ਐਂ। ਫੇਰ ਪੁੱਛੂੰ ਸਾਲਿਓ।"

"ਕੀਹਨੂੰ ਸਵੇਰੇ ਗਾਲ੍ਹਾਂ ਦੇਈ ਜਾਨਾਂ ਤਾਇਆ।" ਬੰਤਾ ਚਾਹ ਵਾਲਾ ਡੋਲੂ ਲਈ ਉਹਦੇ ਪਿਛੇ ਖੜਾ ਸੀ।

"ਕੁਸ਼ ਨੀ ਬੰਤਿਆਂ, ਤੈਨੂੰ ਪਤਾ ਈ ਐ ਸਾਰੀ ਗੱਲ।" ਸਵੇਰੇ ਆਉਣ ਲਗਿਆ ਬੋਲਿਆ ਨੀ ਕੋਈ ਕੁਸ਼। ਕਹਿ ਦੇਣਾਂ ਸੀ ਸਾਲਿਆਂ ਨੂੰ ਬਈ ਹੁਣ ਨੀ ਮੈਂ ਮੁੜਦਾ ਘਰੇ। ਤੇ ਨਾਲੇ ਆਹ ਮੇਰੀ ਚਾਹ ਘਰੋਂ ਨਾ ਲੈ ਕੇ ਆਇਆ ਕਰ। ਕੀ ਪਤਾ ਲਗਦਾ ਸਾਲੇ ਜ਼ਹਿਰ ਈ ਨਾ ਪਾ ਦੇਣ। ਤਮ੍ਹਾਂ 'ਚ ਫਸਿਆ ਬੰਦਾ ਪਤਾ ਨੀ ਕਿਥੇ ਕਿਥੇ ਪਹੁੰਚਦਾ। ਮੈਨੂੰ ਤਾਂ ਓਦਣ ਦੀ ਆਉਂਦੀ ਆ ਜੇ ਮੀਤਾ ਸ਼ਰਾਬੀ ਨਾ ਹੁੰਦਾ ਤਾਂ ਹੁਣ ਨੂੰ ਸਾਲਿਆਂ ਨੇ ਫੁਲ ਵੀ ਚੁਗ ਦੇਣੇਂ ਸੀ। ਤੈਨੂੰ ਪਤਾ ਈ ਐ।"

ਨਈਂ ਤਾਇਆ ਤੇਰੀ ਚਾਹ ਤਾਂ ਮੈਂ ਆਵਦੇ ਘਰੋਂ ਲੈ ਕੇ ਆਇਆ, ਉਧਰ ਤਾਂ ਮੈਂ ਰੇਹੜਾ ਈ ਲੈਣ ਗਿਆ ਸੀ। ਊਂ ਉਨ੍ਹਾਂ ਨੂੰ ਪਤਾ ਬਈ ਤੇਰਾ ਰੋਟੀ ਪਾਣੀ ਘਰੋਂ ਆਉਂਦਾ, ਤਾਂ ਈ ਤਾਂ ਮਗਰ ਨੀ ਆਏ।" ਚਾਹ ਵਾਲਾ ਡੋਲੂ ਰੱਖਦਾ ਬੰਤਾ ਬੋਲਿਆ।

"ਊਂ ਕਹਿਣ ਨੂੰ ਕੀ ਕਹਿਣਾਂ ਬੰਤਿਆ, ਇਨ੍ਹਾਂ ਦਿਨਾਂ 'ਚ ਨਾ ਮੈਂ ਜ਼ਿੰਦਗੀ ਨੂੰ ਬੜਾ ਨੇੜਿਓਂ ਹੋ ਕੇ ਵੇਖ ਲਿਆ। ਬੰਦਾ ਐਥੇ ਆ ਕੇ ਮਾਰ ਖਾ ਜਾਂਦਾ, ਮਾੜੀ ਲਾਦ ਨੇ ਮਾਰ ਲਿਆ। ਡਮਾਕ ਈ ਪੁੱਠਾ ਹੋ ਗਿਆ ਕੰਜਰਾਂ ਦਾ ਬਈ ਸਾਲਿਓ ਸ਼ਹਿਰੀ ਜੈਦਾਤ ਬਣਗੀ ਆ ਥੋਡੀ ਇਹਨੂੰ ਸਾਂਭੋ। ਅਕਲ ਈ ਹੈਨੀ ਵੀ ਪੁਸ਼ਤੀ ਜੈਦਾਤਾਂ ਕਿਵੇਂ ਸਾਂਭੀਦੀਆਂ। ਮੈਂ ਕਈ ਵਾਰੀ ਸੋਚਿਆ ਸਾਲਿਆਂ ਨੂੰ ਬੇਦਖਲ ਕਰਕੇ ਜ਼ਮੀਨ ਸਕੂਲ ਦੇ ਨਾਂ ਕਰਵਾ ਦਿਆਂ। ਫਿਰ ਸੋਚਦਾਂ ਮਨਾਂ ਕਾਹਨੂੰ ਜੱਗ 'ਚੋਂ ਬਦਨਾਮੀ ਖੱਟ ਕੇ ਜਾਣਾ ਪਤਾ ਨ੍ਹੀ ਚਾਰ ਦਿਨ ਸਾਹ ਹੈਗੇ ਆ ਜਾਂ ਨਾਈਂ, ਸੋਚਦਾ ਇਹ ਸਾਲੇ ਮੈਨੂੰ ਈ ਮਰਿਆ ਭਾਲਦੇ ਐਂ।'

"ਇਹੀ ਤਾਂ ਬੇਸਮਝੀ ਆਲੀਆਂ ਗੱਲਾਂ ਹੁੰਦੀਆਂ ਤਾਇਆ। ਜੇ ਉਨਾਂ ਨੂੰ ਐਨੀ ਸਮਝ ਹੋਵੇ ਤਾਂ ਇਉਂ ਕਿਉਂ ਕਰਨ।" ਗਲਾਸਾਂ 'ਚ ਚਾਹ ਪਾਉਂਦਾ ਬੰਤੀ ਬੋਲਿਆ।

ਨਿਰਵੈਰ ਪਰਾਂ ਫੈਕਟਰੀ ਦੇ ਧੂੰਏਂ ਛਡਦੀ ਚਿਮਨੀ ਵੱਲ ਨੀਝ ਲੈ ਕੇ ਦੇਖਣ ਲਗ ਪਿਆ। ਅੱਠ ਵਜੇ ਦੀ ਸ਼ਿਫਟ ਵਾਲਾ ਹੂਟਰ ਵੱਜਣ ਲਗਾ ਸੀ। ਮਜ਼ਦੂਰ ਅੰਦਰ ਬਾਹਰ ਆਉਣ ਜਾਣ ਲਗੇ ਸਨ। ਬਚਨੇ ਦੇ ਮੁੰਡੇ ਤੇ ਸ਼ਿਗਾਰਾਂ ਵਾਹੋਦਾਹੀ ਫੈਕਟਰੀ ਵੱਲ ਸੈਂਕਲ ਭਜਾਈ ਜਾ ਰਹੇ ਸੀ।"

"ਬੰਤ ! ਚਾਹ ਫੜਦਾ ਨਿਰਵੈਰ ਜਿਵੇਂ ਡੂੰਘੀ ਖੇਡ 'ਚੋਂ ਬੋਲਿਆ ਹੋਵੇ। ਤੂੰ ਨਾ ਆਹ ਸੀਰ ਸੱਪੇ ਦਾ ਕੰਮ ਛੱਡ ਦੇ, ਹੁਣ ਇਹ ਥੋਡੇ ਲਾਇਕ ਨੀ ਰਿਹਾ, ਕੋਈ ਹੋਰ ਕਰ ਲੈ, ਤੇ ਨਾਲੇ ਨਿਆਣਿਆਂ ਨੂੰ ਪੜਾ ਲਿਖਾ ਕੇ ਕਿਸੇ ਚੱਜ ਦੇ ਕੰਮ ਤੇ ਲਾਈਂ ਆਵਦੇ ਆਂਗੂੰ ਕਿਤੇ ਅਨਪੜ੍ਹ ਈ ਨਾ ਰੱਖ ਲੀਂ।"

"ਆਹ ਵਿਚੋਂ ਤੂੰ ਕਿਹੜੀ ਗੱਲ ਫੜ ਲੀ ਤਾਇਆ। ਤੈਨੂੰ ਤਾਂ ਪਤਾ ਮੇਰੇ ਨਿਆਣਿਆਂ ਨੇ ਅਜੇ ਕਿਥੇ ਜਾ ਕੇ ਕੰਮ ਜੋਗੇ ਹੋਣਾਂ।"

"ਤੂੰ ਹੀ ਤਾਂ ਕਹਿਨਾਂ, ਚਾਰ ਅੱਖਰ ਪੜ੍ਹ ਕੇ ਕੋਈ ਚੱਜ ਦਾ ਕੰਮ ਸਿਖਾ ਦੀਂ। ਕਿਉਂਕਿ ਉਦੋਂ ਨੂੰ ਪਤਾ ਨੀ ਕਿੰਨੇ ਮੇਰੇ ਵਰਗਿਆਂ ਨੇ ਜ਼ਮੀਨਾਂ ਵੇਚ ਕੇ ਇਨ੍ਹਾਂ ਫੈਕਟਰੀਆਂ 'ਚ ਸੀਰੀ ਲਗ ਚੁੱਕੇ ਹੋਣਾਂ। ਔਹ ਵੇਖ ਜਾਂਦੇ ਜੱਟ ਸੀਰੀ ਸ਼ਿੰਗਾਰਾ ਤੇ ਬਚਨੇ ਦੇ ਮੁੰਡੇ। ਤੇ ਉਦੋਂ ਨੂੰ ਪਤਾ ਨੀ ਕਿੰਨੇ ਗਿੰਦੂ ਵਰਗਿਆਂ ਨੇ ਇਨ੍ਹਾਂ ਵੱਟਾਂ ਦੀ ਥਾਂ ਜ਼ਮੀਨਾਂ ਵਿੱਚ ਕੰਧਾਂ ਬਣਵਾਉਂਦੇ ਤੁਰੇ ਜਾਣਾਂ। ਔਹ ਘੰਟਾ ਘਰ ਵਾਲਾ ਟਾਵਰ ਦੇਖਿਆ ਤੂੰ, ਉਹ ਆਪਣੇ ਪਿੰਡੋਂ ਦੀਂਹਦਾ ਹੁੰਦਾ ਸੀ। ਹੁਣ ਵੇਖ ਲਾ ਉੱਚੀਆਂ ਉੱਚੀਆਂ ਕੰਧਾਂ 'ਚ ਈ ਘਿਰ ਗਿਐ। ਤੇ ਆਹ ਸ਼ਹਿਰ ਇਥੋਂ ਅੱਠ ਮੀਲ ਤੇ ਸੀ, ਹੁਣ ਵੇਖਲਾ ਸਾਡੇ ਖੇਤਾਂ ਦੀਆਂ ਵੱਟਾਂ ਨਾਲ ਆ ਲਗਿਐ। ਦਿਨੋਂ ਦਿਨ ਕੁਸ਼ ਦਾ ਕੁਸ਼ ਬਣੀ ਜਾਂਦਾ ਲੋਕ ਧਰਤੀ ਘੇਰੀ ਜਾਂਦੇ ਐ। ਸੱਚ ਜਾਣੀਂ ਮੈਨੂੰ ਹੁਣ ਇਨ੍ਹਾਂ ਕੰਧਾਂ ਤੋਂ ਡਰ ਆਉਂਦਾ ਇਹ ਮੈਨੂੰ ਧਰਤੀ ਤੇ ਨਾਗਵਲ ਵਾਂਗੂੰ ਲਗਦੀਆਂ ਜਿਹੜੀਆਂ ਹੌਲੀ ਹੌਲੀ ਧਰਤੀ ਨੂੰ ਨਪੀੜੀ ਜਾਂਦੀਆਂ। ਇਨ੍ਹਾਂ ਕੰਧਾਂ ਦੀ ਘੁਟਣ ਤੋਂ ਮੇਰਾ ਦਮ ਘੁਟਣ ਲਗਦਾ ਦਿਲ ਕਰਦਾ ਭੱਜ ਜਾ ਕਿਧਰੇ।" ਨਿਰਵੈਰ ਗੰਭੀਰ ਜਿਹਾ ਹੋ ਗਿਆ ਸੀ।

"ਤਾਂ ਤਾਇਆ ਮੈਨੂੰ ਵੀ ਐਂ ਈ ਲਗਦਾ। ਕੱਲ ਨਾ ਮੇਰੇ ਭਤੀਜਾ ਪਾੜ੍ਹਾ ਖਬਰ ਪੜ੍ਹੀ ਜਾਵੇ। ਮੈਨੂੰ ਆਂਹਦਾ ਤਾਇਆ ਵਿਗਿਆਨੀ ਆਂਹਦੇ ਆ ਇਹ ਧਰਤੀ ਨਾ ਇੱਕ ਦਿਨ ਪਿੰਡ ਬਣ ਜਾਣੀ ਆ। ਮੈਨੂੰ ਤਾਂ ਉਹਦੀ ਗੱਲ ਸਮਝ ਨੀ ਆਈ। ਫਿਰ ਉਹ ਕਹਿੰਦਾ ਚਾਚਾ ਪੰਜਾਬ 'ਚੋਂ ਰੋਜ ਦੋ ਕੀਲੇ ਜ਼ਮੀਨ ਤੇ ਲੈਂਟਰ ਪੈਂਦਾ, ਜਾਣੀ ਦੋ ਕੀਲੇ ਖੇਤੀ ਆਲੀ ਜ਼ਮੀਨ ਰੋਜ ਕਿਸਾਨਾਂ ਦੇ ਹੱਥੋਂ ਖਿਸਕਦੀ ਐ। 'ਤੇ ਇਹ ਕੰਮ ਹੌਲੀ ਹੌਲੀ ਵਧੀ ਜਾਣਾਂ। ਪਹਿਲਾਂ ਪੰਜਾਬ ਪਿੰਡ ਬਣੂੰ ਫਿਰ ਦੇਸ਼ ਪਿੰਡ ਬਣੂੰ ਫਿਰ ਹੌਲੀ ਹੌਲੀ ਦੂਜੇ ਦੇਸ਼ ਨਾਲ ਜੁੜ ਜਾਣਗੇ। ਮੈਂ ਕਿਆ ਚੱਲ ਓ ਮਾਂ ਜਾਵ੍ਹਿਆ ਗਪੌੜ ਛੱਡੀ ਜਾਨਾਂ, ਜੇ ਹੈਂਅ ਹੋਗੀ ਲੋਕ ਕੀ ਬੀਜਣਗੇ ਤੇ ਕੀ ਖਾਣਗੇ। ਐਂ ਤਾਂ ਧਰਤੀ ਤੋਂ ਬੰਦੇ ਦਾ ਬੀ ਈ ਨਾਸ ਹੋਜੂ। ਪਰ ਤੇਰੀ ਗੱਲ ਖੁਣੋਂ ਤਾਇਆ ਜਦੋਂ ਆਹ ਦੇਖਦੇ ਆਂ, ਤਾਂ ਐਂ ਲਗਦਾ ਜਿਵੇਂ ਪਾੜ੍ਹਾ ਠੀਕ ਈ ਕਹਿੰਦਾ ਸੀ।"

ਨਿਰਵੈਰ ਦੂਰ ਦੀ ਸੋਚਣ ਲੱਗਾ। ਉਹਦੇ ਮਨ ਵਿਚ ਮੁੜ ਮੁੜ ਆਪਣੇ ਪੁੱਤਾਂ ਦਾ ਮੋਹ ਹੀਣੇ ਚਿਹਰੇ ਆ ਰਹੇ ਸੀ। ਨੂੰਹਾਂ ਵੱਲੋਂ ਬੱਕਿਆ ਗੰਦ ਉਹਦਾ ਲਹੂ ਖੌਲਣ ਲਾ ਦਿੰਦਾ ਸੀ। ਬੀਤੇ ਰਾਤ ਉਹ ਬੜਾ ਦਵੰਦ ਵਿਚ ਰਿਹਾ ਸੀ। ਜ਼ਮੀਨ ਪੁੱਤਾਂ ਨੂੰ ਦੇ ਦੇਵੇ ਜਾਂ ਸਕੂਲ ਨੂੰ ਦਾਨ ਕਰ ਦੇਵੇ। ਉਹਦਾ ਮਨ ਬੜਾ ਕਰਦਾ ਹੁੰਦਾ ਸੀ ਕਿ ਉਹਦੇ ਦੋਵੇਂ ਪੁੱਤ ਪੜ੍ਹ ਜਾਣ। ਪਰ ਉਹ ਪੜ੍ਹ ਨਾ ਸਕੇ। ਫਿਰ ਉਹਦੇ ਮਨ ਵਿਚ ਗੁਰਦੁਆਰਾ ਆ ਜਾਂਦਾ। ਨਹੀਂ ਜ਼ਮੀਨ ਗੁਰਦੁਆਰੇ ਨੂੰ ਹੀ ਦਾਨ ਕਰਨੀ ਚਾਹੀਦੀ ਹੈ। ਇਹ ਹੀ ਪੁੰਨ ਦਾ ਕੰਮ ਹੈ। ਉਹਦਾ ਬਾਪ ਦੱਸਦਾ ਹੁੰਦਾ ਸੀ ਕਿ ਗੁਰੂ ਘਰ ਨੂੰ ਦਾਨ ਦੇ ਕੇ ਬੰਦਾ ਜੰਮਣ ਮਰਨ ਤੋਂ ਮੁਕਤ ਹੋ ਜਾਂਦਾ। ਪਰ ਉਹਦਾ ਮਨ ਕਰਦਾ ਹੁੰਦਾ ਸੀ ਕਿ ਸਾਰੇ ਪਿੰਡ ਦੇ ਮੁੰਡੇ ਸਕੂਲ ਪੜ੍ਹ ਕੇ ਸਿਆਣੇ ਬਣਨ। ਉਨ੍ਹਾਂ ਦੇ ਦਿਮਾਗ ਵਿਚ ਵਿਦਿਆ ਦੀ ਰੋਸ਼ਨੀ ਭਰੇ। ਇਸ ਦੋਚਿਤੀ ਵਿਚ ਉਸ ਨੇ ਧੋਤੇ ਲੀੜੇ ਪਾਏ। ਸਿਰ ਦੇ ਪੱਗ ਬੰਨ੍ਹੀ, ਜੁੱਤੀ ਪਾ ਮੁੱਛਾਂ ਤੇ ਹੱਥ ਫੇਰ ਕੇ ਸਕੂਲ ਵੱਲ ਤੁਰ ਪਿਆ। ਉਨ੍ਹਾਂ ਦੇ ਪੁੱਤਾਂ ਅਤੇ ਨੂੰਹਾਂ ਦੀਆਂ ਖਾ ਜਾਣ ਵਾਲੀਆਂ ਅੱਖਾਂ ਉਹਦੇ ਸਰੀਰ ਵਿਚ ਖੁੰਭ ਰਹੀਆਂ ਸਨ। ਉਸ ਨੇ ਬਿਨਾਂ ਪਰਵਾਹ ਕੀਤਿਆ ਆਪਣੀ ਤੋਰ ਤੇਜ ਕਰ ਲਈ। **ਪਤਾ- ਸ਼ੇਰਪੁਰ ਤਾਇਬਾਂ, ਮੋਗਾ-142042**


## 'ਕਹਾਣੀ ਧਾਰਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਖਵਿੰਦਰ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਸੁਖਵਿੰਦਰ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 25 ਫਰਵਰੀ, 2011 ਦਸਤਖਤ

*ਸੁਖਵਿੰਦਰ, ਪ੍ਰਕਾਸ਼ਕ*

## ਬ੍ਰਹਮਅਸਤਰ / - ਜਸਵੰਤ ਰਾਏ

ਥਾਣੇ ਆ ਕੇ ਮੈਂ ਹਾਲੇ ਕੁਰਸੀ ਮੇਜ਼ ਦੀ ਝਾੜ-ਪੂੰਝ ਕਰਕੇ ਬੈਠਿਆ ਹੀ ਸੀ ਕਿ ਫੋਨ ਦੀ ਘੰਟੀ ਵੱਜ ਪਈ। ਮੈਂ ਫੋਨ ਦਾ ਰਸੀਵਰ ਚੁੱਕਿਆ, ਰੋਜ਼ਮਰ੍ਹਾ ਦਾ ਰਟਿਆ ਰਟਾਇਆ ਵਾਕ ਬੋਲਿਆ —

"ਹੈਲੋ ਜੈ ਹਿੰਦ ਜ਼ਨਾਬ, ਥਾਣਾ ਨੰਬਰ -1, ਮਾਡਲ ਟਾਊਨ...। ਕੌਣ ਸਾਬ੍ਹ ਬੋਲਦੇ ?"

"ਓਏ ਜੈ ਹਿੰਦ ਦਿਆ ਲਗਦਿਆ, ਪਾਰਟੀ ਤਿਆਰ ਕਰ ਛੇਤੀ।" ਹੈਂ ਇਹ ਤਾਂ ਐੱਸ.ਐੱਚ.ਓ. ਦਾ ਫੋਨ ਆਂ।

"ਕਾਹਦੇ ਲਈ ਜ਼ਨਾਬ ... ?" ਮੈਂ ਚੁਕੰਨਾ ਹੁੰਦਿਆਂ ਪੁੱਛਿਆ।

"ਓ ਆਪਣੇ ਗੁਆਂਢ 'ਚ ਮੱਖਣ ਸੂੰਹ ਦੀ ਧੀ ਤਰਖਾਣਾਂ ਦੇ ਮੁੰਡੇ ਪ੍ਰੋਫੈਸਰ ਨਾਲ ਭੱਜਗੀ। ਏਤਰ੍ਹਾਂ ਕਰ ਆਪਣੇ ਦੋ ਤਿੰਨ ਮੁਲਾਜ਼ਮ ਭੇਜ ਉੱਥੇ। ਉਨ੍ਹੀ ਬੜਾ ਖੌਰੂ ਪਾ ਰੱਖਿਆ।"

"ਅੱਛਾ ਜ਼ਨਾਬ।"

"ਓ ਸੱਚ ਐਂ ਕਰੀਂ। ਜੇ ਕੋਈ ਆਇਆ ਤਾਂ ਆ੍ਹ ਦਈਂ ਬਈ ਸਾਬ੍ਹ ਦਫਤਰ ਗਏ ਆ। ਊਂ ਮੈਂ ਕੋਠੀ ਈ ਆਂ। ਸਾਲਾ ਕੱਲ੍ਹ ਇੱਦਾਂ ਦਾ ਈ ਕੰਜਰਖਾਨਾ ਨਿਬੇੜਦਿਆਂ ਰਾਤ ਬਾਰਾਂ ਵੱਜਗੇ। ਭੈਣ ਈ ਯਾ ਰਾਮ ਕਿਹੜੇ ਵੇਲੇ ਕਰਨਾ ਈ...।" ਸੁੱਤ ਉਨੀਂਦਰੇ ਬੁੜ-ਬੁੜ ਕਰਦਿਆਂ ਐੱਸ.ਐੱਚ.ਓ. ਨੇ ਫੋਨ ਕੱਟ ਦਿੱਤਾ।

ਮੈਂ ਉਨ੍ਹੀ ਪੈਰੀਂ ਚੌਂਕੀਦਾਰ ਨੂੰ ਕੁਆਟਰੀਂ ਭੇਜਿਆ ਤੇ ਮੁਲਾਜ਼ਮ ਸੱਦ ਲਏ। ਸਾਰੀ ਗੱਲ ਸਮਝਾ ਕੇ ਉਹਨਾਂ ਨੂੰ ਕਾਰਵਾਈ ਪਾਉਣ ਲਈ ਭੇਜ ਦਿੱਤਾ।

ਐੱਸ.ਐੱਚ.ਓ. ਨੂੰ ਉੱਚੀ ਬੋਲਣ ਦੀ ਆਦਤ ਸੀ। ਉਹਦੀ ਅਵਾਜ਼ ਮੇਰੇ ਸਾਹਮਣੇ ਬੈਠੇ ਲੰਬੜਦਾਰ ਗਿੱਲ ਨੂੰ ਵੀ ਚੰਗੀ ਤਰ੍ਹਾਂ ਸੁਣਾਈ ਦੇ ਰਹੀ ਸੀ। ਗਿੱਲ ਇਸ ਇਲਾਕੇ ਦਾ ਮੰਨਿਆ-ਪ੍ਰਮੰਨਿਆ ਲੰਬੜਦਾਰ ਸੀ। ਜ਼ਮੀਨ ਜਾਇਦਾਦ ਦਾ ਉਸ ਕੋਲ ਕੋਈ ਅੰਤ ਨਹੀਂ ਸੀ। ਦੂਜੇ-ਚੌਥੇ ਅਕਸਰ ਹੀ ਗਿੱਲ ਕੋਈ ਨਾ ਕੋਈ ਵਗਾਰ ਲੈ ਕੇ ਥਾਣੇ ਆਇਆ ਰਹਿੰਦਾ।

ਸ਼ਾਂਤ ਚਿੱਤ ਬੈਠਾ, ਆਪਣੀ ਸੱਜੀ ਲੱਤ ਨੂੰ ਖੱਬੀ ਲੱਤ ਤੇ ਰੱਖੀ ਜਰਨੈਲ ਸਿੰਘ ਗਿੱਲ ਕਦੇ ਖੱਬੇ ਹੱਥ ਨਾਲ ਸੱਜੀ ਮੁੱਛ ਤੇ ਕਦੇ ਸੱਜੇ ਹੱਥ ਨਾਲ ਖੱਬੀ ਮੁੱਛ ਨੂੰ ਤਾਅ ਦੇ ਰਿਹਾ ਸੀ। ਮੈਨੂੰ ਵਿਹਲਾ ਹੋਇਆ ਦੇਖ ਕੇ ਗਿੱਲ ਨੇ ਦੈੜ ਦੇਣੀ ਗੱਲ ਸ਼ੁਰੂ ਕੀਤੀ -

"ਹੱਦ ਹੋ ਗਈ ਸ਼ਰਮਾ ਜੀ।"

ਉਹ ਜਦੋਂ ਵੀ ਥਾਣੇ ਆਉਂਦਾ ਮੈਨੂੰ ਇਸੇ ਨਾਂ ਨਾਲ ਸੰਬੋਧਨ ਕਰਦਾ। ਭਾਵੇਂ ਮੈਂ ਉਹਨੂੰ ਕਈ ਵਾਰ ਆਖ ਚੁੱਕਾ ਸੀ ਕਿ ਭਰਾਵਾ ਮੈਂ ਨੀ ਸ਼ਰਮਾ-ਸ਼ੁਰਮਾ। ਮੈਂ ਤਾਂ ਸਿਰਫ ਰਮੇਸ਼ ਆਂ। ਪਰ ਉਹ ਹਰ ਵਾਰੀ ਮੇਰੀ ਗੱਲ ਹੱਸ ਕੇ ਟਾਲ ਛੱਡਦਾ।

"ਬਾਬਿਓ ਕੀ ਹੋਗਿਆ...।" ਮੈਂ ਸਹਿਜ ਸੁਭਾਅ ਈ ਪੁੱਛਿਆ।

"ਹੋਣਾ ਕੀ ਆ, ਹਾਅ ਦੇਖ ਲਾ ਘੋੜੀ ਤੇ ਗਧਾ ਚੜ੍ਹ ਗਿਆ।"

ਗਿੱਲ ਦੀ ਗੱਲ ਸੁਣ ਕੇ ਮੇਰੀ ਸਹਿਜਤਾ ਭੰਗ ਹੋ ਗਈ। ਸਾਰੀ ਰੀਲ ਮੇਰੇ ਦਿਮਾਗ 'ਚ ਘੁੰਮ ਗਈ। ਮੈਂ ਕੁਰਸੀ ਤੇ ਸਿੱਧਾ ਹੁੰਦਿਆਂ ਨਜ਼ਰਾਂ ਗਿੱਲ ਦੇ ਚਿਹਰੇ ਤੇ ਗੱਡਦਿਆਂ ਆਖਿਆ-

"ਘੋੜੀ ਤੇ ਗਧਾ ਨੀ ਜ਼ਨਾਬ, ਹਿਰਨ ਚੜ੍ਹ ਗਿਆ।"

"ਓ ਕਿੱਦਾਂ...।"

ਹੁਣ ਜਰਨੈਲ ਨੇ ਸੱਜੀ ਲੱਤ ਵਾਲਾ ਪੈਰ ਵੀ ਖੱਬੇ ਦੀ ਤਰ੍ਹਾਂ ਧਰਤੀ ਤੇ ਰੱਖ ਲਿਆ ਸੀ ਤੇ ਮੇਰੇ ਮੂੰਹੋਂ ਆਪਣੇ ਕੀਤੇ ਸਵਾਲ ਦਾ ਜਵਾਬ ਸੁਣਨ ਲਈ ਸਿੱਧਾ ਹੋ ਗਿਆ ਸੀ ।

"ਓ ਮੱਖਣ ਸੂੰਹ ਦੀ ਕੁੜੀ ਤਾਂ ਖਬਰੇ ਪੰਜ ਸੱਤ ਜਮਾਤਾਂ ਪੜ੍ਹੀ ਵੀ ਆ ਕਿ ਨਹੀਂ, ਸਾਰਾ ਦਿਨ ਗੋਹਾ ਚੁੱਕਦੀ ਆ ਮੈਰੂਆਂ-ਗੋਕਿਆਂ ਦਾ। ਮੁੰਡਾ ਲੱਗਿਆ ਕਾਲਜ 'ਚ ਪ੍ਰੋਫੈਸਰ। ਉਹਨੂੰ ਤਾਂ ਸਾਲੇ ਨੂੰ ਵੀਹ ਰਿਸ਼ਤੇ ਸੀ ਕਾਲਜ ਲੈਕਚਰਾਰਾਂ ਦੇ।ਮਾਦਰ ਚੋ ਪਤਾ ਨੀ ਕਾਹਤੋਂ ਗੂੰਹ ਤੇ ਡੁੱਲ੍ਹ ਗਿਆ।"



ਮੇਰੀਆਂ ਗੱਲਾਂ ਸੁਣ ਕੇ ਗਿੱਲ ਨੂੰ ਕੁੱਝ ਨਾ ਅਹੁੜਿਆ। ਕੁਰਸੀ ਤੋਂ ਉੱਠਿਆ ਤੇ ਪੈਰ ਮਲਦਾ-ਮਲਦਾ ਚਲਾ ਗਿਆ।ਏਦੂੰ ਬਾਅਦ ਗਿੱਲ ਥਾਣੇ ਤਾਂ ਆਉਂਦਾ ਰਿਹਾ ਪਰ ਮੇਰੇ ਸਾਹਮਣੇ ਕਦੇ ਘੱਟ-ਵੱਧ ਈ ਹੋਇਆ।ਨਾ ਹੀ ਮੁੜਕੇ ਮੈਨੂੰ ਉਹਨੇ ਕਦੇ ਸ਼ਰਮਾ ਜੀ ਸੱਦਿਆ।

ਉਸ ਦਿਨ ਜਰਨੈਲ ਸਿੰਘ ਗਿੱਲ ਚਲਾ ਤਾਂ ਗਿਆ ਪਰ ਜਾਂਦਾ ਹੋਇਆ ਮੇਰੇ ਮਨ ਮਸਤਕ ਵਿੱਚ ਯਾਦਾਂ ਦੀ ਭਰੀ ਪਈ ਪਟਾਰੀ ਨੂੰ ਟੇਡਾ ਕਰ ਗਿਆ।

ਹਰ ਸਾਲ ਗਰਮੀਆਂ ਨੂੰ ਤਾਰਾ ਸਿੰਘ ਦੇ ਅੰਬਾਂ ਨਿੰਬੂਆਂ ਦੇ ਬਾਗ ਅਸੀਂ ਹੀ ਖਰੀਦਦੇ ਤੇ ਮੇਰੇ ਬਚਪਨ ਦੀਆਂ ਸਾਰੀਆਂ ਗਰਮੀਆਂ ਇਹਨਾਂ ਬਾਗਾਂ ਵਿੱਚ ਹੀ ਕੱਟ ਹੁੰਦੀਆਂ ਰਹੀਆਂ। ਇਨ੍ਹੀਂ ਦਿਨੀਂ ਬਾਪੂ ਨੂੰ ਦਿਹਾੜੀ ਧੱਪਾ ਤਾਂ ਨਾ ਹੋਇਆਂ ਨਾਲ ਦਾ ਹੀ ਮਿਲਦਾ ਸੀ ਪਰ ਦੁਆਨੀ ਕਦੇ ਬਾਗਾਂ ਵਿੱਚੋਂ ਵੀ ਨਹੀਂ ਸੀ ਬਚੀ। ਉਂਝ ਸੌਦਾ ਕਰਨ ਲੱਗਿਆਂ ਬਾਪੂ ਨੇ ਬਥੇਰ੍ਹੇ ਰੰਗੀਨ ਸੁਪਨੇ ਦਿਖਾਈ ਜਾਣੇ-

"ਕਾਕਾ, ਬਾਗ ਬੜਾ ਖਰਾ ਆ। ਬੂਟੇ ਸਾਰੇ ਈ ਬੜੇ ਜਿਣਸੀ ਨੇ। ਹਾਅ ਛੱਲੀ ਤੇ ਗੋਲੇ ਬੂਟੇ ਤੋਂ ਤਾਂ ਘੱਟੋ-ਘੱਟ ਚਾਰ-ਚਾਰ, ਪੰਜ-ਪੰਜ ਕੁਐਂਟਲ ਮਾਲ ਲੈਣ੍ਹਾ। ਤੂੰ ਦੇਖੀ ਚੱਲ, ਜੇ ਸੌਦਾ ਹੋ ਗਿਆ ਤਾਂ ਐਤਕੀ ਧੋਣੇ ਧੋ ਹੋ ਜਾਣੇ।"

ਪਰ ਬਾਪੂ ਦੀਆਂ ਗੱਲਾਂ ਨਿਰਾ ਧਰਵਾਸਾ ਹੀ ਹੁੰਦੀਆਂ। ਪੱਲੇ ਸਾਡੇ ਹਰ ਵਾਰੀ ਨਿਰਾਸ਼ਾ ਹੀ ਪੈਂਦੀ। ਹਾਂ, ਇੱਕ ਗੱਲ ਚੰਗੀ ਹੁੰਦੀ। ਇਹ ਤਿੰਨ ਚਾਰ ਮਹੀਨੇ ਬੀਬੀ ਸਾਡੀ ਦੀ ਦਾਲ-ਸਬਜੀ ਤੋਂ ਚਿੰਤਾ ਮੁੱਕੀ ਰਹਿੰਦੀ। ਘਰ ਸਾਡੇ ਦਾਲ ਸਬਜੀ ਪਹਿਲਾਂ ਵੀ ਬਣਦੀ ਵਰ੍ਹੀਂ ਕਾਲ੍ਹੀਂ ਹੀ ਸੀ। ਅਸੀਂ ਸ਼ਾਮ ਸਵੇਰੇ ਅੰਬਾਂ ਦਾ ਛਿੱਛਾ ਘੋਲ਼-ਘੋਲ਼ ਰੋਟੀਆਂ ਛਕਦੇ ਰਹਿੰਦੇ।

ਬਾਪੂ ਸਾਡਾ ਸਿਗਾ ਬੜਾ ਹਿਸਾਬੀ ਕਿਤਾਬੀ। ਸਕੂਲ ਦਾ ਭਾਵੇਂ ਉਹਨੇ ਕਦੇ ਮੂੰਹ ਨਹੀਂ ਸੀ ਦੇਖਿਆ।ਪਰ ਜਦੋਂ ਕਿਸੇ ਬਾਗ ਵਿੱਚੀ ਲੰਘ ਜਾਂਦਾ ਸੀ ਤਾਂ 'ਕੱਲੀ-'ਕੱਲੀ ਅੰਬੀ ਗਿਣ ਲੈਂਦਾ ਸੀ। ਮਿੰਟਾਂ ਸਕਿੰਟਾਂ 'ਚ ਹਿਸਾਬ ਕੱਢ ਮਾਰਦਾ-ਕਾਕਾ ਜੇ ਐਨੇ ਦਾ ਸੌਦਾ ਹੋਊ ਤਾਂ ਮਿਹਨਤ, ਵਾਰਦਾਨੇ ਦੇ ਪੈਹੇ ਕੱਢ ਕੇ ਐਨੇ ਪੈਹੇ ਝੁੰਗੇ 'ਚ ਪੈਣਗੇ।

ਜਦ ਚਾਰ ਪੈਸੇ ਬਚਦੇ ਦਿਸਣੇ ਤਾਂ ਨੇਰ੍ਹੀਆਂ ਨੇ ਟੱਕ ਮਾਰ ਦੇਣਾ। ਬੂਟਿਆਂ ਨੂੰ ਏਦਾਂ ਹਲੂਣੇ ਦੇਣੇ ਕਿ ਅੰਬ ਡੰਡੀਆਂ ਨਾਲੋਂ ਟੁੱਟ-ਟੁੱਟ ਕੇ, ਟਾਹਣਿਆਂ 'ਚ ਵੱਜ-ਵੱਜ, ਠਾਹ-ਠਾਹ ਧਰਤੀ ਦੀ ਹਿੱਕ ਤੇ ਲੱਗਣੇ। ਮੇਰਾ ਛੰਨ ਵਿੱਚ ਬੈਠੇ ਦਾ ਦਿਲ ਵੀ ਬੈਠੀ ਜਾਣਾ। ਕਿਉਂ ਕਿ ਮੈਨੂੰ ਪਤਾ ਸੀ ਕਿ ਭਲ਼ਕੇ ਨੂੰ ਮੰਡੀ ਵਿੱਚ ਇਹਨਾਂ ਅੰਬਾਂ ਨੂੰ ਕੁੱਤੇ ਨੇ ਵੀ ਨਹੀਂ ਸੀ ਪੁੱਛਣਾ। ਪੈਲ ਇਹਨਾਂ ਦੀ ਪਾਈ ਨੀ ਸੀ ਜਾਣੀ। ਥਾਂ-ਥਾਂ ਅੰਬਾਂ ਨੂੰ ਸੱਟਾਂ ਜੁ ਲੱਗੀਆਂ ਹੋਈਆਂ ਸਨ। ਆਪ ਤਾਂ ਅਸੀਂ ਫੁੱਲਾਂ ਨਾਲੋਂ ਵੀ ਸਾਂਭ ਕੇ ਅੰਬ ਤੋੜਦੇ ਸਾਂ।

ਇੱਕ ਦਿਨ ਸਵੇਰੇ-ਸਵੇਰੇ ਬਾਗ ਵਿੱਚ ਮੈਂ ਇਕੱਲਾ ਹੀ ਸੀ। ਮੀਂਹ ਨੇਰ੍ਹੀ ਚੜ੍ਹ ਕੇ ਆ ਗਿਆ। ਬੱਦਲਾਂ ਨੇ ਆਸਮਾਨ ਨੂੰ ਏਦਾਂ ਢੱਕ ਲਿਆ ਕਿ ਦਿਨੇ ਰਾਤ ਪੈ ਗਈ। ਨਾਲ ਈ ਮੀਂਹ ਅਹਿਣ ਵਾਂਗ ਜ਼ੋਰ ਦੇਣੀ ਉਤਰ ਆਇਆ। ਬਾਗ ਦੇ ਮਾਲਕ ਦਾ ਛੋਟਾ ਭਰਾ ਪੂਰਨ ਬਾਹਰ-ਅੰਦਰ ਆਇਆ, ਬਾਗ ਵਿੱਚ ਆ ਵੜਿਆ। ਉਹਦੇ ਭਾਣੀਂ ਬਾਗ 'ਚ ਕਿਹੜਾ ਕੋਈ ਹੈਗਾ। ਉਹਨੇ ਪਜ਼ਾਮਾ ਉਤਾਰਿਆ, ਪੌਂਚਿਆਂ ਵੱਲ੍ਹਦੇ ਪਾਸੀਂ ਗੰਢਾਂ ਮਾਰੀਆਂ ਤੇ ਦੋਵੇਂ ਲੱਤਾਂ ਅੰਬਾਂ ਨਾਲ ਤੁੰਨ ਕਰ ਲਈਆਂ। ਮੇਰੀ ਨਿਗ੍ਹਾ ਪੈ ਗਈ। ਮੈਂ ਦੌੜਾ ਆਇਆ। ਮੈਨੂੰ ਦੇਖ ਕੇ ਅਸ਼ਨੀ ਛਿੱਬਾ ਜਿਹਾ ਪੈ ਗਿਆ। ਮੈਂ ਸਾਰੇ ਅੰਬ ਢੇਰੀ ਕਰਾ ਲਏ। ਚਟਣੀ ਜੋਗੇ ਵੀ ਨਹੀਂ ਦਿੱਤੇ।

ਸ਼ਾਮ ਨੂੰ ਬਾਪੂ ਐਵੇਂ ਸਿਰ ਚੜ੍ਹਦਾ ਫਿਰੇ। ਅਖੇ ਲੈ ਜਾਣ ਦਿੰਦਾ ਉਹਨੂੰ ਅੰਬ। ਇਹਨਾਂ ਸਾਲਿਆਂ ਨਾਲ ਕਿਹੜਾ ਮਹਿਲ ਪੈ ਜਾਣਾ ਸੀ।

ਪਰ ਮੈਂ ਜਾਣਦਾ ਸਾਂ ਕਿ ਆਪ ਤਾਂ ਇਹ ਮੋਈਓ ਮੱਖੀ ਨੀ ਛੱਡਦੇ। ਪੂਰਾ ਬੋਬਾ ਤਾਰੀਦਾ ਆ ਅੰਬਾਂ ਦਾ। ਫਿਰ ਕਾਹਨੂੰ ਇਹਨਾਂ ਨੂੰ ਧੜੀ-ਧੜੀ ਅੰਬ ਮੁਫਤ ਚੁਕਾਈ ਜਾਈਏ।

ਤਾਰਾ ਸਿੰਘ ਦਾ ਮੁੰਡਾ ਜੀਤਾ ਮੇਰਾ ਜਮਾਤੀ ਸੀ। ਤੌਂਦੀਆਂ ਨੂੰ ਬੱਤੀ ਪਿੰਡਾਂ ਵਿੱਚ ਘੱਟ-ਵੱਧ ਹੀ ਆਉਂਦੀ ਸੀ। ਗਰਮੀਆਂ ਦੀ ਟਿਕੀ ਦੁਪਹਿਰੇ ਜਦੋਂ ਅੱਖਾਂ ਅੱਗੇ ਭੰਬੂ ਤਾਰੇ ਟੱਪਣ ਲੱਗ ਪੈਣੇ ਤਾਂ ਤਾਰੇ ਨੇ

ਜੀਤੇ ਨੂੰ ਲੈ ਕੇ ਅੰਬਾਂ ਦੀ ਠੰਡੀ ਛਾਂਵੇਂ ਆ ਜਾਣਾ। ਜਦੋਂ ਕਿਸੇ ਬੂਟੇ ਤੋਂ ਅੰਬ ਟਪਕ ਕੇ ਡਿਗਣਾ ਤਾਂ ਤਾਰੇ ਨੇ ਜੀਤੇ ਨੂੰ ਆਖਣਾ–

"ਜੀਤਿਆ, ਜਾਹ ਉਏ ਦੌੜ ਕੇ, ਚੱਕ ਲਿਆ ਅੰਬ, ਸੁਆਦ ਦੇਖੀਏ ਸੰਧੂਰੀ ਬੂਟੇ ਦੇ ਫਲ਼ ਦਾ।"

ਤਾਰੇ ਨੇ ਜਦੋਂ ਸੂਟੇ ਵਾਂਗ ਖਿੱਚ-ਖਿੱਚ ਕੇ ਸੰਧੂਰੀ ਅੰਬ ਦੇ ਚੂਪੇ ਲੈਣੇ ਤਾਂ ਮੇਰੇ ਦਿਲ ਨੂੰ ਕੁੱਛ ਹੋਣਾ। ਮੈਂ ਸੰਧੂਰੀ ਬੂਟੇ ਦੇ ਅੰਬ ਸਾਂਭ ਕੇ ਰੱਖਦਾ ਹੁੰਦਾ ਸੀ, ਟੋਕਰੀ ਦਾ ਮੂੰਹ-ਮੱਥਾ ਬਣਾਉਣ ਲਈ। ਆਪ ਵੀ ਨਹੀਂ ਸੀ ਚੂਪਦਾ। ਆਪ ਉਹੀ ਅੰਬ ਚੂਪਣਾ ਜਿਹੜਾ ਦਾਗੀ ਹੋਣਾ ਜਾਂ ਤੋਤਿਆਂ ਨੇ ਟੁੱਕਿਆ ਹੋਣਾ।

ਤਾਰੇ ਨੇ ਅੰਬ ਚੂਪਦੇ ਨੇ ਤਾਂ ਸਾਹ ਨਾ ਲੈਣਾ ਪਰ ਬਾਗ ਵਿੱਚ ਪਏ ਘੜੇ ਵਿੱਚੋਂ ਨਾ ਕਦੇ ਆਪ ਪਾਣੀ ਪੀਤਾ ਸੀ ਤੇ ਨਾ ਹੀ ਜੀਤੇ ਨੂੰ ਪੀਣ ਦਿੱਤਾ ਸੀ।

ਬਾਗ ਵਿੱਚ ਗੋਲਾ ਅੰਬ ਬਹੁਤ ਭਾਰੀ ਸੀ, ਬੋਹੜ ਵਰਗਾ। ਪੂਰੇ ਵੀਹ ਮਰਲੇ ਜਗ੍ਹਾ ਵਿੱਚ ਕੱਲਾ ਈ ਬੂਟਾ ਫੈਲਰਿਆ ਹੋਇਆ ਸੀ। ਟਾਹਣੀਆਂ ਇਹਦੀਆਂ ਝੁੱਕ-ਝੁੱਕ ਕੇ ਜ਼ਮੀਨ ਨੂੰ ਸਲਾਮਾਂ ਕਰਦੀਆਂ ਸਨ। ਟਾਹਣ ਦੋ-ਦੋ,ਢਾਈ-ਢਾਈ ਫੁੱਟ ਚੌੜੇ, ਮਾੜੇ ਮੋਟੇ ਬੈੱਡ ਵਰਗੇ। ਮੈਂ, ਮੇਰਾ ਛੋਟਾ ਭਾਈ ਤੇ ਜੀਤੇ ਨੇ ਕਦੇ ਕਦੇ ਇਹਦੇ ਉੱਤੇ ਛੂਹਣ ਛਲਾਕਾ ਖੇਡਣ ਲੱਗ ਪੈਣਾ।

ਉਸ ਦਿਨ ਮੀਟੀ ਜੀਤੇ ਸਿਰ ਆ ਗਈ ਸੀ। ਜੀਤੇ ਨੇ ਪੂਰੀ ਟਿੱਲ ਲਾ ਲਈ। ਪਰ ਮੈਂ ਤੇ ਛੋਟਾ ਉਸ ਤੋਂ ਛੂਤ੍ਹੇ ਨਾ ਗਏ। ਅਸੀਂ ਇੱਕ ਟਾਹਣ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਸਾਰਾ ਬੂਟਾ ਘੁੰਮ ਗਏ। ਜਦੋਂ ਜੀਤਾ ਉੱਛਲ ਕੇ ਮੇਰੇ ਵਾਲੇ ਟਾਹਣ ਨੂੰ ਹੱਥ ਪਾਣ ਲੱਗਾ ਤਾਂ ਉਸਦਾ ਹੱਥ ਟਾਹਣ ਨਾਲੋਂ ਖਿਸਕ ਗਿਆ। ਜੀਤਾ ਧੈਅ ਕਰਦਾ ਟਾਹਣਿਆਂ 'ਚ ਵੱਜਦਾ ਹੋਇਆ ਧਰਤੀ ਤੇ ਆ ਡਿੱਗਿਆ।

ਤਾਰਾ ਤੇ ਮੇਰਾ ਬਾਪੂ ਦੌੜਦੇ ਹੋਏ ਜੀਤੇ ਕੋਲ ਪਹੁੰਚੇ। ਅਸੀਂ ਵੀ ਸਹਿਮੇ ਹੋਏ ਹੇਠਾਂ ਉੱਤਰ ਆਏ। ਜੀਤੇ ਨੂੰ ਸਾਹ ਨਹੀਂ ਸੀ ਆ ਰਿਹਾ। ਸੱਟ ਉਸਦੇ ਤਿੱਗ ਵਿੱਚ ਲੱਗੀ ਸੀ।

"ਪਾਣੀ ਲਿਆਓ ਓਏ ਛੇਤੀ, ਪਾ... ਣੀ।" ਤਾਰਾ ਜੀਤੇ ਦੇ ਸਿਰ ਨੂੰ ਗੋਦੀ ਵਿੱਚ ਰੱਖਦਾ ਹੋਇਆ ਚਿਲਾਇਆ।

ਮੈਂ ਛੇਤੀ ਦੇਣੀ ਖਾਲੀ ਬੋਤਲ ਚੁੱਕ ਕੇ ਲਾਗੇ ਈ ਹਲਟੀ ਵੱਲ ਨੂੰ ਦੌੜਿਆ। ਮੈਂ ਹਾਲੇ ਅੱਠ-ਦਸ ਗਜ਼ ਹੀ ਦੌੜਿਆ ਹੋਣਾ ਕਿ ਮੇਰੇ ਕੰਨੀਂ ਤਾਰੇ ਦੀ ਗੜਕਵੀਂ ਆਵਾਜ਼ ਪਈ–

"ਓਏ ਮਾਂ ਦਿਆ ਖਸ... । ਹਾਅ ਘੜੇ 'ਚੋਂ ਪਾਣੀ ਲੈ ਆ ਛੇਤੀ। ਇਹਨੂੰ ਅੱਗ ਲੱਗਗੀ। ਮੁੰਡਾ ਇੱਥੇ ਮਰਨ ਡਿਐ।"

ਮੈਂ ਬੋਤਲ ਉੱਥੇ ਈ ਸੁੱਟ ਕੇ ਉਹਨੀਂ ਪੈਰੀ ਮੁੜਿਆ, ਘੜੇ ਉੱਪਰ ਦਿੱਤੀ ਕੌਲੀ ਵਿੱਚ ਪਾਣੀ ਪਾਇਆ ਤੇ ਕੌਲੀ ਕੰਬਦੇ ਹੱਥਾਂ ਨਾਲ ਤਾਰੇ ਕੋਲ ਲੈ ਗਿਆ। ਤਾਰੇ ਨੇ ਜੀਤੇ ਦੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ। ਜੀਤੇ ਦਾ ਨੱਕ ਘੁੱਟਿਆ। ਪਰ ਜੀਤਾ ਘਸੁੰਨ ਵੱਟੇ ਵਾਂਗ ਪਿਆ ਰਿਹਾ।

ਅਚਾਨਕ ਮੇਰੇ ਦਿਮਾਗ 'ਚ ਸਕੂਲ ਦੇ ਪੀ. ਟੀ. ਮਾਸਟਰ ਦੁਆਰਾ ਦੱਸੀ ਇੱਕ ਤਰਕੀਬ ਆਈ। ਮੈਂ ਜੀਤੇ ਦੀਆਂ ਲੱਤਾਂ ਦੀ ਪੰਪਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਨੇ ਸੱਪ ਦੀ ਜ਼ਹਿਰ ਤੇ ਮਣਕੇ ਵਾਂਗ ਕੰਮ ਕੀਤਾ। ਜੀਤੇ ਦੇ ਸਾਹ ਵਿੱਚ ਸਾਹ ਆਇਆ ਦੇਖ ਕੇ ਤਾਰੇ ਦੀ ਜਾਨ ਵਿੱਚ ਜਾਨ ਪੈ ਗਈ। ਜੀਤੇ ਦਾ ਚਿਹਰਾ ਪੀਲਾ ਭੂਕ ਹੋਇਆ ਪਿਆ ਸੀ। ਤਾਰੇ ਨੇ ਜੀਤੇ ਨੂੰ ਛਾਤੀ ਨਾਲ ਘੁੱਟ ਲਿਆ ਨਾਲੇ ਸਾਨੂੰ ਗਾਲਾਂ ਦੇਣ ਲੱਗ ਪਿਆ––

"ਮੁੜ ਕੇ ਨਾ ਖੇਡੀਂ ਇਹਨਾਂ ਬਤੁਖਮਾਂ ਨਾਲ। ਇਹ ਤਾਂ ਸਾਲੀ ਬਿਨ੍ਹਾਂ ਪੂਛ ਤੋਂ ਬਾਂਦਰ ਕੌਮ ਆਂ। ਜਿੱਥੇ ਮਰਜੀ ਚੜ੍ਹਾ ਲਓ ਇਹਨਾਂ ਨੂੰ । ਤੂੰ ਤਾਂ ਅਕਲ ਕਰਦਾ।"

ਮੈਂ ਹਾਲੇ ਖੌਰੇ ਕਿੰਨਾ ਕੁ ਚਿਰ ਇਹਨਾਂ ਸਿਮਰਿਤੀਆਂ ਵਿੱਚ ਉਲਝਿਆ ਰਹਿੰਦਾ ਜੇ ਮੁਹੱਲੇ ਦਾ ਮੁੰਡਾ ਸੁਲਿੰਦਰ ਆ ਕੇ ਮੈਨੂੰ ਫਤਿਹ ਨਾ ਬੁਲਾਉਂਦਾ।

"ਭਾਜੀ ਸਤਿ ਸ਼੍ਰੀ ਅ ... ਕਾ... ਲ । ਕਿਹੜੀਆਂ ਸੋਚਾਂ ਵਿੱਚ ਖੁੱਬੇ ਹੋ।"

"ਸਤਿ ਸ਼੍ਰੀ ਅਕਾਲ ਸੁਲਿੰਦਰ ਆ ਜਾ ਬੈਠ। ਸੋਚਣਾ ਕੀ ਆ ਯਾਰ। ਆਹ ਸਾਲ਼ੇ ਮਹਿਕਮੇ ਦੇ ਕੰਮ ਈ ਨੀ ਸਾਹ ਲੈਣ ਦਿੰਦੇ, ਕੁੱਤੇ ਖਾਣੀ ਦੇ।" ਮੈਂ ਕੁਰਸੀ ਮੇਜ਼ ਵੱਲ ਖਿਸਕਾਉਂਦੇ ਹੋਏ ਨੇ ਆਖਿਆ।



"ਹੋਰ ਤੂੰ ਸੁਣਾ, ਕਿੱਦਾਂ ਚੱਲ ਰਹੀ ਤੇਰੀ ਪੜ੍ਹਾਈ।"

"ਪੜ੍ਹਾਈ ਸੁਆਹ ਚੱਲਣੀ ਆ ਭਾਜੀ। ਆਹ ਤੁਹਾਨੂੰ ਨੀ ਪਤਾ ਚੱਲਿਆ। ਮੁਹੱਲੇ 'ਚ ਕੀ ਖੱਪ ਪਈਓ ਆ ਵੀਹਾਂ ਦਿਨਾਂ ਦੀ।"

ਸੁਲਿੰਦਰ ਦੇ ਚਿਹਰੇ ਤੇ ਪ੍ਰੇਸ਼ਾਨੀ ਦੇ ਚਿੰਨ ਗੂਹੜੇ ਉਭਰੇ ਹੋਏ ਸਨ ਤੇ ਸਾਫ-ਸਾਫ ਪੜ੍ਹੇ ਵੀ ਜਾ ਸਕਦੇ ਸਨ।

ਸੁਲਿੰਦਰ ਮੁਹੱਲੇ ਦੀ ਬਾਲਮੀਕ ਬਰਾਦਰੀ ਦਾ ਮੁੰਡਾ ਸੀ। ਸੀ ਬੜਾ ਗੰਭੀਰ ਤੇ ਪੜ੍ਹਾਈ ਵਿੱਚ ਅੱਵਲ ਦਰਜਾ। ਸੁਲਿੰਦਰ ਅਕਸਰ ਮੇਰੇ ਨਾਲ ਅਤਿ ਗੰਭੀਰ ਵਿਸ਼ਿਆਂ ਤੇ ਚਰਚਾ ਕਰਦਾ ਰਹਿੰਦਾ ਸੀ। ਸਾਹਿਤ ਦਾ ਪ੍ਰੇਮੀ ਵੀ ਸੀ। ਉਹ ਸ਼ਹਿਰ ਦੇ ਸਰਕਾਰੀ ਕਾਲਜ਼ ਵਿੱਚ ਬੀ.ਏ. ਭਾਗ ਤੀਜਾ ਕਰ ਰਿਹਾ ਸੀ।

"ਸੁਣੀ ਤਾਂ ਸੀ ਯਾਰ ਪਰ ਇਹਦਾ ਕੋਈ ਹੱਲ ਨੀ ਨਿਕਲਣਾ।"

"ਕਿਉਂ... ਮੁਹੱਲੇ ਦੇ ਮੋਹਤਵਾਰ ਬੰਦੇ ਤਾਂ ਕੱਲ੍ਹ ਦੇ ਫੇਰ ਤੁਹਾਡੇ ਥਾਣੇ ਦਰਖਾਸਤ ਦੇ ਗਿਓ ਆ।"

"ਓ ਸਾਡੇ ਥਾਣੇ ਦੀ ਤੂੰ ਗੱਲ ਛੱਡ, ਇਹਨੂੰ ਜਿੱਧਰੋਂ ਹੱਡੀ ਮਿਲ ਗਈ ਓਧਰ ਦਾ ਫੈਸਲਾ ਹੋ ਜਾਣੈ।"

"ਫੇਰ...। ਕੀਤਾ ਕੀ ਜਾਵੇ।"

"ਨਾ ਤੁਸੀਂ ਲੈਣਾ ਕੀ ਆ ਗੁਰਦੁਆਰੇ ਜਾ ਕੇ, ਛਣਕਣਾ। ਨਾਲੇ ਜੇ ਤੂੰ ਰੱਬ ਦੀ ਗੱਲ ਕਰੇਂ, ਉਹ ਤਾਂ ਹਰ ਜਗ੍ਹਾ ਆ। ਇਹ ਗੱਲ ਮੈਂ ਨੀ ਕਹਿੰਦਾ। ਬਾਣੀ 'ਚ ਈ ਲਿਖੀਓ ਆ। ਰੱਬ ਗੁਰਦੁਆਰੇ ਦੀ ਚਾਰ ਦਿਵਾਰੀ ਤੱਕ ਨੀ ਸੀਮਤ ਹੈਗਾ। ਬ੍ਰਹਿਮੰਡ ਦੇ ਕਣ-ਕਣ ਵਿੱਚ ਮੌਜੂਦ ਆ।"

"ਭਾ...ਜੀ। ਮੈਂ ਤੁਹਾਡੀ ਹਰ ਗੱਲ ਸਮਝਦਾਂ। ਪਰ ਮਸਲਾ ਹੋਰ ਆ। ਇੱਕ ਪਾਸੇ ਤਾਂ ਇਹ ਡੌਂਡੀ ਪਿੱਟਦੇ ਨੀ ਥੱਕਦੇ ਕਿ ਸਿੱਖਾਂ ਵਿੱਚ ਕੋਈ ਜ਼ਾਤ-ਬਰਾਦਰੀ ਨੀ ਹੁੰਦੀ। ਸਿੱਖ ਸਾਰੇ ਇੱਕੋ-ਈਓ ਆ। ਇਹਨਾਂ ਵਿੱਚ ਨੀ ਹਿੰਦੂਆਂ ਵਾਂਗ ਵੰਡੀਆਂ। ਪਰ ਜਦੋਂ ਅਸੀਂ ਗੁਰਦੁਆਰੇ ਜਾਂਦੇ ਆਂ ਤਾਂ ਇਹਨਾਂ ਨੂੰ ਸਾਡੇ ਕੋਲੋਂ ਮੁਸ਼ਕ ਚੜ੍ਹਦਾ। ਹਾਲਾਂ ਕਿ ਅਸੀਂ ਪੂਰੀ ਰਹਿਤ ਮਰਿਯਾਦਾ ਨਾਲ ਰਹੀਦਾ। ਬਾਣੀ ਦਾ ਪਾਠ ਕਰੀਦਾ। ਸਿੱਖ ਅਸੀਂ ਫੇ ਵੀ ਨੀ ਹੈਗੇ। ਮਜ੍ਹਬੀ ਸਿੱਖ ਆਂ। ਆਹ ਪਿਛਲੇ ਹਫਤੇ ਮਿਲਖਾ ਸੂੰਹ ਦਾ ਵੱਡਾ ਮੁੰਡਾ, ਅਮਰਜੀਤ, ਇੱਕ ਵਾਰੀ ਆਇਆ ਤਾਂ ਸੀ ਤੁਹਾਨੂੰ ਮਿਲਣ, ਮੇਰੇ ਨਾਲ। ਗੁਰਦੁਆਰੇ ਦਾਲ ਵਰਤਾਉਣ ਲੱਗਾ ਤਾਂ ਭਾਈ ਨੇ ਉਹਦੇ ਕੋਲੋਂ ਬਾਲਟੀ ਫੜ੍ਹ ਲਈ। ਅਖੇ ਤੂੰ ਵਰਤਾਉਣ ਲੱਗ ਪਿਆ ਤਾਂ ਅੱਧੀਓ ਵੱਧ ਸੰਗਤ ਨੇ ਭੁਖੀਓ ਉੱਠ ਜਾਣਾ। ਜਾਹ...। ਲੰਗਰ ਛਕਣਾ ਤਾਂ ਛਕ, ਨਹੀਂ ਤਾਂ ਜਾ ਕੇ ਅਰਾਮ ਕਰ। ਭਾਈ ਆਪ ਵਿਆਰ ਨੂੰ ਤਿੰਨੋ ਟੈਮ ਦੋ-ਦੋ ਕੱਪ ਡੋਡਿਆਂ ਦੇ ਛਕਦਾ। ਨਾਤ੍ਹਾ ਮੈਂ ਕਦੇ ਦੇਖਿਆ ਨੀ ਉਹ। ਕਛ੍ਹੈਰਾ ਮੈਲ ਨਾਲ ਛੀਂਡਾ-ਛੀਂਡਾ ਹੋਇਆ ਪਿਆ।"

"ਇਹਦਾ ਹੱਲ ਤਾਂ ਮਿੱਤਰਾ ਫੇਰ ਇੱਕੋ ਈਓ ਆ...।"

"ਉਹ ਕਿਹੜਾ ਭਾਜੀ...।"

"ਤੁਸੀਂ ਆਪਣਾ ਧਰਮ ਬਦਲ ਲਓ।"

"ਹੈਂ... ਕੀ ਗੱਲ ਕਰਦੇ ਪਏ ਓ ਭਾਜੀ। ਇਹ ਤਾਂ ਮੈਦਾਨ ਛੱਡ ਕੇ ਭੱਜਣ ਵਾਲੀ ਗੱਲ ਹੋਈ। ਨਾਲੇ ਸਿੱਖੀ ਤਾਂ ਸਾਡੇ ਰੋਮ ਰੋਮ 'ਚ ਵਸੀ ਆ। ਹਰ ਮਾੜੇ ਚੰਗੇ ਸਮੇਂ ਸਾਡੇ ਪੁਰਖਿਆਂ ਨੇ ਡੱਟ ਕੇ ਪਹਿਰਾ ਦਿੱਤਾ ਇਹਦੇ ਲਈ।"

"ਓਏ ਤੂੰ ਤਾਂ ਐਮੇਂ ਜ਼ਜ਼ਬਾਤੀ ਹੋ ਗਿਆਂ। ਇਹ ਕੰਮ ਤੁਸੀਂ ਅਮਲ 'ਚ ਥੋੜ੍ਹੀ ਕਰਨਾ। ਸਿਰਫ ਇੱਕ ਬਿਆਨ ਦੇਣਾ ਅਖਬਾਰ 'ਚ ਕਿ ਅਸੀਂ ਇਸ ਮੁਹੱਲੇ ਦੇ ਮਜ੍ਹਬੀ ਸਿੱਖ ਇੰਨੀ ਤਰੀਕ ਨੂੰ ਸਿੱਖ ਧਰਮ ਛੱਡ ਕੇ ਈਸਾਈ ਧਰਮ ਦੀ ਸ਼ਰਨ ਵਿੱਚ ਜਾ ਰਹੇ ਆਂ। ਫੇਰ ਦੇਖਿਓ ਤੁਹਾਡਾ ਮਸਲਾ ਆਪੇ ਈ ਹੱਲ ਹੋ ਜਾਣਾ।"

ਗੱਲ ਸੁਲਿੰਦਰ ਦੇ ਦਿਮਾਗ ਨੂੰ ਕੁੱਝ ਜਚ ਜਿਹੀ ਗਈ। ਇਹ ਉਸਦੇ ਚਿਹਰੇ ਦੇ ਹਾਵ-ਭਾਵ ਵੀ ਦੱਸ ਰਹੇ ਸਨ। ਸੁਲਿੰਦਰ ਕੁਰਸੀ ਤੋਂ ਉਠਿਆ ਤੇ ਮੇਰੇ ਨਾਲ ਹੱਥ ਮਿਲਾ ਕੇ ਚਲਾ ਗਿਆ।

ਸੁਲਿੰਦਰ ਨੂੰ ਦੋ ਤਿੰਨ ਦਿਨ ਮੁਹੱਲੇ 'ਚ ਬੜੀ ਮਿਹਨਤ-ਮੁਸ਼ੱਕਤ ਕਰਨੀ ਪਈ। ਮੁਹੱਲੇ ਦੇ ਮੋਹਤਬਾਰ ਬੰਦਿਆਂ ਨਾਲ ਉਸਨੇ ਚਾਰ-ਪੰਜ ਬੈਠਕਾਂ ਕੀਤੀਆਂ। ਸਿਆਣੇ ਬੰਦਿਆਂ ਨੂੰ ਨਵੀਂ ਲੀਹ ਤੇ ਲਿਆਉਣਾ

ਕਿਹੜਾ ਸੌਖੈ। ਪਰ ਸੁਲਿੰਦਰ ਦੀ ਮਿਹਨਤ ਬੇਕਾਰ ਨਹੀਂ ਗਈ। ਉਹ ਮੁਹੱਲੇ ਦੇ ਲੋਕਾਂ ਨੂੰ ਆਪਣੀ ਗੱਲ ਸਮਝਾਉਣ 'ਚ ਕਾਮਯਾਬ ਹੋ ਗਿਆ। ਇੱਕ ਪੱਤਰਕਾਰ ਨੂੰ ਦੋ ਤਿੰਨ ਸੌ ਰੁਪਏ ਦੇ ਕੇ ਸੁਲਿੰਦਰ ਨੇ ਇੱਕ ਰੋਜ਼ਾਨਾ ਅਖਬਾਰ, ਜਿਹੜਾ ਜਿਆਦਾ ਪ੍ਰਸਿੱਧ ਵੀ ਨਹੀਂ ਸੀ, ਵਿੱਚ ਇਹ ਖਬਰ ਛਪਵਾ ਦਿੱਤੀ।

ਖਬਰ ਛਪਣ ਦੀ ਦੇਰ ਸੀ ਕਿ ਸਵੇਰ ਨੂੰ ਨੌਂ ਵਜੇ ਹੀ ਸੱਤ-ਅੱਠ ਗੱਡੀਆਂ ਟਾਸਕ ਫੋਰਸ ਦੀਆਂ ਤੇ ਨਾਲ ਹੀ ਜਥੇਦਾਰ ਸਾਹਿਬ ਪਹੁੰਚ ਗਏ। ਅਖੇ ਸੱਦੋ ਮੁਹੱਲੇ ਦੇ ਮੋਹਤਵਾਰ ਬੰਦਿਆਂ ਨੂੰ। ਕਿਨ੍ਹਾਂ ਨੇ ਰੋਕਿਆ ਸੀ ਤੁਹਾਨੂੰ ਗੁਰਦੁਆਰਾ ਬਣਾਉਣ ਤੋਂ। ਤੁਹਾਡਾ ਗੁਰਦੁਆਰਾ ਇੱਥੇ ਹੀ ਬਣੇਗਾ। ਬਣੇਗਾ ਵੀ ਪੂਰੀ ਸ਼ਾਨੋ-ਸ਼ੌਕਤ ਨਾਲ। ਤੁਸੀਂ ਪੰਜੀ ਨੀ ਖਰਚਣੀ। ਖਰਚ ਵੀ ਸਾਰਾ ਸਾਡਾ ਹੋਊਗਾ। ਦੇਖਦੇ ਆਂ ਕਿਹੜਾ ਰੋਕਦੈ। ਲਾਛਾਂ ਵਿਛਾ ਦਿਆਂਗੇ ਨੱਕ ਚੁੱਕਣ ਵਾਲਿਆਂ ਦੀਆਂ।

ਟਾਸਕ ਫੋਰਸ ਦੇ ਦਬਕੇ ਅੱਗੇ ਕੋਈ ਨੀ ਕੁਸਕਿਆ। ਗੁਰਦੁਆਰਾ ਬਣਾਉਣਾ ਤਾਂ ਇੱਕ ਪਾਸੇ, ਜਿਹੜੇ ਇਸਦਾ ਨਾਂ ਲੈਣ ਵਾਲ਼ੇ ਦੁਆਲੇ ਵੀ ਬਰਛੇ ਕਰਪਾਨਾਂ ਕੱਢੀ ਫਿਰਦੇ ਸੀ, ਅੱਜ ਸਾਰਿਆਂ ਦੀ ਮਾਂ ਮਰ ਗਈ ਜਾਪਦੀ ਸੀ।

ਪੰਚਾਇਤੀ ਜ਼ਮੀਨ ਤੇ ਗੁਰਦੁਆਰਾ ਉਸਰ ਚੁੱਕਾ ਸੀ। ਸੁਲਿੰਦਰ ਤੇ ਉਸਦੇ ਸੰਗੀ-ਸਾਥੀ ਬੜੇ ਖੁਸ਼ ਸਨ। ਇਸ ਗੁਰਦੁਆਰੇ ਜਾ ਕੇ ਇਹਨਾਂ ਨੂੰ ਕੋਈ ਮੋਕਸ਼ ਪ੍ਰਾਪਤ ਤਾਂ ਨਹੀਂ ਸੀ ਹੋ ਜਾਣਾ ਪਰ ਇੱਕ ਗੱਲ ਜ਼ਰੂਰ ਸੀ, ਉਹ ਰੋਜ਼ ਦੀ ਬੇ-ਗੈਰਤ ਜ਼ਿੰਦਗੀ ਤੋਂ ਸੁਰਖਰੂ ਹੋ ਗਏ ਸਨ।

ਜਿਸ ਥਾਣੇ ਵਿੱਚ ਮੇਰੀ ਡਿਊਟੀ ਸੀ ਉਸ ਤੋਂ ਬਾਈ ਕਿਲੋਮੀਟਰ ਦੂਰ ਥਾਣੇ ਵਿੱਚ ਜੀਤਾ ਨੌਕਰੀ ਕਰਦਾ ਸੀ। ਅਸੀਂ ਪੁਲਿਸ ਵਿੱਚ ਇਕੱਠੇ ਹੀ ਭਰਤੀ ਹੋਏ ਸਾਂ ਅਤੇ ਹੁਣ ਤੱਕ ਸਾਡੀ ਨੌਕਰੀ ਵੀ ਤਕਰੀਬਨ ਇਕੋ ਹੀ ਜ਼ਿਲ੍ਹੇ ਵਿੱਚ ਰਹੀ ਸੀ। ਅੱਜ ਜੀਤਾ ਮੈਨੂੰ ਚਾਰ ਮਹੀਨੇ ਬਾਅਦ ਮਿਲਿਆ ਸੀ। ਬੁਝਿਆ-ਬੁਝਿਆ ਜਿਹਾ ਲਗਦਾ ਸੀ। ਮੈਂ ਬਥੇਰ੍ਹਾ ਜ਼ੋਰ ਲਾਇਆ ਕਿ ਬਹਿ ਜਾ ਚਾਹ ਪਾਣੀ ਪੀਨੇ ਆਂ ਪਰ ਉਹ ਕਾਹਲ ਦਾ ਵਾਸਤਾ ਪਾ ਕੇ ਛੇਤੀ ਚਲਾ ਗਿਆ।

ਮੈਨੂੰ ਪਤਾ ਸੀ ਕਿ ਜੀਤਾ ਘਰੋ ਇੰਨਾ ਖੁਸ਼ ਨਹੀਂ ਸੀ। ਹਾਲਾਂ ਕਿ ਪੈਸੇ ਧੇਲੇ ਦੀ ਕੋਈ ਕਮੀ ਨਹੀਂ ਸੀ। ਘਰਵਾਲੀ ਵੀ ਠੀਕ ਸੀ। ਉਸਦੇ ਸਹੁਰੇ ਕਾਫੀ ਰੱਜੇ-ਪੁਜੇ ਖਾਨਦਾਨੀ ਸਨ। ਉਹਨਾਂ ਨੇ ਜੀਤੇ ਨੂੰ ਦਹੇਜ ਵਿੱਚ ਕਾਰ ਦੇ ਨਾਲ-ਨਾਲ ਇੰਨੀਆਂ ਚੀਜਾਂ ਦਿੱਤੀਆਂ ਸਨ ਕਿ ਉਹਨਾਂ ਦਾ ਘਰ ਦਹੇਜ ਨਾਲ ਲੱਦਿਆ ਗਿਆ ਸੀ।

ਪਰ ਜੀਤੇ ਦੇ ਪਿਓ ਤਾਰੇ ਦੀ ਆਦਤ ਨਹੀਂ ਸੀ ਬਦਲੀ। ਉਹ ਪੂਰਾ ਸੂੰਮਾਂ ਦਾ ਪਿਓ ਸੀ। ਹੁਣ ਨੂੰਹ ਨਾਲ ਵੀ ਨਿੱਕੀ-ਨਿੱਕੀ ਗੱਲ ਤੇ ਨੋਕ-ਝੋਕ ਕਰਦਾ ਰਹਿੰਦਾ। ਅਖੇ ਇਹ ਸਬਜੀ 'ਚ ਘਿਓ ਬਹੁਤ ਪਾਉਂਦੀ ਆ। ਸਾਬਣ ਕਹਿਰ ਦਾ ਘਸਾਉਂਦੀ ਆ। ਜਿੱਦਣ ਕੱਪੜੇ ਧੋਂਦੀ ਆ ਸਾਬਣ ਨਾਲ ਸਾਰੀ ਨਾਲੀ ਭਰੀ ਰਹਿੰਦੀ ਆ। ਆਟਾ ਗੁੰਨ੍ਹਣ ਦਾ ਕੋਈ ਹਿਸਾਬ-ਕਿਤਾਬ ਈ ਨੀ। ਦੂਏ-ਚੌਥੇ ਕਵਾੜੀਆਂ ਨੂੰ ਬੂਰੇ ਵਾਲਾ ਪੀਪਾ ਸੁੱਕੀਆਂ ਰੋਟੀਆਂ ਨਾਲ ਭਰਿਆ ਵੇਚਦੀ ਆ। ਇਹ ਤਾਂ ਜਿੱਦਣ ਦੀ ਆਈ ਆ ਸਾਨੂੰ ਕੰਗਾਲ ਕਰਤਾ। ਇੱਦਾਂ ਦੀਆਂ ਗੱਲਾਂ ਕਰਕੇ ਚੌਵੀ ਘੰਟੇ ਘਰ 'ਚ ਫਸਾਦ ਈ ਰੱਖਦਾ। ਉਸਦੀ ਇਸੇ ਆਦਤ ਤੋਂ ਖਪ-ਖਿਝ ਕੇ ਜੀਤਾ ਆਪਣੀ ਵਹੁਟੀ ਨੂੰ ਵੀ ਨਾਲ ਈ ਲੈ ਆਇਆ ਸੀ। ਹੁਣ ਤਾਰਾ ਘਰ ਕੱਲ੍ਹਾ ਹੀ ਡੰਡੇ ਵਜਾਉਂਦਾ। ਜੀਤੇ ਦੀ ਮਾਂ ਤਾਂ ਚਿਰੋਕਣਾ ਈ ਵਿਹੜਾ ਖਾਲੀ ਕਰ ਗਈ ਸੀ।

ਮੈਂ ਜੂਨ ਮਹੀਨੇ ਦੇ ਆਖਰੀ ਹਫਤੇ ਤਾਰੇ ਦੇ ਘਰੇ ਜੀਤੇ ਦਾ ਸੁੱਖ ਸੁਨੇਹਾ ਦੇਣ ਗਿਆ। ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਆਵਾਜ਼ ਆਈ-

"ਕਿਹੜੈ ਭਾਈ... । ਲੰਘ ਆ...। ਦਰ ਖੁੱਲ੍ਹਾ ਈ ਆ।"

ਦਰਵਾਜ਼ੇ ਦਾ ਅਰਲ ਘੁੰਮਾ ਕੇ ਜਦੋਂ ਮੈਂ ਅੰਦਰ ਵੜਿਆ ਤਾਂ ਤਾਰਾ ਕੱਪੜਿਆਂ ਤੋਂ ਬਾਹਰ ਹੋਇਆ ਪਿਆ। ਤੇੜ ਸਿਰਫ ਇੱਕ ਮੈਲ ਖੋਰਾ ਕਛੈਹਰਾ ਈ ਸੀ। ਵਲ਼ ਉਹਨੂੰ ਪਇਓ ਕਹਿਰ ਦੇ। ਦੋਨਾਂ ਪੌਂਚਿਆਂ ਦੇ ਹੇਠਲੇ ਸਿਰੇ ਵੱਟ ਖਾ ਖਾ ਉੱਪਰ ਨੇਫੇ ਨਾਲ ਲੱਗਿਓ।

"ਤਾਇਆ ਜੀ ਕੀ ਗੱਲ ਬੱਤੀ ਹੈਨੀ, ਪੱਖਾ ਨੀ ਲਾਇਆ।" ਮੱਥੇ ਤੋਂ ਰੁਮਾਲ ਨਾਲ ਮੁੜ੍ਹਕੇ ਦੀਆਂ ਬੂੰਦਾਂ ਪੂੰਝਦਿਆਂ ਮੈਂ ਪ੍ਰਸ਼ਨ ਕੀਤਾ।



"ਓਏ ਨਹੀਂ ਕਾਕਾ, ਬੱਤੀ ਤਾਂ ਹੈਗੀ ਆ। ਪਰ ਹਾਲੇ ਕਿਹੜਾ ਏਨੀ ਗਰਮੀ ਆਂ। ਗਰਮੀ ਬਾਹਰੋਂ ਆਉਂਦਿਆਂ ਨੂੰ ਈ ਲਗਦੀ ਆ। ਅੰਦਰ ਤਾਂ ਠੰਡਾ ਐ।"

ਮੈਂ ਮਨ 'ਚ ਸੋਚਿਆ-"ਮੈਨੂੰ ਪਤਾ ਅੰਦਰ ਜਿਹੜਾ ਤੂੰ ਏ.ਸੀ. ਲਗਵਾਇਆ। ਬਿਜਲੀ ਦੇ ਬਿੱਲ ਤੋਂ ਡਰਦਾ ਪੱਖਾ ਨੀ ਚਲਾਉਂਦਾ।"

ਜੀਤੇ ਦੁਆਰਾ ਦਿੱਤਾ ਸੁਨੇਹਾ ਦੇ ਕੇ ਮੈਂ ਉਨ੍ਹੀਂ ਪੈਰੀਂ ਵਾਪਸ ਥਾਣੇ ਆ ਗਿਆ। ਥਾਣੇ ਪਹੁੰਚਿਆ ਤਾਂ ਸਾਡੇ ਇੰਨਸਪੈਕਟਰ ਨੇ ਇੱਕ ਧਾਰਮਿਕ ਸਥਾਨ ਤੇ ਜਾਣ ਦਾ ਮਨ ਬਣਾਇਆ ਹੋਇਆ ਸੀ ਅਖੇ ਬੱਚੇ ਵੀ ਸਾਰਿਆਂ ਨੇ ਨਾਲ ਈ ਲੈ ਕੇ ਚੱਲਣਾ। ਸਾਡੇ ਘਰ ਵਿੱਚੋਂ ਪਹਿਲਾਂ ਕਦੇ ਕੋਈ ਇਸ ਧਾਰਮਿਕ ਸਥਾਨ ਤੇ ਨਹੀਂ ਸੀ ਗਿਆ। ਸੋ ਮੈਂ ਆਪਣੀ ਬੇਟੀ ਨੂੰ ਵੀ ਨਾਲ ਈ ਲੈ ਗਿਆ।

ਗੁਰਦੁਆਰੇ ਪਹੁੰਚ ਕੇ ਅਸੀਂ ਜੋੜੇ ਗੱਡੀ ਵਿੱਚ ਈ ਉਤਾਰ ਦਿੱਤੇ। ਹੱਥ ਮੂੰਹ ਧੋਤਾ ਤੇ ਮੱਥਾ ਟੇਕਣ ਤੁਰ ਪਏ। ਸਾਡੇ ਸਾਰਿਆਂ ਵਿੱਚੋਂ ਮੈਂ ਅਤੇ ਜੀਤਾ ਈ ਮੋਨੇ ਸੀ, ਬਾਕੀ ਸਾਰੇ ਸਰਦਾਰ ਸਨ। ਅਸੀਂ ਸਿਰਾਂ ਤੇ ਚਿੱਟੇ ਰੁਮਾਲ ਬੰਨ੍ਹ ਲਏ। ਬੇਟੀ ਦੇ ਸਿਰ ਤੇ ਵੀ ਮੈਂ ਚਿੱਟਾ ਰੁਮਾਲ ਬੰਨ੍ਹ ਦਿੱਤਾ। ਗੁਰਦੁਆਰੇ ਦੇ ਮੁੱਖ ਦੁਆਰ ਤੇ ਇੱਕ ਨਿਹੰਗ ਸਿੰਘ ਅੱਖਾਂ ਲਾਲ ਕੀਤੀਆਂ, ਹੱਥ ਵਿੱਚ ਬਰਛਾ ਫੜੀ ਖੜ੍ਹਾ ਸੀ। ਜਦੋਂ ਅਸੀਂ ਲੰਘਣ ਲੱਗੇ ਤਾਂ ਉਹਨੇ ਪੁੱਛਿਆ-

"ਭਾਈ ਕਿੱਥੋਂ ਆਏ ਆਂ?"

"ਅਸੀਂ ਪੰਜਾਬ ਤੋਂ ਆਏ ਆਂ ਬਾਬਾ ਜੀ ... ।"

ਪੰਜਾਬ ਸੁਣ ਕੇ ਨਿਹੰਗ ਸਿੰਘ ਤਾਅ 'ਚ ਆ ਗਿਆ। ਆਂਦ੍ਹਾ-

"ਸ਼ਰਮ ਤਨੀ ਆਉਂਦੀ ਤੁਹਾਨੂੰ ਲੋਕਾਂ ਨੂੰ ਭੋਰਾ ਵੀ।ਓਏ ਤੁਹਾਡੀ ਖਾਤਰ ਗੁਰੂ ਸੈਬ੍ਹਾਂ ਨੇ ਸਾਰਾ ਪਰਿਵਾਰ ਨਿਛਾਵਰ ਕਰ ਦਿੱਤਾ ਤੇ ਤੁਸੀਂ ਫੇਰ ਸਿਰ ਮੂੰਹ ਮਨਾਈ ਫਿਰਦੇ ਆਂ। ਕੁੱਛ ਅਕਲ ਦੀ ਦਵਾਈ ਖਾਓ। ਰੋਮਾਂ ਦਾ ਅਪਮਾਨ ਨਾ ਕਰੋ।"

ਇੰਨਸਪੈਕਟਰ ਨੂੰ ਪਤਾ ਸੀ ਕਿ ਮੇਰੇ ਕੋਲੋਂ ਰਿਹਾ ਨਹੀਂ ਜਾਣਾ। ਜਵਾਬ ਦੇ ਹੋ ਜਾਣਾ। ਉਹਨੇ ਦੂਰ ਖੜ੍ਹੇ ਨੇ ਮਨ੍ਹਾਂ ਕਰਦੇ ਹੋਏ ਹਵਾ ਵਿੱਚ ਉਂਗਲ ਫੇਰੀ ਤੇ ਮੈਨੂੰ ਨਾਲ ਲੈ ਕੇ ਅੱਗੇ ਮੱਥਾ ਟੇਕਣ ਤੁਰ ਪਏ। ਪਰ ਮੇਰੇ ਕੋਲੋਂ ਪੈਰ ਨਾ ਪੁੱਟਿਆ ਜਾਵੇ। ਅੰਦਰ ਟੁੱਟ-ਭੱਜ ਜਿਹੀ ਹੋਣ ਲੱਗ ਪਈ। ਪੈਰ ਸੰਗਮਰਮਰ ਦੇ ਫਰਸ਼ ਨਾਲ ਚਿਪਕੀ ਜਾਣ। ਮੈਂ ਅੱਠ-ਦਸ ਕਦਮ ਵੀ ਨਹੀਂ ਸੀ ਤੁਰਿਆ ਹੋਣਾ ਕਿ ਨਿਹੰਗ ਸਿੰਘ ਦੁਆਰਾ ਬੋਲੇ ਸ਼ਬਦਾਂ ਨਾਲ ਮੇਰਾ ਦਿਮਾਗ ਪਾਟਣ ਲੱਗ ਪਿਆ। ਮੈਂ ਆਪਣੀ ਬੇਟੀ ਨੂੰ ਬਾਹੋਂ ਫੜਿਆ ਤੇ ਵਾਪਸ ਉਸ ਨਿਹੰਗ ਸਿੰਘ ਵੱਲ ਨੂੰ ਮੁੜ ਪਿਆ। ਜਾਂਦਿਆਂ ਹੀ ਮੈਂ ਉਹਨੂੰ ਗਲ਼ੋਂ ਫੜ ਲਿਆ-

"ਸਿੱਖੀ ਦੇ ਠੇਕੇਦਾਰਾ... ਤੂੰ ਹੁੰਨਾਂ ਕੌਣ ਆਂ ਮੈਨੂੰ ਇਹ ਗੱਲ ਕਹਿਣ ਵਾਲਾ। ਮੈਂ ਚਾਹੇ ਹਿੰਦੂ ਹੋਵਾਂ ਚਾਹੇ ਮੁਸਲਮਾਨ। ਤੈਨੂੰ ਕੀ... । ਤੂੰ ਸਹੁਰਾ ਲਗਦਾਂ... । ਮੈਂ ਤਾਂ ਇੱਥੇ ਸ਼ਰਧਾ ਵੱਸ ਆਇਆਂ। ਜੇ ਪਤਾ ਹੁੰਦਾ ਇੱਥੇ ਤੇਰੇ ਵਰਗੇ ਉੱਖਲ ਨਾਲ ਵਾਹ ਪੈਣਾ ਤਾਂ ਮੈਂ ਪੈਰ ਨਹੀਂ ਸੀ ਪਾਉਣਾ।" ਅਸੀਂ ਚੰਗਾ ਧੱਕਮ-ਧੱਕੀ ਹੋਏ।

ਇੰਨਸਪੈਕਟਰ ਤੇ ਦੂਜੇ ਮੇਰੇ ਨਾਲ ਦੇ ਮੁਲਾਜ਼ਮ ਦੌੜੇ ਆਏ। ਇੰਨਸਪੈਕਟਰ ਨੇ ਮੇਰੇ ਮਗਰ ਦੀ ਆ ਕੇ ਆਪਣੇ ਹੱਥਾਂ ਨਾਲ ਮੇਰਾ ਮੂੰਹ ਬੰਦ ਕਰ ਲਿਆ ਤੇ ਮੈਨੂੰ ਖਿੱਚ ਕੇ ਦੂਰ ਲੈ ਗਿਆ। ਦੂਸਰੇ ਮੁਲਾਜ਼ਮਾਂ ਨੇ ਨਿਹੰਗ ਸਿੰਘ ਨੂੰ ਠੰਢਾ ਕੀਤਾ।

"ਰਮੇਸ਼ ਤੂੰ ਬੋਲਣ ਲੱਗਾ ਅੱਗਾ ਪਿੱਛਾ ਤਾਂ ਦੇਖ ਲਿਆ ਕਰ ਆਇਆ ਕਿੱਥੇ ਆਂ।"

"ਤੁਸੀਂ ਉਹਨੂੰ ਨੀ ਸੁਣਿਆ, ਕਿੱਦਾਂ ਬੋਲਦੈ।"

"ਚੱਲ ਛੱਡ ਪਰਾਂ, ਜੋ ਹੋਣਾ ਸੀ ਹੋ ਗਿਆ। ਆ ਜਾ ਹੁਣ, ਮਾਰ੍ਹਾਜ ਨੂੰ ਮੱਥਾ ਟੇਕ ਕੇ ਵਾਪਸ ਚਲਦੇ ਆਂ।"

"ਨਹੀਂ ਸਾਬ੍ਹ ਮੈਂ ਅੰਦਰ ਨਹੀਂ ਜਾਣਾ। ਮੈਂ ਇੱਥੋਂ ਈ ਮੱਥਾ ਟੇਕ ਲਿਆ। ਤੁਸੀਂ ਜਾਇ ਆਵੋ। ਆਂਪਾ ਇੱਥੇ ਈ ਇੰਤਜ਼ਾਰ ਕਰਦੇ ਆਂ ਤੁਹਾਡਾ।"

ਮੈਂ ਆਪਣੀ ਧੀ ਨੂੰ ਲੈ ਕੇ ਬਾਹਰ ਈ ਪੌੜੀਆਂ ਤੇ ਬੈਠ ਗਿਆ। ਇਹ ਅੰਦਰ ਮੱਥਾ ਟੇਕਣ ਚਲੇ ਗਏ।ਕਾਫੀ ਚਿਰ ਲਾ ਕੇ ਆਏ।

ਥਾਣੇ ਆ ਕੇ ਸਾਬ੍ਹ ਮੇਰੇ ਨਾਲ ਘੁਟਿਆ ਜਿਹਾ ਰਿਹਾ। ਕਈ ਦਿਨਾਂ ਬਾਅਦ ਆਮ ਵਰਗਾ ਹੋਇਆ।

ਸੁਲਿੰਦਰ ਅੱਜ ਕਈ ਚਿਰ ਪਿੱਛੋਂ ਥਾਣੇ ਆਇਆ ਸੀ। ਨਾਲ ਉਸਦਾ ਦੋਸਤ ਸੀ। ਰਿਪੋਰਟ ਲਿਖਵਾਉਣ ਆਏ ਸੀ।ਦੋ ਦਿਨ ਪਹਿਲਾਂ ਸੁਲਿੰਦਰ ਦੇ ਦੋਸਤ ਦਾ ਸੈੱਲ ਫੋਨ ਗੁੰਮ ਗਿਆ ਸੀ।

ਸੁਲਿੰਦਰ ਬੜੇ ਤਪਾਕ ਨਾਲ ਮਿਲਿਆ–

"ਭਾਜੀ ਹੋਰ ਸੁਣਾਓ ਕੀ ਹਾਲ ਆ।"

"ਠੀਕ ਆ ਮਿੱਤਰਾ। ਆ ਜਾ ਬੈਠ। ਕਿਤੇ ਬਾਹਰ ਚਲਾ ਗਿਆ ਸੀ?ਦਿਖਾਈ ਈ ਨੀ ਦਿੱਤਾ।"

"ਬਸ ਭਾਜੀ ਸਲਾਨਾ ਇਮਤਿਹਾਨ ਦੇ ਦਿਨ ਸਨ। ਮੈਂ ਘਰੋਂ ਘੱਟ–ਵੱਧ ਈ ਬਾਹਰ ਨਿਕਲਿਆ। ਤੁਸੀਂ ਸੁਣਾਓ। ਲਗਦਾ ਪਾਰਟੀ ਕਰਕੇ ਹਟੇ ਆਂ।" ਮੇਜ਼ ਉੱਤੇ ਪਕੌੜਿਆਂ ਦੀ ਖਿਲਰੀ ਚੂਰ–ਭੂਰ ਵੱਲ ਦੇਖ ਕੇ ਅੰਦਾਜ਼ਾ ਲਗਾਉਂਦਿਆਂ ਸੁਲਿੰਦਰ ਨੇ ਕਿਹਾ।

"ਆਹੋ ਯਾਰ... । ਸਾਬ੍ਹ ਦਾ ਮੁੰਡਾ ਗਿਆਰਵੀਂ 'ਚੋਂ ਪਾਸ ਹੋਇਆ। ਉਹਦੀ ਖੁਸ਼ੀ 'ਚ ਪਾਰਟੀ ਦਿੱਤੀ ਸੀ ਸਾਬ੍ਹ ਹੁਰਾਂ।"

"ਪਿਛਲੇ ਸਾਲ ਤੁਸੀਂ ਈ ਕਹਿੰਦੇ ਸੀ ਕਿ ਇਹਨਾਂ ਦਾ ਬੱਚਾ ਮੈਰਿਟ 'ਚ ਆਇਆ। ਫੇਰ ਐਤਕੀਂ ਇਹਨੂੰ ਕੀ ਹੋ ਗਿਆ, ਜਿਹੜਾ ਕੱਲ੍ਹਾ ਪਾਸ ਈ ਹੋ ਸਕਿਆ।"

"ਹਾਂ ਯਾਰ, ਇੱਦਾਂ ਈ ਸੀ। ਤੂੰ ਬਿਲਕੁਲ ਠੀਕ ਏ। ਮੁੰਡਾ ਤਾਂ ਇਹਨਾਂ ਦਾ ਬਹੁਤ ਹੁਸ਼ਿਆਰ ਆ। ਇਹਦੇ ਵਿੱਚ ਕੋਈ ਦੋ ਰ੍ਹਾਵਾਂ ਨੀ। ਆ੍ਹ ਦੋ ਤਿੰਨ ਮਹੀਨੇ ਪਹਿਲਾਂ ਇੱਕ ਦੁਰਘਟਨਾ ਵਿੱਚ ਲੱਤ ਟੁੱਟ ਜਾਣ ਕਾਰਨ ਸਕੂਲ ਈ ਨੀ ਜਾ ਸਕਿਆ। ਤੂੰ ਜਾਣਦੈ ਪੜ੍ਹਾਈਆਂ ਅੱਜ–ਕੱਲ੍ਹ ਦੀਆਂ ਔਖੀਆਂ। ਇੱਥੇ ਤਾਂ ਬੱਚਾ ਇੱਕ ਦੋ ਦਿਨ ਸਕੂਲ ਨਾ ਜਾਵੇ ਤਾਂ ਉਹ ਨੀ ਰਲ਼ ਸਕਦਾ ਪੰਦਰਾਂ ਦਿਨ ਬਾਕੀ ਜਮਾਤ ਨਾਲ। ਇਹ ਤਾਂ ਫਿਰ ਵੀ ਦੋ ਤਿੰਨ ਮਹੀਨੇ ਸਿਗੇ।"

ਮੇਰੀ ਗੱਲ ਸੁਣਦਿਆਂ ਸੁਲਿੰਦਰ ਸੋਚੀਂ ਪੈ ਗਿਆ। ਮੈਂ ਉਹਦਾ ਹੱਥ ਫੜ ਕੇ ਘੁੱਟਦਿਆਂ ਆਖਿਆ, "ਓਏ ਤੂੰ ਕਿਹੜੀ ਖੁੱਭਣੀ 'ਚ ਖੁੱਭ ਗਿਆਂ।"

"ਭਾ... ਜੀ। ਮੈਂ ਸੋਚਦਾਂ, ਤੁਹਾਡੇ ਸਾਬ੍ਹ ਦਾ ਮੁੰਡਾ ਤਾਂ ਕੁਝ ਮਹੀਨੇ ਸਕੂਲ ਨੀ ਗਿਆ ਤੇ ਪੜ੍ਹਾਈ 'ਚ ਇੰਨਾ ਪਛੜ ਗਿਆ। ਸਾਡੀ ਕੌਮ ਨੂੰ ਤਾਂ ਸੈਂਕੜੇ ਸਾਲ਼ਾਂ ਤੱਕ ਪੜ੍ਹਾਈ ਦੇ ਲਾਗਿਓਂ ਨੀ ਲੰਘਣ ਦਿੱਤਾ ਗਿਆ। ਫੇਰ ਅਸੀਂ ਕਿੰਨੀਆਂ ਸਦੀਆਂ ਬਾਅਦ ਸ਼ਾਤਰ ਦਿਮਾਗ ਕੌਮ ਦੇ ਬਰਾਬਰ ਤੁਰ ਸਕਾਂਗੇ।"

"ਓਏ ਤੂੰ ਜ਼ਿਆਦਾ ਚਿੰਤਾ 'ਚ ਨਾ ਪੈ। ਜਿਸ ਕੌਮ ਕੋਲ ਤੇਰੇ ਵਰਗੇ ਜ਼ਨੂੰਨੀ ਬੰਦੇ ਹੋਣ, ਉਹ ਕੌਮ ਤਾਂ ਅੱਵਲ ਦਰਜ਼ਾ ਬਣਜੂ ਭਵਿੱਖ 'ਚ। ਬੱਸ ਤੂੰ ਆਪਣੇ ਮਿਸ਼ਨ ਤੇ ਡਟਿਆ ਰਹਿ।"

"ਭਾਜੀ, ਕਈ ਵਾਰ ਮੈਂ ਸੋਚਦਾ ਬਾਵਾ ਸਾਹਿਬ ਨੂੰ ਮਨੂੰ ਸਿਮਰਤੀ ਨਹੀਂ ਸੀ ਸਾੜਨੀ ਚਾਹੀਦੀ। ਸਗੋਂ ਮਿਹਨਤ ਕਰਕੇ ਇਹਦੇ ਬਰਾਬਰ ਕਿਸੇ ਹੋਰ ਗ੍ਰੰਥ ਦੀ ਸਥਾਪਨਾ ਕਰਨੀ ਚਾਹੀਦੀ ਸੀ।"

"ਗੱਲ ਤਾਂ ਸੱਜਣਾ ਤੇਰੀ ਠੀਕ ਆ। ਉਦੋਂ ਉਹਦੇ ਨਾਲ ਚੱਲਣ ਵਾਲਾ ਕੌਣ ਸੀ? ਜਿਨ੍ਹਾਂ ਲਈ ਉਹ ਲੜ ਰਿਹਾ ਸੀ, ਉਹਨਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਸਾਡੇ ਲਈ ਲੜ ਕੌਣ ਰਿਹਾ ਹੈ?"

"ਭਾਜੀ ਗੱਲ ਤੁਹਾਡੀ ਸੋਲ਼ਾਂ ਆਨੇ ਸੱਚੀ ਐ। ਜਿੰਨਾ ਕੰਮ ਬਾਵਾ ਸਾਹਿਬ ਨੇ ਕੀਤਾ, ਕੀਤਾ ਬਾ–ਕਮਾਲ ਐ। ਲੋਕਾਂ ਵਿੱਚ ਕਾਫੀ ਜਾਗ੍ਰਿਤੀ ਆ ਗਈ ਆ ਹੁਣ। ਖਾਸ ਕਰਕੇ ਪੜ੍ਹਿਆਂ ਲਿਖਿਆਂ ਵਿੱਚ। ਹੁਣ ਨੀ ਚੁੱਪ ਕੀਤਿਆਂ ਰਹਿ ਹੁੰਦਾ। ਮੱਲੋ–ਮੱਲੀ ਜਵਾਬ ਦੇ ਹੋ ਜਾਂਦੈ।"

"ਅਹਿ ਗੱਲ ਰਹਿਣ ਦੇ ਤੂੰ ਸੁਲਿੰਦਰਾ। ਇਹ ਜ਼ਰੂਰੀ ਨੀ ਕਿ ਜਾਗ੍ਰਿਤੀ ਜਾਂ ਜ਼ੁਰਅਤ ਸਿਰਫ ਪੜ੍ਹਿਆਂ ਲਿਖਿਆਂ ਵਿੱਚ ਈ ਆ। ਬੰਦੇ ਅਨਪੜ੍ਹ ਵੀ ਹੈਗੇ ਨੇ ਕਣੀ ਵਾਲੇ। ਉਹ ਨੀ ਟੈਂ ਝੱਲਦੇ ਕਿਸੇ ਦੀ ਵੀ। ਭਾਵੇਂ ਕੁੱਲੀ ਤੇ ਕੱਖ ਨਾ ਰਹੇ।"

ਲੈ ਤੈਨੂੰ ਬਾਪੂ ਦੀ ਗੱਲ ਦੱਸਦਾਂ। ਮੈਂ ਹਾਲੇ ਬਚਪਨ ਦੀ ਦਹਿਲੀਜ਼ ਟੱਪਿਆ ਈ ਸੀ। ਸਕੂਲੋਂ ਮੈਨੂੰ ਛੁੱਟੀ ਸੀ। ਮੈਂ ਬਾਪੂ ਹੁਣਾਂ ਨੂੰ ਦੁਪਹਿਰ ਦੀ ਰੋਟੀ ਦੇਣ ਚਲਾ ਗਿਆ। ਉਹ ਮਹਿੰਦਰ ਸਿੰਘ ਦੇ ਖੇਤਾਂ ਵਿੱਚ ਕਣਕ



ਗੁਡਦੇ ਸੀ। ਦਿਨ ਸਿਆਲੂ ਸਿਗੇ। ਜਦੋਂ ਉਹਨਾਂ ਰੋਟੀ ਖਾਣ ਲੱਗਿਆਂ ਦਾਲ਼ ਵਾਲਾ ਡੱਬਾ ਖੋਲ੍ਹਿਆ ਤਾਂ ਦਾਲ਼ ਦੀ ਸਤ੍ਹਾ ਤੇ ਬਣਾਉਟੀ ਘੇ ਦਾ ਖੱਪਰ ਬੱਝਿਆ ਪਿਆ। ਉਹਨਾਂ ਸੋਚਿਆ ਰੋਟੀ ਗਰਮ ਕਰਕੇ ਖਾਂਦੇ ਆਂ। ਸੋ ਉਹ ਲੁੰਗ–ਲਾਣਾ ਚੁੱਕ ਕੇ ਲਾਗੇ ਈ ਸ਼ਾਹਾਂ ਦੇ ਖੂਹ ਤੇ ਲੈ ਗਏ। ਮੈਨੂੰ ਉੱਥੇ ਨਾ ਜਾਣਾ ਚਾਹੁੰਦਿਆਂ ਹੋਇਆ ਵੀ ਜਾਣਾ ਪਿਆ। ਖਾਲੀ ਬਰਤਨ ਲੈ ਕੇ ਜੁ ਮੁੜਨਾ ਸੀ। ਗੁਆਂਢੀਆਂ ਦਾ ਡੋਲੂ ਵੀ ਮੰਗ ਕੇ ਲਿਆਇਆ ਸੀ ਲੱਸੀ ਪਾ ਕੇ। ਖੂਹ ਤੇ ਜਾਣਾ ਮੈਨੂੰ ਉੱਕਾ ਈ ਪਸੰਦ ਨਹੀਂ ਸੀ। ਉੱਥੇ ਵਿਹਲੜਾਂ ਦੀ ਇਕੱਠੀ ਹੋਈ ਢਾਣੀ ਬੜੀਆਂ ਪੁਠੀਆਂ–ਸਿੱਧੀਆਂ ਗੱਲਾਂ ਕਰਦੀ ਰਹਿੰਦੀ ਸੀ। ਉਸ ਦਿਨ ਵੀ ਸ਼ੰਮੀ ਨੇ ਖੁਭਵੀਂ ਜਿਹੀ ਗੱਲ ਕੀਤੀ, ਲਾ ਕੇ–

"ਅਖੇ ਸਾਰੀ ਦੀਨ ਦੁਨੀਆਂ ਬ੍ਰਹਮਾ ਨੇ ਪੈਦਾ ਕੀਤੀ ਆ।ਪਰ ਪੈਦਾ ਕੀਤੀ ਆ ਦਰਜਾ–ਬ–ਦਰਜਾ ਤੇ ਸ੍ਰੇਸ਼ਟ–ਬ–ਸ੍ਰੇਸ਼ਟ। ਬ੍ਰਹਮਾ ਦੇ ਸਿਰ ਵਿੱਚੋਂ ਬ੍ਰਾਹਮਣ ਪੈਦਾ ਹੋਇਆ ਇਸ ਕਰਕੇ ਬ੍ਰਾਹਮਣ ਸਭ ਤੋਂ ਸ੍ਰੇਸ਼ਟ ਆ। ਬਾਹਾਂ ਵਿੱਚੋਂ ਕਸ਼ੱਤਰੀ, ਧੜ ਵਿੱਚੋਂ ਵੈਸ਼ ਤੇ ਪੈਰਾਂ ਵਿੱਚੋਂ ਸ਼ੂਦਰ। ਸਭ ਤੋਂ ਹੇਠਲਾ ਦਰਜ਼ਾ।"

ਬਾਪੂ ਨੇ ਸ਼ੰਮੀ ਦੀ ਗੱਲ ਸੁਣ ਕੇ ਉਹਨੂੰ ਟਕਾ ਕੇ ਜਵਾਬ ਦਿੱਤਾ–ਪੰਡਤਾ ਗੱਲ ਤਾਂ ਤੇਰੀ ਠੀਕ ਆ। ਪਰ ਜਦੋਂ ਕੋਈ ਜਣਾ ਕਿਸੇ ਜੱਟ ਦਿਓਂ ਚੋਰੀ ਗੰਨਾ ਭੰਨ ਲਵੇ ਤਾਂ ਉਦੋਂ ਜੁੱਤੀ ਚਮਾਰ ਦੀਓ ਹੁੰਦੀ ਆ, ਵਰ੍ਹਾਉਂਦਾ ਜੱਟ ਆ ਕਸ਼ੱਤਰੀ ਦੀਆਂ ਬਾਹਾਂ ਨਾਲ ਤੇ ਮੜ੍ਹ ਪੋਲਾ ਹੁੰਦਾ ਆ ਤੇਰੇ ਵਰਗੇ ਪੰਡਤ ਦਾ। ਉੱਥੇ ਬੈਠੇ ਸਾਰਿਆਂ ਦਾ ਹਾਸਾ ਬੰਦ ਨਾ ਹੋਵੇ। ਸੁਣ ਕੇ ਸ਼ੰਮੀ ਘਰ ਨੂੰ ਕੰਨ ਖਨੂੰਹਦਾ ਹੋ ਤੁਰਿਆ। ਓਦੂੰ ਬਾਅਦ ਸ਼ੰਮੀ ਚੋਭਾਂ ਲਾਉਣੋ ਹਟਿਆ ਤਾਂ ਨਹੀਂ ਸੀ ਪਰ ਘੱਟ ਜ਼ਰੂਰ ਗਿਆ ਸੀ।

"ਸਈ ਗੱਲ ਆ ਭਾਜੀ। ਕਣੀ ਆਲਾ ਬੰਦਾ ਈ ਜਵਾਬ ਦੇ ਸਕਦਾ। ਓਹੀ ਕਣੀ ਤਾਂ ਤੁਹਾਡੇ ਵਿੱਚ ਮੌਜ਼ੂਦ ਆ ਹੁਣ। ਇਸੇ ਲਈ ਤੁਹਾਡੇ ਕੋਲੋਂ ਊਰਜਾ ਲੈਣ ਲਈ ਆ ਜਾਈਦਾ ਅਸੀਂ ਵੀ।"

"ਓਏ ਨਾ ਭਰਾਵਾ ਏਡੀ ਗੱਲ ਕੋਈ ਹੈਨੀ। ਬਸ ਇਹੀ ਆ ਪਈ ਨਾ ਕਦੇ ਕਿਸੇ ਨਾਲ ਅੱਖਾਂ ਸਾਹਮਣੇ ਵਧੀਕੀ ਹੋਣ ਦਿੱਤੀ ਆ ਤੇ ਨਾ ਕਦੇ ਕਿਸੇ ਨਾਲ ਕੀਤੀ ਆ।"

ਸੁਲਿੰਦਰ ਹੋਰੀਂ ਹੱਥ ਮਿਲਾ ਕੇ ਚਲੇ ਗਏ ਤੇ ਮੈਂ ਆਪਣੇ ਕੰਮ ਵਿੱਚ ਰੁੱਝ ਗਿਆ। ਵੋਟਾਂ ਦੇ ਦਿਨ ਸਨ। ਸ਼ਹਿਰ ਵਿੱਚ ਮੁੱਖ ਮੰਤਰੀ ਨੇ ਆਉਣਾ ਸੀ ਇੱਕ ਰੈਲੀ ਨੂੰ ਸੰਬੋਧਨ ਕਰਨ। ਮੈਂ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾਉਣ ਵਿੱਚ ਰੁੱਝਾ ਹੋਇਆ ਸੀ। ਬਾਕੀ ਮੁਲਾਜ਼ਮ ਇੰਨਸਪੈਕਟਰ ਨਾਲ ਬਾਹਰ ਬੈਠੇ ਸੂਰਜ ਦੀ ਕੋਸੀ ਕੋਸੀ ਧੁੱਪ ਦਾ ਆਨੰਦ ਮਾਣ ਰਹੇ ਸਨ। ਉਹ ਵਿੱਚ ਵਿਚਾਲੇ ਇੱਕ ਦੂਜੇ ਨਾਲ ਹਾਸਾ ਮਜ਼ਾਕ ਵੀ ਕਰੀ ਜਾ ਰਹੇ ਸਨ। ਮੈਨੂੰ ਉਹਨਾਂ ਦੀਆਂ ਗੱਲਾਂ ਚੰਗੀ ਤਰ੍ਹਾਂ ਸੁਣਾਈ ਦੇ ਰਹੀਆਂ ਸਨ।

"ਸਾਬ੍ਹ ਉਹ ਮੱਖਣ ਸੂੰਹ ਦੀ ਕੁੜੀ ਤੇ ਪ੍ਰੋਫੈਸਰ ਵਾਲੇ ਕੇਸ ਦਾ ਕੀ ਬਣਿਆ। ਮੁੜ ਕੇ ਪਤਾ ਈ ਕੁੱਝ ਨੀ ਲੱਗਾ।" ਸ਼ੁਗਲ 'ਚੋਂ ਨਿਕਲਦਿਆਂ ਗੁਰਵਿੰਦਰ ਨੇ ਇੰਨਸਪੈਕਟਰ ਨੂੰ ਪ੍ਰਸ਼ਨ ਕੀਤਾ।"

"ਓਏ ਉਹਦਾ ਕੀ ਬਣਨਾ ਸੀ। ਅਦਾਲਤ ਵਿੱਚ ਵਿਆਹ ਕਰਵਾ ਗਿਆ 'ਗੁੱਲੀ ਘੜ੍ਹ' ਕੁੜੀ ਨਾਲ। ਅੰਤਰ ਜਾਤੀ ਵਿਆਹ ਦੇ ਪੈਸੇ ਵੀ ਲੈ ਗਿਆ ਸਰਕਾਰ ਕੋਲੋਂ। ਮੱਖਣ ਸੂੰਹ ਕੁੱਝ ਨੀ ਵਿਗਾੜ ਸਕਿਆ ਉਹਦਾ।"

"ਸਾਬ੍ਹ ਅਸੀਂ ਤਾਂ ਫੇਰ ਐਵੇਂ ਜੁਤੀਆਂ ਘਸਾਉਂਦੇ ਰਹਿ ਗਏ। ਗੜਵੇ ਵਰਗੀ 'ਰੰਨ' ਅਤੇ ਸਰਕਾਰ ਕੋਲੋਂ 'ਧੰਨ' ਦੋਨੋਂ ਲੱਕੜ ਚੱਬ ਦੇ ਹੱਥ ਲੱਗ ਗਏ।"

"ਆਹੋ ਯਾਰ ਦੁਆਬੇ ਤੇ ਖਾਸ ਕਰਕੇ ਹੁਸ਼ਿਆਰਪੁਰ ਵਿੱਚ ਪੁਲਿਸ ਦੀ ਨੌਕਰੀ ਕਰਨੀ ਸਿੱਖਣ ਬਰਾਬਰ ਐ। ਇੱਥੇ ਤਾਂ ਉਹੀ ਬੰਦਾ ਜੰਮਦਾ, ਜਿਹਨੇ ਪਿਛਲੇ ਜਨਮ ਵਿੱਚ ਐੱਮ.ਏ. ਪਾਸ ਕੀਤੀ ਹੋਵੇ। ਇਹ ਮਾਲਵਾ ਜਾਂ ਮਾਝਾ ਥੋੜ੍ਹੈਂ ਕਿ ਹਰ ਬੰਦਾ ਪੰਜ–ਸੱਤ ਹਜ਼ਾਰ ਰੁਪਏ ਬੋਝੇ 'ਚ ਪਾ ਕੇ ਈ ਥਾਣੇ ਆਉਂਦਾ। ਪਹਿਲੀ ਗੱਲ ਤਾਂ ਇੱਥੇ ਆਮ ਬੰਦਾ ਥਾਣੇ ਆਉਣੋ ਉਂਝ ਹੀ ਗੁਰੇਜ਼ ਕਰਦਾ। ਜੇ ਮਜ਼ਬੂਰੀ ਵੱਸ ਕਿਸੇ ਨੂੰ ਆਉਣਾ ਪੈ ਵੀ ਜਾਵੇ ਤਾਂ ਉਹ ਦੋ ਚਾਰ ਬੰਦੇ ਜਾਣਕਾਰ ਜਾਂ ਪਹੁੰਚ ਵਾਲੇ ਲੈ ਕੇ ਹੀ ਥਾਣੇ ਦੀ ਸਰਦਲ ਟੱਪਦਾ। ਕਈ ਬੰਦੇ ਤਾਂ ਮੈਂ ਇਹੋ ਜਿਹੇ ਵੀ ਦੇਖੇ ਆ ਜਿਹੜੇ ਇੱਥੇ ਆ ਕੇ ਸਾਨੂੰ ਈ ਦੱਸਣ ਲੱਗ ਪੈਂਦੇ ਆ ਕਿ ਕਾਨੂੰਨ ਦੀ ਅਹਿ ਧਾਰਾ ਲੱਗਣੀ ਏਂ ਇਸ ਕੇਸ ਨੂੰ।"

"ਸਾਬ੍ਹ ਕਾਨੂੰਨ ਤਾਂ ਆਪਣੀ ਥਾਂ ਈ ਏ ਨਾਲੇ ਅੱਜ-ਕੱਲ੍ਹ ਜ਼ਮਾਨਾਂ ਵੀ ਇਹਨਾਂ ਦਾ ਈ ਆ ਗਿਆ।" ਗੁਰਵਿੰਦਰ ਨੇ ਰਮੇਸ਼ ਵੱਲ ਦੇਖਦਿਆਂ ਗੱਲ ਖਤਮ ਕੀਤੀ।

ਅਚਾਨਕ ਬੈਠਿਆਂ-2 ਉਹਨਾਂ ਵਿੱਚ ਪ੍ਰਮੋਸ਼ਨ ਦੀਆਂ ਗੱਲਾਂ ਤੁਰ ਪਈਆਂ। ਬਲਵਿੰਦਰ ਇੰਨਸਪੈਕਟਰ ਨੂੰ ਪੁੱਛਣ ਲੱਗਾ-

"ਸਾਬ੍ਹ ਕਦੋਂ ਹੋਣੀਆਂ ਸਾਡੀਆਂ ਪ੍ਰਮੋਸ਼ਨਾਂ? ਕਹਿ ਸੁਣ ਕੇ ਸਾਡੇ ਵੀ ਲੁਆ ਦਿਓ ਫੀਤੀਆਂ ਛੋਟੇ ਥਾਣੇਦਾਰ ਦੀਆਂ।"

"ਓਏ ਸਾਡੇ ਸਾਰਿਆਂ ਨਾਲੋਂ ਪਹਿਲਾਂ ਛੋਟਾ ਥਾਣੇਦਾਰ ਰਮੇਸ਼ ਨੇ ਬਣਨਾ। ਦੇਖ ਲਿਓ ਭਾਵੇਂ।" ਗੁਰਵਿੰਦਰ ਨੇ ਪੂਰੇ ਆਤਮ ਵਿਸ਼ਵਾਸ਼ ਨਾਲ ਆਪਣੀ ਗੱਲ ਆਖੀ।

"ਰਮੇਸ਼ ਵੀ ਤਾਂ ਸਾਡੇ ਬੈਚ ਦਾ ਈ ਆ। ਪਹਿਲਾਂ ਇਹਦੀ ਵਾਰੀ ਕਿੱਦਾਂ ਆਊ।"

"ਗੱਲ ਤਾਂ ਤੇਰੀ ਠੀਕ ਆ, ਰਮੇਸ਼ ਹੈ ਵੀ ਸਾਡਾ ਬੈਚ ਮੇਟ। ਪਰ ਇਹਦੇ ਕੋਲ ਬ੍ਰਹਮਅਸਤਰ ਜਿਉਂ ਆ ਰਿਜ਼ਰਵੇਸ਼ਨ ਦਾ ।ਆਪੇ ਹੇਠੋਂ ਉੱਤੇ ਆ ਜਾਊ।"

ਮੈਂ ਕਿਸੇ ਦੀ ਵੀ ਗੱਲ ਦਾ ਜਵਾਬ ਨੀ ਦਿੱਤਾ। ਚੁੱਪ-ਚਾਪ ਆਪਣਾ ਕੰਮ ਕਰੀ ਗਿਆ। ਹੌਲੀ-ਹੌਲੀ ਇਹ ਮਸਲਾ ਭਖਦਾ-ਭਖਦਾ ਬਹਿਸ ਦਾ ਮੁੱਦਾ ਬਣ ਗਿਆ।ਜਦੋਂ ਗੱਲ ਕਿਸੇ ਸਿਰੇ ਨਾ ਈ ਲੱਗੀ ਤਾਂ ਇੰਨਸਪੈਕਟਰ ਨੇ ਮੈਨੂੰ ਆਵਾਜ਼ ਦਿੱਤੀ-

"ਓ ਰਮੇਸ਼, ਤੁਮੀਂ ਬਾਹਰ ਆ ਜਾ। ਆ ਕੇ ਆਪਣੇ ਵਿਚਾਰ ਰੱਖ। ਤੁਮੀਂ ਬਥੇਰੀਆਂ ਕਿਤਾਬਾਂ ਪੜ੍ਹਦਾ ਰਹਿੰਦਾ। ਹੁਣ ਦੱਸ ਬਈ ਰਿਜ਼ਰਵੇਸ਼ਨ ਬੰਦ ਹੋਣੀ ਚਾਹੀਦੀ ਆ ਕਿ ਨਹੀਂ।"

"ਬੰਦ ਹੋਣੀ ਚਾਹੀਦੀ ਆ ਜਨਾਬ।" ਮੈਂ ਉੱਠ ਕੇ ਬਾਹਰ ਵੱਲ ਨੂੰ ਆ ਗਿਆ।

"ਅੱਛਾ... ।" ਇੰਨਸਪੈਕਟਰ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ।

"ਪਰ ਇਹਦੇ ਤੋਂ ਪਹਿਲਾਂ ਦੋ ਤਿੰਨ ਗੱਲਾਂ ਜ਼ਰੂਰ ਪੱਕੀਆਂ ਹੋਣੀਆਂ ਚਾਹੀਦੀਆਂ।"

"ਉਹ ਕਿਹੜੀਆਂ... ?"

"ਇੱਕ ਤਾਂ ਜਿੰਨੀ ਜ਼ਮੀਨ ਆਂ ਉਹ ਸਾਰੀ ਪਬਲਿਕ ਸੈਕਟਰ ਵਿੱਚ ਜਮ੍ਹਾਂ ਹੋ ਜਾਵੇ।

ਦੂਜਾ ਸਮਾਜਿਕ ਤੌਰ ਤੇ ਕਿਸੇ ਨਾਲ ਵਿਤਕਰਾ ਨਾ ਹੋਵੇ।

ਤੀਜਾ ਸਾਰੀ ਪ੍ਰਾਪਰਟੀ ਦੀ ਸਮਾਨ ਵੰਡ ਹੋ ਜਾਵੇ। ਫੇਰ ਰਿਜ਼ਰਵੇਸ਼ਨ ਦੀ ਕੋਈ ਲੋੜ ਨੀ ਰਹਿਣੀ।"

ਮੇਰੀ ਗੱਲ ਸੁਣਦਿਆਂ ਹੀ ਪਿਛਲੇ ਦੋ ਘੰਟਿਆਂ ਤੋਂ ਇਸ ਮੁੱਦੇ ਤੇ ਭਖੀ ਬਹਿਸ ਖਤਮ ਹੋ ਗਈ। ਉਹਨਾਂ ਦੇ ਚਿਹਰੇ ਤੇ ਪਸਰੀ ਚੁੱਪ ਦੇਖ ਕੇ ਇੰਝ ਲੱਗਿਆ ਜਿਵੇਂ ਮੇਰੀਆਂ ਤਿੰਨੇ ਗੱਲਾਂ ਉਹਨਾਂ ਨੂੰ ਦਾਲ ਵਿੱਚ ਕੋਕੜੂ ਦੀ ਤਰ੍ਹਾਂ ਰੜਕੀਆਂ ਹੋਣ ਅਤੇ ਖੁੰਢੇ ਕਰ ਦਿੱਤੇ ਗਏ ਬ੍ਰਹਮਅਸਤਰ ਦੀ ਮਾਰ ਝੱਲਣ ਵਿੱਚ ਹੀ ਭਲਾਈ ਨਜਰ ਆਉਂਦੀ ਹੋਵੇ।

ਪਿੰਡ ਤੇ ਡਾਕ . ਸਾਹਰੀ, ਤਹਿ .ਤੇ ਜ਼ਿਲ੍ਹਾ ਹੁਸ਼ਿਆਰਪੁਰ,


**ਮਾਨਵੀ ਰਿਸ਼ਤਿਆਂ ਨੂੰ ਮਨੋਵਿਗਿਆਨਕ ਸੰਦਰਭ ਵਿਚ ਢਾਲ ਗਲਪੀ ਬਿਰਤਾਂਤ ਸਿਰਜਣ ਵਾਲੇ ਨਾਵਲਕਾਰ ਕੁਲਦੀਪ ਸਿੰਘ ਬੇਦੀ ਦਾ ਨਾਵਲ**

**'ਕਾਸ਼'**

**ਹੁਣ ਅੰਗਰੇਜ਼ੀ ਵਿਚ**

**Her Flight to the Love Nest**

**ਜਿਸ ਨੂੰ ਡਾ. ਰਜਿੰਦਰ ਸਿੰਘ ਨੇ ਅਨੁਵਾਦ ਕੀਤਾ ਹੈ।**




## ਮੈਂ ਵੀ ਵੇਖਾਂ... / ਰੀਤੂ ਕਲਸੀ

ਅੱਜ ਮੈਂ ਵੱਲੀ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਐ। ਚਾਹ ਤਾਂ ਪਿਛਲੇ ਕਈ ਦਿਨਾਂ ਤੋਂ ਰਿਹਾ ਸਾਂ, ਪਰ ਬਣਿਆ ਅੱਜ ਦਾ। ਡਰ ਜਿਹਾ ਵੀ ਲੱਗਦੈ। ਪਤਾ ਨਹੀਂ ਕੁਝ ਆਖ ਹੀ ਨਾ ਦੇਵੇ। ਜਦੋਂ ਪਿਛਲੀ ਵਾਰ ਮਿਲਿਆ ਸਾਂ, ਤਾਂ ਮੈਂ ਓਹਦਾ ਹੱਥ ਫੜ ਲਿਆ ਸੀ, ਪਰ ਉਹਨੇ ਕੁਝ ਨਹੀਂ ਸੀ ਕਿਹਾ। ਸ਼ਰਮਾ ਜ਼ਰੂਰ ਗਈ ਸੀ, ਪਰ ਹੱਥ ਨਹੀਂ ਸੀ ਛੁਡਾਇਆ। ਮਨ 'ਤੇ ਅਜੀਬ ਜਿਹਾ ਸਰੂਰ ਛਾ ਗਿਆ ਸੀ ਉਦੋਂ। ਪਹਿਲੀ ਵਾਰ ਕਿਸੇ ਕੁੜੀ ਦਾ ਹੱਥ ਮੈਂ ਆਪਣੇ ਹੱਥੀਂ ਲਿਆ ਸੀ। ਹੁਣ ਮੈਂ ਚਾਹੁੰਨਾ, ਥੋੜ੍ਹਾ ਅੱਗੇ ਵਧਿਆ ਜਾਏ। ਏਸੇ ਲਈ ਕਿੰਨੇ ਦਿਨਾਂ ਤੋਂ ਇਕੱਲਿਆਂ ਮਿਲਣਾ ਚਾਹ ਰਿਹਾ ਸਾਂ, ਪਰ ਮੌਕਾ ਨਹੀਂ ਸੀ ਮਿਲ ਰਿਹਾ। ਹਰ ਵਾਰੀ ਕੋਈ ਨਾ ਕੋਈ ਨਾਲ ਹੁੰਦੈ। ਪਰ ਅੱਜ ਤਾਂ ਇਕੱਲਿਆਂ ਹੀ ਮਿਲਣ ਦਾ ਪ੍ਰੋਗਰਾਮ ਏ, ਹਰਦੀਪ ਦੇ ਕਮਰੇ 'ਚ। ਹਰਦੀਪ ਨੇ ਆਪੇ ਹੀ ਕਿਹੈ ਦੋਹਾਂ ਨੂੰ, ਆ ਜਾਇਓ। ਸੱਚੀ ਗੱਲ ਦੱਸਾਂ, ਇਹ ਪ੍ਰੋਗਰਾਮ ਇਕੱਲੇ ਮਿਲਣ ਦਾ ਤਾਂ ਅਚਾਨਕ ਹੀ ਬਣ ਗਿਐ। ਅਸਲ 'ਚ ਹਰਦੀਪ ਦੀ ਛੁੱਟੀ ਏ ਅੱਜ। ਉਹਨੇ ਸਾਨੂੰ ਦੋਹਾਂ ਨੂੰ ਖਾਣੇ 'ਤੇ ਬੁਲਾਇਆ ਸੀ। ਕੰਮ ਵਾਲੀ ਤੋਂ ਰੋਟੀ ਵੀ ਬਣਵਾ ਲਈ, ਪਰ ਹੁਣ ਅਚਾਨਕ ਉਸਨੂੰ ਕਿਸੇ ਕੰਮ ਫਿਰੋਜ਼ਪੁਰ ਜਾਣਾ ਪੈ ਗਿਆ। ਜਾਂਦਾ ਹੋਇਆ ਚਾਬੀ ਮੈਨੂੰ ਦੇ ਕੇ ਕਹਿ ਗਿਆ, "ਤੁਸੀਂ ਦੋਵੇਂ ਜਾ ਕੇ ਖਾਣਾ ਖਾ ਲਿਓ, ਨ੍ਹੀਂ ਤਾਂ ਖ਼ਰਾਬ ਹੋ ਜੂ। ਮੈਂ ਤਾਂ ਹੁਣ ਕੱਲ ਹੀ ਆਉਂ।" ਵੈਸੇ ਮੈਂ ਉਹਨੂੰ ਉਪਰੋਂ-ਉਪਰੋਂ ਕਿਹਾ ਸੀ— "ਰਹਿਣ ਦੇ ਯਾਰ, ਚੰਗਾ ਲੱਗਦੈ ! ਤੂੰ ਹੈ ਨ੍ਹੀਂ ਤੇ ਅਸੀਂ ਦੋਵੇਂ ਜਾਈਏ...।" ਪਰ ਅੰਦਰੋਂ ਤਾਂ ਮੈਂ ਹੀ ਜਾਣਦਾਂ ਕਿ ਮੈਂ ਕਿੰਨਾ ਖੁਸ਼ ਹੋਇਆਂ। ਮੈਂ ਤੇ ਵੱਲੀ ਦੋਵੇਂ ਇਕੱਲੇ...; ਸੋਚ ਕੇ ਹੀ ਸ਼ਰੀਰ ਵਿੱਚ ਅਜੀਬ ਜਿਹੀ ਲਹਿਰ ਦੋੜ ਗਈ।

ਹਰਦੀਪ ਦੇ ਜਾਣ ਤੋਂ ਬਾਅਦ ਮੈਂ ਵੱਲੀ ਨੂੰ ਮੋਬਾਇਲ 'ਤੇ ਦੱਸ ਦਿੱਤਾ ਕਿ ਹਰਦੀਪ ਤਾਂ ਹੈ ਨਹੀਂ, ਪਰ ਆਪਾਂ ਜਾਵਾਂਗੇ। ਉਹਨੇ ਵੀ ਨਾਂਹ ਨਹੀਂ ਕੀਤੀ। ਇਹਦਾ ਮਤਲਬ ਕਿ ਉਸਦੇ ਦਿਲ ਵਿੱਚ ਵੀ ਉਹੀ ਹੋਣੈ, ਜੋ ਮੇਰੇ ਦਿਲ ਵਿੱਚ ਐ। ਹਾਂ, ਹਾਂ ਹੋ ਸਕਦੈ। ਇਹ ਸੋਚ ਕੇ ਹੀ ਮੈਨੂੰ ਪਿਛਲੀ ਮੁਲਾਕਾਤ ਦਾ ਹੱਥ ਫੜਨਾ ਯਾਦ ਆ ਗਿਐ।

ਸਾਢੇ ਗਿਆਰਾਂ ਹੋ ਗਏ ਨੇ। ਨ੍ਹਾ ਲਵਾਂ ਪਹਿਲਾਂ...

ਨ੍ਹਾ ਕੇ ਆ ਕੇ ਮੈਨੂੰ ਪਤਾ ਨਹੀਂ ਕੀ ਹੋਇਐ। ਮੈਂ ਆਪਣੇ ਆਪ ਨੂੰ ਸ਼ੀਸ਼ੇ 'ਚ ਵੇਖਣ ਲੱਗ ਪਿਆਂ। ਤਨ 'ਤੇ ਕੋਈ ਵੀ ਕੱਪੜਾ ਨਹੀਂ। ਬਾਥਰੂਮ 'ਚੋਂ ਤੋਲੀਆ ਲਪੇਟ ਕੇ ਹੀ ਆਇਆ ਸਾਂ। ਸ਼ੀਸ਼ਾ ਵੇਖਦੇ ਨੇ ਉਹ ਵੀ ਲਾਹ ਦਿੱਤਾ। ਦਿਲ ਕੰਬ ਜਿਹਾ ਗਿਆ। ਵੱਲੀ ਨੂੰ ਸੋਚ ਕੇ ਜਿਹੜਾ ਅਕੜਾ ਸ਼ਰੀਰ 'ਚ ਆਇਆ ਸੀ, ਡਰ ਨਾਲ ਉਹ ਕਿਤੇ ਫੁਰਰ... ਹੋ ਗਿਆ ਏ। ਕਿਤੇ ਮਜ਼ਾਕ ਹੀ ਨਾ ਬਣ ਜਾਏ ਮੇਰਾ...।

ਕਾਲਜ 'ਚ ਵੀ ਤੇ ਦਫਤਰ 'ਚ ਵੀ ਮੈਂ ਕਦੇ ਕਿਸੇ ਕੁੜੀ ਕੋਲ ਨਹੀਂ ਸਾਂ ਬਹਿੰਦਾ। ਕੋਈ ਕਦੇ ਕੋਲ ਆ ਕੇ ਬੈਠ ਜਾਂਦੀ ਤਾਂ ਮੈਨੂੰ ਅਜੀਬ ਜਿਹਾ ਲੱਗਣ ਲੱਗਦਾ। ਇਸ ਬਾਰੇ ਸਾਰਿਆਂ ਨੂੰ ਹੀ ਪਤੈ। ਕਈ ਵਾਰੀ ਤਾਂ ਕੁਝ ਤੇਜ਼-ਤਰਾਰ ਕੁੜੀਆਂ ਜਾਣ ਬੁੱਝ ਕੇ ਮੇਰੇ ਕੋਲ ਬੈਠਣ ਨੂੰ ਕਰਦੀਆਂ, ਤਾਂ ਮੈਂ ਖਿੱਝ ਜਾਂਦਾ। ਉਨ੍ਹਾਂ 'ਤੇ ਕਈ ਵਾਰ ਗੁੱਸੇ ਵੀ ਹੋ ਜਾਂਦਾ। ਉਨ੍ਹਾਂ ਵਿੱਚੋਂ ਕਈ ਐਸੀਆਂ ਸਨ, ਬਸ ਕੀ ਦੱਸਾਂ? ਕੀ-ਕੀ ਆਖ ਦੇਂਦੀਆਂ ਸਨ। ਸ਼ਰਮ ਵੀ ਨਹੀਂ ਸਨ ਕਰਦੀਆਂ...। ਕੁੜੀਆਂ ਤਾਂ ਚਲੋ ਜਾਣ ਬੁੱਝ ਕੇ ਕੁਝ ਨਾ ਕੁਝ ਕਹਿ ਦਿੰਦੀਆਂ, ਨਾਲ ਦੇ ਮੁੰਡੇ ਵੀ ਕਿਹੜਾ ਘੱਟ ਸਨ। ਉਹ ਵੀ ਤਾਂ ਬਕਵਾਸ ਕਰਦੇ ਸਨ ਪਹਿਲਾਂ। ਇੱਕ ਤਾਂ ਭੈਣ ਚੋ... ਇਹੋ ਜਿਹਾ ਸੀ, ਉਹਨੇ ਇਕੋ ਈ ਗੱਲ ਫੜੀ ਹੋਈ ਸੀ ਕਿ ਹੈ ਵੀ ਤੇਰੇ ਪੱਲੇ ਕੁਝ ਕਿ ਨ੍ਹੀਂ...। ਸੁਣ ਕੇ ਮੈਨੂੰ ਬੜਾ ਵੱਟ ਚੜ੍ਹਦਾ। ਦਿਲ ਕਰਦਾ, ਵੱਟ ਕੇ ਚਪੇੜ ਮਾਰਾਂ। ਇਹ ਕੋਈ ਗੱਲ ਐ... ਤੂੰ ਵੇਖਣੈ ਜਾਂ ਲੈਣੈ...। ਦਿਲ ਤਾਂ ਕਰਦਾ ਹੁੰਦਾ ਸੀ ਕਹਿ ਦੇਵਾਂ— ਭੇਜ ਆਪਣੀ ਭੈਣ, ਦੱਸਨਾਂ ਉਹਨੂੰ ਮੇਰੇ ਕੋਲ ਹੈਗਾ ਕੁਝ ਕਿ ਨ੍ਹੀਂ... ਸਾਲ਼ੇ... ।ਪਰ ਮੈਂ ਕਹਿ ਕੁਝ ਨਾ ਪਾਉਂਦਾ। ਗੁੱਸਾ ਆਪਣੇ ਅੰਦਰੋ-ਅੰਦਰੀਂ ਹੀ

ਪੀ ਜਾਂਦਾ। ਪਤਾ ਨਹੀਂ ਕਿਸ ਗੱਲ ਦਾ ਡਰ ਸੀ ਮੈਨੂੰ। ...ਡਰ ਤਾਂ ਹੁਣ ਵੀ ਏ। ...ਕਈ ਤਾਂ ਮੈਨੂੰ ਕਹਿੰਦੇ ਸੀ, "ਕਿਤੇ ਹੱਥ ਨਾਲ ਈ ਤਾਂ ਨਹੀਂ ਸਾਰਦਾ... ਤਾਂ ਈ ਨਹੀਂ ਜਾਂਦਾ ਕਿਸੇ ਕੁੜੀ ਲਾਗੇ... ਸਾਲ਼ੇ ਹਰਾਮੀ।

ਜਿਸ ਦਿਨ ਵੱਲੀ ਨੇ ਆਫਿਸ ਜੋਇਨ ਕੀਤਾ ਸੀ, ਉਹਦੇ ਵਾਲੀ ਕੁਰਸੀ ਖ਼ਾਲੀ ਨਹੀਂ ਸੀ। ਸਿਰਫ ਮੇਰੇ ਨਾਲ ਵਾਲੀ ਕੁਰਸੀ ਹੀ ਖ਼ਾਲੀ ਸੀ। ਇਸ ਲਈ ਵੱਲੀ ਮੇਰੇ ਨਾਲ ਵਾਲੀ ਖਾਲੀ ਕੁਰਸੀ 'ਤੇ ਬਹਿ ਗਈ। ਪਤਾ ਨਹੀਂ ਮੈਨੂੰ ਪਹਿਲੀ ਵਾਰੀ ਹੀ ਉਹ ਬਾਕੀ ਕੁੜੀਆਂ ਨਾਲੋਂ ਵੱਖਰੀ ਜਿਹੀ ਲੱਗੀ ਸੀ।

ਦਫਤਰ ਜੋਇਨ ਕਰਨ ਤੋਂ ਕਈ ਮਹੀਨੇ ਬਾਅਦ ਤੱਕ ਵੀ ਉਹ ਕਿਸੇ ਨਾਲ ਫਾਲਤੂ ਨਹੀਂ ਸੀ ਖੁੱਲ੍ਹੀ। ਮੇਰੇ ਨਾਲ ਵੀ ਬੱਸ 'ਹਾਏ, ਹੈਲੋ' ਹੀ ਸੀ ਜਾਂ ਫਿਰ ਕਿਤੇ ਬਹੁਤ ਜ਼ਰੂਰੀ ਗੱਲ ਹੁੰਦੀ, ਤਾਂ ਹੀ ਬੁਲਾਉਂਦੀ। ਜਾਂ ਬੱਸ ਥੋੜ੍ਹਾ ਮੁਸਕਰਾ ਛੱਡਦੀ ਸੀ। ਕੀ ਦੱਸਾਂ, ਮੈਨੂੰ ਉਸਦੀ ਮੁਸਕਰਾਹਟ ਨੇ ਮਾਰ ਲਿਆ। ਦਿਲ ਕਰਦਾ ਸੀ ਉਸ ਨਾਲ ਗੱਲ ਕਰਨ ਨੂੰ। ਹੈਰਾਨ ਹੋ ਗਏ ਨਾ। ਹਾਂ, ਪਰ ਹੋਇਆ ਇਸੇ ਤਰ੍ਹਾਂ। ਮੇਰਾ ਵੀ ਦਿਲ ਮਚਲਣ ਲੱਗ ਪਿਆ ਸੀ। ਹਿੰਮਤ ਕਰਕੇ ਇਕ ਦਿਨ ਮੈਂ ਲੰਚ ਟਾਇਮ 'ਤੇ ਉਸਨੂੰ ਚਾਹ ਦੀ ਆਫਰ ਕਰ ਦਿੱਤੀ, ਪਰ ਉਹਨੇ ਨਾਂਹ ਕਰ ਦਿੱਤੀ। ਮੈਨੂੰ, ਸੱਚੀਂ ਦੱਸਾਂ, ਜ਼ਰਾ ਵੀ ਬੁਰਾ ਨਹੀਂ ਸੀ ਲੱਗਾ, ਬਲਿਕ ਹੋਰ ਜ਼ਿਆਦਾ ਚੰਗਾ ਲੱਗਾ। ਉਹਦੀ ਨਾਂਹ ਸੁਣਕੇ ਮੇਰਾ ਉਸ ਨੂੰ ਗਲੇ ਨਾਲ ਲਾਉਣ ਨੂੰ ਦਿਲ ਕਰਨ ਲੱਗ ਪਿਆ ਸੀ। ਆਪਣੇ ਅੰਦਰਲਾ ਡਰ ਪਤਾ ਨਹੀਂ ਕਿਥੇ ਨੱਸ ਗਿਆ ਸੀ। ਖ਼ੈਰ ਹੌਲੀ-ਹੌਲੀ ਉਹ ਵੀ ਮੇਰੇ ਨਾਲ ਖੁਲ੍ਹਣ ਲੱਗ ਪਈ ਸੀ। ਸ਼ਾਇਦ ਮੈਂ ਵੀ ਉਹਨੂੰ ਬਾਕੀਆਂ ਨਾਲੋਂ ਵੱਖਰਾ ਜਿਹਾ ਲੱਗਾ ਹੋਵਾਂ। ਉਸਦੇ ਦਿਲ ਵਿੱਚ ਵੀ ਕੁਝ ਹੁੰਦਾ ਹੀ ਹੋਵੇਗਾ, ਜਿਵੇਂ ਮੈਨੂੰ ਹੁੰਦੈ। ਉਹਦੇ ਬਾਰੇ ਸੋਚਣ ਨਾਲ ਹੀ ਮੇਰਾ ਤਾਂ ਸ਼ਰੀਰ ਵੀ ਆਕੜ ਜਾਂਦੈ। ਉਹਦੇ ਸ਼ਰੀਰ ਵਿੱਚ ਵੀ ਤਾਂ ਕੁਝ ਹੁੰਦਾ ਹੋਵੇਗਾ। ਪਰ ਕੀ ਹੁੰਦਾ ਹੋਵੇਗਾ...।

ਮੈਨੂੰ ਆਪਣੇ ਓਸ ਡਰ ਦਾ ਅੱਜ ਤਕ ਕਾਰਣ ਨਹੀਂ ਲੱਭਾ। ਅਜੀਬ ਜਿਹੀ ਸਥਿਤੀ 'ਚੋਂ ਗੁਜ਼ਰ ਰਿਹਾਂ। ਮੈਂ ਇਸ ਬਾਰੇ ਕਿਸੇ ਨਾਲ ਗੱਲ ਨਹੀਂ ਕਰਦਾ। ਦਫਤਰ 'ਚ ਮੁੰਡੇ ਆਪਸ 'ਚ ਜਿਹੋ ਜਿਹੀਆਂ ਗੱਲਾਂ ਕਰਦੇ ਨੇ, ਸੁਣ ਕੇ ਮੇਰਾ ਡਰ ਹੋਰ ਵੀ ਵਧ ਜਾਂਦੈ। ਮੇਰੇ ਕੋਲੋਂ ਤਾਂ ਗੱਲ ਵੀ ਨਹੀਂ ਕਰ ਹੁੰਦੀ। ਹਰਦੀਪ ਨੇ ਕਿੰਨੀਂ ਵਾਰ ਕਿਹੈ— "ਗੱਲਾਂ ਤਾਂ ਕਰ ਲਿਆ ਕਰ। ਉਹਨੇ ਕਿਹੜਾ ਅੱਗੋਂ ਖਾ ਲੈਣੈ... ਮਜ਼ੇ ਕਰਿਆ ਕਰ, ਮਜ਼ੇ..."

ਉਹ ਲੋਕ ਸ਼ਰੇਆਮ ਕੁੜੀਆ ਨੂੰ ਫੋਨ ਕਰਕੇ ਸੱਦ ਲੈਂਦੇ ਨੇ ਰਾਤ ਬਿਤਾਉਣ ਲਈ। ਕੱਲ੍ਹ ਹਰਦੀਪ ਆਪਣਾ ਮੋਬਾਈਲ ਹੈਂਡ ਫ੍ਰੀ ਕਰਕੇ ਇਕ ਕੁੜੀ ਦੀ ਗੱਲ ਮੈਨੂੰ ਸੁਣਾ ਰਿਹਾ ਸੀ। ਸੁਣ ਕੇ ਮੈਂ ਤਾਂ ਕੰਬ ਹੀ ਗਿਆ ਸਾਂ। ਉਹ ਅੱਗੋਂ ਕਹਿ ਰਹੀ ਸੀ, ਤੇਰਾ ਤਾਂ ਪਤਾ ਈ ਨਈ ਲੱਗਦਾ...ਕੋਈ ਹੋਰ ਲੱਭ...' । ਵੈਸੇ ਹਿੰਮਤ ਕਰਕੇ ਮੈਂ ਪੰਜ-ਛੇ ਫਿਲਮਾਂ ਜ਼ਰੂਰ ਵੇਖੀਆਂ ਸਨ। ... ਡਰ ਸਗੋਂ ਹੋਰ ਵਧ ਗਿਆ। ਫਿਲਮਾਂ ਤੋਂ ਬਾਅਦ ਮੈਂ ਇਸ ਬਾਰੇ ਕੁਛ ਕਿਤਾਬਾਂ ਵੀ ਪੜ੍ਹੀਆਂ। ਕਿਤਾਬਾਂ ਵਿੱਚ ਡਾਕਟਰਾਂ ਦੀ ਰਾਏ ਐ ਕਿ ਕੋਈ ਫਰਕ ਨਹੀਂ ਪੈਂਦਾ...। ਬਸ ਔਰਤ ਦੀ ਸੈਟੀਸਫੈਕਸ਼ਨ ਹੋਣੀ ਚਾਹੀਦੀ ਏ। ਇਸ ਦਾ ਮਤਲਬ, ਇਹ ਤਾਂ ਉਹੀ ਦੱਸ ਸਕਦੀ ਏ ਕਿ ਉਹ ਸੈਟੀਸਫਾਇਡ ਹੈ ਜਾਂ ਨਹੀਂ...।

ਕਈ ਵਾਰੀ ਤਾਂ ਮੇਰੇ ਦਿਲ 'ਚ ਆਉਂਦੈ ਕਿ ਮੈਂ ਉਹਨੂੰ ਵਿਆਹ ਲਈ ਪਰਪੋਜ਼ ਕਰ ਦਿਆਂ, ਪਰ ਫਿਰ ਡਰ ਜਾਨਾਂ। ਪਰ ਅੱਜ ਮੈਂ ਡਰ ਨੂੰ ਇਕ ਪਾਸੇ ਰੱਖ ਕੇ ਉਹਨੂੰ ਵਿਆਹ ਲਈ ਪਰਪੋਜ਼ ਕਰ ਈ ਦੇਣੈ।

ਕਿਹੜੇ ਕੱਪੜੇ ਪਾਵਾਂ। ਪਿਸਤਾ ਕਲਰ ਦੀ ਕਮੀਜ਼ ਪਾ ਲੈਨਾਂ। ਕਈ ਵਾਰ ਉਹ ਵੀ ਕਹਿ ਚੁੱਕੀ ਏ, ਫੱਬਦੀ ਏ, ਮੇਰੇ 'ਤੇ।

ਉਹ ਆਉਣ ਹੀ ਵਾਲੀ ਹੋਣੀ ਏ। ਕਿੰਨਾ ਟਾਈਮ ਹੋ ਗਿਐ। ਕੱਪੜੇ ਪਾਉਣ ਲੱਗਿਆਂ ਇਕ ਵਾਰ ਮੇਰੀ ਨਜ਼ਰ ਫਿਰ ਸ਼ੀਸ਼ੇ 'ਤੇ ਜਾ ਪਈ। ਮੈਨੂੰ ਸ਼ੀਸ਼ਾ ਪਤਾ ਨਹੀਂ ਕਿਉਂ ਮੂੰਹ ਚਿੜਾਉਂਦਾ ਲੱਗ ਰਿਹੈ। ਜਿਵੇਂ ਕਹਿ ਰਿਹਾ ਹੋਵੇ—ਵਿਆਹ...!!!

————o————



ਡੋਰ ਬੈਲ ਵੱਜ ਰਹੀ ਏ। ਵੱਲੀ ਹੀ ਹੋਣੀ ਏ। ਸਵਾ ਬਾਰਾਂ ਹੋ ਗਏ ਨੇ। ਪੱਕਾ ਵੱਲੀ ਏ। ਬਾਰਾਂ ਵਜੇ ਦਾ ਕਿਹਾ ਸੀ ਉਹਨੇ ਆਉਣ ਦਾ। ਮੈਂ ਛੇਤੀ ਨਾਲ ਕੱਪੜੇ ਪਾ ਕੇ ਦਰਵਾਜ਼ੇ ਵੱਲ ਵਧਿਆ। ਕੁੰਡੀ ਨੂੰ ਹੱਥ ਲਾਉਂਦੇ ਦਾ ਧਿਆਨ ਇਕ ਵਾਰੀ ਫਿਰ ਸ਼ੀਸ਼ੇ 'ਤੇ ਪਿਆ। ਸ਼ੀਸ਼ਾ ਹੁਣ ਮੈਨੂੰ ਬੇਜਾਨ ਵਸਤੂ ਹੀ ਲੱਗਾ। ਉਵੇਂ ਹੀ ਰੱਖਿਆ ਹੋਇਆ, ਜਿਵੇਂ ਡਰੈਸਿੰਗ ਟੇਬਲ ਨੂੰ ਰੱਖਿਆ ਹੋਇਐ। ਮੈਂ ਕੁੰਡੀ ਖੋਲ੍ਹ ਦਿੱਤੀ। ਵੱਲੀ ਮੁਸਕੁਰਾ ਰਹੀ ਏ। ਉਹ ਸੋਹਣੀ ਲੱਗ ਰਹੀ ਏ। ਵੇਖਦੇ ਹੀ ਦਿਲ ਕੀਤਾ, ਕਿ ਉਹਨੂੰ ਬਾਹਾਂ 'ਚ ਘੁੱਟ ਲਵਾਂ...।

'ਹੈਲੋ..., ਕੀ ਦੇਖ ਰਹੇ ਓ'

'ਕੁਝ ਨਹੀਂ ਅੰਦਰ ਆ ਜਾ।'

'ਕੁਝ ਨਹੀਂ ਕੀ ਮਤਲਬ, ਦੇਖ ਤਾਂ ਰਹੇ ਸੀ। ਕੀ ਗੱਲ, ਚੰਗੀ ਨਹੀਂ ਲੱਗ ਰਹੀ ਮੈਂ।'

ਉਹਦੀ ਗੱਲ ਸੁਣ ਕੇ ਮੈਨੂੰ ਆਪਣੀ ਬੇਵਸੀ 'ਤੇ ਹਾਸਾ ਆਇਆ। ਮੈਨੂੰ ਕਹਿ ਦੇਣਾ ਚਾਹੀਦਾ ਸੀ, ਮੈਂ ਤੈਨੂੰ ਹੀ ਦੇਖ ਰਿਹਾਂ। ਬਹੁਤ ਸੋਹਣੀ ਲੱਗ ਰਹੀ ਏਂ। ਦਿਲ ਹੀ ਨਹੀਂ ਕਰਦਾ ਚਿਹਰੇ ਤੋਂ ਨਜ਼ਰਾਂ ਹਟਾਉਣ ਨੂੰ। ਕਿਹਾ ਤਾਂ ਗਿਆ ਨਾ ਮੇਰੇ ਤੋਂ, ਪਰ ਹੁਣ ਉਸਨੇ ਪੁੱਛ ਲਿਆ ਸੀ, ਜਿਵੇਂ ਸ਼ਿਸ਼ਟਾਚਾਰ ਵਜੋਂ ਜਵਾਬ ਦੇ ਰਿਹਾਂ— 'ਸੋਹਣੀ ਲੱਗ ਰਹੀ ਏਂ। ਵੈਸੇ ਵੀ ਤੂੰ ਬਹੁਤ ਸੋਹਣੀ ਏਂ।'

'ਤੇ ਫੇਰ ਹੱਸੇ ਕਿਉਂ?'

ਮੈਂ ਵੀ ਨਿਰਾ ਬੇਵਕੂਫ ਹਾਂ। ਕੀ ਲੋੜ ਪਈ ਸੀ ਹੱਸਣ ਦੀ— 'ਚੱਲ ਚਲੀਏ।'

'ਮੰਮੀ ਕਿੱਥੇ ਨੇ? ਉਨ੍ਹਾਂ ਨੂੰ ਤਾਂ ਮਿਲ ਲਵਾਂ ਪਹਿਲਾਂ।'

'ਉਹ ਹੈ ਨਹੀਂ। ਨਾਲ ਦਿਆਂ ਦੇ ਗਏ ਨੇ। ਹੁਣੇ ਈ ਨਿਕਲੇ ਸੀ ਤੇਰੇ ਅੱਗੇ-ਅੱਗੇ।'

ਮੈਂ ਬਾਈਕ ਸਟਾਰਟ ਕੀਤੀ। ਉਹ ਬੜੀ ਹੌਲੀ ਜਿਹੀ ਪਿੱਛੇ ਜਿਹੇ ਹੋ ਕੇ ਬਹਿ ਗਈ। ਸਾਰੇ ਰਸਤੇ ਅਸੀਂ ਆਪਸ ਵਿੱਚ ਕੋਈ ਗੱਲ ਨਾ ਕੀਤੀ, ਜਿਵੇਂ ਪਹਿਲੀ ਵਾਰ ਮਿਲ ਰਹੇ ਹੋਈਏ। ਮੈਂ ਪੂਰੇ ਰਸਤੇ ਦੂਜਿਆਂ ਨੂੰ ਵੇਖ-ਵੇਖ ਸੋਚਦਾ ਰਿਹਾ, ਕਿਵੇਂ ਕੁੜੀਆਂ ਮੁੰਡਿਆਂ ਦੇ ਲੱਕ ਦੁਆਲੇ ਬਾਹਾਂ ਵਲੀ ਬੈਠੀਆਂ ਨੇ। ਮੈਨੂੰ ਉਨ੍ਹਾਂ ਵੱਲ ਵੇਖ ਕੇ ਆਪਣੇ 'ਤੇ ਤਰਸ ਆਉਣ ਲੱਗ ਪਿਆ। ਮੇਰੇ ਪਿੱਛੇ ਵੀ ਕੁੜੀ ਬੈਠੀ ਏ। ਮੇਰੀ ਪ੍ਰੇਮਿਕਾ ਤੇ ਉਹ ਵੀ ਏਨੀ ਦੂਰ ਜਿਹੀ ਹੋ ਕੇ। ਇੰਨੀ ਪਰ੍ਹਾਂ ਹੋ ਕੇ ਬੈਠੀ ਏ ਕਿਤੇ ਕੋਈ ਅੰਗ ਮੇਰੇ ਨਾਲ ਨਾ ਲੱਗ ਜਾਵੇ। ਕਿਤੇ ਜਾਣ ਕੇ ਤਾਂ ਨਹੀਂ ਇਸ ਤਰ੍ਹਾਂ ਬੈਠੀ। ਸੋਚਦੀ ਹੋਵੇ, ਮੈਂ ਈ ਕਹਾਂ ਕਿ ਥੋੜ੍ਹਾ ਅੱਗੇ ਹੋ ਕੇ ਬਹਿ।

ਜੇ ਕੋਈ ਟੋਇਆ ਆਇਆ ਤਾਂ ਮੈਂ ਵੀਂ ਸਾਈਡ ਤੋਂ ਨਹੀਂ ਕੱਢਣਾ। ਟੋਏ ਦੇ ਵਿੱਚੋਂ ਦੀ ਹੀ ਕੱਢਾਂਗਾ, ਜਾਣ-ਬੁੱਝ ਕੇ। ਆਪੇ ਡਿੱਗਣ ਤੋਂ ਬਚਣ ਲਈ ਮੈਨੂੰ ਫੜ੍ਹੇਗੀ। ਫਿਰ ਮੈਂ ਆਪੇ ਕਹਿ ਦਿਆਂਗਾ, "ਫੜੀ ਰੱਖ, ਛੱਡਣਾ ਕਾਹਨੂੰ।"

ਪਰ ਜਦੋਂ ਟੋਇਆ ਆਇਆ, ਮੈਂ ਬਾਈਕ ਆਰਾਮ ਨਾਲ ਸਾਈਡ ਵੱਲੋਂ ਦੀ ਕੱਢ ਲਈ। ...ਕਿਤੇ ਦਿਲ 'ਚ ਮੇਰੇ 'ਤੇ ਹੱਸ ਈ ਨਾ ਰਹੀ ਹੋਵੇ। ...ਨਹੀਂ, ਏਦਾਂ ਦੀ ਨਹੀਂ, ਚੰਗੀ ਏ।

ਹਰਦੀਪ ਦੇ ਘਰ ਮੋਹਰੇ ਮੈਂ ਬਾਈਕ ਰੋਕੀ।

"ਉਤਰੋ, ਆ ਗਿਐ ਹਰਦੀਪ ਦਾ ਘਰ।"

ਉਹ ਉਤਰ ਕੇ ਸਾਈਡ 'ਤੇ ਖੜੀ ਹੋ ਗਈ। ਮੈਂ ਬਾਈਕ ਖੜੀ ਕਰਕੇ ਪਹਿਲਾਂ ਗੇਟ ਦਾ ਤਾਲਾ ਖੋਲ੍ਹਿਆ ਤੇ ਫੇਰ ਦਰਵਾਜ਼ਾ ਖੋਲਦਾ ਹੋਇਆ ਰੁਕ ਗਿਆ। ਮੈਂ ਚਾਬੀ ਵੱਲੀ ਨੂੰ ਫੜਾ ਦਿੱਤੀ। ਚਾਬੀ ਫੜਦੀ ਨੇ ਬੜੇ ਪਿਆਰ ਨਾਲ ਮੇਰੇ ਵੱਲ ਵੇਖਿਆ, ਪਰ ਕਿਹਾ ਕੁਝ ਨਹੀਂ। ਹਰਦੀਪ ਨੇ ਦੋ ਕਮਰਿਆਂ ਦਾ ਸੈੱਟ ਕਿਰਾਏ 'ਤੇ ਲਿਆ ਹੋਇਐ। ਮਕਾਨ ਮਾਲਕ ਏਥੇ ਨਹੀਂ ਰਹਿੰਦੇ। ਇਹਨਾਂ ਦੋ ਕਮਰਿਆਂ ਨੂੰ ਛੱਡ ਕੇ ਬਾਕੀ ਦਾ ਘਰ ਬੰਦ ਪਿਐ। ਘਰ ਕਾਫੀ ਸੋਹਣਾ ਏ। ਖੁੱਲ੍ਹਾ-ਡੁੱਲ੍ਹਾ। ਵੱਲੀ ਬੜੇ ਧਿਆਨ ਨਾਲ ਦੋਨਾਂ ਕਮਰਿਆਂ ਨੂੰ ਵੇਖ ਰਹੀ ਏ। ਉਹਦੀਆਂ ਅੱਖਾਂ 'ਚ ਚਮਕ ਏ। ਬਾਥਰੂਮ ਵੀ ਖੋਲ੍ਹ ਕੇ ਵੇਖ ਰਹੀ ਏ। ਹੁਣ

ਰਸੋਈ 'ਚ ਗਈ ਏ। ਆ ਕੇ ਕਹਿਣ ਲੱਗੀ, "ਸੋਹਣਾ ਸੈੱਟ ਏ। ਅਲਮਾਰੀਆਂ ਕਿੰਨੀਆਂ ਸੋਹਣੀਆਂ ਨੇ। ਏਦਾਂ ਠੀਕ ਰਹਿੰਦੈ। ਕਮਰਾ ਖੁੱਲ੍ਹਾ ਲੱਗਦੈ। ਜੇ ਓਦਾਂ ਅਲਮਾਰੀਆਂ ਰੱਖੋ ਤਾਂ ਕਮਰੇ ਦੀ ਸੈਟਿੰਗ ਠੀਕ ਨਹੀਂ ਹੁੰਦੀ, ਹੈ ਨਾ?"

"ਹੂੰ"।

"ਵੈਸੇ ਤੁਹਾਡਾ ਘਰ ਵੀ ਸੋਹਣਾ ਏ। ਤੁਹਾਡੇ ਘਰ ਦਾ ਲਾਨ ਮੈਨੂੰ ਬੜਾ ਪਸੰਦ ਏ।"

ਇਹ ਤਾਂ ਕਮਰਿਆਂ 'ਚ ਹੀ ਮਸਤ ਹੋ ਗਈ। ਮੇਰਾ ਦਿਲ ਕਰ ਰਿਹੈ ਕਿ ਮੈਂ ਇਸਨੂੰ ਘੁੱਟ ਕੇ ਆਪਣੀਆਂ ਬਾਹਾਂ 'ਚ ਲਵਾਂ। ਉਹਦੇ ਬੁੱਲ੍ਹਾਂ ਨੂੰ ਚੁੰਮਾਂ। ਡਰ ਵੀ ਲੱਗ ਰਿਹੈ। ਕਿਤੇ ਕੁਝ ਕਹਿ ਹੀ ਨਾ ਦੇਵੇ।

ਇਹ ਕੀ? ਇਹ ਤਾਂ ਮੇਰੇ ਨੇੜੇ ਹੋਣ ਲੱਗ ਪਈ ਏ। ਹੁਣ ਕੀ ਕਰਾਂ। ਇਕ ਅਜੀਬ ਤਰ੍ਹਾਂ ਦਾ ਡਰ ਜਿਹਾ ਮੇਰੇ ਮਨ 'ਚ ਫੈਲਣ ਲੱਗ ਪਿਐ।

"ਕਿੰਨਾ ਸੋਹਣਾ ਘਰ ਏ। ਆਪਾਂ ਵੀ..." ਗੱਲ ਵਿਚੇ ਹੀ ਰੋਕ ਕੇ ਉਹ ਮੇਰੇ ਹੋਰ ਨੇੜੇ ਹੋ ਗਈ। ਇਕ ਸਰਸਰਾਹਟ ਜਿਹੀ ਮੇਰੀ ਰੀੜ ਵਿੱਚੋਂ ਦੀ ਗੁਜ਼ਰ ਗਈ। ਕੂਲਰ ਚੱਲ ਰਿਹੈ, ਮੈਨੂੰ ਲੱਗ ਰਿਹੈ, ਜਿਵੇਂ ਮੈਨੂੰ ਹੁਣੇ ਕਾਂਬਾ ਛਿੜ ਪਵੇਗਾ।

ਮੇਰਾ ਹੱਥ ਫੜ ਕੇ ਉਹਨੇ ਮੈਨੂੰ ਸੋਫੇ 'ਤੇ ਆਪਣੇ ਨਾਲ ਬਿਠਾ ਲਿਆ। ਕਿਸੇ ਕੁੜੀ ਦਾ ਆਪਣੇ ਨਾਲ ਜੁੜ ਕੇ ਬੈਠਣਾ ਮੇਰੇ ਲਈ ਬਿਲਕੁਲ ਨਵਾਂ ਜਿਹਾ ਅਨੁਭਵ ਏ। ਉਹ ਮੇਰੇ ਵੱਲ ਨੂੰ ਝੁਕੀ ਹੋਈ ਏ। ਮੇਰੇ ਸ਼ਰੀਰ ਨੂੰ ਉਹਦਾ ਭਾਰ ਮਹਿਸੂਸ ਹੋ ਰਿਹੈ। ਉਹਨੇ ਮੇਰਾ ਹੱਥ ਆਪਣੀ ਝੋਲੀ 'ਚ ਰੱਖ ਲਿਐ।

ਮੈਂ ਅਜੀਬ ਜਿਹੀ ਸਥਿਤੀ 'ਚ ਹਾਂ। ਜਦੋਂ ਮੈਂ ਸ਼ਾਇਦ ਚੌਥੀ ਜਾਂ ਪੰਜਵੀਂ ਜਮਾਤ 'ਚ ਸਾਂ ਤਾਂ ਕੁੜੀਆਂ-ਮੁੰਡੇ ਕਈ ਵਾਰ ਇਕੱਠੇ ਬਹਿ ਜਾਇਆ ਕਰਦੇ ਸਨ। ਕਈ ਵਾਰ ਇਕ ਗਲੀ ਛੱਡ ਰਹਿੰਦੀ ਅਵੰਤਿਕਾ ਮੇਰੇ ਨਾਲ ਬਹਿ ਜਾਂਦੀ ਹੁੰਦੀ ਸੀ। ਉਸ ਵੇਲੇ ਵੀ ਮੈਨੂੰ ਇਸੇ ਤਰ੍ਹਾਂ ਮਹਿਸੂਸ ਹੁੰਦਾ ਸੀ, ਜਿਵੇਂ ਹੁਣ ਹੋ ਰਿਹੈ। ਉਹ ਜਦੋਂ ਮੇਰੇ ਨਾਲ ਲੱਗਦੀ ਸੀ, ਤਾਂ ਮੇਰੇ ਸ਼ਰੀਰ ਵਿੱਚੋਂ ਦੀ ਬਿਜਲੀ ਦੀ ਇਕ ਤਰੰਗ ਜਿਹੀ ਲੰਘ ਜਾਂਦੀ ਸੀ।

ਮੇਰਾ ਹੱਥ ਫੜੇ-ਫੜੇ ਉਹ ਸ਼ੈਲਫ ਵੱਲ ਨੂੰ ਹੋਈ। ਮੇਰਾ ਹੱਥ ਉਹਦੇ ਸ਼ਰੀਰ ਨਾਲ ਛੂਹ ਗਿਐ। ਮੈਨੂੰ ਅਜੀਬ ਜਿਹਾ ਝਟਕਾ ਲੱਗੈ।

ਉਹਨੇ ਸ਼ੈਲਫ ਤੋਂ ਹਰਦੀਪ ਦੀ ਐਲਬਮ ਚੁੱਕ ਲਈ ਏ ਤੇ ਚਹਿਕ ਕੇ ਕਹਿਣ ਲੱਗ ਪਈ, "ਆਓ, ਹਰਦੀਪ ਦੀਆਂ ਫੋਟੋਆਂ ਵੇਖੀਏ। ਫੇਰ ਖਾਣਾ ਖਾਵਾਂਗੇ।" ਤੇ ਉਹ ਫਿਰ ਮੇਰੇ ਨਾਲ ਬਹਿ ਗਈ।

ਐਲਬਮ ਵਿੱਚ ਹਰਦੀਪ ਦੀਆਂ ਛੋਟੇ ਹੁੰਦੇ ਦੀਆਂ ਫੋਟੋਆਂ ਵੀ ਨੇ, ਪਰ ਉਹ ਐਲਬਮ ਦੇ ਪਹਿਲੇ ਪੰਨੇ ਜਲਦੀ-ਜਲਦੀ ਪਲਟ ਦਿੰਦੀ ਏ। ਅੱਗੇ ਮੇਰੀਆਂ ਤੇ ਹਰਦੀਪ ਦੀਆਂ ਫੋਟੋਆਂ ਸ਼ੁਰੂ ਹੋ ਗਈਆਂ ਨੇ। ਉਹ ਇਹਨਾਂ ਫੋਟੋਆਂ ਨੂੰ ਬੜੇ ਗੌਰ ਨਾਲ ਵੇਖਣ ਲੱਗੀ ਏ। ਸਾਡੇ ਕਾਲਜ ਟ੍ਰਿੱਪ ਦੀਆਂ ਫੋਟੋਆਂ ਨੇ। ਮੇਰੀਆਂ ਤੇ ਹਰਦੀਪ ਦੀਆਂ ਝਰਨੇ 'ਤੇ ਨਹਾਉਂਦਿਆਂ ਦੀਆਂ ਫੋਟੋਆਂ ਆ ਗਈਆਂ ਨੇ। ਹਰਦੀਪ ਦਾ ਸ਼ਰੀਰ ਨਰੋਆ ਏ।

'ਪੂਰਾ ਭਲਵਾਨ ਲੱਗਦੈ।" ਵੱਲੀ ਦੇ ਸ਼ਬਦ ਮੇਰੇ ਕੰਨਾਂ ਲਾਲ ਟਕਰਾਏ। ਡਰ ਦੀ ਇਕ ਹੋਰ ਲੀਕ ਮੇਰੇ ਦਿਮਾਗ਼ 'ਚ ਵੱਜੀ। ਉਹਨੇ ਸਫਾ ਪਰਤ ਦਿੱਤਾ। ਅਗਲੀ ਫੋਟੋ ਵਿੱਚ ਅਸੀਂ ਰੋਟੀ ਖਾ ਰਹੇ ਹਾਂ। ਹਰਦੀਪ ਦੀ ਥਾਲੀ ਮੂੰਹ-ਮੂੰਹ ਤੱਕ ਭਰੀ ਵੇਖ ਕੇ ਉਹ ਕਿੰਨੀ ਦੇਰ ਤੱਕ ਹੱਸਦੀ ਰਹੀ। ਮੇਰੇ ਹੱਥ ਨੂੰ ਥੋੜ੍ਹੀ ਗਰਮੀ ਮਹਿਸੂਸ ਹੋਣ ਲੱਗ ਪਈ। ਹੱਥ ਅਜੇ ਵੀ ਉਹਦੇ ਹੱਥ 'ਚ ਹੀ ਏ।

"ਮੈਨੂੰ ਲੱਗਦੈ, ਤੁਹਾਡੇ ਸਾਰਿਆਂ ਦਾ ਖਾਣਾ ਇਹ ਇਕੱਲਾ ਹੀ ਖਾ ਗਿਆ ਹੋਣੈ।"

ਮੈਂ ਕਈ ਮੈਗਜ਼ੀਨਾਂ 'ਚ ਪੜ੍ਹਿਐ, ਕੁੜੀਆਂ ਨੂੰ ਗਠੇ ਹੋਏ ਸ਼ਰੀਰ ਵਾਲੇ ਮੁੰਡੇ ਜ਼ਿਆਦਾ ਪਸੰਦ ਆਉਂਦੇ ਨੇ। ਕਸਰਤੀ ਬਦਨ...



ਉਹਨੇ ਇਕਦਮ ਐਲਬਮ ਬੰਦ ਕੀਤੀ ਤੇ ਮੇਰਾ ਹੱਥ ਛੱਡ ਕੇ ਖੜੀ ਹੋ ਗਈ। ਪੁੱਛਣ ਲੱਗੀ, "ਲਿਆਵਾਂ ਹੁਣ ਰੋਟੀ? ਕਿੰਨਾ ਟਾਈਮ ਹੋ ਗਿਐ।"

"ਚੱਲ ਛੱਡ, ਅੱਜ ਆਪਾਂ ਕਿਤੇ ਬਾਹਰ ਖਾਂਨੇ ਆਂ।"

"ਪਰ ਖਾਣਾ ਤਾਂ ਕਿੰਨਾ ਹੀ ਬਣਿਆ ਹੋਇਐ। ਖ਼ਰਾਬ ਹੋਜੇਗਾ।"

"ਸਬਜ਼ੀਆਂ ਆਪਾਂ ਫਰਿਜ 'ਚ ਰੱਖ ਦਿੰਨੇ ਆਂ। ਆਪੇ ਕੱਲ ਆ ਕੇ ਖਾ ਲਊ।"

ਕਮਰੇ ਨੂੰ ਤਾਲਾ ਲਾਉਂਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਹੱਥ ਕੰਬ ਰਹੇ ਹੋਣ।

———0———

ਅੱਜ ਨ੍ਹਾ ਕੇ ਫਿਰ ਮੈਂ ਸ਼ੀਸ਼ੇ ਮੋਹਰੇ ਖੜ੍ਹਾ ਹੋ ਗਿਆਂ। ਕੱਲ ਚੰਗਾ ਭਲਾ ਮੌਕਾ ਮਿਲਿਆ ਸੀ। ਕੀ ਸੋਚਦੀ ਹੋਵੇਗੀ ਉਹ ਮੇਰੇ ਬਾਰੇ। ਪਰ ਕੱਲ੍ਹ ਮੈਂ ਕਿਉਂ ਚਲਾ ਆਇਆ? ਬਿਨਾਂ ਕੁਝ ਕਹੇ... ਕੀ ਮੇਰੇ 'ਚ ਕੋਈ ਕਮੀ ਏ...। ਕਮੀ..., ਪਰ ਕਿਉਂ? ਕਿਸੇ ਡਾਕਟਰ ਨਾਲ ਕੰਸਲਟ ਕਰਾਂ! ਕਮੀ ਤਾਂ ਕੋਈ ਨਹੀਂ... ਵੱਲੀ ਨੂੰ ਵੇਖ ਕੇ ਸ਼ਰੀਰ 'ਚ ਪੂਰੀ ਹਲਚਲ ਤਾਂ ਹੁੰਦੀ ਏ। ਬਸ ਇਕ ਡਰ ਜਿਹੈ...

ਮਾਂ ਵੀ ਕਿੰਨੇ ਦਿਨਾਂ ਤੋਂ ਵਿਆਹ ਲਈ ਜ਼ੋਰ ਪਾ ਰਹੀ ਏ। ਮਨ ਦੇ ਡਰ ਦਾ ਕੀ ਕਰਾਂ?

ਵੱਲੀ ਨੂੰ ਪਰਪੋਜ਼ ਕਰਨਾ ਹੀ ਪੈਣਾ। ਇਹ ਨਾ ਹੋਵੇ ਕਿ ਮੇਰੇ ਤੋਂ ਪਹਿਲਾਂ ਕੋਈ ਹੋਰ ਹੀ ਲੈ ਕੇ ਉੱਡ ਜੇ।

ਬਾਈਕ ਖੜ੍ਹਨ ਦੀ ਆਵਾਜ਼ ਆਈ ਏ। ਐਨੀ ਸਵੇਰੇ ਕੌਣ ਹੋ ਸਕਦੈ। ਅੱਜ ਤਾਂ ਹੈ ਵੀ ਸੰਡੇ।

"ਆ ਯਾਰ ਹਰਦੀਪ, ਮੈਂ ਸੋਚਿਆ ਸਵੇਰੇ-ਸਵੇਰੇ ਪਤਾ ਨਹੀਂ ਕੌਣ ਐ?"

"ਕਿਉਂ? ਆ ਨਹੀਂ ਸਕਦਾ ਮੈਂ ਆਪਣੇ ਘਰ। ਆਪਣੇ ਘਰ ਆਉਣ ਲਈ ਹੁਣ ਮੈਂ ਟਾਈਮ ਵੇਖਾਂ?"

"ਨਹੀਂ ਯਾਰ ਏਦਾਂ ਦੀ ਗੱਲ ਨਈਂ।"

"ਯਾਰ, ਆਂਟੀ ਕਿੱਥੇ ਨੇ?" ਹਰਦੀਪ ਹੌਲੀ ਜਿਹੀ ਪੁੱਛਦੈ।

"ਸਤਿਸੰਗ ਸੁਣਨ ਗਏ ਏ।"

"ਕੱਲ੍ਹ ਤੁਸੀਂ ਬਿਨਾਂ ਰੋਟੀ ਖਾਧੇ ਆ ਗਏ। ਕੀ ਗੱਲ? ਤੈਨੂੰ ਐਨਾ ਵਧੀਆ ਮੌਕਾ ਦਿੱਤਾ ਸੀ! ਕੀ ਗੱਲ ਹੋਈ?"

"ਨਹੀਂ ਐਵੇਂ ਮੈਨੂੰ ਡਰ ਲੱਗਦੈ...।"

"ਕਾਹਦਾ ਡਰ? ਐਵੇਂ ਨਾ ਡਰੂੰ-ਡਰੂੰ ਕਰੀ ਜਾਇਆ ਕਰ। ਬੰਦਾ ਬਣ। ਡਰ ਕਾਹਦੈ..."

"ਬਸ ਐਵੇਂ।"

"ਐਦਾਂ ਦੇ ਮੌਕੇ ਨ੍ਹੀਂ ਛੱਡੀਦੇ ਹੁੰਦੇ...।"

"..."

"ਚੱਲ ਆਪਾਂ ਚੱਲੀਏ।"

"ਕਿਥੇ?"

"ਕਮਰੇ 'ਚ"

"ਕਿਉਂ? ਕਮਰੇ 'ਚ ਕੀ ਐ?"

"ਤੂੰ ਚੱਲ, ਦੱਸਦਾਂ ਫੇਰ। ਬੜੇ ਦਿਨਾਂ ਤੋਂ ਸੋਚਦਾਂ ਤੇਰੇ ਬਾਰੇ..ਅੱਜ ਕੱਢ ਈ ਦੇਵਾਂ ਤੇਰਾ ਡਰ...।"

..ਮੈਂ ਉਸਦੀ ਬਾਈਕ 'ਤੇ ਹੀ ਉਹਦੇ ਨਾਲ ਟੁਰ ਪਿਆ।

ਹਰਦੀਪ ਦੇ ਕਮਰੇ 'ਚ ਇਕ ਕੁੜੀ ਬੈਠੀ ਹੋਈ ਏ। ਵੇਖਣ 'ਚ ਬੜੀ ਤੇਜ਼ ਲੱਗ ਰਹੀ ਏ। ਮੈਂ ਹਰਦੀਪ ਨੂੰ ਪੁੱਛਦਾਂ, "ਕੌਣ ਐ?"

"ਤੂੰ ਅੰਬ ਖਾਣ ਨਾਲ ਮਤਲਬ ਰੱਖ। ਐਸ਼ ਕਰ ਬੱਸ।"

ਮੈਨੂੰ ਉਹਦੀ ਗੱਲ ਦੀ ਸਮਝ ਆ ਗਈ। ਮੈਂ ਉਹਨੂੰ ਕਿਹਾ, "ਇਹ ਕੀ ਗੱਲ ਹੋਈ। ਮੈਨੂੰ ਜਾਣ ਦੇ।" ਮੇਰੇ ਨਾਲ ਬਿਨਾਂ ਕਿਸੇ ਜਾਣ-ਪਛਾਣ ਦੇ ਕੁੜੀ ਨੇ ਹਰਦੀਪ ਨਾਲ ਗੱਲ ਕਰਦੇ ਹੋਏ ਮੈਨੂੰ ਟਿੱਚਰ ਲਾ ਦਿੱਤੀ—"ਕੀਹਨੂੰ ਫੜ ਲਿਆਇਐਂ?"

ਮੈਨੂੰ ਉਹਦਾ ਗੱਲ ਕਰਨ ਦਾ ਢੰਗ ਬੜਾ ਅਜੀਬ ਜਿਹਾ ਲੱਗਾ। ਉਹਦੇ ਵੇਖਣ ਤੇ ਉਹਦੇ ਬੈਠਣ ਦੇ ਤਰੀਕੇ 'ਤੇ ਵੀ ਮੈਨੂੰ ਖਿੱਝ ਜਿਹੀ ਆ ਰਹੀ ਏ।

ਪਰ ਉਹ ਮੈਨੂੰ ਬੜੀ ਬੇਸ਼ਰਮੀ ਨਾਲ ਕਹਿ ਰਹੀ ਏ—"ਆ ਕੇ ਬਹਿ ਤਾਂ ਸਹੀ ਮੇਰੇ ਕੋਲ।"

ਹਰਦੀਪ, ਜਿਹੜਾ ਹੁਣ ਤੱਕ ਮੇਰਾ ਹਾਲ ਵੇਖ ਕੇ ਮੁਸਕਰਾ ਰਿਹਾ ਸੀ, ਕੁੜੀ ਨੂੰ ਕਹਿਣ ਲੱਗਾ, " ਇਹਨੂੰ ਹੁਣ ਮੈਂ ਤੇਰੇ ਹਵਾਲੇ ਕਰਨ ਲੱਗਾਂ। ਤੂੰ ਇਹਦਾ ਡਰ ਕੱਢ ਦੇ।" ਮੁਸਕੁਰਾਉਂਦਾ ਹੋਇਆ ਹਰਦੀਪ ਬਾਹਰ ਵੱਲ ਨੂੰ ਚਲਾ ਗਿਆ।

ਕੁੜੀ ਮੈਨੂੰ ਮੁਖ਼ਾਤਿਬ ਏ—"ਕਾਹਦਾ ਡਰ ਏ..., ਆ ਜ਼ਰਾ ਏਧਰ, ਵੇਖਾਂ ਮੈਂ...।"

ਮੈਂ ਉਹਦੇ ਕੋਲ ਬਹਿ ਗਿਆ। ਉਹ ਮੇਰੇ ਨਾਲ ਗੱਲ ਕਰਨ ਲੱਗ ਪਈ। ਫਿਰ ਮੈਨੂੰ ਕੁਝ ਪਤਾ ਨਾ ਲੱਗਾ।


ਥੋੜ੍ਹੀ ਦੇਰ ਪਹਿਲਾਂ ਹੀ ਹਰਦੀਪ ਕਮਰੇ 'ਚ ਆਇਐ ਤੇ ਮੈਨੂੰ ਗਾਲ੍ਹ ਕੱਢ ਕੇ ਕਹਿ ਰਿਹੈ— "ਤੂੰ ਤਾਂ ਭੈਣ... ਛੁਪਿਆ ਰੁਸਤਮ ਏਂ।"

ਮੈਂ ਮੁਸਕੁਰਾ ਪਿਆਂ...

**ਪਤਾ-ਐਮ-8, ਇੰਪਰੂਵਮੈਂਟ ਟਰੱਸਟ ਫਲੈਟਸ, ਜੇਪੀ ਨਗਰ, ਜਲੰਧਰ। 99158-84681**

**ਚਰਚਤ ਸਾਹਿਤਕਾਰ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆਂ ਰੁੱਖ' ਦੇ ਪੰਜਾਬੀ ਵਿਚ ਪੰਜ, ਹਿੰਦੀ ਵਿਚ ਦੋ, ਅੰਗਰੇਜ਼ੀ ਵਿਚ ਦੋ ਐਡੀਸਨ ਛਪਣ ਤੋਂ ਬਾਅਦ ਹੁਣ ਸ਼ਾਹਮੁੱਖੀ ਲਿੱਪੀ ਵਿਚ ਪਹਿਲੀ ਵਾਰ।**

**ਉਹ ਜੀਵਨੀ ਜਿਸ ਨੇ ਮਾਧੋਪੁਰੀ ਦੀ ਪਛਾਣ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣਾਈ।**






## ਕੱਚੀ ਇੱਟ /ਪ੍ਰੀਤ ਨੀਤਪੁਰ

ਜਸਪਾਲ ਕੌਰ ਉਰਫ ਪਾਲੋ ਦੋ ਬੱਚਿਆਂ ਦੀ ਮਾਂ ਸੀ। ਪਰ ਸਰਸਰੀ ਨਜ਼ਰ ਵੇਖਿਆਂ, ਉਹ ਜਮਾਂ ਕੁੜੀ ਜਿਹੀ ਲੱਗਦੀ ਸੀ। ਰੱਜਕੇ ਸੁਨੱਖੀ ਤੇ ਲੋਹੜੇ ਦੀ ਜਵਾਨ। ਜਮਾਂ ਗੋਰੀ-ਨਛੋਹ। ਕੱਚ ਦੀ ਵੰਗ ਵਰਗੀ ਨਾਜ਼ੁਕ। ਮੋਰ ਦੇ ਖੰਭ ਵਰਗੀ ਕੂਲੀ। ਉਹਦੀਆਂ ਅੱਖਾਂ, ਨੱਕ, ਬੁੱਲ੍ਹ, ਤੇ ਛਾਤੀਆਂ ਬੇਹੱਦ ਅਕਾਰਸ਼ਿਤ ਸੀ। ਉਹਦੀ ਗੁੱਤ ਨੂੰ ਗੁੰਦੀ ਕਾਲੀ ਪਰਾਂਦੀ ਦਾ ਮੋਟਾ ਸਾਰਾ ਫੁੱਲ, ਉਹਦੇ ਚੁੱਕ ਲਿਆਂ 'ਤੇ ਕਲੋਲਾਂ ਕਰਦਾ ਵੇਖਕੇ, ਕਈਆਂ ਦੇ ਕਾਲਜੇ 'ਚੋਂ ਰੁੱਗ ਭਰਿਆ ਜਾਂਦਾ ਸੀ। ਉਹ ਜਣੇ ਖਣੇ ਨੂੰ ਪ੍ਰਭਾਵਿਤ ਕਰਦੀ ਸੀ। ਐਂ ਜਮਾਂ ਭਰਤ ਦੇ ਕਟੋਰੇ ਵਰਗੀ ਸੀ।

ਉਹ ਸਲੀਕੇ ਨਾਲ ਸਿਰ ਵਾਹੁੰਦੀ। ਸਲੀਕੇ ਨਾਲ ਤੁਰਦੀ। ਸਲੀਕੇ ਨਾਲ ਬੋਲਦੀ। ਸਲੀਕੇ ਨਾਲ ਹੱਸਦੀ। ਉਹਦਾ ਹਰ ਕੰਮ ਗੁਣੀਏ 'ਚ ਹੁੰਦੈ। ਉਹਦੇ ਬਾਰੇ ਮਸ਼ਹੂਰ ਸੀ ਕਿ ਪਾਲੋ ਵਰਗੀ ਸ਼ੌਕੀਨ ਤੇ ਸੁੱਥਰੀ ਰੰਨ ਪਿੰਡ 'ਚ ਹੋਰ ਕੋਈ ਨਹੀਂ। ਉਹ ਸਲੀਕੇ ਨਾਲ ਪਹਿਨ ਪੱਚਰ ਕੇ, ਐਂ ਜਮਾਂ ਪਟੋਲਾ ਬਣ ਕੇ ਰਹਿੰਦੀ ਸੀ।

ਪਾਲੋ ਲੋਹੜੇ ਦੀ ਮੋਹਖੋਰੀ, ਸੰਵੇਦਨਸ਼ੀਲ ਤੇ ਮਿੱਠ ਬੋਲੜੀ ਸੀ। ਅੜੇ ਥੁੜੇ ਕਿਸੇ ਦੀ ਮਦਦ ਕਰਨੀ ਉਹਦੀ ਫਿਤਰਤ ਸੀ। ਉਹ ਬਹੁਤ ਦਿਆਲੂ ਤੇ ਕੋਮਲਭਾਵੀ ਔਰਤ ਸੀ।

ਪਿੰਡ ਦੇ ਇਕ ਗੱਭਰੂ ਮਨਵੀਰ ਸਿੰਘ ਉਰਫ ਮਨੀ ਨਾਲ ਪਾਲੋ ਦੇ ਸਾਂਝ ਸੀ। ਔਰਤਾਂ ਪਿੱਠ ਪਿੱਛੇ ਉਹਦੇ ਬਾਰੇ ਮੂੰਹ ਜੋੜ ਜੋੜ ਗੱਲਾਂ ਕਰਦੀਆਂ। ਮੁੰਡਿਆਂ 'ਚ ਵੀ ਉਹਦੀ ਚਰਚਾ ਛਿੜਦੀ ਸੀ। ਪਰ ਉਹਦੀ ਆਂਢ ਗੁਵਾਂਢ ਪ੍ਰਤੀ ਸੁਹਿਰਦ ਪਹੁੰਚ, ਅਪਣਤ ਭਰਿਆ ਵਿਵਹਾਰ ਤੇ ਲਿਫਕੇ ਜਿਉਣ ਦਾ ਨਿਮਰਤਾ ਭਰਪੂਰ ਸਲੀਕਾ ਵੇਖਕੇ, ਕੋਈ ਬਾਬ੍ਹਰ ਕੇ ਉਹਦੇ ਵੱਲ ਉਂਗਲ ਨਹੀਂ ਸੀ ਕਰਦਾ। ਜਿਵੇਂ ਉਹਦੇ ਮੂੰਹ ਨੂੰ ਸਭ ਗੁਨਾਹ ਮੁਆਫ ਹੋਣ। ਉਹਦੀ ਮਨ ਲਭਾਉਣੀ ਸੂਰਤ ਤੇ ਸੀਰਤ, ਉਹਦੇ ਵੱਡੇ ਕੋਹਝ ਨੂੰ ਲਕੋਈ ਬੈਠੀ ਸੀ।

ਪਾਲੋ ਇਸ ਸਭ ਕਾਸੇ ਤੋਂ ਜਾਣੂ ਸੀ। ਉਹ ਫੂਕ ਫੂਕ ਕੇ ਪੈਰ ਧਰਦੀ ਸੀ। ਉਹ ਇਸ ਗੱਲੋਂ ਜਮਾਂ ਸੁਚੇਤ ਸੀ ਕਿ 'ਖਸਮ' ਦੇ ਹੁੰਦਿਆਂ ਯਾਰ ਹੰਢਾਉਣਾ, ਨੰਗੀ ਤਲਵਾਰ 'ਤੇ ਤੁਰਨ ਬਰਾਬਰ ਹੁੰਦੈ।

ਪਰ ਕਿਸੇ ਦੀ ਹੋ ਜਾਣ ਦਾ ਤੇ ਕਿਸੇ ਨੂੰ ਮੇਰਾ ਆਪਣਾ' ਕਹਿਣ ਦਾ ਅਹਿਸਾਸ, ਜਦੋਂ ਅੰਦਰ ਅੰਗੜਾਈ ਲੈਂਦਾ ਹੈ। ਤਾਂ ਪੈਰਾਂ 'ਚ ਪਏ ਛਾਲਿਆਂ ਦੀ ਕੌਣ ਪ੍ਰਵਾਹ ਕਰਦਾ ਹੈ। ਪੁੰਨੂ ਨੂੰ ਪਾਉਣ ਲਈ ਥਲਾਂ ਦੀ ਰੇਤ ਛਾਨਣੀ, ਸੱਸੀ ਦਾ ਨਸੀਬਾ।

ਪਿੰਡ ਦੇ ਹੋਰ ਗੱਭਰੂ ਵੀ ਪਾਲੋ ਦੀ ਸੁੰਦਰਤਾ ਦੇ ਕਾਇਲ ਹੋਣਗੇ। ਪਰ ਜਾਗਰ ਜਿਹੜਾ ਸ਼ਰੀਕੇ 'ਚੋਂ ਉਹਦਾ ਦਿਉਰ ਲੱਗਦਾ ਸੀ। ਉਹਦੇ ਉੱਤੋਂ ਜਾਨ ਵਾਰਦਾ ਸੀ। ਉਹਦੀਆਂ 'ਬੁੱਤੀਆਂ' ਕਰਦਾ ਸੀ। ਭਾਬੀ ਭਾਬੀ ਕਹਿੰਦੇ ਦਾ ਮੂੰਹ ਨਹੀਂ ਸੀ ਥੱਕਦਾ। ਪਰ ਉਹ ਆਪਣੇ ਦਿਲ ਦੀ ਗੱਲ ਉਹਦੇ ਨਾਲ ਸਾਂਝੀ ਕਰਨ ਦੀ ਜੁਰੱਅਤ ਨਹੀਂ ਸੀ ਕਰ ਸਕਿਆ।

ਉਹਦੇ ਲਈ ਪਾਲੋ ਨੂੰ ਪਾਉਣਾ, ਊਠ ਦੇ ਬੁੱਲ੍ਹ ਡਿੱਗਣ ਵਾਲੀ ਗੱਲ ਸੀ। ਉਹ ਬਿੱਲੀ ਵਾਂਗੂੰ ਝਾਕ ਲਾਈ ਬੈਠਾ ਸੀ। ਪਾਲੋ ਦਾ ਉਹਦੇ ਪ੍ਰਤੀ ਵਿਵਹਾਰ ਹੀ ਕੁੱਝ ਅਜਿਹਾ ਸੀ। ਕਿ ਉਹਨੂੰ ਐਂ ਲੱਗਦਾ ਸੀ ਕਿ ਬੁੱਲ੍ਹ ਡਿੱਗਿਆ ਕਿ ਡਿੱਗਿਆ।

ਪਾਲੋ ਜਾਗਰ ਨੂੰ ਨਿੱਕੇ ਨਿੱਕੇ ਮਖੌਲ ਕਰਦੀ, ਵਾਹਵਾ ਖੁੱਲ੍ਹੀਆਂ ਗੱਲਾਂ ਕਰ ਲੈਂਦੀ ਸੀ। ਉਹਦੀ 'ਵਿਚੋਲਣ' ਬਣਨ ਦਾ ਵੀ ਦਮ ਭਰਦੀ ਹੁੰਦੀ ਸੀ।

"ਵੇ ਰਾਤ ਨੂੰ ਨੀਂਦ ਆ ਜਾਂਦੀ ਆ?"

"ਭਾਬੀ ਨੀਂਦ ਕਿੱਥੇ। ਸਾਰੀ ਰਾਤ ਸਰਾਣ੍ਹਾ ਘੁੱਟੀ ਰੱਖੀਦਾ ।"

ਉਹ ਹੱਸਦੀ।

"ਜੇ ਬਾਹਲਾ ਔਖਾ ਤਾਂ ਬਣਾਂ ਵਿਚੋਲਣ?"

"ਬਣ ਜਾ ।" ਜਾਗਰ ਦੀਆਂ ਬਰਾਛਾਂ ਖਿੜ ਜਾਂਦੀਆਂ, "ਪਰ ਭਾਬੀ ਰੰਨ ਤੇਰੇ ਵਰਗੀ ਸੁਨੱਖੀ ਹੋਵੇ।"

"ਮੈਂ ਤਾਂ ਕੀ ਆ, ਮੇਰੇ ਨਾਲੋਂ ਵੀ ਵੱਧ ਹਊ।"

ਪਾਲੋ ਅੱਖਾਂ 'ਚ ਸ਼ਰਾਰਤ ਭਰਕੇ, ਕਿੰਨਾਂ ਈ ਚਿਰ, ਨਿੱਕਾ ਨਿੱਕਾ ਹੱਸਦੀ ਰਹਿੰਦੀ ਸੀ।

ਜਾਗਰ ਮਨ ਹੀ ਮਨ ਲੱਡੂ ਭੋਰਦਾ। 'ਇਹ ਤਾਂ ਆਗੀ ਸੂਤ, ਸਮਝ।"

ਪਰ ਅਜਿਹਾ ਨਹੀਂ ਹੋਇਆ। ਨਾ ਹੋਣਾ ਸੀ। ਲੱਖ ਕੋਸ਼ਿਸ਼ਾ ਦੇ ਬਾਵਜੂਦ ਜਾਗਰ ਪਾਲੋ ਨੂੰ ਛੂਹ ਤੱਕ ਨਾ ਸਕਿਆ।

ਪਾਲੋ ਤਾਂ ਸਬੂਤੀ ਦੀ ਸਬੂਤੀ ਮਨੀ ਦੀ ਹੋ ਕੇ ਰਹਿ ਗਈ ਸੀ। ਮਨੀ ਉਹਦੇ ਸਾਹਾਂ 'ਚ ਵੱਸਦਾ ਸੀ। ਉਹ ਮਨੀ ਦੇ ਸਾਹਾਂ 'ਚ ਵੱਸਦੀ ਸੀ।

ਉਹਦੇ ਰੋਮ ਰੋਮ 'ਚੋਂ ਇਕ ਧੁੰਨੀ ਗੂੰਜਦੀ ਸੀ।

"ਤੈਨੂੰ ਵੇਖਿਆ ਸਬਰ ਨਾ ਆਵੇ।

ਯਾਰਾ ਤੇਰਾ ਘੁੱਟ ਭਰਲਾਂ।'

ਪਾਲੋ ਮੁੰਡੇ ਨੂੰ ਡੀਕ ਲਾ ਕੇ ਪੀ ਜਾਣਾ ਚਾਹੁੰਦੀ ਸੀ। ਉਹ ਕਈ ਵਾਰ ਪਿਆਰ ਵਿਗੁੱਤੀ, ਵੇਗ 'ਚ ਆ ਕੇ ਕਹਿੰਦੀ।

"ਮਨੀ, ਚਿੱਤ ਕਰਦੈ, ਤੈਨੂੰ ਪਤਾਸੈ ਵਾਂਗੂੰ ਘੋਲਕੇ ਪੀ ਜਾਂ।"

"ਪੀ ਜਾ, ਮੈਂ ਸਾਰਾ ਦਾ ਸਾਰਾ ਤੇਰਾ।" ਮਨੀ ਉਹਦੇ ਉੱਤੇ ਜਾਨ ਛਿੜਕਦਾ ਸੀ।

"ਅੜਿਆ, ਕਦੇ ਕਦੇ ਮੈਂ ਸੋਚਦੀ ਆ।" ਉਹ ਮੁੰਡੇ ਨੂੰ ਬਾਹਾਂ 'ਚ ਘੁੱਟ ਕੇ ਕਹਿੰਦੀ, "ਤੂੰ ਕਿੰਨਾ ਕੁ ਚਿਰ ਮੇਰਾ ਸਾਥ ਨਿਭਾਏਂਗਾ? ਇਕ ਨਾ ਇਕ ਦਿਨ ਤਾਂ...!"

ਉਹ ਭਾਵੁਕ ਹੋ ਜਾਂਦੀ।

ਮਨੀ ਉਹਦੇ ਦੋਵੇਂ ਹੱਥ ਘੁੱਟ ਕੇ ਕਹਿੰਦਾ।

"ਤੂੰ ਐਂ ਕਾਹਤੋਂ ਸੋਚਦੀ ਆ...?"

"ਪਤਾ ਨ੍ਹੀਂ ?" ਉਹ ਅੱਖਾਂ ਭਰ ਆਉਂਦੀ।

ਮਨੀ ਉਹਦੇ ਹੰਝੂ ਪੂੰਝਦਾ। ਦਿਲਾਸਾ ਦਿੰਦਾ। ਤੇ ਉਮਰ ਭਰ ਸਾਥ ਨਿਭਾਉਣ ਦਾ ਵਾਅਦਾ ਕਰਦਾ।

ਉਹ ਮੁੰਡੇ ਦੀਆਂ ਬਾਹਾਂ 'ਚ ਪੰਘਰ ਪੰਘਰ ਜਾਂਦੀ।

ਜਾਗਰ ਨੂੰ ਇਸ ਗੱਲ ਦਾ ਐਨਾ ਦੁੱਖ ਨਹੀਂ ਸੀ, ਕਿ ਪਾਲੋ ਉਹਦੀ ਹਾਂ 'ਚ ਹਾਂ ਨਹੀਂ ਸੀ ਮਿਲਾਉਂਦੀ। ਸਗੋਂ ਇਸ ਗੱਲ ਦਾ ਬਾਹਲਾ 'ਰੰਜ' ਸੀ ਕਿ ਸਾਡੀ ਨੂੰਹ ਗੈਰ ਮੁੰਡੇ ਨਾਲ ਸਾਂਝੀ ਪਾਈ ਬੈਠੀ ਹੈ।

ਉਹ ਫੱਟੜ ਸੱਪ ਵਾਂਗੂੰ ਵਿੱਚੇ ਵਿੱਚ ਵਿਹੁ ਘੋਲਦਾ ਰਹਿੰਦਾ ਸੀ। ਉਹ ਉਨ੍ਹਾਂ ਨੂੰ 'ਰੰਗੇ ਹੱਥੀਂ' ਫੜਨ ਲਈ 'ਬੈਰ' ਲਾਈ ਰੱਖਦਾ ਸੀ। ਹਰ ਵੇਲੇ ਤਾੜ 'ਚ ਰਹਿੰਦਾ ਸੀ। ਪਾਲੋ ਤੇ ਮਨੀ 'ਤੇ ਕਾਂ ਅੱਖ ਰੱਖਦਾ ਸੀ। ਪਾਲੋ ਤੇ ਮਨੀ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਸੀ। ਚੁਕੰਨੇ ਸੀ। ਕੈਦੋ ਸੈਦਾ ਤੇ ਚੂਚਕ ਜਿੰਨੀਆਂ ਮਰਜੀ ਲੱਤਾਂ ਅੜਾਈ ਜਾਣ। ਬੰਦਸ਼ਾ ਲਾਈ ਜਾਣ। ਪਰ ਪਿਆਰ ਕਰਨ ਵਾਲਿਆਂ ਨੂੰ ਕੁਦਰਤ ਦੀ ਸਰਪ੍ਰਸਤੀ ਹਾਸਿਲ ਹੁੰਦੀ ਹੈ। ਸਮਾਜ ਦੇ ਲੱਖ ਪਹਿਰਿਆਂ ਦੇ ਬਾਵਜੂਦ, ਪਾਲੋ ਤੇ ਮਨੀ ਅਕਸਰ ਮਿਲਦੇ ਰਹਿੰਦੇ। ਤ੍ਰਿਪਤੀ ਲਈ ਉਹ ਇਕ ਦੂਜੇ ਨੂੰ ਜਨੂੰਨ ਦੀ ਹੱਦ ਤੱਕ ਚਾਹੁੰਦੇ ਸੀ। ਉਹ ਬਣੇ ਹੀ ਇਕ ਦੂਜੇ ਲਈ ਸੀ।

ਜਿੱਥੇ ਪਾਲੋ ਦੀ ਸੁੰਦਰਤਾ ਤੇ ਉਹਦੇ ਹਰ ਕਿਸੇ ਨੂੰ ਮੋਹ ਲੈਣ ਵਾਲੇ ਸਲੀਕੇ ਦੀ ਘਰ ਘਰ ਚਰਚਾ ਹੁੰਦੀ ਸੀ। ਉੱਥੇ ਮਨੀ ਦੀ ਵੀ ਪਿੰਡ ਦੇ ਸੁਨੱਖੇ ਗੱਭਰੂਆਂ 'ਚ ਗਿਣਤੀ ਹੁੰਦੀ ਸੀ।

ਮਨੀ ਇਕਹਿਰੇ ਪਿੰਡੇ ਦਾ, ਗੋਰਾ ਨਿਛੋਹ। ਸਾਦੇ ਤੇ ਸਾਫ ਸੁਥਰੇ ਪਹਿਰਾਵੇ ਵਾਲਾ, ਮਿੱਠ ਬੋਲੜਾ ਤੇ ਮਿਲਣਸਾਰ ਗੱਭਰੂ ਸੀ। ਉਹਦੀ ਸਖ਼ਸ਼ੀਅਤ ਦਾ ਇਕ ਉੱਘੜਵਾਂ ਪੱਖ ਇਹ ਸੀ ਕਿ ਉਹ ਸਾਹਿਤ ਰੁਚੀਆਂ ਦਾ ਮਾਲਕ ਸੀ। ਉਹਨੂੰ ਸਾਹਿਤਕ ਕਿਤਾਬਾਂ ਪੜ੍ਹਨ ਦੀ ਚੇਟਕ ਸੀ। ਉਹਦੇ ਗੀਤ, ਕਵਿਤਾਵਾਂ ਅਕਸਰ ਅਖਬਾਰਾਂ, ਮੈਗਜ਼ੀਨਾ ਵਿਚ ਛਪਦੇ ਰਹਿੰਦੇ ਸਨ। ਉਹਨੇ ਪਾਲੋ ਦੀ ਖ਼ੂਬਸੂਰਤੀ ਦੀ ਪ੍ਰਸੰਸਾ ਵਿਚ ਢੇਰ ਸਾਰੇ ਗੀਤ ਲਿਖੇ। ਜੋ ਵੱਖ ਵੱਖ ਮੈਗਜ਼ੀਨਾਂ ਵਿਚ ਛਪੇ। ਉਹ ਪਾਲੋ ਨੂੰ ਉਚੇਚਾ ਪੜ੍ਹਾਉਂਦਾ। ਪਾਲੋ ਚਾਅ ਨਾਲ ਪੜ੍ਹਦੀ।



'ਤੇਰੇ ਵਰਗੇ ਨਾ ਹੋਰ ਕਿਸੇ ਦੇ, ਅੱਖਾਂ, ਨੱਕ ਤੇ ਬੁੱਲ੍ਹ ਕੁੜੇ।

ਲੱਖ ਹੋਣਗੀਆਂ ਸੋਹਣੀਆਂ ਸੱਸੀਆਂ, ਤੇਰੇ ਨਾ ਕੋਈ ਤੁੱਲ ਕੁੜੇ।'

ਅਜਿਹੇ ਗੀਤ ਪੜ੍ਹਕੇ ਪਾਲੋ ਬਾਗੋ ਬਾਗ਼ ਹੋ ਜਾਂਦੀ ਸੀ। ਉਹਦਾ ਰੋਮ ਰੋਮ ਖਿੜ ਜਾਂਦਾ ਸੀ। ਉਹ ਗੁਲਾਬ ਦੇ ਸੂਹੇ ਫੁੱਲ ਵਾਂਗੂੰ ਮਹਿਕ ਮਹਿਕ ਹੋ ਜਾਂਦੀ ਸੀ। ਉਹ ਬਿਨਾਂ ਖੰਭਾਂ ਤੋਂ ਉੱਡਦੀ ਫਿਰਦੀ ਸੀ।

ਆਪਣੇ 'ਹਾਣੀ' ਦੇ ਮੂੰਹੋਂ ਆਪਣੇ ਹੁਸਨ ਦੀ ਪ੍ਰਸੰਸਾ ਸੁਣਕੇ, ਔਰਤ ਨੂੰ ਜਿਹੜੀ ਖੁਸ਼ੀ ਮਿਲਦੀ ਹੈ। ਉਹਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਔਖਾ। ਔਰਤ ਹਮੇਸ਼ਾ ਆਪਣਾ 'ਅਕਸ' ਆਪਣੇ ਮਰਦ ਦੀਆਂ ਅੱਖਾਂ ਵਿਚ ਵੇਖਦੀ ਹੈ, ਸ਼ੀਸ਼ੇ 'ਤੇ ਉਹ ਵਿਸ਼ਵਾਸ਼ ਨਹੀਂ ਕਰਦੀ, ਤੇ ਔਰਤ ਨੂੰ ਆਪਣੇ 'ਜਾਲ' ਵਿਚ ਫਸਾਉਣ ਦਾ, ਆਪਣੇ 'ਵੱਸ' ਵਿਚ ਰੱਖਣ ਦਾ, ਮਰਦ ਕੋਲ ਸਭ ਤੋਂ ਵੱਧ ਕਾਰਗਰ ਹਥਿਆਰ ਹੈ, ਉਹਦੇ ਹੁਸਨ ਦੀ ਤਰੀਫ ਕਰਨੀ। ਮਨੀ ਕੋਲ ਇਹ ਮਨੀ ਹੈ ਸੀ। ਉਹ ਸ਼ਾਇਰ ਸੀ। ਸ਼ਬਦਾਂ ਦਾ ਜਾਦੂਗਰ।

ਮਨੀ ਲਈ ਪਾਲੋ ਵੀ ਇਕ 'ਮਨੀ' ਹੀ ਸੀ। ਸੱਪ ਦੀ ਮਨੀ। ਸਰਦਾਰਾਂ ਦੀ ਨੂੰਹ ਨਾਲ ਇਸਕ ਕਰਨਾ, ਸੱਪ ਦੀ ਸਿਰੀ ਨੂੰ ਹੱਥ ਪਾਉਣ ਬਰਾਬਰ ਈ ਤਾਂ ਸੀ।

ਪਾਲੋ ਗਾਹੇ ਬਗਾਹੇ ਮੁੰਡੇ ਨੂੰ ਜੇਬ ਖਰਚ ਵੀ ਦਿੰਦੀ ਹੁੰਦੀ ਸੀ। ਉਹਨੂੰ ਹਮੇਸ਼ਾ ਇਹੋ ਧੁੜਕੂ ਲੱਗਾ ਰਹਿੰਦਾ ਸੀ ਕਿ ਮੁੰਡਾ ਕਿਸੇ 'ਕਵਾਰੀ ਕੁੜੀ' ਦੇ ਜਾਲ ਵਿਚ ਨਾ ਫਸ ਜਾਵੇ। ਉਹ ਕਿਸੇ ਵੀ ਕੀਮਤ 'ਤੇ ਮਨੀ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦੀ। ਉਹ ਮੁੰਡੇ ਨੂੰ ਖੁਸ਼ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਦੀ ਸੀ। ਉਹ ਸਬੂਤੀ ਦੀ ਸਬੂਤੀ ਉਹਨੂੰ ਸਮਰਪਿਤ ਸੀ।

ਪਾਲੋ ਦਿਲ ਦੀਆਂ ਗਹਿਰਾਈਆਂ 'ਚੋਂ ਮੁੰਡੇ ਨੂੰ ਚਾਹੁੰਦੀ ਸੀ। ਪਿਆਰ ਕਰਦੀ ਸੀ। ਮਨ ਚਾਹਿਆ ਹਾਣੀ ਪਾ ਕੇ ਉਹ ਪੂਰੀ ਬਾਗੋ ਬਾਗ਼ ਸੀ। ਰੂਹ ਦੇ ਹਾਣੀ ਨਾਲ ਸੇਜ਼ ਹੰਢਾ ਕੇ ਉਹ ਧੁਰ ਅੰਦਰ ਤੱਕ ਤ੍ਰਿਪਤ ਹੋ ਜਾਂਦੀ ਸੀ। ਉਹਦੇ ਚਿਹਰੇ 'ਤੇ ਨੂਰ ਤੇ ਅੱਖਾਂ 'ਚ ਮਸਤੀ ਛਲਕਦੀ ਰਹਿੰਦੀ ਸੀ।

ਬੇਸ਼ਕ ਪਾਲੋ ਸ਼ਾਦੀ ਸ਼ੁਦਾ ਤੇ ਦੋ ਬੱਚਿਆਂ ਦੀ ਮਾਂ ਸੀ। ਪਰ ਮੁੱਛ ਫੁੱਟ ਗੱਭਰੂ ਨਾਲ ਆੜੀ ਪਾ ਕੇ ਉਹਨੂੰ ਪਹਿਲੀ ਵਾਰ ਇਸ ਗੱਲ ਦਾ ਸਿੱਦਤ ਨਾਲ ਅਹਿਸਾਸ ਹੋਇਆ ਸੀ ਕਿ ਜਵਾਨੀ ਦਾ ਲੁਤਫ ਕੀ ਹੁੰਦੈ। ਰੂਹ ਦੀ ਤ੍ਰਿਪਤੀ ਕੀ ਹੁੰਦੀ ਹੈ।

ਮਨੀ ਵੀ ਪਾਲੋ ਦੇ ਇਸ਼ਕ ਵਿਚ ਖੀਵਾ ਹੋਇਆ ਰਹਿੰਦਾ ਸੀ। ਪੂਰੇ ਪਿੰਡ 'ਚੋਂ ਸਿਰ ਕੱਢਵੀ ਸੁਨੱਖੀ ਤੀਵੀ ਨਾਲ ਸਾਂਝ ਪਾ ਕੇ, ਉਹ ਇਕ ਅਨੋਖੇ ਜਿਹੇ ਨਸ਼ੇ 'ਚ ਸਰੂਰਿਆ ਰਹਿੰਦਾ ਸੀ। ਬਿਨਾਂ ਖੰਭਾਂ ਤੋਂ ਉੱਡਿਆ ਫਿਰਦਾ ਸੀ। ਉਹਦੇ ਪੈਰ ਧਰਤੀ 'ਤੇ ਨਹੀਂ ਸੀ ਲੱਗਦੇ।

ਮਨੀ ਹੁਣ ਪਿੰਡ ਦੇ ਮੁੰਡਿਆਂ 'ਚ ਬਹਿਣਾ ਉੱਠਣਾ ਪਸੰਦ ਨਹੀਂ ਸੀ ਕਰਦਾ। ਸਗੋਂ ਅਲੱਗ ਥਲੱਗ ਤੇ ਚੁੱਪ ਚਾਪ ਜਿਹਾ ਰਹਿੰਦਾ ਸੀ। ਉਹ ਦਿਨੋ ਦਿਨ ਗਹਿਰ ਗੰਭੀਰ ਤੇ ਸੰਜੀਦਾ ਜਿਹਾ ਹੁੰਦਾ ਜਾਂਦਾ ਸੀ।

ਜਦੋਂ ਕਿਸੇ ਨਾਲ ਤੁਹਾਡਾ ਪਿਆਰ ਹੋ ਜਾਂਦਾ ਹੈ। ਤਾਂ ਤੁਹਾਡੇ ਸੁਭਾ, ਵਿਚਾਰਾਂ ਤੇ ਸੋਚਾਂ 'ਚ ਬੇਹੱਦ ਸਹਿਜ ਤੇ ਖੂਬਸੂਰਤ ਹੋ ਜਾਂਦੀ ਹੈ।

ਮਨੀ ਦੀ ਸੰਜੀਦਗੀ ਤੇ ਫਲਸਫਾਨਾ ਸਖ਼ਸ਼ੀਅਤ ਦੀਆਂ ਪਿੰਡ ਦੀਆਂ ਹੋਰ ਕੁੜੀਆਂ ਵੀ ਕਾਇਲ ਸੀ, ਪਰ ਉਸ ਕਿਸੇ ਕੰਨੀਂ ਅੱਖ ਭਰਕੇ ਵੀ ਨਹੀਂ ਸੀ ਵੇਖਦਾ। ਉੱਡਦੀਆਂ ਤਿੱਤਲੀਆਂ ਮਗਰ ਭੱਜਣਾ ਉਹਦੀ ਫਿਤਰਤ ਨਹੀਂ ਸੀ। ਉਹ ਬਸ ਪਿੰਜਰੇ ਦੀ ਬੁੱਲ ਬੁੱਲ ਨੂੰ ਤਲੀਆਂ 'ਤੇ ਚੋਗ ਚਗਾਉਣ ਦਾ ਸੌਖੀ ਸੀ। ਆਦੀ ਸੀ। ਆਥਣੇ ਖੂਹ ਤੋਂ ਪਾਣੀ ਭਰਦੀਆਂ ਕੁੜੀਆਂ ਨੂੰ, ਬਿਨਾਂ ਕਿਸੇ ਮੰਦ ਭਾਵਨਾ ਦੇ, ਵੇਖਣਾ, ਤਾੜਨਾ ਤੇ ਨਿਹਾਰਨਾ ਉਹਦੀ ਕਮਜ਼ੋਰੀ ਸੀ। ਦਰਅਸਲ, ਉਹ ਪਾਣੀ ਭਰਦੀਆਂ ਕੁੜੀਆਂ ਤੇ ਝੁੰਡ 'ਚੋਂ ਆਪਣੀਆਂ ਕਹਾਣੀਆਂ ਦੇ ਪਾਤਰ ਤਲਾਸ਼ਦਾ ਰਹਿੰਦਾ ਹੁੰਦਾ ਸੀ।

ਨੀ ਇਹ ਤਾਂ ਹੁਣ ਉਸੇ ਦਾ ਹੋ ਕੇ ਰਹਿ ਗਿਆ।" ਕੋਈ ਕੁੜੀ ਮਨੀ ਨੂੰ ਸੁਣਾ ਕੇ ਕਹਿੰਦੀ।

"ਨੀ ਕਿਹਦਾ...।" ਕੋਈ ਹੋਰ ਬੋਲਦੀ।

'ਗੁਰਮੁੱਖ ਆਲੀ ਦਾ...।" ਕੋਈ ਦੰਦਾਂ ਥੱਲੇ ਜੀਭ ਲੈ ਕੇ ਕਹਿੰਦੀ।

ਸਾਰੀਆਂ ਕੁੜੀਆਂ ਖਿੜਖਿੜਾ ਕੇ ਹੱਸ ਪੈਂਦੀਆਂ।

ਪਾਲੋ ਦੇ ਘਰਵਾਲੇ ਦਾ ਨਾਂਅ ਗੁਰਮੁੱਖ ਸਿੰਘ ਸੀ।

"ਚੰਗਾ ਸਗੋਂ ਨਾ ਚੋਰ ਲੱਗੇ, ਨਾ ਕੁੱਤੀ ਭੌਂਕੇ। ਕੁੜੀਆਂ ਨੂੰ ਪਤਾ ਸੀ ਕਿ ਪਾਲੋ ਨੇ ਨਸਬੰਦੀ ਕਰਵਾਈ ਹੋਈ ਹੈ।

ਕੁੜੀਆਂ ਦੇ ਮੂੰਹੋਂ ਅਜਿਹੀਆਂ ਬੇਬਾਕ ਟਿੱਪਣੀਆਂ ਸੁਣਕੇ, ਮਨੀ ਮੰਦ ਮੰਦ ਮੁਸਕਰਾਉਂਦਾ ਹੋਇਆ, ਨੀਵੀਂ ਪਾਈ ਅੱਗੇ ਲੰਘ ਜਾਂਦਾ ਸੀ।

ਪਾਲੋ ਤੇ ਮਨੀ ਦੇ ਪਿਆਰ, ਇਸ਼ਕ ਦੀ ਹੱਟੀ ਭੱਠੀ ਚਰਚਾ ਹੁੰਦੀ ਸੀ।

"ਬਈ ਹੋਰ ਗੱਲਾਂ ਦੀਆਂ ਗੱਲਾਂ, ਮੁੰਡੇ ਨੇ ਐਂ ਜਮਾਂ ਟੀਸੀ ਦਾ ਬੇਰ ਤੋੜਿਆ।" ਜੈਲਾ ਅਮਲੀ ਤਲੀ ਤੇ ਜਰਦਾ ਮਲਦਾ ਹੋਇਆ ਬੋਲਿਆ, ਸਾਲੀ ਰੰਨ ਆ ਕਿਤੇ, ਐਂ ਜਮਾਂ ਧੂੰਨੀ ਵਾਲੇ ਛੰਨੇ ਵਰਗੀ ਆ।"

"ਮੁੰਡਾ ਕਿਹੜਾ ਮਾੜੈ।" ਟਾਂਗੇ ਵਾਲਾ ਘੁੱਕਰ ਬੋਲਿਆ, "ਜਿਵੇਂ ਮਰਦ ਹਰ ਸੋਹਣੀ ਤੀਮੀਂ ਨੂੰ ਭੋਗਣਾ ਚਾਹੁੰਦੈ। ਉਵੇਂ ਔਰਤ ਹਰ ਸੁਨੱਖੇ ਗੱਭਰੂ ਪ੍ਰਤੀ ਅਕਾਰਸ਼ਿਤ ਹੁੰਦੀ ਆ। ਕਈ ਤੀਮੀਆਂ ਤਾਂ ਕੋਲੋਂ ਪੈਸੇ ਵੀ ਦਿੰਦੀਆਂ।" ਟਾਂਗੇ ਵਾਲਾ ਘੁੱਕਰ ਆਪਣਾ ਹੀ ਗਿਆਨ ਘੋਟੀ ਜਾਂਦਾ ਸੀ।

"ਮੈਂ ਤੈਨੂੰ ਦੱਸਾਂ, ਗਿਆਨੀ ਗੁਰਮੁੱਖ ਸਿੰਘ 'ਚ ਤਾਂ ਜਮਾਂ ਈ ਤੰਤ ਹੈ ਨ੍ਹੀਂ। ਇਹ ਨਿਰੀ ਅੱਗ ਆ।" ਜੈਲਾ ਅਮਲੀ ਰਗਾਂ 'ਚ ਬੋਲਦੈ, "ਫਿਰ ਭਾਈ, ਅੱਗ ਬਝਾਉਣ ਵਾਲਾ ਵੀ ਕੋਈ ਚਾਹੀਦੈ। ਨਾਲੇ ਗਿਆਨੀ ਦੇ ਤਾਂ ਐਡਾ ਐਡਾ ਦਾੜ੍ਹਾ, ਇਹ ਤਾਂ ਊਈਂ ਘੌਲ ਜਿਹੀ ਮੰਨਦੀ ਹਊ।"

"ਊਂ ਯਾਰ ਜ਼ਮਾਂ ਭੋਲੀ ਤੇ ਮਾਸੂਮ। ਮੂੰਹ 'ਚ ਜਿਵੇਂ ਜ਼ਬਾਨ ਨ੍ਹੀਂ ਹੁੰਦੀ। ਜਮਾਂ ਘੱਟ ਬੋਲਦੀ ਆ। ਜਦੋਂ ਬੋਲਦੀ ਆ ਜਾਣੀ ਮਿਸ਼ਰੀ ਘੋਲਦੀ ਆ।" ਮਾਸਟਰ ਬਲਵੰਤ ਉਹਦੀ ਜੀਵਨ ਸ਼ੈਲੀ ਤੋਂ ਪ੍ਰਭਾਵਿਤ ਸੀ।

"ਸਿਰ ਢੱਕ ਕੇ ਰੱਖਦੀ ਆ। ਨੀਵੀਂ ਪਾ ਕੇ ਤੁਰਦੀ ਆ। ਐਂ ਕੋਈ ਵੇਖਣ ਵਾਲਾ ਕਹਿ ਨਹੀਂ ਸਕਦਾ। ਬਈ ਇਹ ਇਹੋ ਜਿਹੀ ਹਉ।" ਮਾਸਟਰ ਬਲਵੰਤ ਉਹਦੇ ਬਹੁਰੰਗੇ ਕਰਦਾਰ 'ਤੇ ਹੈਰਾਨ ਸੀ।

"ਮੈਂ ਤੈਨੂੰ ਦੱਸਾਂ।" ਜੈਲਾ ਅਮਲੀ ਇਕ ਪਾਸੇ ਨੂੰ ਥੁੱਕ ਦੀ ਪਿਚਕਾਰੀ ਜਿਹੀ ਮਾਰਦਾ ਹੈ, "ਜਿਹੜੀ ਤੀਮੀਂ ਦੇ ਕਿਸੇ ਨਾਲ ਸਬੰਧ ਹੋਣਗੇ। ਉਹ ਜਾਂ ਤਾਂ ਜਮਾਂ ਲਿਫਕੇ ਦਿਨ ਕੱਟੂਗੀ। ਤੇ ਜਾਂ ਫਿਰ ਭੂਤਰੀ ਢਾਂਡੀ ਵਾਂਗੂੰ ਬਾਹਲੀ ਮਾਰਖੋਰੀ ਹਉਗੀ। ਆਪਣੀ ਚੋਰੀ ਤੇ ਪਰਦਾ ਪਾਉਣ ਦਾ ਇਹ ਵੀ ਇਕ ਢੰਗ ਹੁੰਦੈ।" ਜੈਲੇ ਅਮਲੀ ਦਾ ਇਹ ਆਪਣਾ ਹੀ ਤਰਕ ਸੀ।

ਗੁਰਮੁੱਖ ਸਿੰਘ ਸਾਊ ਤੇ ਸਰੀਫ਼ ਬੰਦਾ। ਧਾਰਮਿਕ ਬਿਰਤੀ ਵਾਲਾ। ਅੰਮ੍ਰਿਤਧਾਰੀ ਸਿੰਘ। ਜਦੋਂ ਦਾ ਉਹ ਭਰਾਵਾਂ ਨਾਲੋਂ ਅੱਡ ਹੋਇਆ ਸੀ। ਉਦੋਂ ਤੋਂ ਹੀ ਉਹਨੇ ਖੇਤੀ ਕਰਨੀ ਛੱਡ ਦਿੱਤੀ ਸੀ। ਆਪਣੇ ਹਿੱਸੇ ਦੀ ਜ਼ਮੀਨ ਉਹਨੇ ਭਰਾਵਾਂ ਨੂੰ ਠੇਕੇ 'ਤੇ ਦਿੱਤੀ ਹੋਈ ਸੀ। ਸਿਰਫ ਇਕ ਖੇਤ ਪੱਠੇ ਦੱਥੇ ਬੀਜਣ ਲਈ ਰੱਖਿਆ ਹੋਇਆ ਸੀ।

ਗੁਰਮੁੱਖ ਸਿੰਘ ਹਮੇਸ਼ਾ ਦੋ ਤਿੰਨ ਚੰਗੀ ਨਸਲ ਦੀਆਂ ਮੱਝਾਂ ਰੱਖਦਾ ਸੀ। ਡੇਅਰੀ ਦੁੱਧ ਪਾਉਂਦਾ ਸੀ। ਗਾਹੇ ਬਗਾਹੇ ਮੱਝਾਂ ਦਾ ਵਪਾਰ ਵੀ ਕਰਦਾ ਸੀ। ਉਹ ਚੰਗੀਆਂ ਤੇ ਸੁਨੱਖੀਆਂ ਮੱਝਾਂ ਦਾ ਸ਼ੌਕੀਨ ਸੀ। ਮੱਝਾਂ ਦੀ ਉਹਨੂੰ ਵਾਹਵਾ ਪਰਖ ਸੀ।

ਉਹ ਇਕ ਚੰਗਾ ਤੇ ਸੁਲਝਿਆ ਹੋਇਆ ਪਾਠੀ ਸੀ। ਵਧੀਆ ਬੁਲਾਰਾ ਸੀ। ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਉਹਨੂੰ ਖ਼ੂਬ ਜਾਣਕਾਰੀ ਸੀ। ਉਹ ਪਿੰਡ ਦੇ ਗੁਰਦੁਵਾਰੇ ਵਿਚ ਬਿਨਾਂ ਕਿਸੇ ਸੇਵਾਫ਼ਲ ਤੋਂ ਮੁੱਖ ਸੇਵਾਦਾਰ ਪਾਠੀ ਦੀ ਡਿਊਟੀ ਨਿਭਾਅ ਰਿਹਾ ਸੀ।

ਇਸ ਤੋਂ ਪਹਿਲਾਂ ਵਾਲਾ ਪਾਠੀ ਜਿਹੜਾ ਤਨਖਾਹਦਾਰ ਹੁੰਦਾ ਸੀ। ਪਿੰਡ ਦੀ ਇਕ ਬੀਬੀ ਨਾਲ ਫੜਿਆ ਗਿਆ ਸੀ। ਰੰਗੇ ਹੱਥੀ ਫੜਿਆ ਗਿਆ ਸੀ। ਉਹਦੀ ਇਸ ਘਿਨਾਉਣੀ ਕਰਤੂਤ ਕਰਕੇ, ਸਥਾਨਕ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੇ ਉਹਨੂੰ ਕੱਢ ਦਿੱਤਾ ਸੀ।

ਗੁਰਮੁੱਖ ਸਿੰਘ ਪਿੰਡ ਦੇ ਗੁਰਦੁਵਾਰੇ ਵਿਚ ਸੇਵਾ ਸੰਭਾਲ ਕਰਨ ਦੇ ਨਾਲ ਨਾਲ ਹੋਰਾਂ ਪਿੰਡਾਂ ਵਿਚ ਵੀ ਸਹਿਜ ਪਾਠ, ਅਖੰਡ ਪਾਠ ਤੇ ਅਨੰਦ ਕਾਰਜ਼ ਕਰਨ ਜਾਂਦਾ ਹੁੰਦਾ ਸੀ। ਪਿੰਡ ਦਾ ਕੋਈ ਵੀ ਧਾਰਮਿਕ ਪ੍ਰੋਗਰਾਮ ਉਹਦੀ ਹਾਜ਼ਰੀ ਬਿਨਾਂ ਸੰਪੂਰਨ ਨਹੀਂ ਸੀ ਹੁੰਦਾ। ਅਖੇ, ਨਾਲੇ ਪੁੰਨ। ਨਾਲੇ ਫ਼ਲੀਆਂ। ਗੁਰਮੁੱਖ



ਸਿੰਘ ਨੂੰ ਜਿੱਥੇ ਇਸ ਕੰਮ 'ਚੋਂ ਚੌਖੀ ਅਮਦਨ ਹੁੰਦੀ ਸੀ। ਉਥੇ ਉਹਦਾ ਲੋਕ ਮਾਣ ਇੱਜ਼ਤ ਵੀ ਬਹੁਤ ਕਰਦੇ ਸੀ। ਹਰ ਛੋਟਾ ਵੱਡਾ ਉਹਨੂੰ ਗਿਆਨੀ ਜੀ ਕਹਿ ਕੇ ਬਲਾਉਂਦਾ ਹੁੰਦਾ ਸੀ।

ਗਿਆਨੀ ਗੁਰਮੁੱਖ ਸਿੰਘ ਦੀ ਗੈਰਹਾਜ਼ਰੀ ਵਿਚ ਪਾਲੋ ਤੇ ਮਨੀ ਖ਼ੂਬ ਮੌਜਾਂ ਕਰਦੇ ਹੁੰਦੇ ਸੀ। ਇਕ ਕਮਰੇ 'ਚ ਜੁਵਾਕ ਘੂਕ ਸੁੱਤੇ ਰਹਿੰਦੇ ਸੀ। ਤੇ ਦੂਜੇ ਕਮਰੇ 'ਚ ਉਹ ਦੋਵੇਂ ਸਾਰੀ ਸਾਰੀ ਰਾਤ ਜਾਗਦੇ ਰਹਿੰਦੇ ਸੀ। ਜਿਵੇਂ ਮਸਾਂ ਕਿਤੇ ਮਿਲਣ ਦੀ ਰਾਤ ਮਿਲੀ ਹੋਵੇ।

ਜਿਸ ਦਿਨ ਗੁਰਮੁੱਖ ਸਿੰਘ ਨੇ ਰਾਤ ਨੂੰ ਘਰ ਨਹੀਂ ਸੀ ਆਉਣਾ ਹੁੰਦਾ। ਰਾਤ ਘਰੋਂ ਬਾਹਰ ਰਹਿਣਾ ਹੁੰਦਾ ਸੀ। ਤਾਂ ਉਸ ਰਾਤ ਪਾਲੋ ਆਪਣੇ ਘਰ ਦੇ ਬੂਹੇ ਦੀ ਗੁੱਠ ਨਾਲ ਖੜੇ ਲੋਟ ਇਕ ਇੱਟ ਰੱਖ ਦਿੰਦੀ ਹੁੰਦੀ ਸੀ। ਖੜੇ ਲੋਟ ਇੱਟ ਰੱਖਣ ਦਾ ਭਾਵ ਹੁੰਦਾ ਸੀ। ਕਿ ਕੋਈ ਖਤਰਾ ਨਹੀਂ। ਗੁਰਮੁੱਖ ਸਿੰਘ ਘਰੇ ਨਹੀਂ ਹੈ। ਕੁੰਡਾ ਖੁੱਲ੍ਹੈ। ਮੈਂ ਤੇਰੀ ਉਡੀਕ ਕਰੂੰਗੀ...।" ਇੱਟ 'ਤੇ ਗੁਪਤ ਭਾਸ਼ਾ 'ਚ ਲਿਖੀ ਇਹ ਇਬਾਰਤ ਮਨੀ ਹੀ ਪੜ੍ਹ ਸਕਦਾ ਸੀ।

ਮਹੀਨੇ 'ਚ ਦੋ ਤੋਂ ਚਾਰ ਰਾਤਾਂ, ਬੂਹੇ 'ਚ ਖੜੇ ਲੋਟ ਇੱਟ ਟਿਕ ਹੀ ਜਾਂਦੀ ਸੀ। ਮਨੀ ਲਈ ਇਹ ਇੱਟ ਖੁੱਲ੍ਹੇ ਸੱਦੇ ਦਾ ਪ੍ਰਤੀਕ ਹੁੰਦੀ ਸੀ। ਮਨੀ ਇਸ ਗੁਪਤ ਇਸ਼ਾਰੇ ਦਾ ਸਦਾ ਪਾਬੰਦ ਰਿਹਾ। ਚੁਕੰਨਾ ਤੇ ਸੁਚੇਤ ਵੀ।

ਮਨੀ ਟਿਕੀ ਰਾਤ ਨੂੰ, ਆਸਾ ਪਾਸਾ ਤਾੜਕੇ ਚੋਰਾਂ ਵਾਂਗੂੰ ਦੱਬੀ ਪੈਰੀਂ, ਹੌਲੀ ਜਿਹੇ ਬੂਹਾ ਧੱਕਕੇ, ਅੰਦਰ ਲੰਘ ਜਾਂਦਾ ਹੁੰਦਾ ਸੀ। ਤੇ ਕੁੱਕੜ ਦੀ ਪਹਿਲੀ ਬਾਂਗ ਨਾਲ ਖਿਸਕ ਆਉਂਦਾ ਹੁੰਦਾ ਸੀ।

ਇਹ ਸਿਲਸਿਲਾ ਲੰਮੇ ਅਰਸੇ ਤੋਂ ਚੱਲਦਾ ਆ ਰਿਹਾ ਸੀ।

ਇਸ ਦੌਰਾਨ ਜਾਗਰ ਦਾ ਵਿਆਹ ਹੋ ਗਿਆ ਸੀ। ਗਰਮੀਆਂ 'ਚ ਜਾਗਰ ਤੇ ਉਹਦੀ ਵਹੁਟੀ ਕੋਠੇ 'ਤੇ ਸੌਂਦੇ ਹੁੰਦੇ ਸੀ। ਜਾਗਰ ਕੇ ਘਰ ਤੋਂ ਪਾਲੋ ਕਾ ਘਰ ਹੈ ਤਾਂ ਵਾਹਵਾ ਹਟਵਾਂ ਸੀ। ਵਸੋਂ ਤੋਂ ਦੂਰ। ਪਰ ਜਾਗਰ ਕੇ ਕੋਠੇ ਦੀ ਛੱਤ ਤੋਂ ਪਾਲੋ ਕੇ ਘਰ ਦਾ ਬੂਹਾ ਐਂ ਜਮਾਂ ਪ੍ਰਤੱਖ ਦਿਸਦਾ ਸੀ। ਦੋਹਾਂ ਘਰਾਂ ਦੇ ਵਿਚਾਲੇ ਵਾਹਵਾ ਖੁੱਲ੍ਹੀ ਸ਼ਾਮਲਾਟ ਸੀ। ਜਿੱਥੇ ਕਪਾਹ ਸੁੱਟੀ ਰੱਖਦੇ ਸੀ।

ਜਾਗਰ ਨੇ ਆਪਣੀ ਵਹੁਟੀ ਨੂੰ ਪਾਲੋ ਤੇ ਮਨੀ ਦੇ ਸੰਬੰਧਾਂ ਦਾ ਕਿੱਸਾ ਵਧਾ ਚੜ੍ਹਾ ਕੇ ਸੁਣਾਇਆ ਸੀ। ਤੇ ਪਾਲੋ ਨੂੰ ਦੋ ਚਾਰ ਗਾਲ੍ਹਾਂ ਵੀ ਕੱਢੀਆ ਸੀ।

"ਚਗਲ ਰੰਨ ਨੇ ਜੱਟਾਂ ਦੀ ਵੱਢ ਕੇ ਰੱਖ 'ਤੀ।" ਜਾਗਰ ਹੱਥਾਂ 'ਤੇ ਦੰਦੀਆਂ ਵੱਢਦਾ ਹੁੰਦਾ ਸੀ।

"ਤੇਰਾ ਹੱਥ ਨ੍ਹੀਂ ਪਿਆ ਹੋਣਾ। ਤਦੇ ਗਾਲ੍ਹਾਂ ਕੱਢਦੈ।" ਵਹੁਟੀ ਦਾਤ ਵਰਗੀ ਤਿੱਖੀ ਸੀ। ਉਹਦੇ ਢਿੱਡ ਦੀਆਂ ਸਭ ਜਾਣਦੀ ਸੀ।

"ਤੈਨੂੰ ਕਿਵੇਂ ਪਤਾ?" ਜਾਗਰ ਪੈਰਾਂ ਤੋਂ ਹਿੱਲ ਗਿਆ ਸੀ।

"ਬੰਦਾ ਭਾਵੇਂ ਲੱਖ ਪੜ੍ਹਦੇ ਪਾਵੇ, ਪਰ ਔਰਤ ਆਪਣੇ ਮਰਦ ਦੀ ਪੋਟਾ ਪੋਟਾ ਵਾਕਿਫ਼ ਹੁੰਦੀ ਆ।"

ਵਹੁਟੀ ਉਹਦੇ ਵੱਲ ਕੁਨੱਖਾ ਝਾਕੀ, "ਤੂੰ ਅਜੇ ਵੀ ਝਾਕ ਰੱਖਦੈ, ਉਹਦੇ ਨਾਲ ਸੌਣ ਦੀ।"

"ਨਹੀਂ ਅਜਿਹੀ ਤਾਂ ਕੋਈ ਗੱਲ ਨ੍ਹੀਂ।" ਉਹ ਸ਼ਰਮਿੰਦਾ ਜਿਹਾ ਹੋ ਕੇ ਬੋਲਿਆ ਸੀ, "ਐਵੇਂ ਤੈਨੂੰ ਵਹਿਮ ਆ।"

ਚੰਗਾ ਫਿਰ, ਇਦੂੰ ਮੁੜਕੇ ਉਹਦੀ ਕੋਈ ਗੱਲ ਨ੍ਹੀਂ ਕਰਨੀ।" ਉਹਨੇ ਉਂਗਲ ਖੜੀ ਕੀਤੀ, "ਉਹ ਚੰਗੀ ਮਾੜੀ ਆਪਣੇ ਘਰ, ਤੈਨੂੰ ਲੱਤ ਅੜਾਉਣ ਦੀ ਕੋਈ ਲੋੜ ਨਹੀਂ। ਅਖੇ, ਮੀਆਂ ਬੀਵੀ ਰਾਜ਼ੀ ਕੀ ਕਰੁਗਾ ਕਾਜ਼ੀ। ਤੂੰ ਕਿਉਂ ਆਪਣਾ ਖ਼ੂਨ ਸਾੜਦੈ। ਇਹ ਤਾਂ ਦਿਲ ਮਿਲੇ ਦੀਆਂ ਗੱਲਾਂ।" ਵਹੁਟੀ ਸਿਆਣੀਆਂ ਗੱਲਾਂ ਕਰਦੀ ਸੀ।

ਇਸ ਤੋਂ ਬਾਅਦ ਜਾਗਰ ਨੇ ਕਦੇ ਪਾਲੋ ਦਾ ਜ਼ਿਕਰ ਤੱਕ ਨਹੀਂ ਸੀ ਕੀਤਾ। ਪਰ ਉਹਦੇ ਦਿਲ ਦੇ ਕਿਸੇ ਕੋਨੇ 'ਚ ਪਾਲੋ ਘਰ ਕਰੀ ਬੈਠੀ ਸੀ।

ਮਨੀ ਉਹਨੂੰ ਵਿਹੁ ਵਰਗਾ ਲੱਗਦਾ ਸੀ।

ਉਹਨੇ ਕਈ ਵਾਰ ਮਨੀ ਨੂੰ ਸੁਣਾ ਕੇ ਆਖਿਆ ਸੀ।

"ਕੋਈ ਨ੍ਹੀਂ ਕਿਤੇ ਆ ਜੇ ਗਾ ਅੜਿਕੇ।"

ਮਨੀ ਜਾਗਰ ਤੋਂ ਕੰਨ ਭੰਨਦਾ ਸੀ। ਡਰਦਾ ਸੀ। ਵਾਹ ਲੱਗਦੀ ਉਹਤੋਂ ਦੂਰੀ ਬਣਾ ਕੇ ਰੱਖਦਾ ਸੀ।

ਤੇ ਫਿਰ ਇਕ ਰਾਤ... ਕੁੱਕੜ ਦੀ ਪਹਿਲੀ ਬਾਂਗ ਨਾਲ ਮਨੀ ਜਦੋਂ ਪਾਲੋ ਦੇ ਘਰੋਂ ਨਿਕਲਿਆ ਤਾਂ ਅਚਾਨਿਕ ਹੀ ਕੋਠੇ 'ਤੇ ਪਏ ਜਾਗਰ ਦੇ ਨਜ਼ਰੀ ਪੈ ਗਿਆ ਸੀ। ਉਹ ਉਬੜਵਾਹੇ ਉੱਠਿਆ। ਤੇ ਝੱਟ ਕੋਠੇ ਤੋਂ ਉਤਰ ਕੇ ਪਾਲੋ ਦੇ ਬੂਹੇ ਮੂਹਰੇ ਆ ਕੇ ਮਲਵੀਂ ਜਿਹੀ ਅਵਾਜ਼ 'ਚ ਬੋਲਿਆ।

"ਚੋਰ... ਚੋਰ।"

ਜਾਗਰ ਦਾ ਰੌਲਾ ਪਾ ਕੇ ਲੋਕ ਇਕੱਠੇ ਕਰਨ ਦਾ ਇਰਾਦਾ ਨਹੀਂ ਸੀ। ਸਗੋਂ ਉਹ ਪਾਲੋ ਦੀ ਅੱਖ ਨੀਵੀਂ ਕਰਨਾ ਚਾਹੁੰਦਾ ਸੀ।

ਜਾਗਰ ਦੇ ਪਿੱਛੇ ਪਿੱਛੇ ਉਹਦੀ ਵਹੁਟੀ ਤੇ ਮਾਂ ਵੀ ਆ ਪਹੁੰਚੀਆਂ ਸੀ।

"ਵੇ ਮਰ ਜਾਣਿਆ, ਤੈਨੂੰ ਕੀ ਲੋੜ ਆ?" ਮਾਂ ਬੋਲੀ ਸੀ।

"ਮੁੜ ਇੱਧਰ ਘਰ ਨੂੰ, ਬੰਦਾ ਬਣਕੇ...।" ਮਾਂ ਨੂੰ ਪਤਾ ਸੀ ਕਿ ਚੋਰ ਕੌਣ ਸੀ।

ਵਹੁਟੀ ਵੀ ਜਾਗਰ ਨੂੰ ਘਰ ਨੂੰ ਖਿੱਚ ਰਹੀ ਸੀ। ਉਹਦਾ ਮੂੰਹ ਬੰਦ ਕਰ ਰਹੀ ਸੀ। ਪਰ ਜਾਗਰ...?

ਜਾਗਰ ਲਗਾਤਾਰ ਬੋਲੀ ਜਾ ਰਿਹਾ ਸੀ।

"ਮੈਂ ਆਪ ਵੇਖਿਆ ਇੱਥੋਂ ਹੁਣੇ ਕੋਈ ਬੰਦਾ ਗਿਆ।" ਜਾਗਰ ਕਿਵੇਂ ਨਾ ਕਿਵੇਂ ਪਾਲੋ ਦੇ ਕੰਨੀਂ ਗੱਲ ਪਾਉਣਾ ਚਾਹੁੰਦਾ ਸੀ।

"ਗਿਆ ਹੋਵੇ, ਤੈਨੂੰ ਕੀ?" ਵਹੁਟੀ ਨੇ ਤਾੜਕੇ ਕਿਹਾ, "ਤੂੰ ਘਰ ਨੂੰ ਤੁਰ 'ਗਾਂਹ।" ਵਹੁਟੀ ਕਲੇਸ਼ ਤੋਂ ਡਰਦੀ ਸੀ। ਉਹਨੂੰ ਪਤਾ ਸੀ ਕਿ ਔਰਤ ਜਦੋਂ ਖੁਦ ਰਜ਼ਾਮੰਦ ਹੋਵੇ। ਤਾਂ ਉਹਦਾ ਕੋਈ ਕੁਝ ਨਹੀਂ ਵਗਾੜ ਸਕਦਾ ਹੁੰਦਾ। ਸਗੋਂ ਰੌਲਾ ਪਾਉਣ ਵਾਲਾ ਕਸੂਤਾ ਫਸ ਜਾਂਦੈ। ਉਲਾਭ੍ਹੇ ਥੱਲੇ ਆ ਜਾਂਦੈ।

ਇਸੇ ਵਕਤ ਗੋਗੀ ਤੇ ਘੁੱਕਰ ਜਿਹੜੇ ਖੇਤੋਂ ਪਾਣੀ ਲਾ ਕੇ ਮੁੜੇ ਸੀ। ਉਨ੍ਹਾਂ ਕੋਲ ਆ ਕੇ ਰੁਕੇ। ਗੋਗੀ ਨੇ ਬੈਟਰੀ ਦੇ ਚਾਨਣ 'ਚ ਜਾਗਰ ਨੂੰ ਪਛਾਣਦਿਆਂ ਹੈਰਾਨੀ ਨਾਲ ਪੁੱਛਿਆ।

"ਜਾਗਰ ਕੀ ਗੱਲ ਹੋਗੀ? ਸੁੱਖ ਆ?"

"ਬਾਈ ਇੱਥੇ ਚੋਰ ਸੀ।" ਜਾਗਰ ਬੋਲਿਆ, "ਮੈਂ ਆਪ ਅੱਖੀਂ ਵੇਖਿਆ, ਪਿੰਡ ਦੇ ਨੀਵੇਂ ਪਾਸੇ ਚਮਾਹਲੀ ਵੱਲ ਗਿਆ।"

ਜਾਗਰ ਨੇ ਵਿਹੜੇ ਵੱਲ ਹੱਥ ਕੀਤਾ।

ਐਵੇਂ ਭੌਂਕਦਾ ਮਰ ਜਾਣਾ।" ਮਾਂ ਗੱਲ ਟਾਲਣਾ ਚਾਹੁੰਦੀ ਸੀ। "ਕੋਈ ਚੋਰ ਚਾਰ ਨਹੀਂ ਸੀ।"

ਪਰ ਉਹ ਮਾਂ ਦੀ ਗੱਲ ਸੁਣੀ ਅਣ ਸੁਣੀ ਕਰਕੇ, ਬੈਟਰੀ ਦੇ ਚਾਨਣ 'ਚ ਪੈੜਾਂ ਵੇਖਣ ਲੱਗ ਪਏ ਸੀ।

"ਬਾਈ ਆਹ ਵੇਖ ਪੈੜ, ਆਹ ਵੇਖ। ਲੱਕੀ ਜੁੱਤੀ ਦੀ ਪੈੜ੍ਹ।" ਜਾਗਰ ਬੈਟਰੀ ਦੇ ਚਾਨਣ 'ਚ ਕੋਡਾ ਹੋ ਕੇ ਪੈੜਾਂ ਦੀ ਨਿਸ਼ਾਨਦੇਹੀ ਕਰਦਾ ਤੁਰਿਆ ਜਾ ਰਿਹਾ ਸੀ। "ਆਹ ਵੇਖ ਬਾਈ, ਉਹੀ ਪੈੜ...।"

"ਹਾਂ ਪੈੜਾਂ ਤਾਂ ਤਾਜੀਆਂ।" ਗੋਗੀ ਨੇ ਉਹਦੀ ਹਾਂ 'ਚ ਹਾਂ ਮਿਲਾਈ।

ਜਾਗਰ ਪਾਲੋ ਦੇ ਘਰ ਕੰਨੀ ਇਸ਼ਾਰਾ ਕਰਦਾ ਹੋਇਆ, ਮਲਵੀਂ ਜਿਹੀ ਆਵਾਜ਼ 'ਚ ਬੋਲਿਆ।

"ਬਾਈ ਬੰਦਾ ਅੰਦਰੋਂ ਨਿਕਲਿਆ, ਮੈਂ ਆਪ ਵੇਖਿਆ, ਭੈਣ 'ਚੋਂ...।"

ਗੋਗੀ ਨੂੰ ਪੱਕਾ ਪਤਾ ਸੀ ਕਿ ਬੰਦਾ ਕੌਣ ਹੋ ਸਕਦਾ। ਪਰ ਉਹ ਬੜਾ ਚਾਤੁਰ ਚਲਾਕ ਤੇ ਖਚਰਾ। ਅਗਲੇ ਦੇ ਮੋਢੇ 'ਤੇ ਰੱਖ ਕੇ ਚਲਾਉਣ ਵਾਲਾ। ਦੋਹਾਂ ਧਿਰਾਂ ਦੇ ਸਿੰਗ ਫਸਾਕੇ 'ਤਮਾਸ਼ਾ' ਵੇਖਣ ਵਾਲਾ ਬੰਦਾ, ਗੋਗੀ।

"ਤੂੰ ਐਂ ਕਰ, ਪੈੜਾਂ ਨੱਪਦੇ।" ਗੋਗੀ ਨੇ ਫੂਕ ਦਿੱਤੀ, "ਸਵੇਰੇ ਨਿਕਲ ਜੂ ਕੱਟੀ ਕੱਟਾ।"

"ਨਾ ਭਾਈ, ਅਸੀਂ ਨ੍ਹੀਂ ਪੈੜਾਂ ਪੂੜਾਂ ਨੱਪਣੀਆਂ।" ਜਾਗਰ ਦੀ ਮਾਂ ਬੋਲੀ, "ਸਾਨੂੰ ਨ੍ਹੀਂ ਲੋੜ ਕਿਸੇ ਨਾ ਪੰਗਾ ਲੈਣ ਦੀ। ਚੱਲ ਵੇ ਮੁੰਡਿਆ, ਤੂੰ ਤੁਰ ਘਰ ਨੂੰ।"

ਪਰ ਜਾਗਰ ਨਹੀਂ ਟਲਿਆ, ਉਹਨੇ ਦੋ ਬੱਠਲ ਲਿਆ ਕੇ ਪੈੜਾਂ 'ਤੇ ਮੂਧੇ ਮਾਰ ਦਿੱਤੇ ਸੀ।

ਉਪਰੋਕਤ ਸਾਰੀ ਵਾਰਤਾਲਾਪ ਪਾਲੋ ਸਾਹ ਰੋਕੀ ਆਪਣੇ ਬੂਹੇ ਦੇ ਪਿੱਛੇ ਖੜੀ ਸੁਣ ਰਹੀ ਸੀ।



ਮਨੀ ਨੂੰ ਤੋਰਕੇ, ਅੰਦਰੋਂ ਕੁੰਡਾ ਲਾ ਕੇ ਪਾਲੋ ਅਜੇ ਮੰਜੇ 'ਤੇ ਨਹੀਂ ਸੀ ਪਈ ਕਿ ਜਾਗਰ ਦੀ 'ਚੋਰ ਚੋਰ' ਕਹਿੰਦੇ ਦੀ ਆਵਾਜ਼ ਉਹਦੇ ਕੰਨੀਂ ਪੈ ਗਈ ਸੀ। ਉਹ ਦੱਬੇ ਪੈਰੀ ਵਿਹੜਾ ਪਾਰ ਕਰਕੇ ਬੂਹੇ ਦੇ ਪਿੱਛੇ ਆ ਕੇ ਖਲੋ ਗਈ ਸੀ।

ਪਾਲੋ ਦਾ ਦਿਲ ਧੜਕ ਰਿਹਾ ਸੀ। ਲੱਤਾਂ ਕੰਬਦੀਆਂ ਸੀ। ਗਲਾ ਖੁਸ਼ਕ ਹੋ ਗਿਆ ਸੀ। ਬੁੱਲ੍ਹ ਸੁੱਕ ਗਏ ਸੀ। ਉਹਨੂੰ ਕੱਚੀਆਂ ਤਰੇਲੀਆਂ ਆ ਰਹੀਆਂ ਸੀ। ਉਹ ਜਮਾਂ ਮੁੜ੍ਹਕੋ ਮੁੜ੍ਹਕੀ ਹੋਈ ਖੜੀ ਸੀ।

ਇਕ ਡਰਾਉਣਾ ਦ੍ਰਿਸ਼, ਪਾਲੋ ਦੀਆਂ ਅੱਖਾਂ ਸਾਹਵੇਂ, ਫਿਲਮ ਦੀ ਰੀਲ੍ਹ ਵਾਂਗੂੰ ਘੁੰਮ ਰਿਹਾ ਹੈ।

ਮਨੀ ਨੂੰ ਪੰਚਾਇਤ 'ਚ ਸੱਦਿਆ ਜਾਂਦਾ ਹੈ। ਸਾਰਾ ਪਿੰਡ ਜੁੜਿਆ ਬੈਠਾ ਹੈ। ਮਨੀ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਉਹਦੀ ਖ਼ੂਬ ਛਿੱਤਰ ਪਰੇਡ ਕੀਤੀ ਜਾਂਦੀ ਹੈ। ਮੂੰਹ ਕਾਲਾ ਕਰਕੇ ਪਿੰਡ 'ਚ ਘੁਮਾਇਆ ਜਾਂਦਾ ਹੈ।

"ਨਹੀਂ!" ਪਾਲੋ ਦੇ ਅੰਦਰੋਂ ਇਕ ਖਾਮੋਸ਼ ਚੀਕ ਜਿਹੀ ਨਿਕਲੀ ਸੀ।

ਤੇ ਉਹ ਝੱਟ ਬੂਹਾ ਖੋਲ੍ਹਕੇ, ਬਿਨਾਂ ਕਿਸੇ ਡਰ ਡੁੱਕਰ ਦੇ ਪੂਰੇ ਜਬ੍ਹੇ ਨਾਲ ਬੋਲੀ, "ਜਾਗਰ ਕੀ ਕਹਿਨੈ ਤੂੰ? ਮੇਰੇ ਅੰਦਰੋਂ ਬੰਦਾ ਨਿਕਲ ਕੇ ਗਿਆ? ਕਿਉਂ, ਮੈਂ ਕੰਜਰੀ ਆ? ਮੈਂ ਲੁੱਚੀ ਆ?"

"ਨਹੀਂ ਭਾਬੀ ਮੈਂ ਐਂ ਤਾਂ ਨ੍ਹੀਂ ਕਹਿੰਦਾ, ਕਿ ਤੇਰੇ ਅੰਦਰੋਂ ਬੰਦਾ ਨਿਕਲ ਕੇ ਗਿਆ।" ਮੈਂ ਤਾਂ ਊਂ ਗੱਲ ਕਰਦੈ ਕਿ ਥੋਡੇ ਬੂਹੇ ਮੂਹਰੇ ਕੋਈ ਓਪਰਾ ਬੰਦਾ ਖੜਾ ਸੀ।"

ਜਾਗਰ ਦਾ ਬੋਲ ਥਿੜਕ ਰਿਹਾ ਸੀ।

ਗੋਗੀ ਹੁਣੀਂ ਚੁੱਪ ਕਰਕੇ ਖਿਸਕ ਗਏ ਸੀ।

ਪਾਲੋ ਦਾ ਪਹਿਲਾਂ ਤੀਰ ਸਹੀ ਨਿਸ਼ਾਨੇ ਤੇ ਲੱਗਾ ਸੀ। ਉਹਨੇ ਨਾਲ ਦੀ ਨਾਲ ਇਕ ਹੋਰ ਅਗਨ ਬਾਣ ਛੱਡਿਆ।

"ਨਾ, ਤੂੰ ਜਿਹੜਾ ਮੇਰੀ ਰਾਖੀ ਕਰਦਾ ਫਿਰਦੈ। ਆਪਣੇ ਘਰ ਦੀ ਕਰ। ਤੈਨੂੰ ਨ੍ਹੀਂ ਪਤਾ, ਜਿਹੜਾ ਤੇਰੀ ਭੈਣ ਨੇ ਚੰਦ ਚੜ੍ਹਾਇਆ ਸੀ। ਉਹ ਕਿਸੇ ਤੋਂ ਗੁੱਝਾ ਨਹੀਂ। ਤੂੰ ਵੱਡਾ ਨੰਗੋਰੀ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ।" ਪਾਲੋ ਤੂਤ ਦੀ ਲਗਰ ਨਾ ਹੋ ਕੇ ਤੂਤ ਦਾ ਮੋਛਾ ਹੋ ਗਈ ਸੀ। ਉਹਨੂੰ ਪਤਾ ਸੀ ਕਿ ਬਹੁਤਾ ਲਿਫਿਆ ਦੁਸ਼ਮਣ ਹਾਵੀ ਹੋ ਸਕਦੈ।

ਜਾਗਰ ਦੀ ਵੱਡੀ ਭਰਜਾਈ ਫੌਜਣ ਦਾ ਭਰਾ ਜਿਹੜਾ ਸਿਰੇ ਦਾ ਨਸ਼ਈ ਤੇ ਲਫੰਡਰ ਕਿਸਮ ਦਾ ਮੁੰਡਾ ਸੀ। ਕਈ ਕਈ ਦਿਨ ਇਥੇ ਆਪਣੀ ਭੈਣ ਕੋਲ ਆ ਕੇ ਰਹਿੰਦਾ ਹੁੰਦਾ ਸੀ। ਉਹ ਜਾਗਰ ਦੀ ਭੈਣ ਦੇ ਨੇੜੇ ਹੋ ਗਿਆ ਸੀ।

ਸਾਰੇ ਪਿੰਡ 'ਚ ਤੋਏ ਤੋਏ ਹੋ ਗਈ ਸੀ।

ਤੀਮੀਆਂ ਮੂੰਹ ਜੋੜ ਜੋੜ ਘੁਸਰ ਮੁਸਰ ਕਰਦੀਆਂ

"ਨੀ ਤਿੰਨ ਮਹੀਨਿਆਂ ਦਾ ਸੀ।"

ਜੈਲਾ ਅਮਲੀ ਬੋਲੀ ਜੋੜੀ ਫਿਰਦਾ ਸੀ, "ਅਖੇ, ਉਹ ਵੈਲੀ ਕਾਹਦਾ ਜਿਹਨੇ ਕੰਡਾ ਕੱਢਿਆ ਨਾ ਭੈਣ ਦੀ ਨਣਾਨ ਦਾ।"

ਪਾਲੋ ਦੇ ਮੂੰਹੋਂ ਸੱਚੀਆਂ ਤੇ ਖਰੀਆਂ ਸੁਣਕੇ ਜਾਗਰ ਕੰਨ ਲਪੇਟ ਕੇ ਘਰ ਨੂੰ ਤੁਰ ਗਿਆ ਸੀ।

ਜਾਗਰ ਦੀ ਮਾਂ ਤੇ ਵਹੁਟੀ ਵੀ ਬੱਠਲ ਚੁੱਕਕੇ ਉਹਦੇ ਪਿੱਛੇ ਹੋ ਤੁਰੀਆਂ ਸੀ।

"ਕਿਉਂ ਕੰਜਰਾ ਲੈ ਲਿਆ ਸਵਾਦ।"

ਜਾਗਰ ਮਰਜੇ, ਜੇ ਬੋਲੇ ਤਾਂ।

ਜਾਗਰ ਐਨਾ ਬੌਂਦਲ ਜਿਹਾ ਗਿਆ ਸੀ, ਕਿ ਉਹਨੂੰ ਇਹ ਵੀ ਪਤਾ ਨਹੀਂ ਸੀ ਲੱਗਾ ਕਿ ਉਪਰੋਕਤ ਸ਼ਬਦ ਮਾਂ ਨੇ ਕਹੇ ਸੀ। ਜਾਂ ਉਹਦੀ ਵਹੁਟੀ ਨੇ। ਉਹਦੇ ਸਿਰ 'ਚੋਂ ਧੂੰਆਂ ਜਿਹਾ ਨਿਕਲ ਗਿਆ ਸੀ। ਉਹਦੇ ਕੰਨ ਸਾਂ ਸਾਂ ਕਰ ਰਹੇ ਸੀ।

ਪਾਲੋ ਅੰਦਰੋਂ ਪੂਰੀ ਤਰ੍ਹਾਂ ਡਰੀ ਹੋਈ ਸੀ। ਬਾਹਲਾ ਡਰ ਉਹਨੂੰ ਇਸ ਗੱਲ ਦਾ ਸੀ ਕਿ ਜਾਗਰ ਉਹਦੇ

ਦਿਉਰਾਂ ਜੇਠਾਂ ਦੇ ਕਿਤੇ ਕੰਨ ਨਾ ਭਰ ਦੇਵੇ। ਉਹ ਪੂਰੇ ਤੱਤ ਖਾਲਸਾ ਸੀ। ਅੜਬ। ਲੜ ਕੇ। ਮਰਨ ਮਾਰਨ ਵਾਲੇ।

"ਅੜੀਏ, ਮੁੰਡੇ ਨੂੰ ਨਾ ਕਿਤੇ ਕੁਸ਼ ਕਹਿਣ।" ਉਹਨੂੰ ਮਨੀ ਦੀ ਚਿੰਤਾ ਅੰਦਰੋਂ ਵੱਢ ਵੱਢ ਖਾਂਦੀ ਸੀ। ਉਹਦੇ ਜਿਗਰ ਤੇ ਆਰਾ ਚੱਲਦਾ ਸੀ।

ਫਿਰ ਉਹ ਸੋਚਦੀ।

"ਵੇਖੀ ਜਾਉ, ਕੁੱਛ ਨ੍ਹੀਂ ਹੁੰਦੈ।" ਉਹ ਦਿਲ ਨੂੰ ਕਰੜਾ ਜਿਹਾ ਕਰਦੀ। ਆਪਣੇ ਆਪ ਨੂੰ ਦਿਲਾਸਾ ਜਿਹਾ ਦਿੰਦੀ।

"ਜਾਗਰ ਹੈ ਨੀ ਐਡੀ ਜੁਰੱਅਤ ਦਾ ਮਾਲਕ, ਜਿਹੜਾ ਮੂੰਹ ਪਾੜਕੇ ਸਿੱਧਾ ਈ ਮਨੀ ਦਾ ਨਾਂ ਲੈਦੂ।"

ਇਸੇ ਹੀ ਉਧੇੜ ਬੁਣ 'ਚ ਪਾਲੋ ਉਲਝੀ ਪਈ ਸੀ। ਉਹਦੇ ਅੰਦਰ ਡਰ ਦਲੇਰੀ ਤੇ ਸਹਿਮ ਹੱਥੋਂ ਪਾਈ ਹੋ ਰਹੇ ਸੀ। ਉਹਨੂੰ ਕੁੱਝ ਸੁੱਝ ਨਹੀਂ ਸੀ ਰਿਹਾ।

ਫਿਰ ਪਤਾ ਨਹੀਂ ਕੀ ਸੋਚਕੇ, ਉਹਨੇ ਉਸੇ ਵੇਲੇ, ਵਿਹੜੇ 'ਚ ਬਹੁਕਰ ਮਾਰਕੇ, ਮਨੀ ਦੀ ਲੱਕੀ ਜੁੱਤੀ ਦੀਆਂ ਪੈੜਾਂ ਮਿਟਾ ਦਿੱਤੀਆਂ।

ਅਗਲੇ ਦਿਨ ਅਜਿਹੀ ਕੋਈ ਨੌਬਤ ਨਹੀਂ ਸੀ ਆਈ। ਜਿਹੜੀ ਕਿ ਪਾਲੋ ਤੇ ਮਨੀ ਨੂੰ ਕਟਹਿਰੇ ਵਿਚ ਖੜਾ ਕਰਦੀ ਹੋਵੇ। ਵੈਸੇ, ਸਾਰਾ ਦਿਨ ਪਾਲੋ ਦੇ ਸਾਹ ਸੁੱਕੇ ਰਹੇ ਸੀ। ਕਿ ਹੁਣ ਵੀ ਕੁੱਝ ਵਾਪਰਿਆ। ਹੁਣ ਵੀ ਕੁੱਝ ਵਾਪਰਿਆ। ਪਰ ਖਤਰਾ ਟਲ ਗਿਆ ਸੀ। ਪਾਲੋ ਨੇ ਸੁੱਖ ਦਾ ਸਾਹ ਲਿਆ ਸੀ।

ਮੌਕਾ ਮਿਲਣ ਤੇ ਪਾਲੋ ਨੇ ਜਦੋਂ 'ਪੈੜਾਂ ਨੱਪਣ' ਵਾਲੀ ਘਟਨਾ ਦਾ ਮਨੀ ਕੋਲ ਜ਼ਿਕਰ ਕੀਤਾ ਤਾਂ ਉਹ ਜਮਾਂ ਡਰ ਗਿਆ ਸੀ। ਉਹਦਾ ਚਿਹਰਾ ਜਮਾਂ ਬੱਗਾ ਭੂਸ ਹੋ ਗਿਆ ਸੀ। ਉਹਦੇ ਕੰਬਦੇ ਬੁੱਲ੍ਹਾਂ ਨੂੰ ਸ਼ਬਦ ਨਹੀਂ ਸੀ ਆਹੁੜ ਰਹੇ। ਉਹ ਡਰੀਆਂ ਤੇ ਸਹਿਮੀਆਂ ਹੋਈਆਂ ਅੱਖਾਂ ਨਾਲ ਪਾਲੋ ਕੰਨੀਂ ਵੇਖ ਰਿਹਾ ਸੀ। ਖ਼ਾਮੋਸ਼।

"ਹੁਣ...????" ਮੁੰਡੇ ਦੇ ਅੰਦਰੋ ਇਕ ਖ਼ਾਮੋਸ਼ ਹਾਉਕਾ ਦਮ ਤੋੜ ਗਿਆ ਸੀ।

ਮਨੀ ਦਾ ਉਦਾਸ ਤੇ ਉਤਰਿਆ ਹੋਇਆ ਚਿਹਰਾ ਵੇਖਕੇ, ਪਾਲੋ ਨੂੰ ਚਿੰਤਾ ਹੋਈ। ਉਹ ਮਨ ਹੀ ਮਨ ਸੋਚਦੀ।

"ਚੰਦਰਾ, ਡਰਦਾ ਕਿਤੇ ਪਿੰਡ ਈ ਨਾ ਛੱਡ ਜਾਵੇ।" ਉਹ ਮੁੰਡੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲੀ, "ਮਨੀ ਅੜਿਆ, ਤੈਨੂੰ ਡਰਨ ਦੀ ਲੋੜ ਨਹੀਂ।" ਪਾਲੋ ਨੇ ਹਿੱਕ 'ਤੇ ਹੱਥ ਰੱਖਿਆ, "ਵੇਖ ਤੂੰ ਮੇਰੇ ਇੱਥੇ ਵੱਸਦੈ, ਇਥੋਂ ਤੈਨੂੰ ਕੋਈ ਦੁਨੀਆਂ ਦੀ ਤਾਕਤ ਕੱਢ ਨਹੀਂ ਸਕਦੀ। ਮੈਂ ਵਾਅਦਾ ਕਰਦੀ ਆ, ਕਿ ਮੇਰੇ ਹੁੰਦਿਆਂ ਕੋਈ ਮਾਈ ਦਾ ਲਾਲ, ਤੇਰੀ ਵਾਅ ਕੰਨੀਂ ਨੀਂ ਝਾਕ ਸਕਦੈ, ਪਰ ਜੇ ਤੂੰ ਮੈਥੋਂ ਮੂੰਹ ਮੋੜਿਆ। ਮੈਂ ਕੁੱਛ ਖਾ ਕੇ ਮਰਜੂ 'ਗੀ।" ਪਾਲੋ ਦਾ ਗਲਾ ਰੁੰਨ੍ਹਿਆ ਗਿਆ ਸੀ। ਉਹਦੇ ਹਰਨੋਟੇ ਨੈਣਾਂ 'ਚੋਂ ਹੰਝੂ ਵਹਿ ਕੇ ਉਹਦੀਆਂ ਗੱਲ੍ਹਾਂ ਤੇ ਘਰਾਲ੍ਹ ਬਣਕੇ ਵਗ ਤੁਰੇ ਸੀ। ਉਹ ਚੁੰਨੀ ਦਾ ਲੜ ਮੂੰਹ 'ਚ ਲੈ ਕੇ ਘਰ ਨੂੰ ਵਗ ਤੁਰੀ ਸੀ। ਚੰਦਰੀ ਨੇ ਨਿਕਲਦੀ ਭੁੱਬ ਮਸਾਂ ਰੋਕੀ ਸੀ।

ਮਨੀ ਪੱਥਰ ਦੀ ਮੂਰਤੀ ਵਾਂਗੂੰ ਥਾਂਏ ਅਹਿਲ ਖਲੋਤਾ ਰਹਿ ਗਿਆ ਸੀ।

"ਕੁਰਬਾਨ ਜੱਟੀਏ ਤੇਰੇ ਪਿਆਰ ਤੋਂ। ਤੇਰੇ ਜਿਗਰੇ ਤੋਂ।" ਉਹ ਬੁੜਬੁੜਾਇਆ, "ਤੇਰੇ ਲਈ ਤਾਂ ਸਿਰ ਵੀ ਦਿੱਤਾ ਜਾ ਸਕਦੈ।" ਮੁੰਡੇ ਨੇ ਅੰਦਰ ਮਿਰਜ਼ਾ ਹੁੰਗਾਰਿਆ ਸੀ।

ਜਾਗਰ ਵੱਲੋਂ 'ਪੈੜਾਂ ਨੱਪਣ' ਦੀ ਗੱਲ, ਰੂੜੀ ਦੀ ਅੱਗ ਵਾਂਗੂੰ, ਵਾਹਵਾ ਦਿਨ ਮੱਠੀ ਮੱਠੀ ਤਾਂ ਜ਼ਰੂਰ ਧੁੱਖਦੀ ਰਹੀ ਸੀ। ਪਰ ਭਾਂਬੜ ਨਹੀਂ ਸੀ ਬਣੀ।

ਲੋਕ ਸੋਚਦੇ ਸੀ। ਸਾਨੂੰ ਕੀ? ਛੱਡੋ ਪਰ੍ਹਾਂ? ਅਸੀਂ ਕੀ ਲੈਣਾ-ਦੇਣਾ। ਜਦੋਂ ਮੀਆਂ ਬੀਬੀ ਰਾਜ਼ੀ ਤੇ। ਤੇ ਚੱਲ ਮੇਰੇ ਭਾਈ, ਗੱਲ ਆਈ ਗਈ ਹੋ ਗਈ ਸੀ।

ਜਾਗਰ ਨੇ ਹੁਣ ਕਦੇ ਪਾਲੋ ਕੇ ਘਰੇ ਪੈਰ ਨਹੀਂ ਸੀ ਪਾਇਆ। ਵਾਹ ਲੱਗਦੀ ਨੂੰ ਉਹ ਪਾਲੋ ਦੇ ਮੱਥੇ ਲੱਗਣੋ ਘਬਰਾਉਂਦਾ ਸੀ। ਉਹਦੇ 'ਚ ਐਨੀ ਜੁਰੱਤ ਨਹੀਂ ਸੀ ਕਿ ਉਹ ਪਾਲੋ ਦੀਆਂ ਅੱਖਾਂ ਦਾ ਸਾਹਮਣਾ ਕਰ ਸਕੇ।



ਦਰਅਸਲ ਵਹੁਟੀ ਉਹਦੀ ਨੱਥ ਖਿੱਚ ਕੇ ਰੱਖਦੀ ਸੀ। ਉਹ ਵਹੁਟੀ ਦਾ ਮੁਰੀਦ ਹੋ ਗਿਆ ਸੀ। ਉਹ ਵਹੁਟੀ ਤੋਂ ਡਰਦਾ ਸੀ। ਵਹੁਟੀ ਦੇ ਸਾਹਮਣੇ ਪਾਲੋ ਨੇ ਉਹਦੀ ਐਸੀ ਦੁਰਗਤ ਕੀਤੀ ਸੀ ਕਿ ਉਹ ਹੁਣ ਬੋਲਣ ਜੋਗਾ ਨਹੀਂ ਸੀ ਰਹਿ ਗਿਆ।

ਸਮਾਂ ਆਪਣੀ ਨਿਰੰਤਰ ਤੋਰ ਤੁਰਦਾ ਰਿਹਾ।

ਸਮੇਂ ਦੇ ਨਾਲ ਨਾਲ ਘੁੱਗ ਵੱਸਦੇ ਪਿੰਡ 'ਚ ਵਿਆਹ ਸ਼ਾਦੀਆਂ ਜੰਮਣ ਮਰਨ ਲੜਾਈਆਂ ਝਗੜੇ ਚੋਰੀਆਂ ਯਾਰੀਆਂ ਤੇ ਫਸਲਾਂ ਬੀਜਣ ਕੱਟਣ ਦਾ ਪ੍ਰਵਾਹ ਆਮ ਵਾਂਗ ਚੱਲਦਾ ਰਿਹਾ।

ਪਾਲੋ ਤੇ ਮਨੀ, ਸਮਾਜ ਤੋਂ ਚੋਰੀ ਰਾਤਾਂ ਦੇ ਹਨੇਰਿਆਂ 'ਚ ਮਿਲਦੇ। ਰਾਤ ਹਮੇਸ਼ਾ ਉਨ੍ਹਾਂ ਦੇ 'ਮਿਲਾਪ' 'ਚ ਸਹਾਈ ਹੁੰਦੀ। ਤੇ ਇਕ ਰਾਤ....

ਬੂਹੇ 'ਚ ਖੜੇ ਲੋਟ ਇੱਟ ਰੱਖਕੇ, ਪਾਲੋ ਬੇਸਬਰੀ ਨਾਲ ਮਨੀ ਦੀ ਉਡੀਕ ਕਰ ਰਹੀ ਸੀ।

ਜੁਵਾਕ ਘੂਕ ਸੁੱਤੇ ਪਏ ਸੀ।

ਫਰਵਰੀ ਮਹੀਨੇ ਦੇ ਪਹਿਲੇ ਪੱਖ ਦੀ ਅੱਧ ਚਾਨਣੀ ਰਾਤ। ਟਾਵਾਂ ਟਾਵਾਂ ਤਾਰਾ। ਤੇ ਟੁੱਟਵੇਂ ਜਿਹੇ ਬੱਦਲਾਂ 'ਚ ਲੁੱਕਣ ਮੀਚੀ ਖੇਡਦਾ, ਅੱਧੀ ਰੋਟੀ ਜਿੱਡਾ ਚੰਨ। ਸੁਹਾਵਣਾ ਮੌਸਮ।

ਹਾਣੀ ਨੂੰ ਮਿਲਣ ਦੀ ਤਾਂਘ ਪਾਲੋ ਦੇ ਅੰਦਰ ਉਸਲਵੱਟੇ ਲੈ ਰਹੀ ਸੀ। ਉਹਨੂੰ ਅੱਚਵੀ ਜਿਹੀ ਲੱਗੀ ਹੋਈ ਸੀ।

ਛੱਪੜੇ ਦੇ ਪਾਰਲੇ ਕਿਨਾਰੇ ਟਟੀਹਰੀ ਬੋਲੀ। ਪਿੰਡ ਦੇ ਨੀਵੇਂ ਪਾਸੇ ਚਮਾਹਰਲੀ ਵੱਲ ਕੁੱਤਾ ਭੌਂਕਿਆ। ਪਾਲੋ ਦਾ ਦਿਲ ਧੜਕਿਆ। ਬੁੱਲ੍ਹ ਫਰਕੇ।

'ਆਉਂਦਾ ਹੋਣਾ।"

ਉਹਨੇ ਬਦਾਮਾਂ ਵਾਲੇ ਦੁੱਧ ਦਾ ਭਰਿਆ ਡੋਲੂ, ਜੁਵਾਕਾਂ ਵਾਲੇ ਕਮਰੇ 'ਚੋਂ ਚੁੱਕਕੇ, ਨਾਲ ਦੇ ਕਮਰੇ 'ਚ ਸਾਹਮਣੇ ਅੰਗੀਠੀ 'ਤੇ ਰੱਖ ਦਿੱਤਾ ਸੀ।

ਆਪਣੇ ਹਾਣੀ ਮਰਦ ਨੂੰ ਹੱਥੀ ਖੁਵਾ-ਪਿਆ ਕੇ, ਔਰਤ ਨੂੰ ਭਰਪੂਰ ਖੁਸ਼ੀ ਸਕੂਨ ਤੇ ਤਸੱਲੀ ਮਿਲਦੀ ਹੈ।

ਇੱਧਰ ਪਾਲੋ ਮਨੀ ਦੀ ਉਡੀਕ ਕਰ ਰਹੀ ਹੈ। ਤੇ ਉੱਧਰ ਗਿਆਨੀ ਗੁਰਮੁੱਖ ਸਿੰਘ ਸਾਈਕਲ ਚੁੱਕ ਕੇ ਘਰ ਨੂੰ ਤੁਰ ਪੈਂਦਾ ਹੈ। ਵੈਸੇ ਅੱਜ ਉਹਨੇ ਘਰ ਨਾ ਆਉਣ ਬਾਰੇ ਪਾਲੋ ਨੂੰ ਦੱਸਿਆ ਸੀ। ਤੇ ਸਵੇਰੇ ਸੁਵੱਖਤੇ ਮੱਝਾਂ ਚੋਣ ਦੀ ਤਾਗੀਦ ਕੀਤੀ ਸੀ। ਪਰ ਇਤਫਾਕ ਵਸ, ਇਕ ਪਾਠੀ ਨੂੰ ਅਗਲੇ ਦਿਨ ਸਵੇਰੇ ਇਕ ਜ਼ਰੂਰੀ ਕੰਮ ਪੈ ਗਿਆ ਸੀ। ਉਹਨੇ ਗੁਰਮੁੱਖ ਦੀ ਸਹਿਮਤੀ ਨਾਲ ਆਪਣੀ ਡਿਊਟੀ ਚੇਂਜ ਕਰ ਲੀ ਸੀ।

ਵਾਹਵਾ ਹਨੇਰਾ ਤੇ ਲੰਮਾ ਪੈਂਡਾ ਹੋਣ ਦੇ ਬਾਵਜੂਦ ਗੁਰਮੁੱਖ ਸਿੰਘ ਨੇ ਸਾਢੇ ਤਿੰਨ ਫੁੱਟੀ ਕਿਰਪਾਨ ਹੈਂਡਲ ਨਾਲ ਟੰਗੀ। ਫ਼ਤਹਿ ਬੁਲਾਈ ਤੇ ਵਹਿਗੁਰੂ ਕਹਿ ਕੇ ਸਾਇਕਲ 'ਤੇ ਚੜ੍ਹ ਗਿਆ ਸੀ।

ਪਾਲੋ ਦੇ ਪੈਰਾਂ ਥੱਲੇ ਅੱਗ ਮੱਚਦੀ ਆ। ਮਨੀ ਅਜੇ ਤੱਕ ਨਹੀਂ ਸੀ ਬਹੁੜਿਆ। ਉਹ ਉਨਾਬੀ ਸ਼ਾਲ ਦੀ ਬੁੱਕਲ ਮਾਰੀ ਕਦੇ ਮੰਜੇ 'ਤੇ ਬਹਿ ਜਾਂਦੀ ਆ। ਕਦੇ ਪੋਲੇ ਕਦਮੀਂ ਵਿਹੜੇ 'ਚ ਘੁੰਮਣ ਲੱਗ ਜਾਂਦੀ ਆ। ਤੇ ਬੂਹੇ ਦੀਆਂ ਝੀਥਾਂ ਥਾਣੀਂ ਬਾਹਰ ਦੂਰ ਤੱਕ ਵੇਖਣ ਦੀ ਕੋਸ਼ਿਸ਼ ਕਰਦੀ ਆ। ਬਾਹਰ ਸਾਹਮਣੇ, ਇਕ ਅਵਾਰਾ ਗਾਂ, ਜਾਗਰ ਕੀ ਕੰਧ ਨਾਲ ਲੱਗੀ ਖੜੀ ਹੈ। ਗਲੀ ਦਾ ਇਕ ਕੁੱਤਾ ਕਪਾਹ ਛਟੀਆਂ ਦੀ ਢੰਨ 'ਤੇ ਬੈਠਾ ਕੰਨ ਫਿੜਕ ਰਿਹਾ ਹੈ। ਦੂਰ ਕਿਸੇ ਘਰੋਂ ਜੁਵਾਕ ਦੇ ਰੋਣ ਦੀ ਆਵਾਜ਼ ਆ ਰਹੀ ਹੈ।

ਪਾਲੋ ਦਾ ਦਿਲ ਨਿਸ਼ਚਿਤ ਧੜਕਨ ਤੋਂ ਵੱਧ ਧੜਕ ਰਿਹਾ ਹੈ। ਅੱਖ ਫਰਕ ਰਹੀ ਹੈ। ਪੂਰੇ ਵਜੂਦ 'ਚ ਇਕ ਕੰਬਣੀ ਜਿਹੀ ਛਿੜੀ ਹੋਈ ਹੈ। ਪਹਿਲਾਂ ਦੇ ਮੁਕਾਬਲੇ ਅੱਜ ਉਹਨੂੰ ਡਰ ਜਿਹਾ ਲੱਗਦਾ ਹੈ। ਉਹ ਕੋਈ ਖ਼ਤਰਾ ਜਿਹਾ ਮਹਿਸੂਸ ਕਰਦੀ ਹੈ। ਜਿਵੇਂ ਕੋਈ ਅਣਹੋਣੀ ਵਾਪਰਨ ਵਾਲੀ ਹੋਵੇ। ਪਹਿਲਾਂ ਤਾਂ ਕਦੇ ਉਹਨੇ ਇਸ ਤਰ੍ਹਾਂ ਮਹਿਸੂਸ ਨਹੀਂ ਸੀ ਕੀਤਾ।

"ਰੱਬਾ ਖੈਰ ਕਰੀ।" ਇਕ ਲੰਮਾ ਹਾਉਕਾ ਉਹਦੇ ਧੁਰ ਅੰਦਰ ਤਕ ਚੀਰ ਪਾ ਗਿਆ ਸੀ।

ਇਸ ਦੌਰਾਨ ਪਾਲੋ ਨੇ, ਮਲਕੜੇ ਜਿਹੇ ਬੂਹਾ ਖੋਲ੍ਹ ਕੇ ਕੌਲੇ ਨਾਲ ਖੜੀ ਇੱਟ ਨੂੰ ਵੇਖਿਆ ਹੈ।

ਤਾੜਿਆ ਹੈ। ਸਭ ਠੀਕ ਤਾਂ ਹੈ।

'ਪਰ ਉਹ ਅਜੇ ਤੱਕ ਆਇਆ ਕਿਉਂ ਨ੍ਹੀਂ?" ਉਹਨੇ ਇਕ ਲੰਮਾ ਸਾਹ ਭਰਿਆ , "ਜਾਲਮਾ ! ਕਿਉਂ ਤੜਪਾਉਨੈ?"

ਮਿਲਣ ਦੀ ਤਾਂਘ ਦਾ ਬੁੱਲਾਂ 'ਤੇ ਡਰ ਦਾ ਵਾਵਰੋਲਾ ਉਹਦੇ ਅੰਦਰ ਘੌਰੂ ਪਾਉਂਦੇ ਆ। ਉਹ ਜਮਾਂ ਨਰਵਸ ਜਿਹੀ ਹੋਈ ਪਈ ਆ।

ਘੜੀ ਮੁੜੀ ਪਾਲੋ ਨੂੰ ਖਵਰੇ ਕਿਉਂ ਇਹ ਵਹਿਮ ਜਿਹਾ ਹੋਈ ਜਾਂਦੈ। ਕਿ ਜਾਗਰ ਕੀ ਕੰਧ ਨਾਲ ਖੜੀ ਗਾਂ, ਉਹਨੂੰ ਕਿਰਪਾਨ ਲਈ ਖੜਾ ਗੁਰਮੁੱਖ ਸਿਉਂ ਲੱਗਦੈ। ਤੇ ਛਟੀਆਂ ਦੀ ਢੰਨ ਤੇ ਬੈਠਾ ਲੁੱਟਰ ਕੁੱਤਾ, ਜਮਾਂ ਜਾਗਰ ਦਿਸਦੈ।

"ਹਾਏ ਅੜੀਏ, ਐ ਕਿਉਂ ਲੱਗਦੈ ਮੈਨੂੰ?"

ਸਿਰ ਝਟਕ ਕੇ ਦਿਮਾਗ 'ਚੋਂ ਮਾੜੇ ਤੇ ਡਰਾਉਣੇ ਖਿਆਲ ਕੱਢਣ ਦੀ ਕੋਸ਼ਿਸ਼ ਕਰਦੀ, ਉਹ ਵਿਹੜੇ 'ਚ ਘੁੰਮ ਰਹੀ ਹੈ। ਉਹਦਾ ਦਿਲ ਧੜਕਦੈ। ਅੱਖਾਂ ਖੁੱਲ੍ਹੀਆਂ। ਤੇ ਕੰਨ ਜਮਾਂ ਖੜੇ ਆ। ਉਹਦੇ ਬਰੀਕ ਕੰਨ ਹਰ ਤਰਾਂ ਦਾ ਖੜਾਕ ਸੁਣਦੇ ਆ। ਪਛਾਣ ਦੇ ਆ।

ਮਨੀ ਦੀ 'ਪੈੜ ਚਾਲ' ਨੇ ਅਜੇ ਉਹਦੇ ਕੰਨਾਂ 'ਚ ਸੰਗੀਤ ਨਹੀਂ ਸੀ ਘੋਲਿਆ।

ਕਿਸੇ ਦੇ ਸਾਇਕਲ ਦੇ ਖੜਾਕ ਦੀ ਅਵਾਜ਼ ਉਹਦੇ ਕੰਨਾਂ 'ਚ ਪੈਂਦੀ ਹੈ।

"ਇਹ ਇਸ ਵੇਲੇ ਕੌਣ ਹੋ ਸਕਦੈ?" ਉਹ ਡਰੀ ਤੇ ਸਹਿਮੀ ਹੋਈ ਸੋਚਦੀ ਹੈ, "ਹੋ ਸਕਦੈ, ਜੈਲਾ ਅਮਲੀ ਕਿਤੋਂ 'ਮਾਲ ਪੱਤਾ' ਲੈ ਕੇ ਆਇਆ ਹੋਵੇ।" ਉਹ ਢਿੱਡ 'ਚ ਹੱਸੀ, "ਅਮਲੀ ਤੇ ਆਸ਼ਕ ਵਿਚਾਰੇ ! ਬਿਪਤਾ ਦੇ ਮਾਰੇ।" ਉਹ ਲੰਮਾ ਸਾਹ ਭਰਦੀ ਹੈ।

ਸਾਇਕਲ ਵਾਲੇ ਨੇ ਬੂਹੇ ਮੂਹਰੇ ਆ ਕੇ ਘੰਟੀ ਖੜਕਾਈ। ਸਾਇਕਲ ਦੇ ਅਗਲੇ ਟਾਇਰ ਨਾਲ ਬੂਹਾ ਅੰਦਰ ਨੂੰ ਧੱਕਿਆ। ਬੂਹਾ ਚੁਪੱਟ ਖੁੱਲ੍ਹ ਗਿਆ ਸੀ।

ਕੁੰਡਾ ਤਾਂ ਅੰਦਰੋਂ ਖੁੱਲ੍ਹਾ ਹੀ ਸੀ।

ਗਿਆਨੀ ਗੁਰਮੁੱਖ ਸਿੰਘ ਨੂੰ ਵੇਖਕੇ ਪਾਲੋ ਦਾ ਤ੍ਰਾਹ ਨਿਕਲ ਗਿਆ ਸੀ। ਉਹ ਥਾਂਏ ਸੁੰਨ ਹੋ ਗਈ ਸੀ। ਜਮਾਂ ਬਰਫ਼ ਦੀ ਸਿਲ੍ਹ। ਉਹਦਾ ਪੂਰੇ ਦਾ ਪੂਰਾ ਵਜੂਦ ਜਮਾਂ ਬੇਹਰਕਤ ਹੋ ਗਿਆ ਸੀ। ਅੱਖਾਂ ਅੱਡੀਆਂ ਰਹਿ ਗਈਆਂ ਸੀ। ਤੇ ਮੂੰਹ ਖੁੱਲੇ ਦਾ ਖੁੱਲ੍ਹਾ। ਉਹ ਜਮਾਂ ਮੁੜ੍ਹਕੋ ਮੁੜ੍ਹਕੀ ਹੋ ਗਈ ਸੀ।

ਇਹ ਵੀ ਇਕ ਕੌਤਕ ਸੀ ਕਿ ਉਹ 'ਧੜੱਮ' ਕਰਕੇ ਨਹੀਂ ਸੀ ਡਿੱਗੀ।

ਗਿਆਨੀ ਜੀ ਨੇ ਆਦਤ ਵਜੋਂ ਫਤਹਿ ਬੁਲਾਈ। ਪਰ ਅੱਗੋਂ ਕੋਈ ਜਵਾਬ ਨਹੀਂ।

ਸਾਇਕਲ ਕੰਧ ਨਾਲ ਖੜਾ ਕਰਕੇ ਉਹ ਫਿਰ ਬੋਲਿਆ, "ਸਿੰਘਣੀਏ, ਐਨਾ ਪਿਆਰ, ਗਈ ਰਾਤ ਤੱਕ ਵਿਹੜੇ 'ਚ ਖੜੀ ਉਡੀਕਦੀ ਏ?"

ਪਾਲੋ 'ਮੈਂ ਮੈਂ' ਤੋਂ ਵੱਧ ਕੁੱਝ ਬੋਲ ਨਾ ਸਕੀ।

ਗਿਆਨੀ ਜੀ ਨੇ ਕਮਰੇ ਅੰਦਰ ਪ੍ਰਵੇਸ਼ ਕੀਤਾ। ਵੇਖਿਆ। ਜ਼ੀਰੋ ਵਾਟ ਦਾ ਦੁਧੀਆ ਬਲਬ ਜਗ ਰਿਹੈ। ਨਵਾਰੀ ਮੰਜੇ ਤੇ ਬਿਸਤਰਾ ਕੀਤਾ ਹੋਇਆ ਹੈ। ਮੰਜੇ ਦੇ ਪਾਵੇ ਨਾਲ ਕੌਲੀ ਨਾਲ ਢਕੀ ਹੋਈ ਪਾਣੀ ਦੀ ਗੜਵੀ। ਤੇ ਅੰਗੀਠੀ 'ਤੇ ਚਮਕਦਾ ਸਟੀਲ ਦਾ ਡੋਲੂ।

ਗੁਰਮੁੱਖ ਸਿੰਘ ਜਦੋਂ ਇਹ ਸਭ ਕੁੱਝ ਤਾੜ ਰਿਹਾ ਹੁੰਦਾ ਹੈ। ਨਿਹਾਰ ਰਿਹਾ ਹੁੰਦਾ ਹੈ। ਤਾਂ ਪਾਲੋ ਦਾ ਕਾਲਜਾ ਕੰਬਦਾ ਹੈ। ਉਹ ਸੋਚਦੀ ਹੈ। ਕਿ ਉਹ ਜਦੋਂ ਇਸ ਸਭ ਕਾਸੇ ਬਾਰੇ ਪੁੱਛੂ ਤਾਂ ਉਹ ਕੀ ਜਵਾਬ ਦੇਵੇਗੀ? ਕੁੱਝ ਅਹੁੜਦਾ ਨਹੀਂ।

ਗੁਰਮੁੱਖ ਸਿੰਘ ਦੂਜੇ ਨਾਲ ਦੇ ਕਮਰੇ 'ਚ ਪ੍ਰਵੇਸ਼ ਕਰਦਾ ਹੈ। ਬੱਤੀ ਜਗਾਉਂਦਾ ਹੈ। ਕਮਰਾ ਚਾਨਣ ਨਾਲ ਭਰ ਜਾਂਦਾ ਹੈ। ਦੋਵੇਂ ਬੱਚੇ ਡੱਬਲ ਬੈੱਡ 'ਤੇ ਰਜਾਈ 'ਚ ਘੂਕ ਸੁੱਤੇ ਪਏ ਆ, ਬੈੱਡ ਦੇ ਇਕ ਪਾਸੇ ਤਹਿ ਕੀਤੀ ਰਜ਼ਾਈ ਪਈ ਹੈ। ਨਿਰਸੰਦੇਹ ਪਾਲੋ ਅਜੇ ਤੱਕ ਰਜਾਈ 'ਚ ਨਹੀਂ ਸੀ ਵੜੀ।

ਗੁਰਮੁੱਖ ਸਿੰਘ ਪੱਗ ਲਾਹਕੇ ਅੰਗੀਠੀ 'ਤੇ ਰੱਖਦਾ ਹੈ।



ਕਿੱਲੀ ਤੋਂ ਸਾਫਾ ਲਾਹਕੇ ਸਿਰ 'ਤੇ ਲਪੇਟਦਾ ਹੈ।

"ਪਾਣੀ?" ਪਾਲੋ ਦੇ ਮਸਾਂ ਕਿਤੇ ਬੁੱਲ੍ਹ ਹਿੱਲੇ।

"ਨਹੀਂ।"

"ਦੁੱਧ।" ਪਾਲੋ ਦਾ ਜੁੱਸਾ ਕੰਬਦਾ ਹੈ। ਬੋਲ ਥਿੜਕਦਾ ਹੈ।

"ਦੁੱਧ...?" ਉਹ ਹਲਕਾ ਜਿਹਾ ਹੱਸਿਆ, "ਸਿੰਘ ਬਦਾਮਾਂ ਵਾਲਾ ਦੁੱਧ ਨਿੱਤ ਛਕਦੇ ਆ।"

ਪਾਲੋ ਜ਼ਮਾਂ ਪਾਣੀ ਪਾਣੀ ਹੋ ਗਈ ਸੀ। ਉਹਨੂੰ ਲੱਗਿਆ ਕਿ ਉਹ ਵਿਅੰਗ ਕੱਸਦਾ। ਚੋਰ ਨੂੰ ਆਪਣਾ ਪਾਲਾ ਮਾਰਦਾ। ਚੋਰ ਦੇ ਪੈਰ ਨਹੀਂ ਹੁੰਦੇ।

ਪਾਲੋ ਝੱਖੜ ਮੂੰਹ ਆਏ ਰੁੱਖ ਵਾਂਗੂੰ ਜਮਾਂ ਹਿੱਲੀ ਖੜੀ ਸੀ। ਉਹ ਸਹਿਮੀਆਂ ਅੱਖਾਂ ਨਾਲ ਗੁਰਮੁੱਖ ਸਿੰਘ ਦੇ ਚਿਹਰੇ ਦੇ 'ਹਾਵ ਭਾਵ' ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ।

ਗੁਰਮੁੱਖ ਸਿੰਘ ਬੈੱਡ 'ਤੇ ਤਹਿ ਕੀਤੀ ਪਈ ਰਜ਼ਾਈ ਨੂੰ ਸੂਤ ਕਰਦਾ ਹੋਇਆ ਬੋਲਿਆ।

"ਪਾਠੀ 'ਤੇ ਡਰਾਇਵਰ ਨੂੰ ਤਾਂ ਮੰਜਾ ਚਾਹੀਦਾ ਹੁੰਦੈ। ਮੰਜਾ ਮਿਲਿਆ ਸਮਝੋ। ਉਹ ਸੁੱਤੇ ਸਮਝੋ।" ਉਹ 'ਵਹਿਗੁਰੂ' ਕਹਿ ਕੇ ਰਜ਼ਾਈ 'ਚ ਵੜ ਗਿਆ ਸੀ।

ਪਾਲੋ ਬੁੱਤ ਬਣੀ ਖੜੀ ਸੀ। ਉਹਦਾ ਅੰਦਰ ਕੰਬ ਰਿਹਾ ਸੀ।

"ਜਾਹ ਤੂੰ, ਜਾ ਕੇ ਕੁੰਡਾ ਲਾਇਆ। ਨਾਲੇ ਇੱਟ ਚੱਕ ਕੇ ਅੰਦਰ ਰੱਖਦੀ... ਐਵੇਂ ਨਾ ਕਿਤੇ ਅਗਲਾ...।" ਐਨਾ ਕਹਿ ਕੇ ਗੌਤਮ ਰਿਸ਼ੀ ਰੂਪੀ ਗੁਰਮੁੱਖ ਸਿੰਘ ਨੇ ਰਜਾਈ 'ਚ ਮੂੰਹ ਲਕੋ ਲਿਆ ਸੀ। ਅੰਦਰ ਖੜੀ ਪਾਲੋ ਅਹੱਲਿਆ ਵਾਂਗ ਪੱਥਰ ਦਾ ਬੁੱਤ ਬਣ ਗਈ ਸੀ।


**ਆਲੋਚਨਾ ਵਿਚ ਨਵੀਆਂ**
**ਲੀਹਾਂ ਪਾਉਣ ਵਾਲੇ ਚਿੰਤਕ**
***ਰਜਨੀਸ਼ ਬਹਾਦਰ ਸਿੰਘ***
**ਵੱਲੋਂ ਸਾਲ 2010 ਦੀਆਂ**
**ਪ੍ਰਤੀਨਿਧ ਕਹਾਣੀਆਂ ਦਾ**
**ਸੰਗ੍ਰਹਿ**

## ਚੀਕ ਤੇ ਹੋਰ ਕਹਾਣੀਆਂ

**ਗੁਰਮੀਤ ਕੜਿਆਲਵੀ, ਭਗਵੰਤ ਰਸੂਲਪੁਰੀ, ਮਨਮੋਹਨ ਬਾਵਾ, ਸਰੂਪ ਸਿਆਲਵੀ, ਬਲਬੀਰ ਪਰਵਾਨਾ**

**ਤੇ.... ਆਦਿ ਦੀਆਂ ਕਹਾਣੀਆਂ**

**ਪ੍ਰਕਾਸ਼ਕ**

## ਚੇਤਨਾ ਪ੍ਰਕਾਸ਼ਨ,

**ਲੁਧਿਆਣਾ**

## ਖੁਦਕੁਸ਼ੀ / ਹਰਨੇਕ ਕਲੇਰ

"ਮੈਨੂੰ ਮਾਮਲਾ ਕੁਝ ਹੋਰ ਈ ਲਗਦਾ ਪਾਲ।"

"ਹਾਂ, ਬੀਰ ਸਿਆਂ ਬੰਦਾ ਉਹ ਨਰ ਸੀ। ਐਂ ਤਾਂ ਉਹ ਕਰਨੀ ਸਕਦਾ। ਕੰਮ ਤੋਂ ਮੁੜਦਾ ਸ਼ਾਮ ਨੂੰ ਮੇਰੇ ਕੋਲ ਬਹਿ ਕੇ ਜਾਂਦਾ ਸੀ ਪਰ ਕੱਲ੍ਹ ਰਾਤ ਨੀ ਉਹ ਆਇਆ।" ਗੁਰਪਾਲ ਦੇ ਬੋਲ ਕੰਬ ਰਹੇ ਸਨ।

"ਮੌਕਾ ਤਾਂ ਮੈਂ ਸਰਪੰਚ ਸਾਹਬ ਨੂੰ ਨਾਲ ਲੈ ਕੇ ਦੇਖ ਆਇਆ ਪਰ..." ਥਾਣੇਦਾਰ ਬੀਰ ਸਿੰਘ ਬੋਲਦਾ ਬੋਲਦਾ ਚੁੱਪ ਹੋ ਗਿਆ। ਉਸ ਨੇ ਲੰਬੜਦਾਰ ਨੂੰ ਆਪਣੇ ਵੱਲ ਆਉਂਦਿਆਂ ਦੇਖ ਲਿਆ ਸੀ। ਲੰਬੜਦਾਰ ਮਾਨ ਸਿੰਘ ਸਦਾ ਹੀ ਵੱਢਖਾਨਿਆਂ ਦਾ ਪੱਖੀ ਰਿਹਾ ਸੀ। ਉਹ ਨੇ ਹੀ ਥਾਣੇ ਫੋਨ ਕੀਤਾ ਸੀ। ਪੁਲਿਸ ਦੀ ਗੱਡੀ ਆਉਣ ਤੱਕ ਸਾਰੇ ਪਿੰਡ ਵਿੱਚ ਇਸ ਗੱਲ ਦਾ ਰੌਲਾ ਪੈ ਗਿਆ ਸੀ।

"ਮੇਲਿਆਂ ਤੂੰ ਮਿਲਦਾ ਨੀ ਹੁਣ?"

"ਆਹ ਤਾਂ ਅੱਜ ਚਾਣਚੱਕ ਮੁਲਾਕਾਤ ਹੋ ਗਈ ਯਾਰ... ਮੈਂ ਤਾਂ।"

"ਮੈਂ ਤਾਂ ਕੀ?" ਤੂੰ ਅੱਜ ਆਥਣੇ ਆਪਣੀ ਬਾੜੀ ਵੱਲ ਆਈ। ਤੈਨੂੰ ਇੱਕ ਕਿਤਾਬ ਪੜ੍ਹਨ ਲਈ ਦਊਂ।"

"ਪਾਲ ਹੁਣ ਦਸ ਕੁ ਦਿਨ ਠਹਿਰ ਜਾਹ ਯਾਰ।"

"ਕਿਉ?"

"ਬਾਪੂ ਬਿਮਾਰ ਆ। ਮੈਂ ਬਾਪੂ ਦੀ ਥਾਂ ਵੱਢਖਾਨਿਆਂ ਦੇ ਸੀਰ 'ਚ ਜਾਨਾਂ ਹੁੰਨਾ। ਸੁਰਤ ਬੌਦਲੀ ਪਈ ਆ। ਹਾੜੀ ਦੀ ਵਢਾਈ ਦੇ ਦਿਨ ਨੇ... ਜਾਨ ਮਾਰੀ ਬੰਦਾ ਨੀ ਥਿਆਉਂਦਾ।"

"ਹੁਣ ਅੱਜ ਐਸ ਵੇਲੇ?" ਪਾਲ ਦੇ ਅੱਖਾਂ 'ਚ ਸਵਾਲ ਸੀ।

"ਬਾਪੂ ਨੂੰ ਦਵਾਈ ਦਵਾਉਣ ਆਇਆ ਸੀ ਮੈਂ ਮੁੜ ਕੇ ਖੇਤ ਨੂੰ ਜਾ ਰਿਹਾ।" ਮੇਲੇ ਨੇ ਧੀਮੇ ਬੋਲਾਂ ਨਾਲ ਕਿਹਾ।

ਤੇ ਉਹ ਤੁਰ ਪਿਆ। ਪਾਲੀ ਨੇ ਮੋਟਰਸਾਇਕਲ ਉਸ ਦੇ ਪਿੱਛੇ ਹੀ ਮੋੜ ਲਿਆ।

"ਚੱਲ ਬੈਠ ਕਿੱਥੇ ਐਡੀ ਦੂਰ ਤੱਕ ਤੁਰ ਕੇ ਜਾਏਂਗਾ।"

"ਮੈਂ ਚਲਾ ਜਾਊਂ ਗੁਰਪਾਲ... ਤੂੰ ਆਪਣੇ ਕੰਮ ਜਾਹ।"

"ਮੇਰੇ ਯਾਰ, ਪਿੱਛੇ ਬੈਠ ਤੂੰ, ਮੈਂ ਓਧਰ ਆਪਣੀ ਮੋਟਰ 'ਤੇ ਈ ਜਾਣਾ।"

ਗੁਰਪਾਲ ਹੌਲੀ ਹੌਲੀ ਮੋਟਰ ਸਾਇਕਲ ਚਲਾਉਣ ਲੱਗਾ।

"ਮੇਲਿਆ, ਭਲਾ ਤੂੰ ਉੱਥੇ ਕਰਦਾ ਕੀ ਹੁੰਨੈ?" ਸ਼ਾਇਦ ਗੁਰਪਾਲ ਉਸ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ।

"ਯਾਰ ਮਸ਼ੀਨ 'ਤੇ ਰੁੱਗ ਫੜਾ ਦਿੰਨਾ ਹੁੰਨਾ ਘੀਲੇ ਨੂੰ ਘੰਟਾ ਕੁ ਦਮ ਦਵਾਉਣ ਲਈ ਮਸ਼ੀਨ 'ਚ ਰੁੱਗ ਲਾ ਵੀ ਦਿੰਨਾ।" ਗੱਲ ਕਰਦਿਆਂ ਮੇਲੇ ਦੇ ਅੰਦਰੋਂ ਹੌਂਕਾ ਨਿਕਲ ਗਿਆ।

"ਓ ਯਾਰ ਤੂੰ ਦੇਖੀ ਕਿਤੇ, ਉਨੀਂਦਾ ਨਾ ਰਹੀਂ।" ਫਿਰ ਆਪਣੇ ਖੇਤਾਂ ਵੱਲ ਨੂੰ ਮੁੜਨ ਤੋਂ ਪਹਿਲਾਂ ਗੁਰਪਾਲ ਨੇ ਮੇਲੇ ਦੇ ਦੋਵੇਂ ਹੱਥ ਆਪਣੇ ਹੱਥਾਂ 'ਚ ਲੈ ਕੇ ਘੁੱਟੇ।

ਉਸ ਰਾਤ ਹੀ ਮੇਲੇ ਦਾ ਸੱਜਾ ਹੱਥ ਕਣਕ ਦੇ ਰੁੱਗ ਦੇ ਨਾਲ ਮਸ਼ੀਨ ਵਿੱਚ ਚੜ੍ਹ ਗਿਆ ਅਤੇ ਕੁਤਰ ਹੋ ਗਿਆ।

ਅੱਜ ਮੇਲੇ ਬਾਰੇ ਸਾਰੇ ਪਿੰਡ ਵਿੱਚ ਚਰਚਾ ਸੀ। ਉਸ ਨੇ ਖੁਦਕੁਸ਼ੀ ਕਰ ਲਈ। ਵੱਢਖਾਨਿਆਂ ਦੀ ਮੋਟਰ ਤੇ ਅਲ੍ਹਾਣੀ ਮੰਜੀ ਉੱਤੇ ਉਸ ਦੀ ਲਾਸ਼ ਪਈ ਸੀ। ਕੋਈ ਕੁਸ਼ ਕਹਿ ਰਿਹਾ ਸੀ... ਕੋਈ ਕੁਸ਼, ਪਿੰਡ 'ਚ ਗੱਲਾਂ ਹੋ ਰਹੀਆਂ ਸਨ। ਸੱਥ 'ਚ ਗੱਲਾਂ ਹੋ ਰਹੀਆਂ ਸਨ।

"ਕੀ ਰੀਸਾਂ ਮੇਲੇ ਦੀਆਂ... ਇੱਕ ਹੱਥ ਨਾਲ ਈ ਟਰੈਗਟ ਦੀਆਂ ਭੰਮੀਰੀਆਂ ਘੁੰਮਾ ਦਿੰਦਾ ਸੀ। ਓਹਦੇ ਟੁੰਡ 'ਚ ਬੜੀ ਜਾਨ ਸੀ। ਪਹਿਲਾਂ ਪਹਿਲਾਂ ਉਹ ਖੱਬੇ ਹੱਥ ਨਾਲ ਲਿਖਣ ਦੀ ਪ੍ਰੈਕਟਿਸ ਵੀ ਕਰਦਾ ਹੁੰਦਾ



ਸੀ। ... ਅਖੇ ਦਸਵੀਂ ਦਾ ਇਮਤਿਹਾਨ ਦਊਂ।" ਗੱਲ ਕਰਦਾ ਕਰਦਾ ਸੋਢੀ ਚੌਂਕੜੀਆਂ 'ਤੋਂ ਖੜਾ ਹੋ ਗਿਆ।

"ਬਈ ਗੁਰਪਾਲ ਨਾਲ ਓਹਦੀ ਬਚਪਨ ਦੀ ਆੜੀ ਆ। ਉਹ 'ਕੱਠੇ ਪੜ੍ਹੇ ਆ। ਦੁੱਖ ਪਏ ਤੇ ਬੜਾ ਸਾਥ ਦਿੱਤਾ ਗੁਰਪਾਲ ਨੇ। ਉਹੀ ਜੀਪ ਲੈ ਕੇ ਰਾਤ ਨੂੰ ਹਸਪਤਾਲ ਗਿਆ ਸੀ।" ਜੈਲੀ ਅੱਖਾਂ ਦੇ ਕੋਇਆ 'ਚ ਉਂਗਲਾਂ ਫੇਰਦਾ ਬੋਲਿਆ।

"ਉਹਦਾ ਬਾਪੂ ਦਲੀਪਾ ਮਰ ਗਿਆ। ਅਗਲੇ ਕਹਿੰਦੇ ਜਾਂ ਪੈਹੇ ਧਰ ਜਾਂ ਸੀਰ 'ਚ ਤੁਰ ਪਾ। ਅਗਲਿਆਂ ਦਾ 'ਵੱਢਖਾਣਾ' ਨਾਂ ਐਵੇਂ ਤਾਂ ਨੀ ਪਿਆ ਊਂ ਮੇਲਾ ਆਪ ਤਾਂ ਮਰਨੀ ਮਰ ਗਿਆ, ਭੈਣ ਤੇ ਭਰਾ ਨੂੰ ਬੰਨ੍ਹੇ ਲਾ ਗਿਆ।"

"ਬਈ ਗੁਰਪਾਲ ਸਿਊ ਦੀ ਪਿੱਠ ਸੁਣਦੀ ਆ। ਮੇਲੇ ਦੀ ਰੋਟੀ ਆਪਣੇ ਘਰ ਤੋਂ ਹਰ ਰੋਜ਼ ਹਸਪਤਾਲ ਲੈ ਕੇ ਜਾਂਦਾ ਰਿਹਾ। ਫੇਰ ਬਿੱਲ ਭਰ ਕੇ ਹਸਪਤਾਲ ਤੋਂ ਛੁੱਟੀ ਕਰਾਈ, ਆਪਣੀ ਜੀਪ 'ਤੇ ਘਰ ਛੱਡ ਕੇ ਗਿਆ। ਵੱਢਖਾਣੇ ਤਾਂ ਇਲਾਜ ਤੋਂ ਵੀ ਕੋਰਾ ਜਵਾਬ ਦੇ ਗੇ ਸੀ।" ਸੋਢੀ ਵੀ ਬੋਲਦਾ ਬੋਲਦਾ ਭਾਵੁਕ ਹੋ ਗਿਆ।

"ਉਸ ਸਾਲ ਮੇਲੇ ਦਾ ਮੈਟ੍ਰਿਕ ਦਾ ਇਮਤਿਹਾਸ ਵਿੱਚ ਰਹਿ ਗਿਆ। ਦੇਖ ਲਾ ਸੋਢੀ ਗੁਰਪਾਲ ਉਹਦੇ ਨਾਲੋਂ ਪੜ੍ਹ ਕੇ ਮਾਸਟਰ ਲੱਗ ਗਿਆ ਪਰ ਯਾਰ ਆਹ ਗੱਲ ਦੀ ਸਮਝ ਨੀ ਆਈ। ਐਹੀ ਜਿਹੀ ਗੱਲ ਦਾ ਕੋਈ ਚਿਹਨ ਤਾਂ ਦਿਸਦਾ ਨੀ ਸੀ। ਮੈਂ ਤਾਂ ਮੇਲੇ ਨੂੰ ਸਦਾ ਹੀ ਚੜ੍ਹਦੀ ਕਲਾ 'ਚ ਦੇਖਿਆ।" ਜੇਲੀ ਨੇ ਹਥੇਲੀ 'ਤੇ ਜਰਦੇ ਦਾ ਪਟਾਕਾ ਜਿਹਾ ਪਾਇਆ ਤੇ ਸੋਢੀ ਨੂੰ ਸੁਲ੍ਹਾ ਮਾਰ ਕੇ ਚੂੰਡੀ ਮੂੰਹ 'ਚ ਰੱਖ ਲਈ।

ਫਿਰ ਮੇਲਾ ਕਦੇ ਵੀ ਮੈਟ੍ਰਿਕ ਪਾਸ ਨਾ ਕਰ ਸਕਿਆ। ਉਸ ਦੇ ਬਾਪ ਦਾ ਬੁਖਾਰ ਨਾ ਟੁੱਟਿਆ। ਉਹ ਮੰਜੇ ਨਾ ਮੰਜਾ ਹੋ ਕੇ ਦੋ ਮਹੀਨਿਆਂ 'ਚ ਤੁਰਨ ਤੋਂ ਰਹਿ ਗਿਆ। ਉਸ ਦੀ ਮਾਂ ਉਸ ਦੇ ਟੁੰਡ ਵੱਲ ਦੇਖਦੀ ਸਦਾ ਹੀ ਰੋਂਦੀ ਰਹਿੰਦੀ।

"ਪੁੱਤ ਹੁਣ ਕੀ ਬਣੂੰ ਸਾਡਾ?" ਤੂੰ ਤਾਂ ਕਹਿੰਦਾ ਹੁੰਦਾ ਸੀ ਮੈਂ ਪੜ੍ਹ ਕੇ ਵੱਡਾ ਅਪਸਰ ਬਣੂੰ। ਚੰਦੀਗੜ੍ਹ ਕੋਠੀ ਪਾਊਂ। ਥੋਨੂੰ ਵੀ ਜੱਟਾਂ ਦੇ ਸੀਰ ਦੇ ਜੱਭ 'ਚੋਂ ਕੱਢ ਕੇ ਨਾਲ ਈ ਲੈ ਜੂੰ। ਪੁੱਤ ਵੇ ਤੇਰੀਆਂ ਤਾਂ ਮਨ 'ਚ ਈ ਰਹਿ ਗਈਆਂ।" ਫਿਰ ਇੱਕ ਦਿਨ ਮੇਲੇ ਦੇ ਟੁੰਡ 'ਤੇ ਹੱਥ ਫੇਰਦੀ ਫੇਰਦੀ ਦਲੀਪੋ ਬੇਹੋਸ਼ ਹੋ ਗਈ ਸੀ।

"ਚੱਲੋ ਇੱਕ ਹੱਥ ਤਾਂ ਹੈਗਾ... ਆਪਣਾ ਆਪ ਸੰਭਾਲਣ ਜੋਗਾ।" ਦਲੀਪੋ ਨੇ ਇਹ ਕਹਿ ਕੇ ਸਬਰ ਕਰ ਲਿਆ। ਹੁਣ ਉਸ ਦੇ ਸਰੀਰ 'ਚ ਭੋਰਾ ਜਾਨ ਨਹੀਂ ਰਹੀ ਸੀ। ਮੇਲੇ ਦੇ ਦੁੱਖ ਨਾਲ ਉਹ ਅੰਦਰ ਹੀ ਅੰਦਰ ਖੁਰਦਾ ਗਿਆ ਤੇ ਇੱਕ ਦਿਨ ਤੁਰਦਾ ਬਣਿਆ। ਮਾਂ ਨੂੰ ਇੱਕ ਤਾਂ ਪੁੱਤ ਦਾ ਹੇਰਵਾ ਸੀ, ਦੂਜਾ ਉਸ ਦੇ ਸਿਰ ਦਾ ਸਾਈਂ ਤੁਰ ਗਿਆ। ਫਿਰ ਪੰਜ ਮਹੀਨਿਆਂ ਬਾਅਦ ਉਹ ਆਪ ਵੀ ਤੁਰ ਗਈ। ਮੇਲਾ ਪੜ੍ਹਨ ਵਾਲਾ ਝੋਲਾ ਚੱਕੀ ਉੱਤੇ ਰੱਖ ਕੇ ਵੱਢਖਾਨਿਆਂ ਦੇ ਸੀਰ 'ਚ ਤੁਰ ਪਿਆ। ਮੇਲਾ ਪੜ੍ਹਨ ਵਿੱਚ ਹੁਸ਼ਿਆਰ ਸੀ। ਪਹਿਲਾਂ ਉਹ ਪੰਜਵੀਂ ਤੇ ਫਿਰ ਅੱਠਵੀਂ ਜਮਾਤ ਵਿੱਚੋਂ ਪਿੰਡ ਦੇ ਸਕੂਲ ਵਿੱਚੋਂ ਫ਼ਸਟ ਆਇਆ ਸੀ। ਸਕੂਲ ਦੇ ਮਾਸਟਰ ਸੋਚਦੇ ਸੀ ਇਸ ਸਾਲ ਦਸਵੀਂ 'ਚੋਂ ਵੀ ਉਹੀ ਫ਼ਸਟ ਆਊ। ਸਰਪੰਚ ਗੁਰਮੁੱਖ ਸਿੰਘ ਦਾ ਮੁੰਡਾ ਗੁਰਪਾਲ ਤੇ ਮੇਲਾ ਇਕੋ ਜਮਾਤ ਵਿੱਚ ਸਨ। ਉਹ ਦੋਵੇਂ ਨਿਆਈ ਵਿੱਚ ਬਣਾਏ ਸਰਪੰਚ ਦੇ ਬਾਹਰਲੇ ਘਰ ਹੀ ਬੈਠ ਕੇ ਪੜ੍ਹਦੇ ਸਨ। ਉੱਥੇ ਉਹਨਾਂ ਨੇ ਫੁਲਵਾੜੀ ਬਣਾਈ ਹੋਈ ਸੀ। ਫੁੱਲ ਬੂਟਿਆਂ ਦੇ ਨਾਲ ਨਾਲ ਉਹਨਾਂ ਨੇ ਬਾੜੀ ਵਿੱਚ ਸਬਜ਼ੀਆਂ ਵੀ ਬੀਜੀਆਂ ਹੋਈਆਂ ਸਨ। ਸਬਜ਼ੀਆਂ ਤਾਂ ਮੇਲਾ ਹੀ ਆਪਣੇ ਘਰ ਨੂੰ ਲੈ ਕੇ ਜਾਂਦਾ ਸੀ।

"ਪੁੱਤ ਤੂੰ ਬਹੁਤਾ ਸਰਪੰਚਾਂ ਦੇ ਪਾਲ ਨਾਲ ਨਾ ਰਿਹਾ ਕਰ। ਆਪਣਾ ਉਹਨਾਂ ਨਾਲ ਕੀ ਮੇਲ?" ਸਬਜ਼ੀ ਦਾ ਭਰਿਆ ਝੋਲਾ ਦੇਖ ਕੇ ਦਲੀਪੋ ਮੇਲੇ ਨੂੰ ਸਮਝਾਉਣ ਲੱਗ ਜਾਂਦੀ।

"ਮੈਨੂੰ ਤਾਂ ਕੋਈ ਫ਼ਰਕ ਨੀ ਦਿਸਦਾ ਬੇਬੇ... ਨੱਕ ਮੂੰਹ ਅੱਖਾਂ ਸਭ ਅੰਗ ਇੱਕੋ ਜਿਹੇ ਆ ਸਭ ਦੇ। ਦੁਨੀਆਂ ਦੇ ਸਾਰੇ ਇਨਸਾਨ ਬਰਾਬਰ ਆ। ਨਾਲੇ ਬਾੜੀ ਆਲੀ ਅੱਧਾ ਵਿੱਘਾ ਜਗ੍ਹਾ ਤਾਂ ਗੁਰਪਾਲ ਨੇ ਮੈਨੂੰ ਸੰਭਾਲੀ ਹੋਈ ਆ।

"ਪੁੱਤ ਤੈਨੂੰ ਕੀ ਪਤਾ? ਜੱਟ ਤਾਂ ਵੱਟ ਪਿੱਛੇ ਬੰਦਾ ਵੱਢ ਦਿੰਦੇ ਆ।" ਮੇਲੇ ਨੂੰ ਝੋਲਾ ਫੜਾਉਂਦੀ ਦਲੀਪੋ ਆਖਦੀ। "ਬੇਬੇ ਸਮਾਂ ਬਦਲ ਗਿਆ। ਉਹ ਗੱਲਾਂ ਨੀ ਰਹੀਆਂ ਹੁਣ। ਹੁਣ ਤਾਂ ਜੱਟਾਂ ਦੇ ਖੇਤ ਤੇ ਰਸੋਈਆਂ ਭਈਆਂ ਨੂੰ ਸੰਭਾਲੇ ਹੋਏ ਆ। ਆਪਾਂ ਤਾਂ ਇਸ ਪਿੰਡ 'ਚ ਸਦੀਆਂ ਤੋਂ ਇਹਨਾਂ ਨਾਲ ਇਕੱਠੇ ਰਹਿ ਰਹੇ ਆ। ਇੱਕ ਦੂਜੇ ਦਾ ਦੁੱਖ ਸੁੱਖ ਵੰਡਾਉਂਦੇ ਸੀ। ਗੁਰਪਾਲ ਨੀ ਐਸ ਤਰ੍ਹਾਂ ਦਾ ਬੇਬੇ।"

ਜਦੋਂ ਉਹ ਹਰ ਰੋਜ਼ ਇਕੱਠੇ ਸੱਥ 'ਚੋਂ ਲੰਘਦੇ ਤਾਂ ਕਈ ਆਵਾਜ਼ਾਂ ਉੱਚੀਆਂ ਉੱਠਦੀਆਂ, "ਚੱਲੀ ਬਈ ਹੰਸਾ ਦੀ ਜੋੜੀ।"

ਅੱਜ ਹੰਸਾਂ ਦੀ ਜੋੜੀ ਟੁੱਟ ਗਈ ਸੀ। ਪਥਵਾੜਿਆਂ 'ਚ ਗੋਹਾ ਸਿੱਟਣ ਆਈਆਂ ਔਰਤਾਂ ਕੰਧਾਂ ਨਾਲ ਖੜ੍ਹ ਕੇ ਇੱਕ ਦੂਜੀ ਨਾਲ ਗੱਲਾਂ ਕਰ ਰਹੀਆਂ ਸਨ। "ਨੀ ਮੈਂ ਤਾਂ ਤਾਰ ਦੇ ਭਾਪੇ ਤੋਂ ਸੁਣਿਆ... ਅਖੇ ਇਹਨਾਂ ਵੱਲ ਵੱਢ ਖਾਨਿਆਂ ਦਾ ਕਈ ਲੱਖ ਹੋਇਆ ਪਿਆ ਸੀ।" ਨਿੰਮੋ ਨੇ ਗੱਲ ਤੋਰੀ।

ਹਊ ਭਾਈ, ਉਪਰੋਥੱਲੀ ਤਾਂ ਦੋ ਹੰਗਾਮੇ ਕੀਤੇ। ਪਹਿਲਾਂ ਬਾਪੂ ਮਰ ਗਿਆ। ਫਿਰ ਪੰਜ ਮਹੀਨਿਆਂ ਬਾਅਦ ਬੁੜੀ ਦਲੀਪੋ ਚਲ ਗੀ। ਰੱਜ ਰੱਜ ਖਾ ਕੇ ਗਏ ਆ ਲੋਕ। ਜਲੇਬੀਆਂ ਤਾਂ ਜੈ ਖਾਣੀਆਂ ਰੁਲਦੀਆਂ ਫਿਰਦੀਆਂ ਸੀ। ... ਨੀ ਫੇਰ ਮੇਲੇ ਨੇ ਅਮਰੋ ਦਾ ਵਿਆਹ ਵੀ ਬਥੇਰਾ ਸੁਹਣਾ ਕੀਤਾ। ਦਿਲ ਦਾ ਤਾਂ ਸੇਠ ਸੀ ਮੇਲਾ। ਪੈਲੇਸ ਬੁੱਕ ਕਰਾਇਆ ਸੀ। 'ਅਖੇ ਮੁੰਡਾ ਮੁਹਾਲੀ ਨੌਕਰੀ ਕਰਦਾ, ਸਰਕਾਰ।' ਅਮਰੋ ਵੀ ਦਸਮੀਂ ਪਾਸ ਕਰ 'ਗੀ ਸੀ। ਨੀ ਕੀ ਰੂਪ ਚੜ੍ਹਿਆ ਸੀ। ...ਨੰਦਾ ਵੇਲੇ ਮੈਂ ਤਾਂ ਮਾਂ ਮਸ੍ਹੇਰ ਨੂੰ ਕੰਨਿਆ ਦਾਨ ਦੇ ਕੇ ਆਈ ਸੀ। " ਜੈਲੋ ਕੰਧ ਤੋਂ ਦੀ ਅੰਬਾਂ ਆਲਿਆਂ ਦੀ ਨਿੰਮੋ ਨਾਲ ਗੱਲਾਂ ਕਰ ਰਹੀ ਸੀ।

" ਜਦ ਮੈਂ ਸਵੇਰੇ ਗੋਹੇ ਦਾ ਪਹਿਲਾ ਤਗਾਰ ਲੈ ਕੇ ਆਈ ਸੀ। ਪੁਲਸ ਨੂੰ ਦੇਖ ਕੇ ਮੇਰਾ ਤਾਂ ਦਿਲ ਕੰਬ ਗਿਆ। ... ਜੈਲੋ ਤੂੰ ਦੇਖ ਲਾ ਬੰਦਿਆਂ ਨੂੰ ਕੀ ਹੋਈ ਜਾਂਦਾ? ... ਆਪਣੇ ਪਿੰਡ 'ਚ ਸਾਲ 'ਚ ਚੌਥਾ ਕੇਸ ਆ। ਐ ਈਂ ਪਤਾ ਲਗਦਾ ਬਈ ਫਲਾਣੇ ਨੇ ਆਹ ਕੁਸ਼ ਕਰ ਲਿਆ।" ਨਿੰਮੋ ਦਿਲ 'ਤੇ ਹੱਥ ਧਰੀ ਖੜ੍ਹੀ ਸੀ।

"ਫੌਜੀ ਨੂੰ ਤਾਂ ਫੋਨ ਕਰਤਾ ਹੋਊ?" ਜੈਲੋ ਨੇ ਨਿੰਮੋ ਅੱਗੇ ਹੋਰ ਸਵਾਲ ਰੱਖ ਦਿੱਤਾ।

"ਕਰਤਾ ਹੋਊ ਭੈਣੇ...। ਅਖੇ 'ਫ਼ੌਜਣ ਤਾਂ ਕੰਨ ਨਾਲੋਂ ਮੁਬੈਲ ਨੀ ਲਾਹੁੰਦੀ।" ਅੜੀਏ ਮੇਰਾ ਤਾਂ ਅਜੇ ਬਾਹਲਾ ਈ ਕੰਮ ਪਿਆ। ਮੈਂ ਤਾਂ ਘਰ ਨੂੰ ਚੱਲੀ ਆ।" ਨਿੰਮੋ, ਪਥਵਾੜੇ 'ਚੋਂ ਤਗਾਰ ਚੁੱਕ ਕੇ ਤੁਰ ਗਈ।

"ਓ ਘਰ ਵੀ ਬਹਿ ਜਿਆ ਕਰ... ਬਾਰ ਖੁੱਲ੍ਹਾ ਪਿਆ ਭਾਮੇਂ ਕੋਈ ਅੰਦਰ ਆ ਵੜੇ।" ਜਰਨੈਲ ਅੰਦਰ ਨੂੰ ਆਉਂਦਾ ਬੋਲਦਾ ਆ ਰਿਹਾ ਸੀ।

"ਮੀਤੇ ਦੇ ਭਾਪਾ ਮੈਂ ਤਾਂ ਪਿਛਵਾੜੇ ਅੰਬ ਆਲਿਆਂ ਦੀ ਨਿੰਮੋ ਨਾਲ ਗੱਲਾਂ ਕਰਦੀ ਸੀ।" ਬੋਲਦੀ ਬੋਲਦੀ ਜੈਲੋ, ਸੋਡੀ ਨੂੰ ਨਾਲ ਆਇਆ ਦੇਖ ਰਸੋਈ ਵਿੱਚ ਜਾ ਵੜੀ।

"ਮੇਲਾ ਵਿਚਾਰਾ ਚੰਗਾ ਭਲਾ ਤੁਰ ਗਿਆ। ਵਿਆਹੀ ਨੂੰ ਅਜੇ ਦੋ ਸਾਲ ਹੋਏ ਆ। ਫ਼ੌਜੀ ਤਾਂ ਅਜੇ ਪਿਛਲੇ ਸਾਲ ਵਿਆਹਿਆ। ਦੋਵਾਂ ਭੈਣ ਭਰਾਵਾਂ ਨੂੰ ਮਾਪੇ ਬਣ ਕੇ ਪਾਲਿਆ ਮੇਲੇ ਨੇ। ਆਪਣਾ ਨੀ ਕਰਾਇਆ, ਛੋਟੇ ਭਰਾ ਅਮਰੇ ਦਾ ਵਿਆਹ ਕਰਤਾ ਅਖੇ ਚੱਲੋਂ ਮੇਰਾ ਕੀ ਆ।" ਰਸੋਈ ਵਿੱਚ ਚਾਹ ਬਣਾਉਂਦੀ ਜੈਲੋ ਆਪਣੇ ਆਪ ਹੀ ਬੋਲੀ ਜਾ ਰਹੀ ਸੀ।

"ਜੈਲੀ ਤੈਨੂੰ ਤਾਂ ਗੁਰਪਾਲ ਮਿਲਿਆ ਸਵੇਰੇ, ਬੋਲਦਾ ਸੀ ਕੁਸ਼।" ਸੋਡੀ ਕੁਰਸੀ 'ਤੇ ਬੈਠਦਾ ਬੋਲਿਆ।

"ਜੀਪ ਲਈ ਭੱਜਿਆ ਫਿਰਦਾ, ਅਖੇ ਥਾਣੇਦਾਰ ਤਾਂ ਓਹਦਾ ਜਮਾਤੀ ਆ।" ਸੁਣਿਆ ਦਲਿਤ ਦਾਸਤਾਂ ਵਾਲਾ ਪ੍ਰਧਾਨ ਵੀ ਆ ਗਿਆ। ਵੱਢਖਾਣਿਆਂ ਨੇ ਕਿਸਾਨ ਯੂਨੀਅਨ ਆਲੇ ਬੁਲਾ ਲੇ। ਮਾਮਲਾ ਤਾਂ ਖੁਦਕੁਸ਼ੀ ਦਾ ਬਣੂੰਗਾ। ਬਾਕੀ ਹੋਵੇ ਜੋ ਮਰਜ਼ੀ।" ਜਰਨੈਲ ਬਹੁਤ ਹੀ ਹੌਲੀ ਬੋਲਦਾ ਸੀ। ਜਿਵੇਂ ਉਸ ਨੂੰ ਕਿਸੇ ਦੇ ਗੱਲ ਸੁਣ ਲੈਣ ਦਾ ਡਰ ਹੋਵੇ।

"ਬਈ ਦਲੀਪੋ ਦੇ ਮਰਨ ਤੋਂ ਬਾਅਦ ਮੇਲੇ ਨੇ ਦਸ ਸਾਲ ਠੋਕ ਕੇ ਲਾਏ ਆ ਵੱਢਖਾਣਿਆਂ ਨਾਲ। ਚਲਾਉਂਦਾ ਭਾਵੇਂ ਉਹ ਟਰੈਗਟ ਈ ਸੀ ਪਰ ਕੰਮ ਆਲੀਆਂ ਕੋਠੜੀਆਂ ਭਰ ਤੀਆਂ ਬੱਗੇ ਸ਼ੇਰ ਨੇ। ਸਵੇਰੇ ਚਾਰ ਵਜੇ ਸਟੇਰਿੰਗ ਫੜ ਕੇ ਰਾਤ ਨੂੰ ਦਸ ਵਜੇ ਸੀਟ ਤੋਂ ਉਤਰਦਾ ਸੀ। ਏਨਾ ਕੰਮ ਆਪਣੇ ਲਈ ਕਰਦਾ ਤਾਂ ਚਾਰ ਕੀਲੇ ਬੈਅ ਲੈ ਲੈਂਦਾ। " ਚਾਹ ਦਾ ਸੁੜਾਕਾ ਮਾਰਦਾ ਸੋਡੀ ਆਖ ਰਿਹਾ ਸੀ।



"ਗੱਲ ਤਾਂ ਤੇਰੀ ਠੀਕ ਐ... ਵੱਢਖਾਣਿਆਂ ਨੇ ਗੱਜਣ ਵਾਲੇ ਚਾਰ ਕੀਲੇ ਬੈਅ ਲੈ ਈ ਲਏ।" ਜਰਨੈਲ ਚਾਹ ਦੀ ਘੁੱਟ ਭਰਦਾ ਬੋਲਿਆ।

"ਲਾਸ਼ ਪਤਾ ਨੀ ਕਦ ਆਊ ਜੈਲੀ।"

"ਹਸਪਤਾਲ ਹੋਇਆ, ਥਾਣਾ ਹੋਇਆ , ਟੈਮ ਤਾਂ ਲੱਗ ਈ ਜਾਂਦਾ ਸੋਢੀ।" ਜਰਨੈਲ ਸਿੰਘ ਨੇ ਜੈਲੋ ਨੂੰ ਚਾਹ ਵਾਲੇ ਗਲਾਸ ਚੁੱਕਣ ਲਈ ਆਵਾਜ਼ ਮਾਰੀ।

"ਜੈਲੀ ਊਂ ਚੰਗੇ ਚੰਦੇ ਬੰਦੇ ਦਾ ਮਰਨ ਤੋਂ ਬਾਅਦ ਵੀ ਮਾਣ ਹੁੰਦਾ, ਹੁਣ ਸਾਰਾ ਪਿੰਡ ਉਸ ਦੀ ਸਿੱਠਤ ਦੀਆਂ ਗੱਲਾਂ ਕਰਦਾ।" ਸੋਢੀ ਗੋਡਿਆਂ 'ਤੇ ਹੱਥ ਰੱਖ ਕੇ ਉੱਠਦਾ ਬੋਲਿਆ.

"ਬਈ ਬੰਦਾ ਦਿਮਾਗੀ ਸੀ। ਮੈਟ੍ਰਿਕ ਦੇ ਪਰਚਿਆਂ ਵੇਲੇ ਸੱਜਾ ਹੱਥ ਵੱਢਿਆ ਗਿਆ... ਨਹੀਂ ਤਾਂ ਪੜ੍ਹ ਕੇ ਪਤਾ ਨੀ ਕਿੱਡਾ ਵੱਡਾ ਅਪਸਰ ਬਣਦਾ। ਜਦੋਂ ਕੋਲ ਦੀ ਲੰਘਣਾ ਬੁਲਾ ਕੇ ਜਾਣਾ, ਚਾਚਾ ਆਖਦਾ ਹੁੰਦਾ ਸੀ ਮੈਨੂੰ।" ਜਰਨੈਲ ਸਿੰਘ ਮੰਜੀ ਤੋਂ ਉੱਠਦਾ ਬੋਲਿਆ।

"ਚੰਗਾ ਜੈਲੇ ਮੈਂ ਚੱਲਦਾ... ਘਰੇ ਡੀਕਦੇ ਹੋਣਗੇ। ... ਬਸ, ਓਹਦੀਆਂ ਤਾਂ ਗੱਲਾਂ ਈ ਰਹਿ ਗੀਆਂ ਹੁਣ।" ਜੁੱਤੀ ਦੀ ਠਿੱਪ ਠਿੱਪ ਕਰਵਾਉਂਦਾ ਸੋਢੀ ਬੂਹਾ ਲੰਘ ਗਿਆ।

"ਮੀਤੇ ਦੇ ਬਾਪੂ ... ਆਹ ਤਾਂ ਪਾੜ੍ਹਿਆ ਦੇ ਨੰਜੂ ਛੜੇ ਵਾਲੀ ਗੱਲ ਹੋਈ... ਅਖੇ ਮੰਡੀ 'ਚ ਬੋਹਲ ਦੀ ਰਾਖੀ ਪਿਆ... ਸੁੱਤਾ ਈ ਰਹਿ ਗਿਆ। ਸਵੇਰੇ ਆਹੀ ਪਤਾ ਲੱਗਿਆ ਬਈ ਹੈ ਨੀ।" ਜੈਲੋ, ਜਰਨੈਲ ਸਿੰਘ ਦੇ ਕੋਲ ਆਉਂਦੀ ਬੋਲੀ।

"ਆ ਜੋ ਬਾਈ ਜੀ ਆ ਜੋ ਲੰਘ ਆਓ।" ਜਰਨੈਲ ਸਿੰਘ ਨੇ ਰਸੋਈ ਦੀ ਖਿੜਕੀ 'ਚੋਂ ਜੈਲੋ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਸੋਢੀ ਆਇਆ ਸੀ ਘਰ ਜੈਲੀ ?"

"ਹਾਂ ਬਾਈ ਜੀ। ਮੇਲੇ ਬਾਰੇ ਗੱਲਾਂ ਕਰਦੇ ਕਰਦੇ ਅਸੀਂ ਸੱਥ 'ਚੋਂ ਘਰ ਨੂੰ ਆ ਗਏ।" ਜਰਨੈਲ ਸਿੰਘ ਨੇ ਨੰਬੜਦਾਰ ਮਾਨ ਸਿੰਘ ਨੂੰ ਬੈਠਣ ਲਈ ਕੁਰਸੀ ਰਸੋਈ ਤੋਂ ਪਰੇ ਨੂੰ ਕਰ ਕੇ ਰੱਖ ਦਿੱਤੀ। ਫਿਰ ਆਪ ਵੀ ਮੰਜੀ ਖਿੱਚ ਕੇ ਉਸ ਕੋਲ ਆ ਬੈਠਾ।

"ਜੈਲੀ ਤੂੰ ਸੋਢੀ ਨੂੰ ਬਾਹਲਾ ਨਾ ਬੈਠਾਇਆ ਕਰ। ਉਹਨੂੰ ਐਧਰਲੀ ਗੱਲ ਓਧਰ ਕਰਨ ਦੀ ਆਦਤ ਐ।" ਮਾਨ ਸਿੰਘ ਕੁਰਸੀ 'ਤੇ ਬੈਠਦਾ ਬੋਲਿਆ।

"ਜੈਲੋ, ਬਾਈ ਲਈ ਨੂਣ ਪਾ ਕੇ ਲੱਸੀ ਦਾ ਗਲਾਸ ਲਿਆ।" ਰਸੋਈ ਵੱਲ ਨੂੰ ਮੂੰਹ ਕਰ ਕੇ ਆਵਾਜ਼ ਮਾਰਦਿਆਂ ਜਰਨੈਲ ਨੇ ਕੰਬਦੇ ਬੋਲਾਂ ਨਾਲ ਗੱਲ ਤੋਰੀ, "ਬਾਈ ਬਲਾ ਸ਼ਹਿਰ ਤੋਂ ਲਾਸ਼ ਆ ਜੂ ਅੱਜ?"

"ਆ ਜੂ... ਜੈਲਿਆ, ਲੋਕ ਮੂੰਹ ਆਈਆਂ ਗੱਲਾਂ ਕਰੀ ਜਾਂਦੇ ਆਂ ... ਅਸਲ ਗੱਲ ਹੋਰ ਹੁੰਦੀ ਆ, ਬਣਾਈ ਹੋਰ ਜਾਂਦੈ ਆ। ਨਾਲੇ ਅਹੇ ਜੇ ਕੇਸਾਂ ਨੂੰ ਪੁਲਿਸ ਛੇਤੀ ਨਿਪਟਾਉਣਾ ਚਾਹੁੰਦੀ ਹੁੰਦੀ ਆ... ਸੌ ਤਰ੍ਹਾਂ ਦੀਆਂ ਟੈਨਸ਼ਨਾਂ ਹੁੰਦੀਆਂ ਨੇ।" ਮਾਨ ਸਿੰਘ ਨੇ ਲੱਸੀ ਦਾ ਗਲਾਸ ਪੀ ਕੇ ਮੇਜ਼ 'ਤੇ ਰੱਖ ਦਿੱਤਾ।

"ਬਾਈ ਜੀ ਤੁਸੀਂ ਤਾਂ ਸਵੇਰੇ ਨਾਲ ਈ ਗਏ ਸੀ। ਹਸਪਤਾਲ ਦੀ ਰਿਪੋਟ 'ਚੋਂ ਨਿਕਲਿਆ ਕੁਸ?" ਜਰਨੈਲ ਸਹਿਮੀ ਜਿਹੀ ਆਵਾਜ਼ 'ਚ ਬੋਲਿਆ।

"ਓਏ ਸੁਆਹ ਨਿਕਲਿਆ, ਆਹ ਲੋਕਾਂ ਨੇ ਪੁੱਠੇ ਚੱਜ ਫੜੇ ਹੋਏ ਆ। ... ਸਰਕਾਰ ਨੇ ਖੁਦਕੁਸ਼ੀਆਂ ਦੇ ਪੈਸੇ ਕੀ ਬੰਨ੍ਹ 'ਤੇ ਭੁੱਖ ਈ ਪੈ ਗਈ। ਬਾਕੀ ਅਖ਼ਬਾਰਾਂ ਆਲੇ ਬਥੇਰੇ ਫਿਰਦੇ ਆ ਭਾਈ, ਪੜ੍ਹ ਲੀ ਸਾਰਾ ਕੁਸ਼ ਕੱਲ੍ਹ ਨੂੰ।" ਗੱਲ ਕਰਦਾ ਕਰਦਾ ਮਾਨ ਸਿੰਘ ਉੱਠ ਕੇ ਖੜ੍ਹਾ ਹੋ ਗਿਆ।

"ਲੈ ਜਿਹੜੇ ਕੰਮ ਆਇਆ ਸੀ, ਮੈਂ ਉਹ ਤਾਂ ਭੁੱਲ ਚੱਲਿਆ ਸੀ। ਜੈਲੇ ਕੁੜੀ ਨੂੰ ਆਪ ਚੜ੍ਹਾ ਕੇ ਆਇਆ ਕਰੋ ਚੌਂਕ 'ਤੇ, ਕੱਲ੍ਹ ਤੁਰੀ ਜਾਂਦੀ ਦੇਖੀ ਆ। ... ਸਮਾਂ ਚੰਗਾ ਨੀ ਭਾਈ।" ਮਾਨ ਸਿੰਘ ਬੂਹੇ ਵੱਲ ਨੂੰ ਤੁਰ ਪਿਆ।

ਮਾਨ ਸਿੰਘ ਜਰਨੈਲ ਸਿੰਘ ਦਾ ਵੱਡਾ ਭਰਾ ਸੀ। ਜਦੋਂ ਮਾਨ ਸਿੰਘ ਬੂਹੇ ਵੱਲ ਤੁਰਿਆ ਤਾਂ ਜਰਨੈਲ ਵੀ ਨਾਲ ਹੀ ਤੁਰ ਪਿਆ।

"ਓ ਭਾਈ ਤੂੰ ਘਰ ਬੈਠ... ਇਹ ਖੇਡਾਂ ਹੋਰ ਨੇ, ਵੱਢਖਾਣਿਆਂ ਦੀ ਮੰਤਰੀ ਤੱਕ ਪਹੁੰਚ ਆ। ਅਗਲੇ ਕੀ ਥਾਣਾ ਕੀ ਡਾਕਟਰ ਸਭ ਨੂੰ ਬੰਨ੍ਹੀ ਬੈਠੇ ਨੇ।" ਬੋਲਦਾ ਬੋਲਦਾ ਮਾਨ ਸਿੰਘ ਬੂਹੇ ਕੋਲ ਆ ਕੇ ਰੁੱਕ ਗਿਆ।

"ਦੇਖ ਆਪਾਂ ਸਰਕਾਰ ਦਾ ਖਾਨੈ ਆ, ਸਰਕਾਰ ਦੇ ਪੱਖ ਦੀ ਗੱਲ ਕਰਦੇ ਆ। ਤੂੰ ਇਸ ਗੱਲ ਦਾ ਖਿਆਲ ਰੱਖਿਆ ਕਰ। ਬੈਠ ਘਰ ਮੈਂ ਚਲਾ ਜਾਊ।"

"ਬਾਈ ਜੀ ਮੈਂ ਤਾਂ ਘਰੇ ਈ ਆ... ਬਸ ਬੂਹਾ ਭੇੜਨ ਆਇਆ ਸੀ।" ਮਾਨ ਸਿੰਘ ਦੀ ਗੱਲ ਸੁਣ ਕੇ ਪ੍ਰੇਸ਼ਾਨ ਜਿਹਾ ਹੋਇਆ ਜਰਨੈਲ ਸਿੰਘ ਆ ਕੇ ਮੰਜੀ 'ਤੇ ਲੰਮਾ ਪੈ ਗਿਆ।

"ਮੀਤੋ ਦੱਸਦੀ ਆ, ਮੇਲੇ ਨੂੰ ਤਾਂ ਸਿਵਿਆਂ ਨੂੰ ਜਾਂਦੇ ਆ... ਤੁਸੀਂ ਨੀ ਜਾਣਾ?" ਜੈਲੋ ਨੇ ਜਰਨੈਲ ਦਾ ਮੋਢਾ ਹਿਲਾਉਂਦਿਆਂ ਕਿਹਾ।

"ਅੱਛਾ ਭਲਾ ਲਾਸ਼ ਆ ਗਈ ਸ਼ਹਿਰ ਤੋਂ?" ਜਰਨੈਲ ਉੱਠ ਕੇ ਬਹਿ ਗਿਆ। ਫਿਰ ਸਿਰ ਦਾ ਸਾਫ਼ਾ ਠੀਕ ਕਰ ਕੇ ਬੰਨ੍ਹਦਾ ਜੁੱਤੀ ਪਾ ਕੇ ਬਾਹਰ ਨੂੰ ਤੁਰ ਪਿਆ।

ਸੂਰਜ ਦਾ ਛਿਪਾ ਜਿਹਾ ਹੋ ਚੱਲਿਆ ਸੀ। ਤੇਜ਼ ਤੇਜ਼ ਤੁਰਦਾ ਉਹ ਅਰਥੀ ਨਾਲ ਜਾ ਰਲਿਆ। ਉਸ ਨੇ ਦੇਖਿਆ ਲਗਪਗ ਸਾਰਾ ਪਿੰਡ ਹੀ ਮੇਲੇ ਦੇ ਪਿੱਛੇ ਤੁਰਿਆ ਜਾ ਰਿਹਾ ਸੀ। ਲੋਕ ਆਪਸ ਵਿਚ ਗੱਲਾਂ ਕਰ ਰਹੇ ਸਨ।

"ਅਖੇ ਫੌਜ਼ੀ ਨੂੰ ਜਦੋਂ ਥਾਣੇ 'ਚ ਮੇਲੇ ਦਾ ਬਟੂਆ ਦਿੱਤਾ, ਤਾਂ ਉਹ ਉਹਦੀ ਜੇਬੀ ਕਾਪੀ ਤੇ ਪੈੱਨ ਵੀ ਮੰਗਦਾ ਸੀ।" ਕੋਈ ਕਹਿ ਰਿਹਾ ਸੀ, "ਗਰਜੇ ਕੇ ਭਾਈਏ ਨੇ ਲੰਬੜਦਾਰ ਨੂੰ ਉਹਦੀਆਂ ਜੇਬ੍ਹਾਂ ਫਰੋਲਦੇ ਨੂੰ ਅੱਖੀਂ ਦੇਖਿਆ... ਹਸਾਬ ਤਾਂ ਕੀ, ਉਹ ਨਿੱਕੀ ਨਿੱਕੀ ਗੱਲ ਡਾਇਰੀ ਵਿੱਚ ਲਿਖਦਾ ਸੀ। ਉਹਨੂੰ ਗੱਲਾਂ ਲਿਖਣ ਦੀ ਆਦਤ ਸੀ।"

"ਐਂ ਮਰਨਾ ਖੇਡ ਆ... ਕੋਈ ਗੱਲ ਤਾਂ ਵਿੱਚੋਂ ਹੈਗੀ।" ਗੇਲਾ ਕਲੀਨਰ ਅੱਖਾਂ ਮਟਕਾਉਂਦਾ ਕਹਿ ਰਿਹਾ ਸੀ।

"ਅਖੇ ਜਿਵੇਂ ਫ਼ੌਜੀ ਨੇ ਅਖ਼ਬਾਰਾਂ ਆਲਿਆਂ ਨੂੰ ਦੱਸਿਆ ਬਈ ਬਹੁਤਾ ਕਰਜ਼ਾ ਚੜ੍ਹਿਆ ਹੋਣ ਕਰਕੇ ਇਹਨੇ ਐਂ ਕੀਤਾ। ਚਲੋ... ਸਰਕਾਰ ਤੋਂ ਪੈਸਾ ਮਿਲੂ ਤਾਂ ਵੱਢਖਾਣਿਆਂ ਦਾ ਸਿਰ ਚੜ੍ਹਿਆ ਕਰਜ਼ਾ ਉਤਰਜੂ। ... ਹੁਣ ਫੌਜ਼ੀ ਕੋਲ ਵੀ ਐਨਾ ਪੈਸਾ ਦੇਣ ਨੂੰ ਕਿੱਥੇ ਆ?" ਮਾਸਟਰ ਨੇ ਆਪਣੀ ਗੱਲ ਕਹਿ ਦਿੱਤੀ।

"ਓ ਨਾਲੇ ਭਾਈ ਵੱਢਖਾਣਿਆਂ ਦਾ ਧੀਰਾ ਫੋਜ਼ੀ ਨੂੰ ਸਟੇਸ਼ਨ ਤੋਂ ਕਾਰ 'ਚ ਬੈਠਾ ਕੇ ਲਿਆਇਆ। ਪਾੜ੍ਹਿਆਂ ਦੇ ਨੰਜੂ ਆਲੇ ਕੇਸ ਆਂਗੂੰ ਪਹਿਲਾਂ ਈ ਗੱਲ ਗਿਣ ਲੀ ਹਊ।" ਸੋਢੀ ਛੋਟਾ ਜਿਹਾ ਡੱਕਾ ਤੋੜਦਾ ਬੋਲਿਆ।

ਭਾਈ ਜੀ ਨੇ ਕੀਰਤਨ ਸੋਹਿਲਾ ਪੜ੍ਹ ਕੇ 'ਬੋਲੇ ਸੋ ਨਿਹਾਲ ' ਬੁਲਾ ਦਿੱਤੀ ਸੀ। ਫੌਜ਼ੀ ਨੇ ਲਾਂਬੂ ਲਾਇਆ ਤਾਂ ਗਿੱਲੀ ਕਾਹੀ ਨੇ ਤਿੜ ਤਿੜ ਕਰਕੇ ਅੱਗ ਫੜ ਲਈ। ਹੌਲੀ ਹੌਲ ਲਾਟਾਂ ਛੋਟੀਆਂ ਲਕੜਾਂ ਨੂੰ ਲੂਹਣ ਲੱਗ ਪਈਆਂ। ਲੋਕ ਮੱਚਦੇ ਸਿਵੇ ਵਿੱਚ ਡੱਕਾ ਸੁੱਟ ਕੇ ਵਾਪਸ ਤੁਰਨ ਲੱਗੇ। ਫੌਜ਼ੀ ਤੇ ਵੱਢਖਾਣਿਆਂ ਦਾ ਧੀਰਾ ਸਭ ਤੋਂ ਅੱਗੇ ਜਾ ਰਹੇ ਸਨ। ਉਹਨਾਂ ਦੇ ਪਿੱਛੇ ਲੰਬੜਦਾਰ ਮਾਨ ਸਿੰਘ ਜਾ ਰਿਹਾ ਸੀ। ਪਲੋ... ਪਲੀ, ਸੂਰਜ ਵੱਢਖਾਣਿਆਂ ਦੇ ਪਾਪੂਲਰਾਂ ਉਹਲੇ ਛਿਪ ਗਿਆ। ਗੁਰਪਾਲ ਅਜੇ ਵੀ ਸਿਵੇ ਦੇ ਕੋਲ ਹੱਥ ਵਿੱਚ ਡੱਕਾ ਫੜੀ ਖੜ੍ਹਾ ਸੋਚ ਰਿਹਾ ਸੀ। " ਮੇਲੇ ਖੁਦਕੁਸ਼ੀ ਤਾਂ ਤੈਂ ਕੀਤਾ ਨਹੀਂ ਪਰ ਮੈਨੂੰ ਕੀ ਪਤਾ ਸੀ ਘਰ, ਪਰਿਵਾਰ ਦੇ ਕਰਜ਼ੇ ਬਦਲੇ ਤੈਨੂੰ ਆਪਣੀ ਜਾਨ ਵੀ ਦੇਣੀ ਪਊ।"

"ਨਹੀਂ ਪਾਲ, ਮੈਂ ਕਿੱਥੇ ਮਰਿਆ, ਚੱਲ ਆਪਾਂ ਬਾੜੀ 'ਚ ਬੈਠ ਕੇ ਪੜ੍ਹਿਆ ਕਰਾਂਗੇ।"

"ਅੱਛਾ" ਗੁਰਪਾਲ ਨੂੰ ਲੱਗਿਆ ਜਿਵੇਂ ਮੇਲਾ ਸਿਵੇ 'ਚੋਂ ਉੱਠ ਕੇ ਉਸ ਦੇ ਨਾਲ ਤੁਰ ਪਿਆ ਹੋਵੇ। ਗੁਰਪਾਲ ਨੇ ਹੱਥ 'ਚ ਫੜਿਆ ਡੱਕਾ ਆਪਣੀ ਜੇਬ ਵਿੱਚ ਪਾ ਲਿਆ ਤੇ ਉਹ ਹੌਲੀ ਹੌਲੀ ਆਪਣੀ ਬਾੜੀ ਵੱਲ ਨੂੰ ਤੁਰ ਪਿਆ।

**ਪਤਾ-687 ਐਫ, ਸੈਕਟਰ 68, ਮੁਹਾਲੀ-160062**



## ਮੰਡੀ / ਮਲਕੀਤ ਜੌੜਾ

"ਇਹਨੂੰ ਮੰਡੀ ਲੈ ਜਾ।" ਟਿਕੀ ਹੋਈ ਸਿਖਰ ਦੁਪਹਿਰੇ ਤੂਤਾਂ ਦੀ ਸੰਘਣੀ ਛਾਵੇਂ ਮੰਜੀ ਤੇ ਬੈਠੇ ਬੈਠੇ ਬਾਪੂ ਦੇ ਮੂੰਹੋਂ ਇਹ ਬੋਲ ਸੁਣਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। "ਹਾਂ ਹਾਂ ਵੀਰੇ ਬਾਪੂ ਠੀਕ ਆਖਦਾ ਜਦ ਕੋਈ ਲੈਣਾ ਦੇਣਾ ਹੀ ਨਹੀਂ, ਐਵੇਂ ਪੱਠੇ ਪਾਈ ਜਾਣੇ ਨਾਲੇ ਉਦਾ ਇਸ ਨੂੰ ਕਿੰਨੇ ਖਰੀਦਣਾ ਆ, ਕੋਈ ਹੋਰ ਦੇਖ ਲਾਉ।" ਇਕ ਹੋਰ ਝਟਕਾ ਲੱਗਾ, ਮੈਂ ਸਿਰ ਤੋਂ ਪੈਰਾਂ ਤਕ ਹਿਲ ਗਿਆ, ਇਕਦਮ ਚੁਫੇਰੇ ਨਜ਼ਰ ਘੁਮਾਈ ਫਿਰ ਬਾਪੂ ਦੇ ਮੂੰਹ ਵੱਲ ਵੇਖਿਆ, ਬਾਪੂ ਨੇ ਇਹ ਸ਼ਬਦ ਸਹਿਜ ਹੀ ਘਰ ਦੀ ਪਾਲੀ ਹੋਈ ਝੋਟੀ ਵੱਲ ਇਸ਼ਾਰਾ ਕਰਕੇ ਕਹੇ ਸਨ। ਸੁਣਦੇ ਸਾਰ ਮੇਰੇ ਜਿਵੇਂ ਹੋਸ਼ ਹੀ ਉਡ ਗਏ। ਮੈਂ ਸੋਚਾਂ ਵਿਚ ਡੁੱਬ ਗਿਆ। ਝੋਟੀ ਦੇ ਜਨਮ ਤੋਂ ਲੈ ਕੇ ਹੁਣ ਤਕ ਜੁੜੀਆਂ ਸਾਰੀਆਂ ਗੱਲਾਂ ਨੇ ਮੈਨੂੰ ਹੋਰ ਸਭ ਕੁਝ ਭੁਲਾ ਦਿੱਤਾ। ਘਰ ਦੀ ਪਾਲੀ ਹੋਈ ਮੱਝ ਨੇ ਜਦੋਂ ਇਸ ਝੋਟੀ ਨੂੰ ਜਨਮ ਦਿੱਤਾ ਸੀ , ਤਾਂ ਬਾਪੂ ਸਿਫਤਾਂ ਕਰਦਾ ਨਹੀਂ ਸੀ ਥੱਕਦਾ। ਬੇਬੇ ਨੂੰ ਆਖੇ ਬਾਪੂ ਦੇ ਉਹ ਬੋਲ ਮੇਰੇ ਕੰਨਾ ਵਿਚ ਗੂੰਜਣ ਲੱਗੇ, "ਬਚਨ ਕੁਰੇ, ਦੇਖ ਕਿੰਨੀ ਸਨੁੱਖੀ ਏ ਕੱਟੀ ਨਿਰੀ ਆਪਣੀ ਮਾਂ ਤੇ ਏ, ਹੂ ਬ ਹੂ ਉਹੀ ਨੈਣ ਨਕਸ਼, ਹੈ ਭੋਰਾ ਫਰਕ।" ਪਿਛਲੀ ਵਾਰ ਦੀ ਤਰ੍ਹਾਂ ਦੂਜੀ ਵਾਰ ਵੀ ਮੱਝ ਨੇ ਕੱਟੀ ਨੂੰ ਜਨਮ ਦਿੱਤਾ ਸੀ। ਪਰ ਪਿਛਲੇ ਸੂਏ ਦੀ ਕੱਟੀ ਠੰਡ ਨਾਲ ਮਰ ਗਈ ਸੀ। ਮੱਝ ਨੇ ਵਾਰੇ ਨਿਆਰੇ ਕਰ ਦਿੱਤੇ ਸਨ, ਘਰ ਵਿਚ ਦੁੱਧ ਦੀਆਂ ਲਹਿਰਾਂ ਬਹਿਰਾਂ ਲਾ ਦਿੱਤੀਆਂ ਸਨ, ਗੁਣਾਂ ਦੀ ਗੁੱਥਲੀ ਏ, ਕਿੰਨੀ ਸਾਊ ਏ। ਬਾਪੂ ਨੇ ਮੱਝ ਵੱਲ ਇਸ਼ਾਰਾ ਕਰਕੇ ਕਹੇ ਸਨ। ਇਹ ਕੱਟੀ ਤਾਂ ਇਸ ਤੋਂ ਵੀ ਚਾਰ ਰੱਤੀਆਂ ਉਪਰ ਨਿਕਲੂ ਰਵਾ ਚੰਗਾ ਏ, ਅਸੀਂ ਇਸ ਦੀ ਜੜ੍ਹ ਨਹੀਂ ਗਵਾਉਣੀ। ਮੱਝ ਨੇ ਕੱਟੀ ਦੇ ਕੇ ਆਪਣੀ ਜੜ੍ਹ ਲਾ ਦਿੱਤੀ ਏ। ਇਸ ਕੱਟੀ ਦੀ ਸੇਵਾ ਵਿਚ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਰਹਿਣ ਦੇਣੀ। ਮੈਨੂੰ ਵੀ ਬਾਪੂ ਦੀ ਕਹਿਣੀ ਤੇ ਕਰਨੀ ਵਿਚ ਕਦੇ ਫਰਕ ਨਹੀਂ ਲੱਗਾ। ਕੱਟੀ ਨਸਲ ਦੀ ਏ ਇਸ ਦੀ ਸੇਵਾ ਰੱਜਕੇ ਕਰਾਂਗੇ, ਇਸ ਨੂੰ ਇਸਦੇ ਹਿੱਸੇ ਦਾ ਬਣਦਾ ਦੁੱਧ ਛੱਡਿਆ ਜਾਵੇਗਾ। ਬਾਪੂ ਨੇ ਆਖਿਆ ਸੀ। ਮੱਝਾ ਗਾਵਾਂ ਦੀ ਪਾਲਣ ਪੋਸਣ ਬਾਰੇ ਡਾਕਟਰਾਂ ਦੇ ਵਿਚਾਰ ਸੁਣੇ ਹੋਏ ਤੇ ਨਾਲੇ ਡੰਗਰਾਂ ਪ੍ਰਤੀ ਲੰਮਾ ਤਜਰਬਾ ਵੀ ਸੀ ਕਿ ਡੰਗਰਾਂ ਤੋਂ ਸਹੀ ਮਾਤਰਾ ਵਿਚ ਦੁੱਧ ਲੈਣ ਲਈ ਉਹਨਾਂ ਨੂੰ ਬਚਪਨ ਤੋਂ ਹੀ ਲੋੜੀਦੀ ਖੁਰਾਕ ਦੀ ਜ਼ਰੂਰਤ ਹੁੰਦੀ ਏ।

ਛੇ ਕੁ ਮਹੀਨੇ ਦੀ ਹੋਣ ਤੇ ਬਾਪੂ ਨੇ ਮੱਝ ਦੇ ਨਾਲ ਕੱਟੀ ਲਈ ਵੀ ਵੜ੍ਹੇਵਿਆ ਦੀ ਖਲ ਲੈ ਆਂਦੀ ਸੀ। ਬਾਪੂ ਦਾ ਸਾਰਾ ਧਿਆਨ ਉਦੋਂ ਕੱਟੀ ਤੇ ਹੀ ਰਹਿੰਦਾ। ਬਾਪੂ ਵਿਹੜੇ ਵਿਚ ਬੰਨ੍ਹੀ ਕੱਟੀ ਨੂੰ ਆਉਂਦੇ ਜਾਂਦੇ ਲਾਡ ਲਾ ਕੇ ਲੰਘਦਾ, ਕੱਟੀ ਵੀ ਊਮੈਂ ਊਮੈਂ ਕਰਕੇ ਬਾਪੂ ਪ੍ਰਤੀ ਆਪਣਾ ਸਨੇਹ ਪ੍ਰਗਟ ਕਰਦੀ। ਬਾਪੂ ਉਸਦੀ ਪਿੱਠ ਤੇ ਹੱਥ ਫੇਰਦਾ ਤੇ ਥਾਪੀ ਦਿੰਦਾ। ਕੱਟੀ ਜਿਵੇਂ ਖੁਸ਼ੀ ਵਿਚ ਕੁੱਦਣ ਲੱਗ ਜਾਂਦੀ, ਉਦੋਂ ਬਾਪੂ ਆਖਦਾ ਹੁਣ ਤੋਂ ਹੀ ਇਸ ਦੇ ਪਿੰਡੇ ਤੇ ਹੱਥ ਫਿਰਦਾ ਰਹੂ ਤਾਂ ਵੱਡੀ ਹੋ ਕੇ ਸੀਲ ਨਿਕਲੂ ਖੋਲ੍ਹਣ ਬੰਨਣ ਵੇਲੇ ਕੋਈ ਔਖਆਈ ਨਹੀਂ ਹੋਵੇਗੀ।

ਕੱਟੀ ਤਕੜੀ ਹੁੰਦੀ ਜਾ ਰਹੀ ਸੀ। ਜਦੋਂ ਗਿਆਰ੍ਹਾ ਬਾਰ੍ਹਾ ਮਹੀਨਿਆ ਦੀ ਹੋਈ ਤਾਂ ਉਮੇਦ ਲੈ ਆਂਦੀ ਸੀ। ਰੋਜ਼ ਬਾਪੂ ਉਸਦੇ ਸਿੰਗਾਂ ਨੂੰ ਤੇਲ ਲਾ ਕੇ ਉਨ੍ਹਾਂ ਨੂੰ ਇਕ ਆਕਾਰ ਦੇਣ ਦੀ ਕੋਸ਼ਿਸ਼ ਕਰਦਾ। ਬਾਪੂ ਦੇ ਬੋਲ ਸਨ ਸੋਹਣਾ ਡੰਗਰ ਖੁੰਢੇ ਤੇ ਬੱਝਾ ਸੋਹਣਾ ਲੱਗਦਾ ਏ। ਬਾਪੂ ਦਾ ਤਜਰਬਾ ਸੀ ਦੁੱਧ ਨਾਲ ਘਰ ਦੀਆਂ ਸੌ ਗਰਜਾਂ ਪੂਰੀਆਂ ਹੁੰਦੀਆਂ ਨੇ ਸੇਵਾ ਦੀ ਸੇਵਾ, ਦੁੱਧ ਦਾ ਦੁੱਧ, ਢਾਈ ਤਿੰਨ ਸਾਲ ਦਾ ਸਮਾਂ ਪੂਰਾ ਹੋਇਆ ਕੱਟੀ ਝੋਟੀ ਬਣ ਗਈ ਸੀ। ਰਿਸ਼ਤੇਦਾਰ ਵੀ ਝੋਟੀ ਨੂੰ ਦੇਖ ਦੇਖ ਸਿਫਤਾਂ ਕਰਦੇ ਨਾ ਥੱਕਦੇ, ਆਖਦੇ ਝੋਟੀ ਤੁਹਾਡੀ ਬਹੁਤ ਸਨੁੱਖੀ ਏ ਦੁੱਧ ਵੀ ਰੱਜਕੇ ਦੇਊ, ਪਿੰਡ ਦੀਆਂ ਹੋਰ ਝੋਟੀਆਂ ਨਾਲ ਮੁਕਾਬਲਾ ਕੀਤਾ ਜਾਂਦਾ ਤਾਂ ਸਾਡੀ ਝੋਟੀ ਨੰਬਰ ਇਕ ਹੁੰਦੀ। ਇਕ ਵਾਰ ਜੋਟੀ ਬੀਮਾਰ ਹੋ ਗਈ, ਪੱਠਿਆ ਨੂੰ ਮੂੰਹ ਨਾ ਲਾਵੇ ਸਾਰੇ ਟੱਬਰ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ, ਉਦਾਸ ਪ੍ਰੇਸ਼ਾਨ। ਬਾਪੂ ਨੇ ਤਾਂ ਉਸ ਦਿਨ ਰੋਟੀ ਵੀ ਨਾ ਖਾਧੀ,

ਦੋ ਦਿਨ ਡਾਕਟਰ ਆਉਂਦਾ ਰਿਹਾ ਜਦੋਂ ਡਾਕਟਰ ਤੱਕਲੇ ਵਰਗਾ ਟੀਕਾ ਭਰਕੇ ਝੋਟੀ ਦੀ ਧੌਣ ਤੇ ਲਾਉਂਦਾ ਤਾਂ ਬਾਪੂ ਆਪਣੀਆਂ ਅੱਖਾਂ ਅੱਗੇ ਹੱਥ ਰੱਖ ਲੈਂਦਾ। ਝੋਟੀ ਜਲਦੀ ਰਾਜੀ ਹੋ ਗਈ ਸੀ।

ਉਮਰ ਚੜਾਕੇ ਝੋਟੀ ਨਵੇਂ ਦੁੱਧ ਕਰਾਈ ਗਈ ਸੀ। ਦੋ ਮਹੀਨੇ ਝੋਟੀ ਵੱਲ ਦੇਖਦੇ ਦੇਖਦੇ ਲੰਘ ਗਏ ਝੋਟੀ ਦਾ ਕੁਝ ਪਤਾ ਨਾ ਲੱਗੇ। ਉਹ ਪਹਿਲਾਂ ਨਾਲੋਂ ਕੁਝ ਰਾਜ਼ੀ ਹੋ ਗਈ ਸੀ। ਪਰ ਸ਼ੱਕ ਕੱਢਣ ਲਈ ਡਾਕਟਰ ਨੂੰ ਲਿਆਂਦਾ ਗਿਆ, ਡਾਕਟਰ ਦੇ ਕਹਿਣ ਅਨੁਸਾਰ ਝੋਟੀ ਗੱਭਣ ਏ, ਸਾਰਾ ਟੱਬਰ ਖੁਸ, ਫਿਰ ਸ਼ੁਰੂ ਹੋਈ ਨਵਾਂ ਜੀਅ ਪੈਦਾ ਕਰਨ ਵਾਲੀ ਵਾਂਗ ਸੇਵਾ, ਹੁਣ ਝੋਟੀ ਦੇ ਨਾਲ ਨਾਲ ਉਸਦੇ ਪੇਟ ਅੰਦਰ ਪਲ ਰਹੇ ਕਟਰੂ ਦੇ ਬਾਰੇ ਖੁਰਾਕ ਦੂਣੀ ਕਰ ਦਿੱਤੀ ਗਈ। ਆਏ ਗਏ ਦੀ ਬੁਰੀ ਨਜ਼ਰ ਤੋਂ ਬਚਾਉਣ ਲਈ ਬਾਪੂ ਨੇ ਚੰਮਦੀ ਜੁੱਤੀ ਨਾਲੋਂ ਚਮੜੇ ਦਾ ਟੁਕੜਾ ਕੱਟ ਕੇ ਝੋਟੀ ਦੇ ਗਲ੍ਹ ਪਾ ਦਿੱਤਾ ਸੀ।

ਆਖਰ ਉਹ ਦਿਨ ਆ ਗਿਆ, ਝੋਟੀ ਨੇ ਵੀ ਕੱਟੀ ਨੂੰ ਹੀ ਜਨਮ ਦਿੱਤਾ ਝੋਟੀ ਰੱਜਕੇ ਸੀਲ ਨਿਕਲੀ, ਦੁੱਧ ਨਾਲ ਘਰਦੇ ਸਾਰੇ ਭਾਂਡੇ ਭਰ ਦਿੱਤੇ ਸੀ। ਸਾਰਾ ਟੱਬਰ ਖੁਸ਼ ਸੀ। ਬਾਪੂ ਆਖਦਾ ਅਗਲੇ ਸੂਏ ਤਾਂ ਝੋਟੀ ਇਸ ਤੋਂ ਵੀ ਦੂਣਾ ਦੁੱਧ ਦੇਊ। ਜਦੋਂ ਚੋਂਦੇ ਸਿਫਤਾਂ ਕਰਦੇ ਨਾ ਥੱਕਦੇ। ਮੇਰੇ ਖਿਆਲਾਂ ਦੀ ਲੜੀ ਟੁੱਟੀ, ਸਮਾਂ ਲੰਘ ਚੁੱਕਾ ਸੀ। ਸਿਆਣੇ ਆਖਦੇ ਸਮਾਂ ਇਕੋ ਜਿਹਾ ਨਹੀਂ ਰਹਿੰਦਾ, ਠੀਕ ਹੀ ਜਾਪਿਆ।

ਘਰ ਵਿਚ ਪਤਾ ਨਹੀਂ ਕੀ ਭੂਤ ਵੜ ਆਏ ਇਕ ਦੇ ਬਾਅਦ ਇਕ ਜੀਅ ਬੀਮਾਰ। ਬੀਮਾਰੀ ਛੱਡਣ ਦਾ ਨਾਂ ਹੀ ਨਹੀਂ ਸੀ ਲੈ ਰਹੀ। ਬਾਪੂ ਦੀ ਬੀਮਾਰੀ ਕੁਝ ਵਧਣ ਕਰਕੇ ਸ਼ਹਿਰ ਹਸਪਤਾਲ ਦਾਖਲ ਕਰਵਾਉਣਾ ਪਿਆ ਸੀ। ਪਿੰਡੋਂ ਸ਼ਹਿਰ ਦੂਰ ਹੋਣ ਕਰਕੇ ਕਿਸੇ ਨਾ ਕਿਸੇ ਨੂੰ ਬਾਪੂ ਦੀ ਦੇਖਭਾਲ ਲਈ ਉਸਦੇ ਕੋਲ ਰਹਿਣਾ ਪੈਂਦਾ ਇਨ੍ਹਾਂ ਦਿਨਾਂ ਵਿਚ ਝੋਟੀ ਨੇ ਫਿਰ ਨਵੇਂ ਦੁੱਧ ਹੋਣਾ ਸੀ। ਪਰ ਘਰ ਦੇ ਹਾਲਾਤ ਠੀਕ ਨਾ ਹੋਣ ਕਰਕੇ ਝੋਟੀ ਦੇ ਉਹ ਦਿਨ ਐਵੇਂ ਹੀ ਲੰਘ ਗਏ ਅਗਲੀ ਵਾਰ ਫਿਰ ਕੋਈ ਜਹਿਮਤ ਘਰ ਆ ਵੜੀ। ਉੱਤੋਂ ਝੋਟੀ ਬੀਮਾਰ ਹੋ ਗਈ ਲਗਾਤਾਰ ਕਈ ਦਿਨ ਬੀਮਾਰ ਰਹਿਣ ਕਰਕੇ ਝੋਟੀ ਮਾੜੀ ਵੀ ਹੋ ਗਈ, ਡਾਕਟਰ ਦੀ ਦਵਾਈ ਅਤੇ ਟੱਬਰ ਦੀਆਂ ਦੁਆਵਾਂ ਨਾਲ ਝੋਟੀ ਠੀਕ ਤਾਂ ਹੋ ਗਈ, ਪਰ ਉਸਦੇ ਅੰਦਰ ਕੋਈ ਨੁਕਸ ਪੈ ਗਿਆ, ਬਥੇਰੇ ਯਤਨ ਕੀਤੇ ਮੁੜ ਝੋਟੀ ਨਵੇਂ ਦੁੱਧ ਨਾ ਹੋਈ।

ਬਸ ਇਵੇਂ ਦਿਨ ਲੰਘਦੇ ਗਏ ਪਰਿਵਾਰ ਦੇ ਜੀਆਂ ਦਾ ਝੋਟੀ ਪ੍ਰਤੀ ਰਵੱਈਆ ਕੁਝ ਬਦਲਦਾ ਗਿਆ। ਝੋਟੀ ਪ੍ਰਤੀ ਪਹਿਲੇ ਵਾਲਾ ਤੇਹ ਮੋਹ ਬਾਪੂ ਦਾ ਵੀ ਨਾ ਰਿਹਾ ਸੀ। ਮੰਡੀ ਵੇਚਣ ਦਾ ਖਿਆਲ ਇਸੇ ਗੱਲ ਦਾ ਨਤੀਜਾ ਸੀ। ਬਾਪੂ ਦੀ ਝੋਟੀ ਪ੍ਰਤੀ ਬੇਰੁੱਖੀ ਦੀ ਹੱਦ ਉਦੋਂ ਸਾਰੀਆਂ ਹੱਦਾਂ ਲੰਘ ਗਈ ਜਦੋਂ ਬਾਪੂ ਨੇ ਆਖ ਦਿੱਤਾ ,"ਇਹਨੂੰ ਮੰਡੀ ਲੈ ਜਾ।" ਮੱਲੋ ਮੱਲੀ ਇਸ ਗੱਲ ਨੇ ਮੈਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਬਾਪੂ ਦਾ ਰਵੱਈਆ ਪਰਾਇਆ ਵਾਲਾ ਹੋ ਗਿਆ ਸੀ। ਬਾਪੂ ਨੇ ਸੱਚੀ ਮੁੱਚੀ ਉਸਨੂੰ ਡੰਗਰ ਹੀ ਸਮਝਿਆ ਹੋਵੇ ਜਿਸ ਦੀ ਪੂਰਾ ਸਾਲ ਰੱਜਕੇ ਕਮਾਈ ਖਾਧੀ। ਸਭ ਕੁਝ ਭੁੱਲ ਗਿਆ, ਇੰਝ ਲੱਗਾ ਜਿਵੇਂ ਮਨੁੱਖ ਛੋਟੇ ਮਨ ਵਾਲਾ ਹੋ ਗਿਆ ਹੋਵੇ ਜੋ ਏਡੀਆਂ ਵੱਡੀਆਂ ਗੱਲਾਂ ਨੂੰ ਕਿਵੇਂ ਥੋੜ੍ਹੇ ਸਮੇਂ ਵਿਚ ਭੁਲ ਜਾਂਦਾ ਹੈ। ਬਾਪੂ ਜਿਵੇਂ ਸਵਾਰਥੀ ਹੋ ਗਿਆ ਹੋਵੇ। ਉਸਦੀ ਆਤਮਾ ਮਰ ਗਈ ਹੋਵੇ, ਬਾਪੂ ਦੇ ਕਹਿਣ ਤੋਂ ਮੈਨੂੰ ਇੰਜ ਹੀ ਲੱਗਿਆ ਸੀ। ਪਤਾ ਨਹੀਂ ਬਾਪੂ ਨੇ ਕਿਹੜੇ ਜਿਗਰੇ ਨਾਲ ਇਹ ਸਭ ਆਖ ਦਿੱਤਾ ਸੀ। ਧੀਆਂ ਪੁੱਤਰਾਂ ਤਰ੍ਹਾਂ ਪਾਲੀ ਝੋਟੀ ਬਾਰੇ ਇਹ ਸ਼ਬਦ ਮੇਰੇ ਤਾਂ ਸੀਨੇ ਨੂੰ ਛਲ ਗਏ। ਬਾਪੂ ਹੁਣ ਸ਼ਾਇਦ ਉਹਦੇ ਮਾਸ ਦਾ ਮੁੱਲ ਵੱਟਣਾ ਚਾਹੁੰਦਾ ਸੀ।

ਮੰਡੀ ਸ਼ਬਦ ਮੇਰੇ ਜਿਹਨ ਵਿਚ ਖੁੱਭ ਗਿਆ ਮੈਨੂੰ ਪਤਾ ਮੰਡੀ ਅੰਦਰ ਡੰਗਰਾਂ ਨਾਲ ਕੀ ਹੁੰਦਾ ਏ। ਗਰਮੀਆਂ ਦੇ ਦਿਨ ਹੋਣ ਕਰਕੇ ਰਾਤੀ ਮੰਜਾ ਕੋਠੇ ਤੇ ਡਾਹਕੇ ਲੰਮਾ ਪਿਆ ਤਾਂ ਦੇਰ ਰਾਤ ਤਕ ਮੰਡੀ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗ ਜਾਂਦਾ। ਕਦੇ ਕੋਈ ਖਿਆਲ ਕਦੇ ਕੋਈ ਖਿਆਲ। ਇਕ ਬਾਪੂ ਦੇ ਬੋਲ ਦੂਜੇ ਸੁੱਖੋ ਦੇ ਬੋਲ ਟਿਕਾਅ ਕਿਥੇ। ਸੁੱਖੋ ਜੋ ਮੇਰੀ ਭੈਣ ਮੇਰੇ ਤੋਂ ਉਮਰ ਵਿਚ ਵੱਡੀ ਸੀ ਲੰਮੇ ਸਮੇਂ ਤੋਂ ਪੇਕੇ ਘਰ ਹੀ ਰਹਿ ਰਹੀ ਸੀ। ਸਤ ਸਾਲ ਪਹਿਲਾਂ ਉਸਦਾ ਵਿਆਹ ਬਾਪੂ ਨੇ ਆਪਣੀ ਹੈਸੀਅਤ ਮੁਤਾਬਿਕ ਚੰਗਾ ਘਰ ਦੇਖਕੇ ਕੀਤਾ ਸੀ। ਦੋ ਕੁਝ ਸਾਲ ਤਾਂ ਚੰਗੇ ਲੰਘੇ ਸੀ ਪਰ ਘਰ 'ਚ ਕੋਈ ਖੁਸ਼ੀ ਨਾ ਦਿਖਾਉਣ ਕਰਕੇ ਉਸ ਦਾ ਸਹੁਰੇ ਘਰ ਪਹਿਲਾਂ ਵਾਲਾ ਪਿਆਰ ਸਤਿਕਾਰ ਜਾਂਦਾ ਰਿਹਾ ਸੀ। ਆਖਰ ਉਸਦੇ ਪਤੀ ਨੇ



ਉਸਨੂੰ ਤਲਾਕ ਦੇ ਦਿੱਤਾ ਸੀ। ਭਾਵੇਂ ਉਹ ਰੱਜਕੇ ਸਾਊ ਸੀ ਪ੍ਰਾਹੁਣਾ ਚਾਰੀ ਵੀ ਉਸਨੂੰ ਆਉਂਦੀ ਸੀ ਪਰ ਮਾੜੀ ਕਿਸਮਤ ਉਹ ਕੋਈ ਬੱਚਾ ਪੈਦਾ ਨਹੀਂ ਸੀ ਕਰ ਸਕਦੀ। ਇਹੀ ਉਸਦੀ ਬਦਕਿਸਮਤੀ ਸੀ ਜੋ ਉਸ ਲਈ ਸਰਾਪ ਬਣ ਗਈ ਸੀ, ਹੋਰ ਵੀ ਬਥੇਰੇ ਪਾਸੇ ਦੇਖੇ ਪਰ ਹਰ ਪਾਸੇ ਇਹ ਸਰਾਪ ਅੜਿੱਕਾ ਬਣ ਖੜਦਾ ਕੋਈ ਸੁੱਖੋ ਨੂੰ ਅਪਣਾਉਣ ਲਈ ਤਿਆਰ ਨਾ ਹੁੰਦਾ। ਪਿਛਲੇ ਪੰਜ ਸਾਲਾ ਤੋਂ ਬਾਪੂ ਕੋਲ ਇਥੇ ਹੀ ਰਹੀ ਸੀ। ਦੇ ਮੂੰਹੋਂ ਝੋਟੀ ਬਾਰੇ ਬੋਲ ਸੁਣਕੇ ਮੈਨੂੰ ਦੁੱਖ ਤਾਂ ਬੜਾ ਹੋਇਆ ਵੱਡੀ ਹੋਣ ਕਰਕੇ ਮੈਂ ਕੁਝ ਕਹਿੰਦਾ ਚੰਗਾ ਨਹੀਂ ਸੀ ਲੱਗਦਾ। ਅੱਖ ਲਾਉਣ ਦੀ ਕੋਸ਼ਿਸ਼ ਕਰਦਾ ਪਰ ਕੋਈ ਨਾ ਕੋਈ ਖਿਆਲ ਫਿਰ ਆ ਘੇਰਦਾ। ਮੈਂ ਨਾ ਚਾਹੁੰਦੇ ਹੋਏ ਵੀ ਉਸ ਨਾਲ ਹੋ ਤੁਰਦਾ। ਇਕ ਮੰਡੀ ਸ਼ਬਦ ਜਿਸ ਨੇ ਮੈਨੂੰ ਸਾਰਾ ਦਿਨ ਟਿਕਣ ਨਹੀਂ ਸੀ ਦਿੱਤਾ, ਖਹਿੜਾ ਹੀ ਨਹੀਂ ਸੀ ਛੱਡਦਾ। ਮੰਡੀ ਜੋ ਸ਼ਹਿਰੋਂ ਬਾਹਰ ਫੋਕਲ ਪੁਆਇੰਟ ਤੇ ਹਰ ਮਹੀਨੇ ਦੀ ਬਾਈ ਤਾਰੀਕ ਨੂੰ ਲੱਗਦੀ। ਫੋਕਲ ਪੁਆਇੰਟ ਨਾਲ ਲੱਗਦੀ ਮਿੰਨੀ ਉਦਯੋਗ ਵਿਚ ਇਕ ਵਰਕਸ਼ਾਪ ਵਿਚ ਕੰਮ ਤੇ ਜਾਂਦਿਆਂ ਆਉਂਦਿਆ ਉਥੇ ਕੀ ਹੁੰਦਾ ਇਨ੍ਹਾਂ ਬੇਜੁਬਾਨਿਆ ਨਾਲ ਮੈਂ ਅੱਖੀ ਦੇਖਿਆ ਸੀ। ਕਿਵੇਂ ਲੋਕ ਆਪਣੇ ਡੰਗਰਾਂ ਨੂੰ ਮੀਲਾਂ ਦਾ ਸਫ਼ਰ ਤੈਂਅ ਕਰਕੇ ਲੈ ਕੇ ਆਉਂਦੇ ਹਨ। ਜਿਥੇ ਗੁਣਾਂ ਅਤੇ ਸੋਹਣੇਪਨ ਨੂੰ ਕੋਈ ਨਹੀਂ ਪੁੱਛਦਾ ਦੇਖਦੇ ਆ ਤਾਂ ਵਿਉਪਾਰੀ ਪਿੰਡੇ ਦਾ ਮਾਸ, ਕਿਵੇਂ ਹੁੰਦੀ ਇਨ੍ਹਾਂ ਬੇਜੁਬਾਨਿਆ ਦੀ ਖਿੱਚ ਧੂਹ, ਕਿਵੇਂ ਕਿੱਲੇ ਵਾਂਗ ਗੱਡ ਦਿੱਤੇ ਜਾਂਦੇ ਨੇ, ਪਸ਼ੂ, ਫਿਰ ਵਿਉਪਾਰੀ ਉਸਦੇ ਚਾਰ ਚੁਫੇਰੇ ਘੁੰਮਕੇ ਤੇ ਸੋਚ ਵਿਚਾਰ ਤੋਂ ਬਾਅਦ ਲਾਉਂਦੇ ਨੇ ਮੁੱਲ। ਇਨ੍ਹਾਂ ਬੇਜ਼ਬਾਨਿਆ ਨੂੰ ਧੁੱਪੇ ਤੇ ਧੁੱਪੇ, ਤਿਹਾਏ ਤਾ ਤਿਹਾਏ, ਪੰਜ ਪੰਜ ਹੱਥ ਰੱਸੇ ਪਾ ਕੇ ਸੀਮਿੰਟ ਦੇ ਬਣੇ ਪੋਲਾ ਜਾਂ ਸੁੱਕੇ ਰੁੱਖਾਂ ਦੇ ਮੁੱਢਾ ਨਾਲ ਨੂੜ ਦਿੱਤਾ ਜਾਂਦਾ ਹੈ, ਕੋਈ ਪਾਣੀ ਦਾ ਪ੍ਰਬੰਧ ਨਹੀਂ ਨਾ ਹੀ ਹਰੇ ਚਾਰੇ ਦਾ। ਸਰਕਾਰ ਭਾਵੇਂ ਸੌ ਸੌ ਦਾਅਵੇ ਕਰਦੀ ਆ ਕੋਈ ਕਿਸੇ ਪ੍ਰਕਾਰ ਦਾ ਪ੍ਰਬੰਧ ਨਹੀਂ ਸਿਰਫ ਫੀਸ ਲੈਣ ਨਾਲ ਹੁੰਦਾ ਹੈ ਮਤਲਬ।

ਸਫ਼ਰ ਤੇ ਰਵਾਨਾ ਕਰਨ ਤੋਂ ਪਹਿਲਾਂ ਕਿਵੇਂ ਸੇਕੀਆਂ ਜਾਂਦੀਆਂ ਨੇ ਇਨ੍ਹਾਂ ਬੇਜੁਬਾਨਾਂ ਦੀਆਂ ਪਿੱਠਾਂ, ਕਿੰਨੀ ਬੇਰਹਿਮੀ ਨਾਲ ਨੂੜੀਆਂ ਜਾਂਦੀਆਂ ਨੇ ਨੱਥਾ ਟਰੱਕਾ ਦੇ ਡਾਲਿਆ ਨਾਲ, ਕਿਵੇਂ ਤੂੰਨੇ ਜਾਂਦੇ ਨੇ ਇਕ ਟਰੱਕ ਵਿਚ। ਨਾ ਚੜ੍ਹਨ ਤੇ ਕਿਵੇਂ ਗੁਪਤ ਅੰਗਾ ਵਿਚ ਤੂਤ ਦੀਆਂ ਸਿਟੀਆਂ, ਆਰਾਂ ਮਾਰ ਮਾਰ ਕੇ ਕੀਤੇ ਜਾਂਦੇ ਨੇ ਲਹੂ ਲੁਹਾਨ, ਅੱਗੇ ਨਾ ਤੁਰਨ ਦੀ ਸੂਰਤ ਵਿਚ ਖਿੱਚੇ ਜਾਂਦੇ ਨੇ ਹੱਥ ਵਿਚ ਫੜ ਕੇ ਗੁਪਤ ਅੰਗ, ਬੇਜੁਬਾਨੇ ਵੀ ਮਿੰਟ ਨਹੀਂ ਲਾਉਂਦੇ ਅੱਗੇ ਹੋਣ ਵਿਚ, ਬੰਦਾ ਦੇਖੇ ਤਾਂ ਲੂ ਕੰਡੇ ਖੜ ਹੋ ਜਾਣ, ਰਾਤ ਦੀ ਰੋਟੀ ਤੇ ਨੀਂਦ ਭੁੱਲ ਜਾਵੇ। ਔਹਰੇ ਤੋਂ ਔਹਰਾ ਡੰਗਰ ਵੀ ਉਸ ਵੇਲੇ ਕਿਵੇਂ ਸਹਿਮ ਜਾਂਦਾ ਹੈ ਸਮੁੱਚਾ ਦ੍ਰਿਸ਼ ਦੇਖਕੇ, ਉਦੋਂ ਮੈਂ ਸੋਚਦਾ ਇਨ੍ਹਾਂ ਨੂੰ ਮਨੁੱਖ ਕਹਿੰਦੇ ਨੇ ਜੋ ਸਭ ਅਹਿਸਾਸਾ, ਦਰਦਾਂ ਤੋਂ ਕੋਰੇ, ਮਨੁੱਖ ਨਹੀਂ ਹੋ ਸਕਦੇ ਪੈਸੇ ਦੇ ਯਾਰ ਨੇ। ਇਹ ਸੱਚ ਹੈ ਇਨ੍ਹਾਂ ਬੇਜੁਬਾਨਿਆਂ ਨਾਕਾਰਿਆਂ ਨੂੰ ਮੰਡੀ ਵਿਚ ਵੇਚਣਾ ਜੁਰਮ ਨਹੀਂ ਜਾਇਜ ਹੈ ਪਰ ਜੋ ਕਹਿਰ ਇਨ੍ਹਾਂ ਤੇ ਢਾਇਆ ਜਾਂਦਾ ਹੈ, ਇਨ੍ਹਾਂ ਨੂੰ ਰਵਾਨਾ ਕਰਨ ਤੋਂ ਪਹਿਲਾਂ ਬੋਲੇ ਜਾਂਦੇ ਨੇ ਭੈੜੇ ਬੋਲ ਕੀ ਇਨ੍ਹਾਂ ਨਾਲ ਤਰਸ ਤੇ ਪਿਆਰ ਨਾਲ ਪੇਸ਼ ਨਹੀਂ ਆਇਆ ਜਾ ਸਕਦਾ, ਜਲਾਮਪੁਣਾ ਛੱਡਕੇ ਪਿਆਰ ਨਾਲ ਨਹੀਂ ਪਹੁੰਚਾ ਸਕਦੇ ਸਹੀ ਸਥਾਨ ਤੇ। ਉਦੋਂ ਮੇਰੇ ਮੂੰਹ ਵਿਚ ਇਹ ਬੋਲ ਆਪ ਮੁਹਾਰੇ ਹੀ ਆ ਜਾਂਦੇ,

ਕਿੰਨਾ ਖੁਦਗਰਜ ਹੋ ਗਿਆ ਅੱਜ ਦਾ ਇਨਸਾਨ,
ਕੱਖਾਂ ਤੋਂ ਵੀ ਤੁਛ ਸਮਝਦਾ ਏ ਬੇਜੁਬਾਨਿਆ ਦੀ ਜਾਨ।

ਮੰਡੀ ਬਾਰੇ ਖਿਆਲਾਂ ਨੇ ਮੈਨੂੰ ਤ੍ਰੇਲੀਓ-ਤ੍ਰੇਲੀ ਕਰ ਦਿੱਤਾ। ਖਿਆਲ ਵਿਚ ਘੁੰਮਦਿਆਂ ਅਜੇ ਅੱਖ ਲੱਗੀ ਹੀ ਸੀ ਕਿ ਸੰਗਲ ਦੇ ਖੜਕਣ ਦੀ ਆਵਾਜ਼ ਕੰਨੀ ਆ ਪਈ, ਕਿਸੇ ਡੰਗਰ ਦੇ ਖੁੱਲ੍ਹਣ ਦੀ ਅਵਾਜ਼ ਆਈ ਨਾਲ ਬੱਝੇ ਬਾਕੀ ਡੰਗਰਾਂ ਨੇ ਖੌਰੂ ਪਾਇਆ ਹੋਇਆ ਸੀ ਸੁਤ ਉਨੀਂਦਾ ਕੋਠੇ ਤੋਂ ਹੇਠਾ ਉਤਰਿਆ ਜਦ ਤਕ ਭੈਣ ਸੁੱਖੋ ਵੀ ਜਾਗ ਪਈ ਸੀ। ਹਨੇਰਾ ਹੋਣ ਕਰਕੇ ਪਤਾ ਹੀ ਨਾ ਲੱਗੇ ਬੈਟਰੀ ਮਾਰਕੇ ਦੇਖਿਆ ਝੋਟੀ ਨੇ ਖੁੰਢਾ ਪੱਟਾਇਆ ਹੋਇਆ ਸੀ। ਮਸਾਂ ਪੱਠਿਆ ਦਾ ਰੁੱਗ ਲੈ ਕੇ ਪਤਿਆ ਕੇ ਸੰਗਲ ਫੜ ਝੋਟੀ ਨੂੰ ਦੂਸਰੇ ਖੁੰਢੇ ਬੰਨ੍ਹ ਮੈਂ ਫਿਰ ਕੋਠੇ ਤੇ ਸੌਣ ਲਈ ਚੜ੍ਹ ਮੰਜੇ ਤੇ ਜਾ ਪਿਆ।

ਗਰਮੀ ਹੋਣ ਕਰਕੇ ਪੱਤਾ ਨਹੀਂ ਸੀ ਹਿਲਦਾ। ਸਾਇਦ ਮੀਂਹ ਹੀ ਆ ਜਾਵੇ। ਜਿਹੜਾ ਏਨਾ ਵੱਟ ਹੋਇਆ ਪਿਆ, ਅਚਾਨਕ ਇਕ ਹਵਾ ਦਾ ਬੁੱਲਾ ਆਇਆ ਮੇਰੀ ਅੱਖ ਲੱਗ ਗਈ, ਹਵਾ ਤੇਜ ਹੋਈ। ਤੜਕਸਾਰ ਵਿਰਲੀ ਵਿਰਲੀ ਛਿੱਟ ਪੈਣ ਲੱਗੀ। ਮੈਂ ਅਬੜਬਾਹੇ ਉੱਠਿਆ ਅਸਮਾਨ ਤੇ ਬੱਦਲ ਛਾਏ ਹੋਏ ਸੀ। ਅਚਾਨਕ ਮੀਂਹ ਦੇ ਆਉਣ ਦੀ ਸੰਭਾਵਨਾ ਹੋਣ ਲੱਗੀਆਂ। ਮੈਂ ਫਟਾ ਫਟ ਬਿਸਤਰਾ ਕੱਠਾ ਕੀਤਾ ਤੇ ਮੰਜਾ ਬਨੇਰੇ ਨਾਲ ਲਮਕਾ ਕੇ ਕਾਹਲੀ ਕਾਹਲੀ ਹੇਠਾ ਉਤਰ ਆਇਆ ਜਦ ਤਕ ਬਾਪੂ ਤੇ ਸੁੱਖੋ ਤੇ ਹੋਰ ਮੈਂਬਰ ਵੀ ਆਪਣੇ ਮੰਜੇ ਅੰਦਰ ਕਰ ਚੁੱਕੇ ਸਨ। ਮੈਂ ਆਪਣਾ ਮੰਜਾ ਲਾਹ ਵਰਾਂਡੇ ਵਿਚ ਡਾਹ ਕੇ ਬਿਸਤਰਾ ਵਿਛਾ ਕੇ ਅਜੇ ਲੰਮਾ ਹੀ ਪਿਆ ਸੀ, ਕਿ ਬੜੇ ਜ਼ੋਰ ਦੀ ਬਿਜਲੀ ਕੜਕੀ ਚਾਰੇ ਪਾਸੇ ਰੌਸ਼ਨੀ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਹਨੇਰਾ ਹੋ ਗਿਆ। ਬਿਜਲੀ ਦੀ ਲਿਸ਼ਕ ਵਿਹੜੇ ਦੇ ਬਿਲਕੁਲ ਵਿਚੋਂ ਹੋ ਕੇ ਮੁੜ ਗਈ ਸੀ। ਬਿਜਲੀ ਦੀ ਜ਼ੋਰਦਾਰ ਚਮਕ ਤੇ ਗਰਜ ਕਾਰਨ ਬਾਪੂ ਵੀ ਸਹਿਮ ਜਿਹਾ ਗਿਆ। ਕੋਲ ਪਏ ਬਾਪੂ ਨੇ ਆਖਿਆ ਕਾਕਾ ਬਿਜਲੀ ਕੜਕੀ ਹੈ ਖੈਰ ਤਾਂ ਹੈ। ਕਾਕਾ ਦਿਨ ਤਾਂ ਹੁਣ ਚੜ੍ਹ ਹੀ ਗਿਆ ਹੈ, ਹੁਣ ਲੰਮੇ ਪੈ ਕੇ ਕੀ ਕਰਨਾ, ਬਾਪੂ ਦੇ ਬੋਲ ਹਾਲੇ ਮੂੰਹ ਵਿਚ ਹੀ ਸਨ ਕਿ ਇਕਦਮ ਫਿਰ ਬਿਜਲੀ ਕੜਕੀ ਘਰ ਦੇ ਸਾਰੇ ਦਰਵਾਜੇ ਖਿੜਕੀਆਂ ਹਿਲ ਗਏ, ਬਾਹਰ ਇਕ ਅੜਾਟ ਸੁਣਾਈ ਦਿੱਤਾ ਮੈਂ ਤੇ ਬਾਪੂ ਉਠਕੇ ਬਾਹਰ ਵਿਹੜੇ ਵਿਚ ਗਏ, ਦੇਖਿਆ ਤਾਂ ਝੋਟੀ ਡਿੱਗੀ ਪਈ ਸੀ। ਪਿੰਡੇ ਦਾ ਮਾਸ ਝੁਲਸ ਗਿਆ ਸੀ। ਜਦ ਤਕ ਸੁਖੋ ਵੀ ਆ ਪਹੁੰਚੀ, ਝੋਟੀ ਵੱਲ ਦੇਖਦਿਆਂ ਹੀ ਮੇਰੇ ਮੂੰਹੋਂ ਨਿਕਲਿਆ ਚੱਲ ਬਾਪੂ ਝੋਟੀ ਨੇੜੇ ਛੁੱਟ ਚਲੀ ਏ, ਮੰਡੀ ਵਿਚ ਤਾਂ ਇਸ ਤੋਂ ਕਿਤੇ ਵਧ ਮਾੜਾ ਹਾਲ ਹੋਣਾ ਸੀ, ਅੱਗੇ ਇਸ ਤੋਂ ਵੀ ਮਾੜਾ। ਝੋਟੀ ਸਹਿਕ ਰਹੀ ਸੀ, ਉਸ ਨੇ ਇਕ ਟਕ ਪਹਿਲਾਂ ਸੁਖੋ ਵੱਲ ਦੇਖਿਆ ਤੇ ਫਿਰ ਬਾਪੂ ਵੱਲ ਦੇਖਕੇ ਦੋ ਤਿੰਨ ਵਾਰ ਅੱਖਾਂ ਝਮਕੀਆਂ, ਜਿਵੇਂ ਕਹਿ ਰਹੀ ਹੋਵੇ ਬਾਪੂ ਮੈਂ ਵੀ ਤਾਂ ਤੇਰੀ ਧੀ ਸੀ। ਬਾਪੂ ਵੱਲ ਦੇਖਿਆ ਤਾਂ ਬਾਪੂ ਦੀਆਂ ਪਲਕਾਂ ਤੇ ਹੰਝੂ ਸਨ।

ਪਤਾ ਪਿੰਡ ਤੇ ਡਾਕ. ਜੌੜਾ, ਜ਼ਿਲ੍ਹਾ ਹੁਸ਼ਿਆਰਪੁਰ-144203

**ਖ਼ੁਦਕੁਸ਼ੀ ਇਕ ਚੁੱਪ ਦੀ, ਬੁੱਧ ਬੇਹੋਸ਼ ਹੈ ਤੇ ਬਾਗ਼ੀ ਕੋਹੀਂ ਦੀਵਾ ਤੋਂ ਬਾਅਦ**

**ਚਿੰਤਨੀ ਸੁਰ ਦੇ ਕਵੀ**

**ਹਰਵਿੰਦਰ ਭੰਡਾਲ ਦਾ ਨਵਾਂ ਕਾਵਿ ਸੰਗ੍ਰਹਿ**

**ਚਰਾਗਾਹਾਂ ਤੋਂ ਪਾਰ**

ਹਰਵਿੰਦਰ ਭੰਡਾਲ ਦੀ ਕਵਿਤਾ ਪੁਖਤਾ ਸ਼ਾਇਰੀ ਹੈ। ਇਹਦੀ ਕਾਵਿਕ ਆਕਾਂਖਾ ਵੀ ਬਲਵਾਨ ਹੈ, ਕੋਈ ਐਵੇਂ ਕੈਵੇਂ ਵਿਸ਼ਿਆਂ ਤੇ ਹੱਥ ਨਹੀਂ ਚੁੱਕਿਆ। ਉੱਚ ਆਕਾਂਖਾ ਨੂੰ ਇਕੋ ਇਕ ਖਤਰਾ ਕਾਹਲੇ ਭਰਮਪਾਤ ਦਾ ਹੁੰਦਾ ਹੈ, ਖਾਸ ਕਰ ਜੇ ਸਵੀਕ੍ਰਿਤੀ ਦੀ ਘਾਟ ਮਹਿਸੂਸ ਹੋਵੇ। ਜੇ ਹਰਵਿੰਦਰ ਭੰਡਾਲ ਕਇਮ ਦਾਇਮ ਰਹਿੰਦਾ ਹੈ ਤਾਂ ਇਹਦਾ ਬਿਰਧ ਕਵੀ ਹੋਣਾ ਲਾਜ਼ਮੀ ਹੈ।

**-ਸੁਰਜੀਤ ਹਾਂਸ**

***ਚੇਤਨਾ ਪ੍ਰਕਾਸ਼ਨ, ਲੁਧਿਆਣਾ***

***ਮੁੱਲ :100, ਪੰਨੇ :84***



## ਬੱਕਰੀਆਂ ਵਾਲੇ / ਗੁਰਪ੍ਰੀਤ ਸੰਧੂ

"ਬੁੜਾ ਵੀ ਸੰਦ ਨਾਥ ਈ ਆ ਸਾਲਾ, ਸਾਰੀ ਉਮਰ ਏਹ ਤੋਂ ਆਪਣੀ ਤੀਵੀਂ ਓ ਨੀ ਲੋਟ ਆਈ, ਥਾਂ ਕੁਥਾਂ ਖੇਹ ਖਾਂਦੀ ਫਿਰਦੀ ਆ। ਵੱਡਾ ਬਾਈ ਤਾਰਾ, ਛੋਟੇ ਕੇਸਰ ਨਾਲ ਬੈਠਾ ਨਸ਼ੇ 'ਚ ਊਲ-ਜਲੂਲ ਬਕ ਰਿਹਾ ਹੈ। ਪੌਣੀ ਬੋਤਲ ਪੀ ਬੈਠੇ ਨੇ, ਕਾਹਲੀ ਨਾਲ ਅੰਦਰ ਪੈੱਗ ਸੁਟ ਕੇ ਕੇਸਰ ਨਵਾਂ ਪੈੱਗ ਬਣਾ ਰਿਹਾ ਹੈ।

"ਪੀ ਲਾ ਸਾਲਿਆ ਪੀ ਲਾ ਤਾਂ ਹੀ ਘਰੋਂ ਬਾਹਰ ਨਿਕਲਣ ਜੋਗਾ ਹੋਏਗਾ, ਜਿਹੜੇ ਚੰਦ ਮਾਂ ਤੇ ਬਾਵੀ ਚੜ੍ਹਾ ਰਹੀਆਂ ਨੇ ਉਹਨਾਂ ਘਰੋਂ ਬਾਹਰ ਨਿਕਲਣ ਜੋਗਾ ਛੱਡਿਐ ਕਿਤੇ।" ਕਮਰੇ 'ਚੋਂ ਬਾਹਰ ਜਾਂਦਾ ਲੜਖੜਾ ਰਿਹੈ ਬਾਈ, ਬੂਹੇ ਨੂੰ ਹੱਥ ਪਾ ਕੇ ਧੌਣ ਸੁੱਟੀ ਖੜਾ ਪਤਾ ਨੀਂ ਕੀ ਕੁਝ ਸੋਚ ਰਿਹੈ। ਬਾਈ ਦੀਆਂ ਗੱਲਾਂ ਸੁਣ ਕੇ ਕੇਸਰ ਵੀ ਨਿੰਮੋਝੂਣਾ ਜਿਹਾ ਹੋਇਆ ਉਠਦਾ ਹੈ ਤੇ ਕਮਰੇ ਦੇ ਦਰਵਾਜੇ ਨਾਲ ਖੜੇ ਬਾਈ ਨੂੰ ਜੱਫੀ ਪਾ ਕੇ ਬਾਪੂ ਵਾਲੇ ਕਮਰੇ ਵੱਲ ਜਾਂਦਾ ਹੈ,

"ਤੂੰ ਤਾਂ ਸਾਰੀ ਉਮਰ ਬੱਕਰੇ ਵੇਚੀ ਗਿਆ, ਖਰੀਦੀ ਗਿਆ, ਝਟਕਈ ਗਿਆ ਜੇ ਦੋ ਚਾਰ ਸੰਖੀਆਂ ਖਾ ਲੈਂਦਾ ਤਾਂ ਮਾਂ ਨੂੰ ਬਾਹਰ ਨਾ ਮੂੰਹ ਮਾਰਨਾ ਪੈਂਦਾ ਤੇ ਨਾ ਸਾਨੂੰ ਜਣੇ ਖਣੇ ਤੋਂ ਟਿੱਚਰਾਂ ਸੁਣਨੀਆਂ ਪੈਂਦੀਆਂ। ਕਿਸੇ ਨਾਲ ਖਾਧੀ ਪੀਤੀ 'ਚ ਮਾੜਾ ਮੋਟਾ ਬੋਲ-ਬੁਲਾਰਾ ਹੋ ਜਾਵੇ ਅਗਲਾ ਸਿੱਧਾ ਕਹਿੰਦੈ ਮਾਂ ਤੇ ਭੈਣ ਨੂੰ ਤਾਂ ਸੰਭਾਲ ਲਾ ਪਹਿਲਾਂ, ਜਣੇ ਖਣੇ ਥੱਲੇ ਪੈਂਦੀਆਂ ਫਿਰਦੀਆਂ ਨੇ, ਸਾਲਾ ਬੱਕਰੀਆਂ ਆਲਾ, ਉਦੋਂ ਜੀ ਕਰਦਾ ਸੀ ਸਾਲੇ ਦੀ ਜ਼ੁਬਾਨ ਵੱਢ ਦਿਆਂ। ਪਰ ਉਹਨਾਂ ਦਾ ਕੀ ਕਸੂਰ ਆ, ਜਦੋਂ ਆਪਣਾ ਭਾਂਢਾ ਈ ਖੁੱਲਿਆਂ ਹੋਵੇ ਤਾਂ ਕੁੱਤੇ ਤਾਂ ਮੂੰਹ ਮਾਰਨਗੇ ਹੀ।" ਕੇਸਰ ਬਾਪੂ ਦੇ ਕਮਰੇ 'ਚ ਵੜਦਿਆਂ ਕਹਿੰਦਾ ਹੈ।

"ਥੋਨੂੰ ਜਿਆਦਾ ਈ ਮੱਖ ਲੜਦੀ ਲਗਦੀ ਆ ਮਾਂ ਜਾਵਿਆ ਨੂੰ।" ਬਾਪੂ ਮੰਜੇ ਤੋਂ ਉਠਦਿਆਂ ਕਹਿ ਰਿਹੈ।

ਮੱਖ ! ਹਾਂ ਲੜਦੀ ਆ ਮੱਖ ਸਾਨੂੰ ਮਾਂ ਜਾਵਿਆ ਨੂੰ, ਠੀਕ ਹੀ ਕਿਹਾ ਤੂੰ ਬਾਪੂ ਥਾਂ ਥਾਂ ਤੇ ਜਵਾ ਰਹੀ ਆ ਮਾਂ ਤਾਂ।" ਬਾਈ ਲੜਖੜਾਉਂਦਾ ਕਮਰੇ 'ਚ ਵੜ ਆਉਂਦਾ ਹੈ।

"ਅਕਲ ਕਰੋ ਅਕਲ, ਬੋਲਣ ਲੱਗਿਆ ਗਲ ਤੱਕ ਮੂੰਹ ਪਾਟਦੈ ਥੋਡਾ। ਬਾਵੀ ਭੈਣ ਉਨ੍ਹਾਂ ਨੂੰ ਫੜ ਕੇ ਕਮਰੇ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦੀ ਹੋਈ ਕਹਿੰਦੀ ਹੈ।

"ਤੂੰ ਢਕੀ ਰਹਿ ਮੂੰਹ ਨਾ ਖੁੱਲ੍ਹਵਾ ਮੇਰਾ, ਟੋਭੇ ਦਾ ਗਵਾਹ ਐਂ ਤੁਸੀਂ।" ਬਾਈ ਪਤਾ ਨੀ ਕੀ ਕੀ ਬਕੀ ਜਾ ਰਿਹਾ ਹੈ।

"ਹਾਂ-ਹਾਂ, ਜਾਨੀ ਆ ਖੇਹ ਖਾਣ ਮਾਂ ਨਾਲ, ਥੋਡੇ ਢਿੱਡ ਨੂੰ ਜੋ ਝੁਲਸਾ ਦੇਣਾ ਹੁੰਦੈ। ਤੂੰ ਤਾਂ ਤਾਰਿਆ ਲੱਗਿਆ ਹੋਇਆ ਐ ਨੌਕਰੀ, ਕਦੇ ਦਿੱਤੀ ਆ ਦਵਾਨੀ ਵੀ ਘਰੇ, ਹੈ ਕੋਈ ਫਿਕਰ ਘਰ ਦਾ, ਬਸ ਖਾਣ ਈ ਜਾਣਦੈ। ਆਹ ਜਿਹੜੀ ਡੱਫੀ ਹੋਈ ਆ ਇਹ ਵੀ ਖੇਹ ਖਾ ਕੇ ਆਏ ਪੈਸਿਆਂ ਦੀ ਓ ਆਈ ਆ।" ਬਾਵੀ ਤੈਸ਼ 'ਚ ਆਈ ਚੰਡੀ ਬਣੀ ਬੈਠੀ ਹੈ।

"ਧਾਰ ਨੀ ਮਾਰਦੇ ਇਹੋ ਜਿਹੀ ਬੋਤਲ ਤੇ, ਆਹ ਦੇਖ ਹੁਣੇ ਕਢ ਦਿਨੇ ਆ ਬਾਹਰ।" ਹਲਕ 'ਚ ਉਂਗਲ ਮਾਰ ਕੇ।" ਉਹ ਬਾਹਰ ਕੱਢਣ ਲੱਗ ਪੈਂਦਾ ਹੈ।

"ਉਂਗਲ ਮਾਰਿਐ ਪਹਾੜ ਨੀ ਸਰਕਦੇ ਹੁੰਦੇ ਕੇਸਰਾ, ਕਿਸੇ ਨੂੰ ਦੋਸ਼ ਦੇਣ ਦਾ ਕੀ ਫਾਇਦਾ, ਕਿਸੇ ਨੂੰ ਦੋਸ਼ ਦੇ ਕੇ ਕੀ ਬਣੂ। ਮੇਰੇ ਨਾਲ ਕਰੋ ਜਿਹੜੀ ਗੱਲ ਕਰਨੀ ਆ। ਮੈਂ ਦੇਨੀ ਆ ਜਵਾਬ। ਮਾਂ ਦੀ ਆਵਾਜ਼ ਕੰਨੀ ਪੈਂਦੀ ਹੈ। ਦੋਵੇਂ ਚੁੱਪ ਕਰਕੇ ਨੀਵੀਂ ਪਾ ਬੈਠ ਗਏ ਨੇ। ਮਾਂ ਖੁਰੇ 'ਚ ਜਾ ਵੜੀ ਹੈ ਤੇ ਤਾਰਾ ਕਾਹਲੀ ਕਾਹਲੀ ਲੜਖੜਾਉਂਦਾ ਆਪਣੇ ਕਮਰੇ 'ਚ। ਹੁਣ ਦੇਖ ਸਾਲੇ ਮਾਂ ਨੂੰ ਦੇਖ ਕਿਵੇਂ ਮੂਤ ਦੀ ਝੱਗ ਵਾਂਗ ਬਹਿਗੇ। ਮੇਰੇ ਈ ਝਾਟੇ ਨੂੰ, ਮੇਰੀ ਈ ਓ ਦਾੜ੍ਹੀ ਨੂੰ ਪੈਂਦੇ ਨੇ ਮੇਰੇ ਸਾਲੇ ਦੇ ਕੁ ਬੀ।"

"ਅਸੀਂ ਤਾਂ ਐਵੇਂ ਈ ਟਾਈਮ ਪਾਸ ਕਰ ਰਹੇ ਆ ਬਾਪੂ।" ਕੇਸਰ ਬਾਪੂ ਨੂੰ ਜੱਫੀ ਪਾਉਂਦੇ ਕਹਿੰਦਾ ਹੈ।

"ਦੇਖ ਸਾਲਾ ਹੁਣ ਕਿਵੇਂ ਖੇਖਣ ਕਰਦੈ।" ਬਾਪੂ ਨੇ ਕੇਸਰ ਨੂੰ ਆਪਣੇ ਨਾਲੋਂ ਝਟਕ ਦਿੱਤਾ ਹੈ।

"ਬੱਕਰੇ ਝਟਕਦਾ ਸੀ ਬਾਪੂ ਥੋਡਾ, ਨਾਲੇ ਬੱਕਰੇ ਲਿਆ ਲਿਆ ਵੇਚਦਾ ਹੁੰਦਾ ਸੀ। ਜਿੰਨਾ ਕਮਾਉਂਦਾ

ਖਾ ਪੀ ਕੇ ਉਡਾ ਦਿੰਦਾ। ਇਕ ਪੈਸਾ ਵੀ ਕਦੇ ਘਰੇ ਨੀ ਲਿਆਇਆ। ਮਾਂ ਥੋਡੀ ਕੀ ਕਰਦੀ, ਭੁੱਖੇ ਮਰਨ ਦਿੰਦੀ ਥੋਨੂੰ। ਤੈਨੂੰ ਤਾਰਿਆ ਨੌਕਰੀ ਲਵਾ ਦਿੱਤਾ, ਕੀ ਮਾੜਾ ਕੀਤਾ ਬੱਕਰੀਆਂ ਨੂੰ ਤੋਰੀ ਫੁਲਕੇ ਜੋਗੇ ਕਰਤਾ, ਪੜਾ-ਲਿਖਾ ਰਹੀ ਹੈ ਥੋਨੂੰ। ਜ਼ਿੰਦਗੀ ਬਣਾ ਤੀ ਥੋਡੀ।” ਚਾਚੇ ਦੀ ਆਵਾਜ਼ ਸਾਂਝੀ ਕੰਧ ਦੇ ਪਰਲੇ ਪਾਸਿਓਂ ਉਹਦੇ ਘਰੋਂ ਆਉਂਦੀ ਹੈ।

“ਆਹ ਵੀ ਸਾਲੀ ਕੋਈ ਜਿੰਦਗੀ ਆ, ਨਾ ਸਕੂਟਰ , ਨਾ ਮੋਟਰ ਸਾਇਕਲ, ਨਾ ਕਾਰ, ਹੋਰ ਤਾਂ ਹੋਰ ਸਾਇਕਲ ਵੀ ਨਹੀਂ ਸਾਡੇ ਥੱਲੇ ਤੇ ਮਾਂ ਸਾਡੀ ਨਿੱਤ ਬਦਲਵੇਂ ਥੱਲੇ।” ਕੇਸਰ ਵੀ ਬਾਈ ਦੇ ਰੰਗ ’ਚ ਰੰਗਿਆ ਗਿਆ ਲਗਦਾ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ, “ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਦਾ ਹੈ। ਨਹੀਂ ਤਾਂ ਮਾਂ ਬਾਰੇ ਇਹੋ ਜਿਹੇ ਖਿਆਲ ਕਦੇ ਵੀ ਨਹੀਂ ਨਿਕਲੇ ਕੇਸਰ ਦੇ ਮੂੰਹੋਂ। ਪਤਾ ਨੀ ਕੀ ਸੁੰਘਾਇਆ ਹੈ ਬਾਈ ਨੇ ਕੇਸਰ ਨੂੰ। ਤੇ ਬਾਈ ਤਾਂ ਇਹਤੋਂ ਵੀ ਚੜਦਾ ਚੰਨ ਹੈ। ਮਾਂ ਦੇ ਬਾਰੇ ਪਤਾ ਨੀਂ ਕੀ ਕੀ ਉਲਟ ਪੁਲਟ ਬੋਲਦਾ ਰਹਿੰਦਾ ਹੈ। ਪਾਗਲਾਂ ਵਾਂਗ। ਪਹਿਲਾਂ ਨਹੀਂ ਸੀ ਇਹੋ ਜਿਹੇ ਖਿਆਲ ਕਦੇ ਨਿਕਲੇ ਕੇਸਰ ਦੇ ਮੂੰਹੋਂ। ਪਤਾ ਨੀਂ ਕੀ ਸੰਘਾਇਆ ਹੈ ਬਾਈ ਨੇ ਕੇਸਰ ਨੂੰ। ਤੇ ਬਾਈ ਤਾਂ ਇਹਤੋਂ ਵੀ ਚੜਦਾ ਚੰਨ ਹੈ। ਮਾਂ ਦੇ ਬਾਰੇ ਪਤਾ ਨੀਂ ਕੀ ਕੀ ਉਲਟ ਪੁਲਟ ਬੋਲਦਾ ਰਹਿੰਦਾ ਹੈ। ਪਾਗਲਾਂ ਵਾਂਗ। ਪਹਿਲਾਂ ਨਹੀਂ ਸੀ ਇਹੋ ਜਿਹਾ ਬਾਈ। ਜੋ ਮਿਲ ਗਿਆ ਖਾ ਲਿਆ, ਜੋ ਮਾਂ ਨੇ ਦਵਾ ਦਿੱਤਾ ਪਹਿਨ ਲਿਆ। ਬੜਾ ਮੋਹ ਕਰਦਾ ਸੀ ਮਾਂ ਦਾ, ਡਰਦਾ ਕਮਰੇ ’ਚੋਂ ਬਾਹਰ ਨਹੀਂ ਸੀ ਨਿਕਲਦਾ। ਪਿਸ਼ਾਬ ਕਰਨ ਜਾਣਾ ਤਾਂ ਮਾਂ ਨਾਲ, ਹੱਗਣ ਜਾਣਾ ਤਾਂ ਮਾਂ ਨਾਲ। ਹੁਣ ਹਰ ਵੇਲੇ ਮਾਂ ਨੂੰ ਭੰਡਦਾ ਰਹਿੰਦਾ ਹੈ। ਜਦੋਂ ਦੀ ਨੌਕਰੀ ਮਿਲੀ ਆ ਪੁਲਸ ਦੀ ਸਾਲੇ ਦੇ ਪੈਰ ਈ ਧਰਤੀ ਤੇ ਨਹੀਂ ਲਗਦੇ। ਭੁਲ ਗਿਆ ਸ਼ਾਇਦ ਪੁਲਸ ਦੀ ਨੌਕਰੀ ਵੀ, ਪੁਲਸ ਦੇ ਵੱਡੇ ਅਫਸਰ ਥੱਲੇ ਸੌਂਦੀ ਮਾਂ ਕਰਕੇ ਹੀ ਮਿਲੀ ਹੈ। ਨਹੀਂ ਤਾਂ ਕੌਣ ਪੁਛਦੈ ਅੱਜ ਕੱਲ 12 ਪਾਸ ਨੂੰ ਬੀ. ਏ., ਐਮ. ਏ. ਆਲੇ ਫਿਰਦੇ ਨੇ ਧੱਕੇ ਖਾਂਦੇ।”

“ਮੇਰੇ ਸਾਲੇ ਦੇ ਤੋਂ ਨਾ ਰੇਸ ’ਚ ਭੱਜ ਹੋਇਆ, ਨਾ ਲੰਮੀ ਛਾਲ, ਨਾ ਉੱਚੀ ਛਾਲ ਇਹਦੇ ਤੋਂ ਵੱਜੀ। ਗਿੱਠ ਗਿੱਠ ਲੰਮੀ ਜੀਭ ਕੱਢ ਕੇ ਹੌਂਕਣ ਲੱਗ ਪਿਆ ਸੀ ਕੁੱਤੇ ਆਂਗੂੰ। ਇਹ ਤਾਂ ਮਾਂ ਹੀ ਸੀ ਜਿਹਦੇ ਕਰਕੇ ਨੌਕਰੀ ਮਿਲ ਗਈ। ਨਸ਼ੇ ਕਰ ਕਰ ਬੀੜੀਆਂ ਸਿਗਰਟਾਂ ਪੀ ਪੀ ਤਾਂ ਕਲੇਜਾ ਮੱਚਿਆ ਪਿਐ। ”

“ਕਲੇਜਾ ਮਚਾਉਣ ਦਾ ਕੋਈ ਫਾਇਦਾ ਨਹੀਂ ਸਿਗਰਟਾਂ ਬੀੜੀਆਂ ਪੀ ਪੀ ਨਸ਼ੇ ਕਰ ਕਰ, ਇਕ ਵਾਰ ਮੂੰਹ ਨੂੰ ਲਗ ਜਾਣ ਫੇਰ ਨੀ ਛੱਡੇ ਜਾਂਦੇ। ਜੇ ਛੱਡ ਵੀ ਦੇਵੇਂ ਤਾਂ ਕਦੇ ਨਾ ਕਦੇ ਫੇਰ ਲੱਗ ਹੀ ਜਾਂਦੇ ਨੇ। ਮਾਸਟਰ ਖੇਡਾਂ ਵਾਲਾ ਬੜਾ ਸਮਝਾਉਂਦਾ ਸੀ ਉਦੋਂ ਕੇਸਰਾ। ਬਾਈ ਪਤਾ ਨਹੀਂ ਅਤੀਤ ਦੀ ਕਿਹੜੀ ਰਾਖ ਬਣੀ ਚੰਗਿਆੜੀ ਛੇੜ ਬੈਠਾ ਹੈ ਕੇਸਰ ਨਾਲ,

“ਉਦੋਂ ਨਿਆਣ ਮੱਤ ’ਚ ਸੋਚਦੇ ਹੁੰਦੇ ਸੀ ਕਿ ਕੀ ਨੀ ਛੱਡ ਸਕਦਾ ਬੰਦਾ ਬਸ ਮਨ ਮਾਰਨ ਦੀ ਲੋੜ ਹੈ।” ਹੁਣ ਪਤਾ ਲਗਦੈ ਬੰਦਾ ਤਾਂ ਬੜੀ ਕੋਸ਼ਿਸ਼ ਕਰਦਾ ਹੈ ਨਸ਼ੇ ਨੂੰ ਛੱਡਣ ਦੀ ਪਰ ਨਸ਼ਾ ਨਹੀਂ ਨਾਂ ਛਡਦਾ ਬੰਦੇ ਨੂੰ ਸਾਰੀ ਉਮਰ।

ਇਹ ਨਸ਼ਾ ਹੀ ਸੀ ਸ਼ਰਾਬ ਦਾ ਜੀਹਨੇ ਸਾਰੀ ਉਮਰ ਨਾ ਬਾਪੂ ਦਾ ਖਹਿੜਾ ਛੱਡਿਆ, ਤਾਂ ਹੀ ਤਾਂ ਮਾਂ ਨੂੰ ਹਾਰ ਕੇ ਘਰ ਚਲਾਉਣ ਲਈ ਅੱਕ ਚਬਣਾ ਪਿਆ। ਤੇ ਹੁਣ ਬਾਈ ਵੀ ਉਸੇ ਰਾਹ ਪਿਆ ਹੋਇਐ।

“ਕਿਹੜੀ ਚੀਜ ਦੀ ਕਮੀਂ ਹੈ ਤੇਰੇ ਕੋਲ ਬਈ, ਸਰਕਾਰੀ ਨੌਕਰੀ ਕਰਦੈ ਤੂੰ, ਛੱਡ ਖਹਿੜਾ ਨਸ਼ਿਆਂ ਦਾ। ਮੈਂ ਬਾਈ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।

“ਕਮੀ ਹੈ ਛੋਟਿਆ ਕਮੀ ਹੈ, ਬਸ ਦਿਲ ’ਚ ਰੜਕਦੈ ਕੁਛ। ਘਰੋਂ ਨਿਕਲਣ ਸਾਰ ਲਗਦੈ ਜਿਵੇਂ ਸਾਰੇ ਲੋਕਾਂ ਦੀਆਂ ਨਿਗਾਹਾਂ ਕਹਿ ਰਹੀਆਂ ਹੋਣ ਔਹ ਜਾ ਰਿਹੈ ਗਸ਼ਤੀ ਦਾ ਪੁੱਤ। ਉਦੋਂ ਮੈਂ ਸੋਚਦਾ ਹਾਂ ਮਾਂ ਦਾ ਫਾਹਾ ਕਿਸ ਤਰ੍ਹਾਂ ਵੱਢਿਆ ਜਾ ਸਕੇ। ਹੁਣ ਤੂੰ ਦੱਸ ਦੇਵੇਂਗਾ ਮੇਰਾ ਸਾਥ ਤਾਂ ਜੋ ਮਾਂ ਦਾ ਕੰਡਾ ਕੱਢਿਆ ਜਾ ਸਕੇ।” ਹੈਰਾਨੀ ’ਚ ਜਕੜਿਆ ਜੜ੍ਹ ਹੋ ਗਿਆ ਹਾਂ ਮੈਂ। ਇਕ ਚੁੱਪ ਮੇਰੇ ਬੁੱਲ੍ਹ ਸੀਂਅ ਦੇਂਦੀ ਹੈ। ਸੋਚ ਰਿਹਾਂ ਇਸ ਹੱਦ ਤੱਕ ਵੀ ਜਾ ਸਕਦੈ ਬਾਈ। ਕਿੰਨਾ ਜ਼ਹਿਰ ਭਰਿਆ ਵਿਐ ਇਹਦੇ ਅੰਦਰ ਮਾਂ ਵਾਸਤੇ। ਉਹੀ ਮਾਂ ਜੀਹਨੇ ਸਾਡੀ ਹਰ ਇਕ ਰੀਝ ਪੂਰੀ ਕਰਨ ਲਈ ਪਤਾ ਨਹੀਂ ਕਿੰਨਾ ਕੁ ਨਰਕ ਭੋਗਿਆ ਹੋਣੈ।

“ਘੁੰਗਣੀਆਂ ਪਾ ਲਈਆਂ ਮੂੰਹ ’ਚ ਛੋਟਿਆ।” ਬਾਈ ਦੀ ਤੱਕਣੀ ਮੇਰੇ ਵੱਲ ਖੜੀ ਹੈ।



“ਕਾਇਰ ਆ ਤੂੰ ਸਾਲਿਆ ਕਾਇਰ, ਅਣਖ ਨਾ ਦੀ ਜੇ ਕੋਈ ਸ਼ੈਅ ਤੇਰੇ ’ਚ ਨਹੀਂ ਜਾਗਦੀ ਤਾਂ ਦੱਲਾ ਬਣਜਾ ਦੱਲਾ, ਦੋ ਘਰੇ ਹੈਗੀਆਂ ਨੇ, ਦੋ-ਚਾਰ ਹੋਰ ਕੱਠੀਆਂ ਕਰਲਾ ਵਾਹਵਾ ਖਰਚ ਨਿਕਲ ਜਾਇਆ ਕਰੂ ਤੇਰਾ। ਕਲਿਆਣ ਹੋ ਜੂ ਤੇਰਾ ਕਲਿਆਣ।”

“ਕਰਨਾ ਹੀ ਪੈਣਾ ਐ ਮਾਂ ਦਾ ਕਲਿਆਣ ਬਾਈ, ਪਰ ’ਕੱਲੀ ਮਾਂ ਦਾ ਨਹੀਂ ਨਾਲ ਬਾਵੀ ਦਾ ਵੀ ਕੰਡਾ ਕੱਢਣਾ ਪੈਣਾ ਐ।” ਕੇਸਰ ਦੀ ਫੁਸਫੁਸਾਉਂਦੀ ਅਵਾਜ਼ ਮੈਂ ਬਾਈ ਦੇ ਕਮਰੇ ਵਾਲੇ ਦਰਵਾਜ਼ੇ ਨਾਲ ਕੰਨ ਲਾ ਕੇ ਸੁਣ ਰਿਹਾ ਹਾਂ। ਦੇਖ ਸਾਲੇ ਕੀ ਕੀ ਸਕੀਮਾਂ ਘੜ ਰਹੇ ਨੇ। ਕੇਸਰ ਤੋਂ ਇਹ ਉਮੀਦ ਨਹੀਂ ਸੀ। ਭੁਲ ਗਿਆ ਸਾਲਾ ਕਿੰਨੀ ਵਾਰ ਮਾਂ ਛਡਾ ਕੇ ਲਿਆਈ ਐ ਥਾਂਣਿਓਂ। ਟਰੱਕਾਂ ਤੋਂ ਬੋਰੀਆਂ ਲਾਹੁੰਦੇ ਕਿੰਨੀ ਵਾਰ ਫੜ ਕੇ ਥਾਣੇ ਦਿੱਤਾ ਸੀ ਟਰੱਕਾਂ ਵਾਲਿਆ ਨੇ। ਥੋੜੀ ਕੁੱਟ ਖਾਧੀ ਹੈ ਇਹਨੇ ਟਰੱਕਾਂ ਵਾਲਿਆਂ ਤੋਂ। ਸਾਲਾ ਢੀਠ ਆ ਪੂਰਾ ਕਿਸੇ ਦੇ ਕੀਤੇ ਦਾ ਗੁਣ ਨਾ ਜਾਨਣ ਵਾਲਾ। ਪੰਜ ਛੇ ਜਣਿਆ ਦਾ ਟੋਲਾ ਹੈ। ਇਨ੍ਹਾਂ ਦਾ ਸਾਰੇ ਦੇ ਸਾਰੇ ਨਸ਼ੇੜੀ। ਕੈਪਸੂਲ ਖਾ ਕੇ ਟੀਕੇ ਲਾ ਕੇ ਪਤਾ ਲਗਦਾ ਨੀ ਇਨ੍ਹਾਂ ਨੂੰ ਕੀ ਕਰਦੇ ਨੇ। ਸਾਲਿਆ ਨੇ ਸਰਹੰਦ ਰੋਡ ਤੇ ਗਰਿਲਾਂ ਰਾਤ ਵੇਲੇ ਨਸ਼ੇ ਦੀ ਲੋਰ ’ਚ ਕੱਟ ਕੱਟ ਚੋਰੀ ਚੋਰੀ ਕਬਾੜੀਏ ਕੋਲ ਵੇਚ ਧਰੀਆ। ਨਸ਼ੇ ਦੀ ਤੋੜ ਕੀ ਕੁਛ ਨੀ ਕਰਾ ਦਿੰਦੀ ਬੰਦੇ ਤੋਂ। ਸਾਲੇ ਨਸ਼ੇੜੀ ਬੰਦੇ ਵੀ ਕਿਸੇ ਦੇ ਸਕੇ ਬਣੇ ਨੇ।

ਆਪਾਂ ਤਾਂ ਆਪਣਾ ਮਤਬਲ ਕੱਢੀਏ ਕੇਸਰਾ, ਕਾਹਤੋਂ ਕਿਸੇ ਦੀ ਬਿਫਤਾ ਆਪਾਂ ਆਪਣੇ ਗਲ ਪਾਈਏ, ਜੀਹਦੇ ਪਤੰਦਰ ਦੇ ਗਲ ਪਈ ਅਗਲਾ ਆਪਣੇ ਆਪ ਆਪਣੇ ਗਲੋਂ ਲਾਹੂ। ਆਪਾਂ ਨੂੰ ਕਿਹੜਾ ਕਿਸੇ ਹਲਕੇ ਕੁੱਤੇ ਨੇ ਵਢਿਐ, ਜਿਹੜਾ ਕਿਸੇ ਦੀ ਜਾਨ ਸਖਾਲੀ ਕਰੀਏ।”

“ਤੇਰੀ ਵੀ ਗੱਲ ਠੀਕ ਆ ਬਾਈ, ਨਾਲੇ ਦੋ ਦੋ ਤਿੰਨ ਤਿੰਨ ਲੱਖ ਚੱਕੀ ਫਿਰਦੇ ਨੇ ਮਰਵਾਉਂਣ ਵਾਲੇ ਤਾਂ। ਜੇ ਪ੍ਰੋਹਣਾ ਦੇ ਦੇ ਸਪਾਰੀ ਕਦੇ, ਫੇਰ ਤਾਂ ਵੱਖਰੀ ਗੱਲ ਆ, ਫਰੀ ’ਚ ਤਾਂ ਆਪਾਂ ਸਾਲੇ ਕੁੱਤੇ ਦੇ ਵੀ ਨਾ ਡਾਂਗ ਮਾਰੀਏ।” ਦੇਖ ਸਾਲੇ ਕਿਵੇਂ ਹੱਸਦੇ ਨੇ। ਵਿਆਹ ਹਾਲੇ ਹੋਇਆ ਨੀ ਬਾਵੀ ਭੈਣ ਦਾ, ਜੀਜੇ ਤੋਂ ਸੁਪਾਰੀ ਲੈਣ ਦੀ ਵੀ ਸੋਚਣ ਲਗ ਪਿਆ ਸਾਲਾ ਕਮੀਨਾ ਇਨਸਾਨ।

“ਇਹ ਮਾਂ ਆਲਾ ਕੰਡਾ ਤਾਂ ਆਪਾਂ ਨੂੰ ਕੱਢਣਾ ਈ ਪੈਣਾ ਹਰ ਹੀਲੇ ਕੇਸਰਾ।”

“ਆਹੋ ਬਾਈ, ਉਹ ਵੀ ਸੁਪਾਰੀ ਤੋਂ ਬਿਨਾ, ਬੁੜਾ ਸਾਲਾ ਤਾਂ ਆਪ ਭੁੱਖਾ ਮਰਦਾ ਰਿਹਾ ਆ ਸਾਰੀ ਉਮਰ।” ਸਾਲੇ ਪੱਕੀ ਧਾਰੀ ਬੈਠੇ ਨੇ ਮਾਂ ਨੂੰ ਮਾਰਨ ਦੀ। ਜਦੋਂ ਦੀ ਬਾਈ ਨੇ ਨਸ਼ੇ ’ਚ ਮੇਰੇ ਨਾਲ ਗੱਲ ਕੀਤੀ ਸੀ ਉਦੋਂ ਤੋਂ ਹੀ ਮੈਂ ਸਤਰਕ ਰਹਿਣ ਲੱਗ ਪਿਆ ਹਾਂ। ਵੇਲੇ ਕੁਵੇਲੇ ਜਦੋਂ ਦੋਹੇ ਜਾਣੇ ’ਕੱਠੇ ਹੁੰਦੇ ਨੇ ਮੈਂ ਪੂਰੀ ਕੋਸ਼ਿਸ਼ ਕਰਦਾ ਹਾਂ ਉਨ੍ਹਾਂ ਵਿਚ ਹੁੰਦੀ ਗੱਲ ਬਾਤ ਸੁਣ ਸਕਾ। ਕੀ ਪਤਾ ਕਦੋਂ ਕੀ ਕਰ ਦੇਣ। ਮਾੜੇ ਰਾਹ ਤੁਰੇ ਬੰਦੇ ਦਾ ਕੀ ਪਤਾ ਹੁੰਦਾ ਉਹ ਵੀ ਨਸ਼ੇੜੀਆ ਦਾ, ਕੋਈ ਹਲ ਨੀ ਮਾੜੇ ਬੰਦੇ ਦਾ ਵੀ।

“ਕੋਈ ਹਲ ਨੀ ਮਾੜੇ ਰਾਹ ਤੁਰਿਆਂ ਬੰਦਿਆਂ ਦਾ।” ਗਿਆਰਵੀਂ ਕਲਾਸ ’ਚ ਬੈਠਿਆਂ ਮੈਡਮ ਜੱਗੀ ਕਹਿੰਦੀ ਹੁੰਦੀ ਸੀ, ‘ਇਹੀ ਉਮਰ ਹੈ ਜਦੋਂ ਦੋ ਰਾਹ ਤੁਹਾਡੇ ਸਾਹਮਣੇ ਖੜੇ ਹੋਏ ਨਜ਼ਰ ਆਉਣਗੇ। ਰਾਹ ਤੁਸੀਂ ਚੁਣਨਾ ਹੈ ਤੁਹਾਡੇ ਤੇ ਨਿਰਭਰ ਹੈ। ਏਸੇ ਉਮਰ ਨੇ ਤੁਹਾਡੀ ਆਉਣ ਵਾਲੀ ਜ਼ਿੰਦਗੀ ਤੇ ਅਸਰ ਪਾਉਣਾ ਹੈ, ਸਹੀ, ਗਲਤ ਦੀ ਪਰਿਭਾਸ਼ਾ ਤੁਹਾਡੀ ਏਸੇ ਉਮਰ ਨੇ ਤਹਿ ਕਰਨੀ ਹੈ, ਜ਼ਿੰਦਗੀ ’ਚ ਡੋਲਣ ਤੇ ਸੰਭਲਣ ਦੀ ਸਹੀ ਉਮਰ ’ਚ ਤੁਸੀਂ ਵਿਚਰ ਰਹੇ ਹੋ। ਜੇ ਸਹੀ ਰਾਹ ਤੇ ਤੁਸੀਂ ਆਪਣੇ ਕਦਮ ਧਰੋਗੇ ਤਾਂ ਜ਼ਿੰਦਗੀ ਦੀ ਬਹਾਰ ਆਪਣੀ ਮਹਿਕ ਬਿਖੇਰਦੀ ਤੁਹਾਡਾ ਸਵਾਗਤ ਕਰੇਗੀ ਤੇ ਤੁਹਾਡੇ ਭਵਿੱਖ ਨੂੰ ਸੁਨਿਹਰੀ ਆਭਾ ਪ੍ਰਦਾਨ ਕਰੇਗੀ, ਚਾਨਣ ਹੀ ਚਾਨਣ ਤੁਹਾਡੀ ਜ਼ਿੰਦਗੀ ਨੂੰ ਮੌਤ ਤੱਕ ਰੁਸ਼ਨਾ ਕੇ ਰੱਖੇਗਾ। ਇਕ ਚਾਨਣ ਭਰਿਆ ਭਵਿੱਖ, ਤੇ ਜੇ ਤੁਹਾਡੇ ਕਦਮ ਮਾੜੇ ਰਾਹਾਂ ਵੱਲ ਬਹਿਕ ਗਏ ਤਾਂ ਤੁਹਾਡੀ ਜ਼ਿੰਦਗੀ ਦੇ ਰਾਹਾਂ ’ਚ ਥੋਹਰ ਹੀ ਥੋਹਰ ਪਲਮ ਪੈਣਗੇ। ਗੋਡੇ ਗੋਡੇ ਸੂਲਾਂ ਆਪਣਾ ਆਪ ਵਿਛਾ ਕੇ ਤਮਾਮ ਉਮਰ ਤੁਹਾਡੇ ਜੀਵਨ ਨੂੰ ਵਿੰਨਦੇ ਰਹਿਣਗੇ। ਤੁਹਾਡੇ ਸੁਪਨਿਆਂ ਦੀ ਮੌਤ, ਰਿਸ਼ਤਿਆਂ ਦਾ ਥੋੜੇ ਤੋਂ ਮੂੰਹ ਮੋੜਨਾ, ਹਰ ਇਕ ਦਾ ਤੁਹਾਡੇ ਤੋਂ ਇਕ ਦੂਰੀ ਰੱਖ ਕੇ ਵਿਚਰਨਾ, ਤੁਹਾਨੂੰ ਦੁਰਕਾਰਨਾ, ਖੱਖੜੀ ਖੱਖੜੀ ਹੋਇਆ ਤੁਹਾਡਾ ਸਵੈ ਵਿਸ਼ਵਾਸ ਲਾਹਣਤਾ ਪਾਏਗਾ ਤੁਹਾਡੇ ਤੇ, ਤੁਹਾਡਾ ਆਪਣਾ ਜੀਵਨ, ਜ਼ਿੰਦਗੀ ਦੇ ਖਲਨਾਇਕ ਬਣ ਕੇ ਰਹਿ ਜਾਵੋਗੇ। ਬਰਬਾਦ ਹੋ ਕੇ ਰਹਿ ਜਾਵੇਗੀ ਤੁਹਾਡੀ ਜ਼ਿੰਦਗੀ। ਥਾਂ ਥਾਂ ਦੀਆਂ

ਠੋਕਰਾਂ ਖਾ ਕੇ ਤੁਸੀਂ ਸੋਚੋਗੇ ਕਾਸ਼!!ਉਹ ਦਿਨ ਵਾਪਸ ਆ ਸਕਦੇ ਤਾਂ ਜ਼ਿੰਦਗੀ ਨੂੰ ਸਹੀ ਪਾਸੇ ਲਾਉਂਦੇ ਪਰ ਲੰਘਿਆ ਵਕਤ ਤਾਂ ਪੁਲਾਂ ਥੱਲੋਂ ਗੁਜਰੇ ਪਾਣੀ ਵਾਂਗ ਹੁੰਦਾ ਹੈ ਜੋ ਵਾਪਿਸ ਨਹੀਂ ਪਰਤਦਾ। ਇਸ ਕਰਕੇ ਹੁਣ ਹੀ ਵਕਤ ਸਾਂਭ ਲਵੋ ਬਾਅਦ 'ਚ ਪਛਤਾਉਣ ਨਾਲੋਂ।" ਕਿੰਨੀ ਸਹੀ ਸੀ ਮੈਡਮ ਦੀ ਕਹੀ ਗੱਲ ਬਿਲਕੁਲ ਜ਼ਿੰਦਗੀ ਦੀ ਵਾਸਤਵਿਕਤਾ ਵਾਂਗੂੰ। ਨਹੀਂ ਤਾਂ ਬਰਬਾਦ ਹੋਜੂ ਥੋਡੀ ਜ਼ਿੰਦਗੀ ਕਹਿਣ ਲੱਗਿਆ ਜਿਆਦਾ ਜੋਰ ਦੇ ਦਿੰਦੇ ਸਨ ਤਾਂ ਕਿ ਅਸੀਂ ਸਮਝ ਸਕੀਏ ਜ਼ਿੰਦਗੀ ਨੂੰ ਨੇੜੇ ਹੋ ਕੇ।

"ਜ਼ਿੰਦਗੀ ਨੂੰ ਸਮਝਿਆ ਕਰ ਕੇਸਰਾ, ਕਿੰਨਾ ਕਿਨਾ ਚਿਰ ਇੰਜ ਚੋਰੀਆ ਕਰ ਕਰ ਸਰੂ ਤੇਰਾ। ਮਾਂ ਵੀ ਬੇਅਰਥ ਪੱਥਰ ਨਾਲ ਟਕਰਾਂ ਮਾਰ ਰਹੀ ਹੈ। ਸਾਰੀ ਉਮਰ ਨਹੀਂ ਇਹ ਤੇਰੇ ਕਾਰੇ ਚੱਲਣੇ। ਕੋਈ ਕੰਮ ਕਰ, ਜਾਂ ਕੋਈ ਕੰਮ ਸਿਖ ਲਾ ਕੱਲ ਨੂੰ ਰੋਟੀ ਜੋਗਾ ਹੋਜੇਗਾ, ਨਹੀਂ ਤਾਂ ਠੋਕਰਾਂ ਖਾਂਦਾ ਫਿਰੇਗਾ। ਕਿਸੇ ਨੇ ਨੀ ਪੁਛਣਾ ਬਾਅਦ 'ਚ ਨਾ ਕਿਸੇ ਭਰਾ ਨੇ ਨਾ ਭੈਣ ਨੇ। ਦਰਖਤੋਂ ਝੜੇ ਸੁੱਕੇ ਪੱਤੇ ਵਾਂਗ ਹੋਜੂ ਤੇਰੀ ਜ਼ਿੰਦਗੀ। ਦੁਖਾਂ ਦੇ, ਭੁੱਖਾਂ ਦੇ ਥਪੇੜਿਆ ਨਾਲ ਕਿਚਰ ਕਿਚਰ ਹੋ ਭਰ ਜਾਵੇਗਾ। ਅਜੇ ਵੀ ਸੰਭਲ ਜਾ, ਨਹੀਂ ਤਾਂ ਨਸ਼ੇ ਦੇ ਹੜ੍ਹ 'ਚ ਹੜਜੂ ਤੇਰੀ ਜ਼ਿੰਦਗੀ।

ਹੜ੍ਹ ਹੀ ਗਈ ਜ਼ਿੰਦਗੀ, ਮਾਂ ਦੇ ਮਰਨ ਤੋਂ ਬਾਅਦ ਪੜ੍ਹਾਈ ਵੀ ਛੁਟ ਗਈ। ਪਿਓ ਵਿਚਾਰਾ ਕੀ ਕਰਦਾ ਉਹ ਤਾਂ ਆਪ ਪੈਸੇ ਪੈਸੇ ਨੂੰ ਮੁਹਤਾਜ਼ ਹੈ। ਰੋਟੀ ਖਾਣ ਤੋਂ ਆਤੁਰ। ਦਿਹਾੜੀਆਂ ਕਰਨ ਲਾ ਤੇ ਸਾਲਿਆ ਨੇ। ਉਹ ਤਾਂ ਚੰਗਾ ਹੋਇਆ ਬਾਵੀ ਤੇ ਬਾਈ ਨੂੰ ਵਿਆਹ ਗਈ ਮਾਂ। ਨਹੀਂ ਤਾਂ ਪਤਾ ਨਹੀਂ ਕੀ ਕੁਝ ਗੁਜਰਦਾ ਸਾਡੇ ਸਿਰਾਂ ਤੋਂ। ਕੇਸਰ ਨੂੰ ਵੀ ਹੁਣ ਪਤਾ ਲਗਦੈ ਮਾਂ ਦਾ ਮੁੱਲ। ਪਹਿਲਾਂ ਤਾਂ ਬਾਈ ਤੇ ਭਾਬੀ ਦੇ ਕਹਿਣੇ ਲਗ ਮਾਰ ਦਿੱਤਾ ਮਾਂ ਨੂੰ ਰੋਟੀ 'ਚ ਜ਼ਹਿਰ ਦੇ ਕੇ। ਜਿਹੜੇ ਭਰਾ ਨੂੰ ਆਪਣਾ ਸਮਝਦਾ ਸੀ। ਉਹ ਵੀ ਘਰਵਾਲੀ ਪਿਛੇ ਲੱਗ ਇਨਕਾਰੀ ਹੋ ਗਿਆ ਕੇਸਰ ਨੂੰ ਭਰਾ ਮੰਨਣੋਂ। ਖਾ ਰਿਹੈ ਹੁਣ ਜੇਲ੍ਹ ਦੀ ਹਵਾ। ਥੋੜਾ ਸਿੱਕਾ ਵੇਚਿਆ ਸਾਲਿਆਂ ਨੇ ਗੌਰਮਿੰਟ ਪ੍ਰੈਸ 'ਚੋਂ ਚੁੱਕ ਚੁੱਕ। ਹੁਣ ਕੋਈ ਜ਼ਮਾਨਤ ਵੀ ਨਹੀਂ ਦਿੰਦਾ। ਚੋਰੀ ਦੇ ਪੈਸਿਆਂ ਦਾ ਆਉਣ ਲੱਗਿਆ ਤਾਂ ਨਹੀਂ ਪਤਾ ਲਗਦਾ ਜਾਣ ਲੱਗਿਆ ਦਾ ਪਤਾ ਲਗਦੈ। ਪਿਓ ਤਾਂ ਪਿਓ ਹੀ ਹੁੰਦਾ ਆਖਰ ਐਧਰੋਂ ਉਧਰੋਂ ਢਾਹ ਭੰਨ ਕਰ ਦੇ ਆਇਆ ਜ਼ਮਾਨਤ ਕੇਸਰ ਦੀ।

"ਬੜਾ ਮਾੜਾ ਕੰਮ ਹੋ ਗਿਆ ਸੀ ਯਾਰ, ਮਾਂ ਦੇ ਭੋਗ ਵਾਲੇ ਦਿਨ ਜਿਹੜੇ ਕਮਰੇ 'ਚ ਪਾਠ ਰਖਾਇਆ ਸੀ ਉਹੀ ਕਮਰੇ ਦੇ ਉਪਰ ਸਾਰੀ ਰਾਤ ਬੈਠੇ ਸ਼ਰਾਬ ਪੀਂਦੇ ਰਹੇ ਤਾਂ ਹੀ ਇਹ ਹਾਲ ਹੋਇਆ ਮੇਰਾ।" ਪਾਗਲ ਹੋਇਆ ਕੇਸਰ ਜਣੇ ਖਣੇ ਨੂੰ ਕਹਿੰਦਾ ਫਿਰਦਾ ਹੈ। ਅਸਲੀ ਗੱਲ ਨੀ ਦੱਸਦਾ ਬਈ ਮਾਂ ਨੂੰ ਮਾਰਿਆ ਅਸੀਂ ਨਸ਼ੇ ਕਰ ਕਰ, ਸੁਲਫ਼ਾ ਪੀ ਪੀ ਦਿਮਾਗ਼ ਖਰਾਬ ਕਰ ਬੈਠਾ ਹੈ। ਕੋੜ ਚਲ ਰਿਹੈ ਉਹਦੇ ਸਾਰੇ ਸਰੀਰ ਤੇ, ਜ਼ਮਾਂ ਈ ਕਾਲਾ ਧੂਤ ਹੋਇਆ ਪਿਆ ਹੈ। ਹੱਥ ਤੇ ਪੈਰ ਦੋਵੇਂ ਜ਼ਖ਼ਮਾਂ ਦੇ ਭਰਨ ਵਰਗੇ ਖਰਿੰਡ ਹੀ ਖਰਿੰਡ ਨਾਲ ਭਰੇ ਹੋਏ ਨੇ।"

"ਓਪਰੀ ਕਸਰ ਹੋਗੀ ਲਗਦੀ ਐ ਤਾਰਿਆ ਕੇਸਰ ਨੂੰ।" ਬਾਪੂ ਕੇਸਰ ਦੀ ਹਾਲਤ ਤੋਂ ਫਿਕਰਮੰਦ ਹੋਇਆ ਬਾਈ ਅੱਗੇ ਦੁਖ ਫੋਲਦਾ ਹੈ। ਮੈਨੂੰ ਵੀ ਦੀਹਦੀ ਰਹੀ ਆ ਮਾਂ ਥੋਡੀ ਘਰ 'ਚ ਤੁਰਦੀ ਫਿਰਦੀ। ਲਗਦਾ ਗਤੀ ਨੀ ਹੋਈ ਥੋਡੀ ਮਾਂ ਦੀ ਤਾਂ ਹੀ ਭਟਕਦੀ ਫਿਰਦੀ ਹੈ ਘਰ 'ਚ "

"ਦੀਹਦਾ ਤਾਂ ਤੈਨੂੰ ਜਮਾਂ ਈ ਨੀ, ਤੂੰ ਕਿਥੋਂ ਦੇਖ ਲਈ ਮਾਂ ਤੁਰਦੀ ਫਿਰਦੀ।" ਬਾਈ ਬਾਪੂ ਨੂੰ ਟੁੱਟ ਕੇ ਪਿਆ ਹੈ।

"ਸੁਪਨੇ ਦੀ ਗੱਲ ਕਰਦਾਂ ਤਾਰਿਆ, ਤੂੰ ਤਾਂ ਵੱਢ ਖਾਣ ਨੂੰ ਪੈਂਦਾ ਐ।" ਬਾਪੂ ਮਸੋਸਿਆ ਜਿਹਾ ਮੂੰਹ ਕਰ ਤਾਰੇ ਨੂੰ ਕਹਿੰਦਾ ਹੈ।

"ਆਹੋ ਪੈਲਾਂ ਪਾਉਂਦੀ ਫਿਰਦੀ ਆ ਹੁਣ ਵੀ, ਘਰੇ ਤਾਂ ਉਹ ਜਿਉਂਦੇ ਜੀਅ ਨਾ ਬੈਠੀ, ਹੁਣ ਮਰਕੇ ਕਿਥੇ ਬੈਠਜੂ, ਨਾਲੇ ਮੈਨੂੰ ਤਾਂ ਕਦੇ ਦਿਸੀ ਨੀ ਸੁਪਨੇ 'ਚ ਵੀ ਕਦੇ। ਬਾਪੂ ਇਹੋ ਜਿਹੀ ਚੀਜ ਨੂੰ ਯਮਰਾਜ ਜਾਂ ਧਰਮਰਾਜ ਛੱਡਦੂ! ਤੂੰ ਆਪ ਸੋਚ ਆਪਸਰਾਵਾਂ ਤਾਂ ਸਾਰੀਆਂ ਇੰਦਰ ਸਾਂਭੀ ਬੈਠਾ ਉਨ੍ਹਾਂ ਵੀ ਤਾਂ ਕੰਮ ਸਾਰਨਾ ਈ ਆ ਆਪਣਾ। ਉਹ ਕਿੱਥੋਂ ਛੱਡ ਦੇਣ ਗੇ ਮੇਰੀ ਮਾਂ ਨੂੰ ਯਾਨਿ ਕਿ ਤੇਰੀ ਘਰਵਾਲੀ ਨੂੰ। ਬਾਈ ਸ਼ਰਾਬ ਦੇ ਨਸ਼ੇ 'ਚ ਟੁੱਲ ਹੋਇਆ ਬਾਪੂ ਨੂੰ ਊਟ-ਪਟਾਂਗ ਕਹੀ ਜਾ ਰਿਹਾ ਹੈ।

"ਮਰੀ ਦੀ ਮਿੱਟੀ ਤਾਂ ਨਾ ਪੁੱਟ, ਤੇਰੀ ਮਾਂ ਸੀ ਆਖਰ।" ਹਰਖਿਆ ਬਾਪੂ ਅੱਖਾਂ ਪੂੰਝਦਾ ਬਾਈ ਨੂੰ ਕਹਿ



ਰਿਹਾ ਹੈ। ਮੈਨੂੰ ਪਤਾ ਹੈ ਕਿੱਥੋਂ ਗਤੀ ਹੋਜੂ ਮਾਂ ਦੀ, ਅਣਹੋਈ ਮੌਤ ਮਰੇ ਦੀ ਵੀ ਕਦੇ ਗਤੀ ਹੋਈ ਹੈ। ਮੈਨੂੰ ਤਾਂ ਆਪ ਦਿਸਦੀ ਆ ਮਾਂ, ਨੀਲਾ ਹੋਇਆ ਸਰੀਰ ਮੂੰਹ 'ਚ ਨਿਕਲੀ ਜਾਂਦੀ ਝੱਗ ਲਗਾਤਾਰ ਕੇਸਰ ਨੂੰ ਵੀ ਦਿੱਸੀ ਹੋਣੀ ਆ ਤਾਹੀਂ ਤਾਂ ਪਾਗਲ ਹੋਇਆ ਫਿਰਦੈ। ਖੋਰੇ ਮਾਂ ਦੀ ਘਾਟ ਰੜਕਦੀ ਹੋਵੇ ਹੁਣ, ਤੇ ਆਪਣੇ ਹੱਥੀਂ ਕੀਤਾ ਕੁਕਰਮ ਚੇਤੇ ਆ ਕੇ ਦਿਮਾਗ਼ ਤੇ ਬੈਠ ਗਿਆ ਹੋਵੇ। ਕੈੜਾ ਜੇਰਾ ਕੀਤਾ ਸਾਲਿਆ ਨੇ, ਸੱਤ ਬਿਗਾਨੇ ਨੂੰ ਮਾਰਨ ਲੱਗਿਆ ਵੀ ਸੌ ਵਾਰ ਸੋਚਦੈ ਬੰਦਾ। ਬਾਈ ਤਾਂ ਬਿਲਕੁਲ ਅੰਗਰੇਜ਼ਾਂ ਵਰਗਾ ਚਲਾਕ ਨਿਕਲਿਆ। ਹੁਣ ਜ਼ਮਾਂ ਨੀ ਕਿਸੇ ਨਸ਼ੇ ਨੂੰ ਹੱਥ ਲਾਉਂਦਾ ਜਦੋਂ ਦਾ ਵਿਆਹ ਹੋਇਆ ਉਹਦਾ। ਸ਼ਾਇਦ ਪਹਿਲਾ ਵੀ ਢਕਵੰਜ ਕਰਦਾ ਹੋਵੇ ਇਕ ਸਕੀਮ ਤਹਿਤ ਮਾਂ ਨੂੰ ਮਾਰਨ ਲਈ ਸਾਰਾ ਮਕਾਨ ਹੜੱਪਣ ਲਈ ਤਾਂ ਹੀ ਤਾਂ ਕੇਸਰ ਨੂੰ ਘਰੇ ਨੀ ਵੜਨ ਦਿੰਦਾ ਤੇ ਨਾ ਬਾਪੂ ਨੂੰ। ਭਾਬੀ ਹੀ ਰੋਟੀ ਪਕਾ ਕੇ ਦਿੰਦੀ ਆ। ਮੈਨੂੰ ਹੀ ਹੱਥ ਜਾਲਣੇ ਪੈਂਦੇ ਨੇ। ਸਾਰਾ ਦਿਨ ਦਿਹਾੜੀ ਤੇ ਜਾਣਾ ਹੁੰਦੈ। ਇਕ ਕਮਰਾ ਹੈ ਬਸ ਮਾਂ ਆਲਾ ਜੀਹਦੇਂ 'ਚ ਅਸੀਂ ਦੋਵੇਂ ਪਿਓ-ਪੁੱਤ ਸੌਂਦੇ ਹਾਂ। ਬਾਪੂ ਤਾਂ ਸਾਰੀ ਦਿਹਾੜੀ ਮੰਜੇ ਤੇ ਹੀ ਪਿਆ ਰਹਿੰਦਾ। ਅੱਖਾਂ ਤੋਂ ਅੰਨਾ ਜੁ ਹੋ ਗਿਆ ਪਤਾ ਨੀ ਮਾਂ ਦੇ ਹੇਰਵੇ 'ਚ ਰੋ ਰੋ ਅੱਖਾਂ ਗਵਾ ਲਈਆਂ ਕਿ ਕੇਸਰ ਦੀ ਹਾਲਤ ਦੇਖ ਕੇ ਵੱਡੇ ਪੁੱਤ ਦੀ ਨਲਾਇਕੀ ਗਾਲਾਂ, ਝਿੜਕਾ, ਭਾਬੀ ਦਾ ਟੁੱਟ ਟੁੱਟ ਕੇ ਪੈਣਾ ਉਹਦੀਆਂ ਅੱਖਾਂ ਨਿਗਲ ਗਿਆ। ਕਦੇ ਕਦੇ ਨਿਕਲਦੈ ਘਰੋਂ ਖੂੰਡੀ ਫੜ ਕੇ, ਕਦੇ ਘਰ ਕਦੇ ਕੋਈ ਜਵਾਕ ਬਾਪੂ ਦੀ ਉਂਗਲ ਫੜੀ ਛੱਡ ਜਾਂਦੈ ਘਰ ਤੱਕ। ਬੜਾ ਤਰਸ ਆਉਂਦਾ ਬਾਪੂ ਤੇ। ਬਾਈ ਤੇ ਭਾਬੀ ਤੇ ਬਹੁਤ ਗੁੱਸਾ ਆਉਂਦੇ ਪਰ ਪੀ ਜਾਨਾ ਮੈਂ। ਝੱਗਾ ਚੁੱਕਾਂਗੇ ਤਾਂ ਢਿੱਡ ਤਾਂ ਆਪਣਾ ਹੀ ਨੰਗਾ ਹੋਊ।"

ਪਰ ਉਨ੍ਹਾਂ ਨੂੰ ਭੋਰਾ ਵੀ ਸ਼ਰਮ ਨੀ। ਰੋਟੀ ਤਾਂ ਕੀ ਦੇਣੀ ਸਗੋਂ ਘਰੋਂ ਕੱਢਣ ਨੂੰ ਫਿਰਦੇ ਨੇ। ਤਾਂ ਹੀ ਤਾਂ ਜਦੋਂ ਕਦੇ ਕੇਸਰ ਚੋਰੀ ਚੋਰੀ ਆਉਂਦਾ ਬਾਪੂ ਕੋਲ ਤੇ ਭਾਬੀ ਨੂੰ ਪਤਾ ਲਗ ਜਾਏ ਤਾਂ ਜਦੋਂ ਕੋਈ ਘਰ ਨਾ ਹੋਵੇ ਬਾਪੂ ਨੂੰ ਕੁੱਟ ਵੀ ਦਿੰਦੀ ਹੈ। ਤਾਂ ਕਿ ਬਾਪੂ ਆਪ ਹੀ ਘਰ ਛੱਡ ਕੇ ਚਲਾ ਜਾਏ। ਮੈਨੂੰ ਨੀ ਸੀ ਪਤਾ ਲਗਣਾ ਕਿ ਭਾਬੀ ਬਾਪੂ ਨੂੰ ਕੁੱਟਦੀ ਵੀ ਹੈ। ਕੱਲ ਰਾਤ ਕੇਸਰ ਆਇਆ ਸੀ ਬਾਪੂ ਕੋਲ ਕਮਰੇ 'ਚ ਮੈਂ ਵੀ ਕਮਰੇ 'ਚ ਹੀ ਸੀ। ਧਾਂਹਾ ਮਾਰ ਮਾਰ ਰੋ ਰਿਹਾ ਸੀ ਬਾਪੂ ਦੇ ਗਲ ਲੱਗ।

"ਬੜਾ ਜ਼ੁਲਮ ਕੀਤਾ ਅਸੀਂ ਬਾਪੂ... ਬੜਾ ਜ਼ੁਲਮ ... ਮਾਂ ਨੂੰ ਹਾਰਟ ਅਟੈਕ ਨਹੀਂ ਸੀ ਆਇਆ, ਅਸੀਂ ਮਾਰਿਐ... ਮਾਂ ਨੂੰ ਭਾਬੀ, ਤਾਰੇ ਤੇ ਮੈਂ ਰੋਟੀ 'ਚ ਜ਼ਹਿਰ ਦੇ ਕੇ। ਅਸੀਂ ਮਾਰਿਐ ਮਾਂ ਨੂੰ ਬਾ...ਪੂ...ਅ....ਅ...ਸੀ...ਮਾ...ਰਿ...ਐ! ਤਾਂ ਹੀ ਤਾਂ ਆਹ ਸਜ਼ਾ ਮਿਲੀ ਆ। ਦੇਖ ਆਹ ਕੋੜ੍ਹ ਹੋ ਗਿਆ। ਕੇਸਰ ਬਾਪੂ ਦੇ ਪੈਰਾਂ 'ਚ ਡਿੱਗ ਕੇ ਰੋਂਦਾ ਰਿਹਾ। ਬਾਪੂ ਦੇ ਮੂੰਹੋਂ ਕੋਈ ਬੋਲ ਨਹੀਂ ਸੀ ਨਿਕਲਦਾ, ਨਿਕਲਦੇ ਨੇ ਤਾਂ ਸਿਰਫ਼ ਅੱਖਾਂ 'ਚ ਹੰਝੂ। ਜਦੋਂ ਕੇਸਰ ਚਲੇ ਗਿਆ ਤੇ ਮੈਂ ਸਵੇਰੇ ਦਿਹਾੜੀ ਤੇ ਭਾਬੀ ਨੂੰ ਪਤਾ ਲਗ ਗਿਆ ਸੀ ਕਿ ਰਾਤ ਕੇਸਰ ਆਇਆ ਸੀ। ਕੁੱਟਣ ਲਗ ਪਈ ਬਾਪੂ ਨੂੰ,

"ਤੁਸੀਂ ਮਾਰਿਐ ਕੰਜਰੋਂ ਤੁਸੀਂ ਮਾਰਿਐ। ਮੇਰੀ ਚੰਨੀ ਨੂੰ ਕੱਖ ਨਾ ਰਹੇ ਥੋਡਾ। ਬਾਪੂ ਉੱਚੀ ਉੱਚੀ ਧਾਹਾਂ ਮਾਰਨ ਲੱਗ ਪਿਆ। ਬੂਹੇ 'ਚ ਖੜ ਕੇ ਨਾਲੇ ਕੁੱਟ ਖਾਈ ਗਿਆ ਉਹ ਤਾਂ ਗੁਆਂਢਣ ਆਈ ਤੇ ਲੈ ਗਈ ਰੋਂਦੇ ਬਾਪੂ ਨੂੰ ਆਪਣੇ ਘਰ। ਸ਼ਾਮ ਨੂੰ ਜਦੋਂ ਮੈਂ ਘਰ ਕੋਲ ਆਇਆ ਤਾਂ ਗੁਆਂਢਣ ਨੇ ਇਸ਼ਾਰੇ ਨਾਲ ਮੈਨੂੰ ਬੁਲਾ ਲਿਆ ਤੇ ਸਾਰੀ ਗੱਲ ਦੱਸੀ।

"ਉਹਨਾਂ ਕੰਜ਼ਰਾਂ ਨੇ ਮਾਰਿਐ ਮਾਰੀ ਚੰਨੀ ਨੂੰ ਉਨ੍ਹਾਂ ਕੰਜ਼ਰਾਂ ਨੇ ਰੋਂਦਾ ਹੋਇਆ ਬਾਪੂ ਗੁਆਂਢੀਆਂ ਘਰੇ ਬੈਠਾ 'ਕੱਲਾ ਬੋਲੀ ਜਾ ਰਿਹਾ ਸੀ।

"ਉਨ੍ਹਾਂ ਮਾਰਿਐ ਤੇਰੀ ਮਾਂ ਨੂੰ ਗੁਰਦਿਤਿਆ ਉਨ੍ਹਾਂ ਮਾਰਿਐ ਮੈਨੂੰ ਦੇਖ ਕੇ ਬਾਪੂ ਹੋਰ ਜ਼ੋਰ ਜ਼ੋਰ ਨਾਲ ਰੋਣ ਲਗ ਪਿਆ ਮੈਂ ਬਾਪੂ ਨੂੰ ਆਪਣੇ ਨਾਲ ਘੁੱਟ ਲਿਆ ਮੇਰੀਆਂ ਅੱਖਾਂ 'ਚੋਂ ਹੰਝੂ ਪਰਲ ਪਰਲ ਵਹਿ ਰਹੇ ਸੀ।

"ਉਨ੍ਹਾਂ ਮਾਰਿਐ ਦੁਰਦਿੱਤਿਆ ਤੇਰੀ ਮਾਂ ਨੂੰ। ਪਤਾ ਨੀ ਕਿਹੜੀ ਲੋਰ 'ਚ ਆਇਆ ਪਿਆ ਸੀ ਬਾਪੂ ਉਹਦੇ ਮੂੰਹ ਤੋਂ ਲਗਾਤਾਰ ਨਿਕਲੀ ਜਾ ਰਿਹਾ ਸੀ।

"ਕੋਈ ਕਿਸੇ ਨੂੰ ਨੀ ਮਾਰਦਾ, ਇਹ ਤਾਂ ਜੰਮਣ ਸਾਰ ਹੀ ਮੌਤ ਪਿੱਛੇ ਪੈ ਜਾਂਦੀ ਹੈ ਤੇ ਨਾਲ ਨਾਲ ਫਿਰਦੀ ਰਹਿੰਦੀ ਹੈ ਗੁਰਦਿੱਤਿਆ।" ਮੰਜੇ ਤੇ ਸੁੱਤੇ ਪਿਆਂ ਨੂੰ ਮਾਂ ਕਹਿ ਰਹੀ ਹੈ। ਮੈਂ ਪਾਸਾ ਪਰਤਦਾ ਹਾਂ ਨਾਲ ਵਾਲੇ ਮੰਜੇ ਤੇ ਮਾਂ ਲੰਮੀ ਪਈ ਹੋਈ ਹੈ। ਬਾਪੂ ਤਾਂ ਐਵੇਂ ਈ ਧਾਹਾਂ ਮਾਰ ਮਾਰ ਰੋ ਰਿਹਾ ਸੀ। ਤੇ ਕੇਸਰ ਐਵੇਂ

ਈ ਪਾਗਲ ਹੋਇਆ ਫਿਰਦੈ। ਮਾਂ ਤਾਂ ਜਿਉਂਦੀ ਹੈ ਨਾਲ ਵਾਲੇ ਮੰਜੇ ਤੇ ਤਾਂ ਪਈ ਹੈ। ਪਤਾ ਨੀ ਕੇਸਰ ਨਸ਼ੇ 'ਚ ਕੀ ਝੱਲ ਵਲੱਲੀਆਂ ਮਾਰੀ ਜਾਂਦਾ ਸੀ। ਮੈਂ ਹੈਰਾਨ ਹਾਂ , ਮੈਂ ਤਾਂ ਕੋਈ ਨਸ਼ਾ ਨੀ ਕਰਦਾ ਫੇਰ ਐਨੇ ਵਰ੍ਹਿਆ ਤੋਂ ਮੈਨੂੰ ਕਿਉਂ ਲੱਗ ਰਿਹੈ ਕਿ ਮਾਂ ਮਰ ਚੁੱਕੀ ਹੈ। ਮੇਰਾ ਵੀ ਦਿਮਾਗ਼ ਤਾਂ ਨੀ ਹਿੱਲ ਗਿਆ ਕਿਤੇ।

"ਮੈਨੂੰ ਵੀ ਲੱਗਦਾ ਸੀ ਕਿ ਮੇਰਾ ਦਿਮਾਗ਼ ਹਿੱਲ ਗਿਐ। ਪਹਿਲੀ ਵਾਰ ਮੈਂ ਜਦੋਂ ਬਿਗਾਨੀ ਸੇਜ਼ ਤੇ ਪਈ ਸੀ। ਮਾਂ ਲੰਮੀ ਪਈ ਹੋਈ ਮੇਰੇ ਵੱਲ ਪਾਸਾ ਪਰਤਦੀ ਹੈ। ਅੱਜ ਵੀ ਚੇਤਿਆਂ 'ਚ ਉਬਾਲ ਉਠਦੇ ਨੇ ਉਹ ਦਿਨ ਲਗਦਾ ਸੀ ਜਿਵੇਂ ਅਣਗਿਣਤ ਕੰਡੇ ਖਿਲਰੇ ਪਏ ਨੇ, ਵਿਛੇ ਪਏ ਨੇ ਸੇਜ਼ ਤੇ, ਉਹ ਬਿਗਾਨੇ ਹੱਥ ਜਿਵੇਂ ਗਿਰਝਾਂ ਦੇ ਪੰਜਿਆਂ ਵਾਂਗ ਮੇਰੇ ਜਿਸਮ ਤੇ ਫਿਰਦੇ ਮੈਨੂੰ ਨੋਚਦੇ ਜਿਵੇਂ ਮੈਂ ਮੁਰਦਾਰ ਹੋਵਾਂ। ਮੁਰਦਾ ਈ ਤਾਂ ਹੋ ਗਈ ਸਾਂ ਉਸ ਦਿਨ ਤੋਂ ਬਾਅਦ। ਆਪਣੇ ਆਪ 'ਚੋਂ ਕੁੱਝ ਮਰ ਗਿਆ ਲੱਗਿਆ। ... ਦੋ ਰੋਟੀਆਂ ਦੀਆਂ ਬੁਰਕੀਆਂ ਲਈ ਮੈਂ ਬਿਗਾਨੀਆਂ ਦੇਹਾਂ ਹੰਢਾਈਆਂ। ਨਹੀਂ ਬਚੜਿਆ ਮੈਂ ਤਾਂ ਭੁੱਖ ਸਹਾਰ ਲੈਂਦੀ, ਭੁੱਖੀ ਵੀ ਮਰ ਜਾਂਦੀ। ਪਰ ਤੁਹਾਨੂੰ ਭੁੱਖਿਆ ਵਿਲਕਦੇ ਕਿਵੇਂ ਵੇਖਦੀ। ਆਪਣੇ ਬੱਚਿਆਂ ਦੀ ਭੁੱਖ ਦੇਖ ਕੇ ਮਾਂ ਕੀ ਨੀ ਕਰਦੀ। ਹੋਰ ਕੀਹਦਾ ਜੀਅ ਕਰਦੈ ਆਪਣੇ ਜਿਸਮ ਤੇ ਆਪਣੇ ਹਰ ਇਕ ਅੰਗ ਤੇ ਪਰਾਏ ਹੱਥਾਂ ਦਾ ਸਪਰਸ਼ ਖੁਦਵਾਉਣ ਨੂੰ। ਕਿਹੜੀ ਮਾਂ ਦਾ ਜੀਅ ਕਰਦੈ ਆਪਣੇ ਬੱਚਿਆਂ ਦੀਆਂ, ਪਤੀ ਦੀਆਂ ਆਪਣੇ ਪਰਿਵਾਰ ਦੀਆਂ ਅੱਖਾਂ 'ਚੋ ਗਿਰਨਾ ਹੋਰ ਤਾਂ ਹੋਰ ਸਮਾਜ ਦੀਆਂ ਨਜ਼ਰਾਂ ਤੋਂ ਗਿਰਨਾ। ਮੈਂ ਤਾਂ ਆਪਣੀ ਜ਼ਮੀਰ, ਆਪਣਾ ਸਵੈਮਾਣ, ਆਪਣੀ ਰੂਹ, ਆਪਣਾ ਜਿਸਮ ਵੇਚ ਕੇ ਪਾਲਿਐ ਥੋਨੂੰ। ਹਰ ਇਕ ਸੁੱਖ ਦੇਣ ਦੀ ਕੋਸ਼ਿਸ਼ ਕੀਤੀ ਮੈਂ ਤੁਹਾਨੂੰ। ਮਾਂ ਦਾ ਫਰਜ਼ ਆਪਣੀ ਦੇਹ ਵੇਚ ਕੇ ਪੂਰਾ ਕੀਤੈ। ਤੂੰ ਕੀ ਸੋਚਦੈ? ਮਾਂ ਨੂੰ ਪਤਾ ਨੀ ਲਗਦਾ ਪੁੱਤਾਂ ਦੇ ਦਿਲ, ਦਿਮਾਗ਼ 'ਚ ਕੀ ਚਲ ਰਿਹੈ। ਮਾਂ ਪੁੱਤ ਨੂੰ ਜੰਮਦੀ ਐ। ਪੁੱਤ ਨੀ ਮਾਂ ਨੂੰ ਜੰਮਦੇ। ਮੈਨੂੰ ਸਭ ਪਤਾ ਸੀ ਰੋਟੀ 'ਚ ਜ਼ਹਿਰ ਆ। ਮੈਂ ਤਾਂ ਵੀ ਖਾ ਰਹੀ ਸੀ ਪਤਾ ਹੋਣ ਦੇ ਬਾਵਜੂਦ ਵੀ ਕਿ ਮੈਨੂੰ ਮਾਰਨ ਨੂੰ ਫਿਰਦੇ ਨੇ, ਮੈਂ ਮਰਨ ਲਈ ਤਿਆਰ ਸੀ। ਜਿਹੜੇ ਪੁੱਤਾਂ ਲਈ ਸਾਰੀ ਉਮਰ ਦੇਹ ਵੇਚੀ ਉਹੀ ਮਾਂ ਨੂੰ ਮਾਰਨ ਨੂੰ ਫਿਰਨ ਤਾਂ ਮਾਂ 'ਚ ਜਿਉਂਦਾ ਵੀ ਕੀ ਰਹਿੰਦੈ। ਬਸ ਐਹੋ ਜਿਹੀ ਸੁੱਤੀ ਕਿ ਸੁੱਤੀ ਦੀ ਸੁੱਤੀ ਰਹਿ ਗਈ।

"ਉੱਠ ਦੇਖ ਕਿਵੇਂ ਸਾਲਾ ਘੋੜੇ ਵੇਚ ਕੇ ਸੁਤੈ।" ਬਾਈ ਦੀ ਲੱਤ ਮੰਜੇ ਦੀ ਹੀਂਅ ਨੂੰ ਜੋਰ ਨਾਲ ਵੱਜਦੀ ਹੈ। ਮੈਂ ਅੱਖਾਂ ਮਲਦਾ ਉਠਦਾ ਹਾਂ। ਨਾਲ ਵਾਲੀ ਮੰਜੀ ਦੇਖਦਾ ਹਾਂ ਖਾਲ਼ੀ ਪਈ ਸੀ। ਸੁਪਨਾ ਸੀ ਸ਼ਾਇਦ ਮੈਂ ਭੁਲੇਖੇ 'ਚ ਹੀ ਲਗਦਾ ਸੀ। ਸੁਪਨਾ ਦੇਖ ਰਿਹਾ ਸੀ ... ਬਿਲਕੁਲ ਹਕੀਕਤ ਲਗਦੀ ਸੀ। ਜਿਵੇਂ ਸੱਚੀ ਹੀ ਮਾਂ ਨਾਲ ਵਾਲੀ ਮੰਜੀ ਤੇ ਸੁੱਤੀ ਪਈ ਹੋਵੇ। "ਤੂੰ ਤਾਂ ਮੰਜੀਆਂ ਈ ਤੋੜੀ ਜਾਣੀਆ ਨੇ ਸਾਰੀ ਉਮਰ ਅਸੀਂ ਤਾਂ ਨਹੀਂ ਵਿਹਲੇ, ਅਸੀਂ ਬਜ਼ਾਰ ਜਾਣਾ, ਘਰ ਨੂੰ ਲਾਉਣਾ ਜਿੰਦਾ। ਤੂੰ ਚਲਿਆ ਜਾ ਕਿਤੇ। ਭਾਬੀ ਦੀ ਆਵਾਜ਼ ਸੂਈਆਂ ਵਾਂਗ ਚੁੱਭਦੀ ਹੈ।

"ਤੁਸੀਂ ਚਲੇ ਜਾਓ ਮੈਂ ਬੰਨ੍ਹ ਕੇ ਬਠਾਇਆ ਥੋਨੂੰ।" ਜਦੋਂ ਦਾ ਮਾਂ ਨੂੰ ਮਾਰਿਐ ਇਨ੍ਹਾਂ ਨੇ ਤੇ ਭਾਬੀ ਨੇ ਬਾਪੂ ਨੂੰ ਕੁੱਟਿਐ, ਉਦੋਂ ਤੋਂ ਜ਼ਹਿਰ ਵਰਗੇ ਦੀਹਦੇ ਨੇ ਦੋਵੇਂ ਜਣੇ।

"ਤੂੰ ਤਾਂ ਮਲੰਗ ਆ, ਸਾਡੇ ਤਾਂ ਪਿਆ ਨਾ ਮੇਰਾ ਦਾਜ ਵਾਲਾ ਸਮਾਨ।" ਭਾਬੀ ਖਾਣ ਵਾਂਗ ਪੈਂਦੀ ਹੈ।

"ਤਾਂ ਲਾ ਦੇ ਆਪਣੇ ਕਮਰੇ ਨੂੰ ਜਿੰਦਾ, ਮੈਂ ਆਪਣੇ ਕਮਰੇ 'ਚ ਬੈਠਾ ਅੱਜ ਮੇਰਾ ਵੀ ਗੱਲ ਆਰ-ਪਾਰ ਕਰਨ ਨੂੰ ਜੀਅ ਕਰਦੈ।"

"ਤੂੰ ਜਾਣਾ ਕਿ ਨਹੀਂ ਘਰੋਂ ਬਾਹਰ।" ਬਾਈ ਵੀ ਤੀਵੀਂ ਪਿੱਛੇ ਲੱਗ ਬੋਲਦਾ ਹੈ।

"ਢੇਕਾ ਲਗਦੇ ਤੂੰ ਘਰ ਦਾ, ਚੁੱਪ ਕਰ ਕੇ ਤੁਰ ਜਾ ਆਪਣੇ ਕਮਰੇ ਨੂੰ ਜਿੰਦਾ ਲਾ ਕੇ, ਸਾਲਾ ਲਗਦਾ ਸਮਾਨ ਦਾ ਮੈਂ ਹੱਗਦਾ ਨੀ ਥੋਡੇ ਸਮਾਨ 'ਤੇ।"

"ਅੱਗੇ ਫਿਰਦੈ ਨਾ ਕੇਸਰ ਦਰ ਦਰ ਦੀਆਂ ਠੋਕਰਾਂ ਖਾਂਦਾ, ਉਵੇਂ ਤੈਨੂੰ ਵੀ ਦਰ ਦਰ ਦਾ ਮੰਗਤਾ ਬਣਾਉ। ਪਾੜ ਕੇ ਆਪਣੇ ਕਪੜੇ ਦਿਓ ਰਿਪੋਟ ਤੇਰੇ 'ਤੇ ਨਾ ਜੇਲ੍ਹ ਦੀ ਹਵਾ ਖਵਾਈ ਤਾਂ ਕਹੀਂ। ਸਾਲੀ ਆਪਣੀ ਔਕਾਤ ਤੇ ਆ ਹੀ ਗਈ ਗਏ ਗੁਜਰੇ ਘਰ ਦੀ।

"ਪਾੜ ਕਪੜੇ ਆਪਣੇ ਕਿ ਮੈਂ ਪਾੜਾ।" ਮੈਥੋਂ ਅੱਗੇ ਵਧ ਕੇ ਦੋ ਤਿੰਨ ਥੱਪੜ ਤੇ ਗਲਮੇ ਤੋਂ ਭਾਬੀ ਦੇ ਕੱਪੜੇ ਪਾੜ ਹੋ ਜਾਂਦੇ ਨੇ, ਜਾ ਲਿਖਾ ਥਾਣੇ ਰਿਪੋਟ। ਤੂੰ ਵੀ ਆ ਸਾਲਿਆ ਦੇਵਾਂ ਤੈਨੂੰ ਵੀ ਦਾਖੂ ਦਾਣਾ।



ਤੁਸੀਂ ਕੀ ਸਮਝਦੇ ਹੋ ਸਾਰੇ ਫੁੱਦੂ ਈ ਤੁਰੇ ਫਿਰਦੇ ਨੇ, ਥੋਡਾ ਪਿਓ ਕੇਸਰ ਬਕ ਗਿਆ ਸਭ ਕੁਝ ਬਾਪੂ ਮੂਹਰੇ। ਲੈ ਕੇ ਜਾਨਾ ਕੇਸਰ ਨੂੰ ਵੱਡੇ ਅਫਸਰ ਕੋਲ, ਥਾਣੇ 'ਚ ਈ ਲੱਗਿਐ ਤੂੰ ਡੀ. ਸੀ. ਤਾਂ ਨੀ ਬਣ ਗਿਆ। ਬਚਾ ਹੁਣ ਆਪਣੀ ਨੌਂਕਰੀ, ਥੋਨੂੰ ਚੱਕੀ ਨਾ ਪਿਹਾਈ ਤਾਂ ਮੈਨੂੰ ਗੁਰਦਿੱਤ ਸਿੰਘ ਕੀਹਨੇ ਕਹਿਣਾ।"

ਮੇਰੀ ਗੱਲ ਸੁਣ ਕੇ ਦੋਹਾਂ ਨੂੰ ਜਿਵੇਂ ਪਿੱਸੂ ਪੈ ਗਏ ਹੋਣ। ਭਾਬੀ ਨੇ ਚੁੱਪ ਕਰਕੇ ਕੱਪੜੇ ਬਦਲੇ ਤੇ ਕਮਰੇ ਨੂੰ ਜਿੰਦਾ ਲਾ ਕੇ ਚਲੇ ਗਏ। ਬਜ਼ਾਰ ਆਪਣੇ ਖ਼ਸਮ ਨਾਲ ਯਾਨਿ ਕਿ ਮੇਰੇ ਬਾਈ ਤਾਰੇ ਨਾਲ। ਬਾਕੀ ਫਸਾਉਣਾ ਤਾਂ ਮੈਂ ਕੀ ਆ ਉਨ੍ਹਾਂ ਨੂੰ। ਜੇ ਫਸਾਉਣਾ ਈ ਹੁੰਦਾ ਤਾਂ ਉਦੋਂ ਹੀ ਫਸਾ ਦਿੰਦਾ ਜਦੋਂ ਮਾਂ ਮਰੀ ਸੀ। ਇਹ ਤਾਂ ਮਾਂ ਤੋਂ ਗਏ-ਗੁਜਰੇ ਲੱਗੇ ਮੈਨੂੰ। ਮਾਂ ਤਾਂ ਫਿਰ ਵੀ ਜਿਸਮ ਵੇਚਦੀ ਸੀ ਉਹ ਵੀ ਮਜਬੂਰੀ 'ਚ। ਦੱਸੋਂ ਥੋਡਾ ਕੀ ਹੱਲ੍ਹ ਖੜਦੈ। ਖੋਲ ਕੇ ਡਿਸਪੈਂਸਰੀ ਜਿਹੀ ਨਸ਼ੇ ਵੇਚਦੈ ਪਤਾ ਨੀ ਕਿੰਨੇ ਕਿੰਨੇ ਕੇਸਰ ਵਰਗੇ ਪੈਦਾ ਕਰ 'ਤੇ।

"ਕਾਹਨੂੰ ਕਲੰਕ ਲਾਉਨੇ ਓ ਛੋਟਿਆ। ਮੇਰਾ ਲਾਡੀ ਥੁੱਕ ਦੇ ਗੁੱਸਾ। ਕੰਜ਼ਰ ਨੂੰ ਦੇਵੀ ਵਰਗੀ ਮਾਂ ਨੂੰ ਮਾਰ ਕੇ ਕੀ ਮਿਲਿਆ। ਚੰਗਾ ਭਲਾ ਵਸਦਾ ਵਸਦਾ ਟੱਬਰ ਬਿਖਰ ਗਿਆ ਟੁੱਟੇ ਸ਼ੀਸ਼ੇ ਆਂਗੂੰ।" ਚਾਚਾ ਮੇਰੇ ਕੋਲ ਆ ਕੇ ਬੈਠ ਕੇ ਕਹਿੰਦਾ।

ਕੇਸਰ ਨੇ ਮਾਂ ਦੇ ਮਾਰਨ ਤੋਂ ਬਾਅਦ ਮੈਨੂੰ ਇਕ ਵਾਰ ਵੀ ਕਦੇ ਪੁੱਛਿਆ ਬਈ ਰੋਟੀ ਪਾਣੀ ਚਾਹੀਦੈ? ਸਾਂਝੀ ਕੰਧ ਦੇ ਪਰਲੇ ਪਾਰੋਂ ਕਦੇ ਝਾਕ ਕੇ ਵੀ ਨਹੀਂ ਵੇਖਿਆ । ਸਾਲਾ ਖੂਨ ਹੀ ਸਫ਼ੈਦ ਹੋ ਗਿਆ ਰਿਸ਼ਤਿਆਂ ਦਾ।

"ਮੰਗ ਲਿਆ ਕਰ ਦਿੱਤਿਆ ਹੋਰ ਰੋਟੀ ਜੇ ਲੋੜ ਹੋਵੇ। ਲਾਹੁਣੀਆਂ ਤਾਂ ਹੁੰਦੀਆਂ ਨੇ ਦੋ ਘੱਟ ਕੀ ਵੱਧ ਕੀ। ਕੀ ਫਰਕ ਪੈਂਦਾ।" ਭਾਬੀ ਰੋਜ਼ ਆ ਕੇ ਪੁੱਛਦੀ ਹੈ ਹੁਣ। ਦੇਖ ਸਾਲੀ ਤੀਵੀਂ ਦੇ ਚਲਿੱਤਰ ਪਹਿਲਾਂ ਤਾਂ ਕਦੇ ਪੁੱਛਿਆ ਨੀ ਰੋਟੀ ਨੂੰ ਹੁਣ ਕਹਿੰਦੀ ਹੈ ਕੀ ਫਰਕ ਪੈਂਦਾ ਘੱਟ ਕੀ ਵੱਧ ਕੀ। ਹੋਰ ਤਾਂ ਹੋਰ ਆ ਵੜਦੀ ਆ ਕਮਰੇ 'ਚ ਰੋਜ ਟਾਇਮੇ-ਬੇ-ਟਾਇਮੇ ਬਗ਼ੈਰ ਚੁੰਨੀ ਤੋਂ ਤੇ ਝੁਕ ਝੁਕ ਕੇ ਦਿਖਾਉਂਦੀ ਆ ਜਾਣ ਜਾਣ ਕੇ ਨਜ਼ਾਰੇ। ਮੈਂ ਵੀ ਬੰਦਾ ਆ ਆਖ਼ਰ। ਤੀਵੀਂ ਦੀ ਸੁੱਥਣ 'ਚ ਤਾਂ ਜਤੀ ਸਤੀ ਵਿਸ਼ਵਾਮਿੱਤਰ ਨੀ ਵੜਨੋਂ ਰਹਿ ਸਕਿਆ। ਮੈਂ ਕਿੱਥੋਂ ਦਾ ਪਾਣੀ ਹਾਰ ਆ।"

ਬਾਈ ਗਿਆ ਸੀ ਥਾਣੇ 'ਚ ਡਿਊਟੀ ਤੇ ਬਾਪੂ ਬਾਹਰ ਵਿਹੜੇ 'ਚ ਅਮਰੂਦ ਥੱਲੇ ਮੰਜੀ ਡਾਹੀ ਪਿਆ ਸੀ। ਆ ਗਈ ਕਮਰੇ 'ਚ ਜਾਣ-ਜਾਣ ਨਾਲ ਲੱਗ ਲੱਗ ਘਸਰੇ ਨਾਲੇ ਛੇੜੀ ਜਾਵੇ ਪਤਾ ਨਹੀਂ ਕੀ ਹੋਇਆ ਮਾਂ ਨੂੰ ਮਾਰਨ ਦੇ ਬਦਲੇ ਦੀ ਅੱਗ ਸੀ ਜਾਂ ਸਰੀਰ ਦੀ ਗਰਮੀ। ਬਸ ਢਾਹ ਲਈ ਏਕਰਾ। ਉਪਰ ਥੱਲੇ ਵਿਚ ਬਸ ਸ਼ੁਗਲ ਮੇਲਾ ਹੋ ਗਿਆ। ... ਚਿੱਤ ਰਾਜੀ ਹੋ ਗਿਆ। ਹੋਰ ਇਹਦੇ 'ਚ ਕੱਢਣ ਪਾਉਣ ਨੂੰ ਹੁੰਦਾ ਈ ਕੀ ਆ। ਹੁਣ ਮਾਰੇ ਆਪਣੀ ਘਰਵਾਲੀ ਨੂੰ ਸਾਲਾ ਕੁੱਤਾ।

"ਬਾਪੂ ਖਾਏਂਗਾ ਤਰੀ ਨਾਲ ਰੋਟੀ ਅੱਜ ਬੱਕਰਾ ਬਣਾਇਆ।" ਹੈਰਾਨ ਹੋ ਬਾਪੂ ਸੋਚਣ ਲੱਗਾ ਇਹ ਕੀ ਜੱਗੋ ਬਾਹਰੀ ਹੋ ਗਈ। ਦਿਨਾਂ 'ਚ ਤੱਤੀ ਤੱਤੀ ਤਵੇਂ ਤੋਂ ਉਤਰਦੀ ਰੋਟੀ ਮਿਲਣ ਲਗ ਪਈ। ਬੱਕਰੀਆਂ ਆਲੇ ਆ ਬਾਪੂ ਆਪਾ ਬੱਕਰੀਆਂ ਆਲੇ। ਬਾਪੂ ਬੱਕਰੇ, ਬੱਕਰੀਆਂ ਵੇਚਦਾ ਰਿਹੈ। ਝਟਕਈਆਂ ਕੋਲ ਸਾਨੂੰ ਬੱਕਰੀਆਂ ਆਲੇ ਕਹਿ ਕੇ ਛੇੜਦਾ ਸੀ। ਕੇਸਰ ਤਾਂ ਪਾਗਲ ਹੋ ਜਾਂਦਾ ਸੀ ਜਦੋਂ ਕੋਈ ਉਹਨੂੰ ਛੇੜਦਾ ਤਾਂ ਅਗਲੇ ਨੂੰ ਮਾਰਨ ਤੱਕ ਜਾਂਦਾ ਸੀ। ਚਲੋ ਹੁਣ ਤਾਂ  ਗੱਡੀ ਲੀਹ ਤੇ ਆਈ ਹੈ। ਕੇਸਰ ਭਰਤੀ ਕਰਾਇਆ ਹੈ ਨਸ਼ੇ ਛੁਡਾਓ ਹਸਪਤਾਲ 'ਚ। ਪਰ ਹੁਣ ਨੀ ਗੁੱਸਾ ਲਗਦਾ ਕਿਸੇ ਦੇ ਕਹੇ ਦਾ। ਮਾਂ ਦੇ ਮਰਨ ਤੋਂ ਬਾਅਦ ਪਤਾ ਨੀ ਕੁਸ ਟੁੱਟ ਗਿਆ ਅੰਦਰੋਂ ਪਤਾ ਨੀ ਕੁਸ ਸੌ ਗਿਐ।

"ਬਥੇਰਾ ਸੌਂ ਲਿਆ, ਉੱਠ ਦੇਖ ਕਿਵੇਂ ਲੰਮੀਆਂ ਤਾਣ ਕੇ ਸੁਤੈ।" ਮਾਂ ਦੀ ਆਵਾਜ਼ ਕੰਨ ਵਿੰਨਦੀ ਹੈ। ਅਜੀਬ ਜਿਹੇ ਭੁਲੇਖੇ 'ਚ ਹਾਂ ਮੈਂ। ਬਾਹਰ ਆ ਕੇ ਮਾਂ ਦੇ ਕਮਰੇ ਵੱਲ ਵੇਖਦਾ ਹਾਂ। ਅਮਰੂਦ ਦਾ ਦਰਖ਼ਤ ਤਾਂ ਵੱਢਿਆ ਪਿਐ ਜਿਹਦੇ ਥੱਲੇ ਸੌਂਦਾ ਸੀ ਬਾਪੂ ਬਸ ਖੁੰਢ ਹੀ ਬਚਿਆ ਹੈ। ਕੁਛ ਵੀ ਸਮਝ ਨਹੀਂ ਆ ਰਿਹਾ। ਮਾਂ ਤਾਂ ਠੀਕ ਠਾਕ ਹੈ ਪਰ ਬਾਪੂ ਦੀ ਤਸਵੀਰ ਤੇ ਹਾਰ ਲਟਕ ਰਿਹੈ ਬਿਲਕੁਲ ਘਸਮੈਲਾ ਜਿਹਾ ਸੁੱਕੇ ਜਿਹੇ ਫੁੱਲਾਂ ਦਾ।

**ਪਤਾ 154-1, ਗੁਰੂ ਨਾਨਕ ਨਗਰ, ਨੇੜੇ ਨਵੀਂ ਅਨਾਜ਼ ਮੰਡੀ, ਪਟਿਆਲਾ-147001**

## ਲੇਖ / ਕਹਾਣੀ ਦੀਆਂ ਗੱਲਾਂ/ ਕੈਸਰ ਤਮਕੀਨ

ਆਮ ਤੌਰ ਉੱਤੇ ਜਜ਼ਬਾਤੀ ਅਤੇ ਸੰਵੇਦਨਸ਼ੀਲ ਲੋਕ ਨਾਵਲ ਅਤੇ ਕਹਾਣੀਆਂ ਪੜ੍ਹ ਕੇ ਆਪਣੀ ਜ਼ਿੰਦਗੀ ਦੀ ਕਾਮਯਾਬੀ, ਅਫਲਤਾ ਅਤੇ ਮੰਦਹਾਲੀ ਦਾ ਮੁਕਾਬਲਾ ਉਨ੍ਹਾਂ ਕਹਾਣੀਆਂ ਅਤੇ ਘਟਨਾਵਾਂ ਦੇ ਅਹਿਮ ਪਾਤਰਾਂ ਨਾਲ ਕਰਦੇ ਨੇ। ਬਹੁਤ ਸਾਰੇ ਲੋਕ ਇਹ ਸੋਚ ਕੇ ਪ੍ਰਸੰਨ ਹੋ ਜਾਂਦੇ ਹਨ ਕਿ ਸਾਡੇ ਵਰਗੇ ਹੋਰ ਵੀ ਲੋਕ ਦੁਨੀਆਂ ਵਿਚ ਅਜਿਹੇ ਹਨ ਜੋ ਮੁਸੀਬਤਾਂ ਅਤੇ ਮੁਸ਼ਕਿਲਾਂ ਨੂੰ ਸਹਿਨ ਕਰਦੇ ਨੇ। ਕੁਝ ਤਾਂ ਸਬਰ ਤੇ ਸ਼ੁਕਰ ਕਰਕੇ ਚੁੱਪ ਹੋ ਜਾਂਦੇ ਹਨ ਅਤੇ ਕੁਝ ਸੰਘਰਸ਼ ਵੱਲ ਧਿਆਨ ਦਿੰਦੇ ਹਨ। ਕਾਮਯਾਬੀ ਹੋਵੇ ਜਾਂ ਅਸਫਲਤਾ, ਨਤੀਜੇ ਦੀ ਉਨ੍ਹਾਂ ਨੂੰ ਪਰਵਾਹ ਨਹੀਂ ਹੁੰਦੀ ਅਤੇ ਨਾ ਹੀ ਉਹ ਮੁਸੀਬਤਾਂ 'ਚ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਦੇ ਨੇ। ਬਹੁਤ ਸਾਰੇ ਪਾਠਕ ਅਜਿਹੇ ਹੁੰਦੇ ਸਨ ਜਿਹੜੇ ਨਾਵਲ ਜਾਂ ਕਹਾਣੀਆਂ ਦੇ ਬਦਨਸੀਬ ਕਿਰਦਾਰਾਂ ਦੇ ਵਿਰੁੱਧ ਕਿਸੇ ਸਮਝੌਤੇ ਨੂੰ ਆਪਣੀ ਗ਼ੈਰਤ ਦੇ ਲਈ ਸਬਰ ਨੂੰ ਅਜ਼ਮਾ, ਇਹ ਸੋਚ ਕੇ ਕਰਦੇ ਹਨ ਕਿ 'ਮੈਨੂੰ ਅਸਫਲਤਾ ਉੱਤੇ ਹੰਝੂ ਵਹਾਉਣਾ ਨਹੀਂ ਆਉਂਦਾ' ਕਹਿੰਦੇ ਅਤੇ ਆਪਣੀ ਜ਼ਿੰਦਗੀ ਨੂੰ ਹੀ ਇਕ ਨਵੀਂ ਦਾਸਤਾਨ ਬਣਾਉਣ 'ਚ ਲੱਗ ਜਾਂਦੇ ਹਨ। ਫ਼ਿਕਸਨ ਵਾਲਿਆਂ ਦੀ ਇਕ ਕਿਸਮ ਉਹ ਵੀ ਹੈ ਜਿਹੜੀ ਦਿਲਸ਼ਾਦ ਅੰਜਾਮ ਅਤੇ ਫਿਰ 'ਉਹ ਖੁਸ਼ੀ ਖੁਸ਼ੀ ਰਹਿਣ ਲੱਗੇ' ਕਿਸਮ ਦੀਆਂ ਕਹਾਣੀਆਂ ਲਿਖ ਕੇ ਇਸ ਖਾਸ ਹਲਕੇ 'ਚ ਪ੍ਰਸਿੱਧੀ ਹਾਸਲ ਕਰ ਲੈਂਦੇ ਹਨ। ਪ੍ਰੰਤੂ ਹਕੀਕਤ ਪਸੰਦ ਕਲਮਕਾਰ ਫਾਰਮੂਲਾ ਟਾਇਪ ਸੁਖਾਂਤ ਵਾਲੀਆਂ ਕਹਾਣੀਆਂ ਲਿਖ ਕੇ ਪੈਸੇ ਕਮਾਉਣ ਨੂੰ ਆਪਣੇ ਲਈ ਚੰਗਾ ਨਹੀਂ ਸਮਝਦੇ। ਹਕੀਕਤ ਜਿੰਨੀ ਤਲਖ਼ ਅਤੇ ਸੰਗੀਨ ਹੁੰਦੀ ਹੈ, ਉਸੇ ਤਲਖ਼ ਅਤੇ ਸ਼ਿੱਦਤ ਦੇ ਨਾਲ ਜੇਕਰ ਸਾਡੀ ਕਲਮ ਤੋਂ ਨਿਕਲੇ ਤਾਂ ਉਸੇ ਨੂੰ ਸਾਹਿਤਕ ਕਿਰਤ ਕਹਿਣਾ ਆਸਾਨ ਹੁੰਦਾ ਹੈ। ਪ੍ਰੰਤੂ ਵਧੇਰੇ ਕਰਕੇ ਅਜਿਹਾ ਹੁੰਦਾ ਨਹੀਂ ਹੈ।

ਸਾਡੇ ਖ਼ਾਨਦਾਨੀ ਕਬਰਸਤਾਨ ਦੇ ਕਿਸੇ ਕੋਨੇ 'ਚ ਸਾਡੇ ਬਾਪ ਦਾਦਾ ਦੀਆਂ ਕਬਰਾਂ ਵੀ ਹਨ। ਸਾਨੂੰ ਉਹਨਾ ਵਿਚ ਕਦੇ ਰੁਚੀ ਨਹੀਂ ਰਹੀ, ਬਸ ਇਹੀ ਸੋਚਦੇ ਹਾਂ ਕਿ ਜੇਕਰ ਅਸੀਂ ਮਿੱਟੀ ਦੇ ਇਨ੍ਹਾਂ ਢੇਰਾਂ ਨੂੰ ਫੁੱਲਾਂ ਨਾਲ ਸਜਾ ਕੇ ਇਸ ਉੱਪਰ ਕੀਮਤੀ ਚਾਦਰਾਂ ਚੜਾਈਏ, ਤਾਂ ਕੀ ਸੱਚੀ ਮੁੱਚੀ ਸਾਡੇ ਬਜ਼ੁਰਗਾਂ ਨੂੰ ਕੋਈ ਰਾਹਤ ਨਸੀਬ ਹੋਵੇਗੀ?

ਇਸ ਵਾਰ ਸ਼ਹਿਰ ਵਿਚ ਬਹੁਤ ਜ਼ੋਰ ਨਾਲ ਬਰਸਾਤ ਹੋਈ। ਕੋਈ ਬੰਨ੍ਹ ਟੁੱਟ ਗਿਆ, ਜਿਸ ਕਰਕੇ ਹੜ੍ਹ ਦਾ ਪਾਣੀ ਸ਼ਹਿਰ ਵਿਚ ਵੜ ਗਿਆ। ਗਲੀਆਂ, ਸੜਕਾਂ ਅਤੇ ਰਾਹ ਜਲ-ਥਲ ਹੋ ਗਏ। ਉਸੇ ਵਿਚ ਸਾਡਾ ਕਬਰਿਸਤਾਨ ਵੀ ਬਰਬਾਦ ਹੋ ਗਿਆ। ਅਨੇਕਾਂ ਕਬਰਾਂ ਰੁੜ ਗਈਆਂ, ਲਾਸ਼ਾਂ ਦੀਆਂ ਹੱਡੀਆਂ ਉਪਰ ਆ ਕੇ ਤੈਰਨ ਲੱਗੀਆਂ। ਉਨ੍ਹਾਂ ਵਿਚ ਸਾਡੇ ਬਜ਼ੁਰਗਾਂ ਦੇ ਢਾਂਚੇ ਵੀ ਰਹੇ ਹੋਣਗੇ, ਪ੍ਰੰਤੂ ਅਸੀਂ ਆਪਣੇ ਅਜ਼ੀਜ਼ਾਂ ਅਤੇ ਰਿਸ਼ਤੇਦਾਰਾਂ ਦੇ ਜਜ਼ਬਾਤ ਦਾ ਖ਼ਿਆਲ ਕਰਕੇ ਉਨ੍ਹਾਂ ਹੱਡੀਆਂ, ਪਿੰਜਰਾਂ ਅਤੇ ਖੋਪੜੀਆਂ ਵੱਲ ਧਿਆਨ ਨਾ ਦੇ ਸਕੇ। ਇਹ ਚਸਮਦੀਦ ਨਜ਼ਾਰਾ ਇਕ ਹਕੀਕਤਨੁਮਾ ਕਹਾਣੀ ਬਣ ਸਕਦੀ ਸੀ, ਪ੍ਰੰਤੂ ਅਸੀਂ ਉਸ ਨੂੰ ਦਾਸਤਾਨ ਬਣਾਉਣ ਜਾਂ ਉਸ ਵਿਚ ਰੰਗ ਭਰ ਕੇ ਉਸੇ ਕਬਰਪ੍ਰਸਤੀ ਅਤੇ ਮਾਨਵ ਅੰਗ ਵੇਚਣ ਦੇ ਖ਼ਿਲਾਫ਼ ਨਾ ਵਰਤ ਸਕੇ। ਉਦੋਂ ਸਾਨੂੰ ਪੂਰੀ ਤਰ੍ਹਾਂ ਇਹ ਅਹਿਸਾਸ ਹੋ ਗਿਆ ਕਿ ਕਹਾਣੀ ਲਿਖਣਾ ਅਤੇ ਹਕੀਕਤ ਵਰਗੀ ਕਹਾਣੀ ਲਿਖਣਾ ਕਿੰਨਾ ਮੁਸ਼ਕਲ ਅਤੇ ਦਿਲ ਗੁਰਦੇ ਦਾ ਕੰਮ ਹੈ।

ਅਸੀਂ ਆਪਣੇ ਟੱਬਰ ਦੇ ਵੱਡੇ ਵਡੇਰਿਆ ਅਤੇ ਅਮੀਰ ਲੋਕਾਂ ਦੀਆਂ ਮਜ਼ਾਰਾਂ ਦਾ ਹਸ਼ਰ ਹਮੇਸ਼ਾ ਆਪਣੇ ਮਨ ਵਿਚ ਰੱਖਿਆ। ਪਤਾ ਸੀ ਕਿ ਉਨ੍ਹਾਂ ਮਜ਼ਾਰਾਂ ਦੀਆਂ ਬਹੁਤ ਰੌਚਿਕ ਕਹਾਣੀਆਂ ਹੋ ਸਕਦੀਆਂ ਹਨ। ਆਮ ਘੁਣਤਰੀਆਂ ਨੂੰ ਟੁੱਟੀਆਂ ਭੱਜੀਆਂ ਹਵੇਲੀਆਂ, ਕਬਰਾਂ ਅਤੇ ਉਨ੍ਹਾਂ ਕਬਰਾਂ ਦੀਆਂ ਤਿਹਾਂ 'ਚ ਪਏ ਹੋਏ ਲੋਕਾਂ ਦੇ ਚਿੰਨ੍ਹਾਂ ਨਾਲ ਚੁੰਬੜੇ ਹੋਏ ਅਤੇ ਹੱਡੀਆਂ ਦਾ ਗੁੱਦਾ ਚੂਸਦੇ ਹੋਏ ਕੀੜਿਆਂ ਨਾਲ ਬਹੁਤ ਰੁਚੀ ਹੁੰਦੀ ਹੈ। ਪ੍ਰੰਤੂ ਸਾਡਾ ਕੋਈ ਅਜੀਜ ਅਤੇ ਸਕਾ ਭਰਾ ਜਦੋਂ ਇਸ ਦੁਨੀਆਂ ਵਿਚੋਂ ਉੱਠ ਗਿਆ ਅਤੇ ਮਿੱਟੀ ਦੀ ਬੁੱਕਲ ਵਿਚ ਲੁਪਤ ਹੋ ਗਿਆ , ਤਾਂ ਸਾਨੂੰ ਉਸਦੇ ਭੌਤਿਕ ਵਾਜ਼ੂਦ ਨਾਲ ਕੋਈ



ਰੁਚੀ ਨਹੀਂ ਰਹੀ। ਬੁੱਢੀ ਦੁਨੀਆਂ ਮਰਦੀ ਰਹਿੰਦੀ ਹੈ ਜੇਕਰ ਅਸੀਂ ਅੱਜ ਮੌਤ ਨੂੰ ਗਲੇ ਨਾਲ ਲਗਾਈਏ, ਤਾਂ ਆਉਣ ਵਾਲੇ ਬੱਚੇ ਅਤੇ ਨਸਲਾਂ ਦੇ ਕੋਲ ਰਹਿਣ ਦਾ ਟਿਕਾਣਾ ਕਿੱਥੇ ਰਹਿ ਜਾਵੇਗਾ। ਕਹਾਣੀਕਾਰ ਹੀ ਇਸ ਹਕੀਕਤ ਦਾ ਖੁੱਲ੍ਹੇ ਅੰਦਾਜ਼ 'ਚ ਬਿਆਨ ਕਰਦਾ ਹੈ। ਸ਼ਾਇਰ ਇਜ਼ਰਾਤ ਤਾਂ ਮਰਨੇ ਦੇ ਬਾਅਦ ਵੀ ਇਹੀ ਰੋਣਾ ਰੋਂਦੇ ਸਨ ਕਿ ਉਨ੍ਹਾਂ ਦੀ ਕਬਰ ਉੱਤੇ ਕੋਈ ਦੋ ਫੁੱਲ ਰੱਖਣ ਵਾਲਾ ਨਹੀਂ ਹੈ। 'ਹਜ਼ਰਤ ਫ਼ਾਨੀ ਬਦਾਯੂੰਨੀ' ਦੀ ਮਜ਼ਾਰ ਉੱਤੇ ਜੇਕਰ ਪੱਕੇ ਤੌਰ 'ਤੇ ਗੈਸ ਵਾਲੇ ਚਿਰਾਗ਼ਾਂ ਦਾ ਪ੍ਰਬੰਧ ਕਰ ਦਿੱਤਾ ਜਾਵੇ, ਤਾਂ ਕੀ ਖੁਦ ਸ਼ਾਇਰ ਦੀਆਂ ਉਨ੍ਹਾਂ ਬਦਨਸੀਬੀਆਂ ਅਤੇ ਮੁਸ਼ਕਿਲਾਂ ਦਾ ਸਬਕ ਮਿਲ ਜਾਵੇਗਾ ਜਿਹੜਾ ਉਨ੍ਹਾਂ ਨੂੰ ਹੈਦਰਾਬਾਦ 'ਚ ਮੁਸ਼ਕਲਾਂ ਸਹਿਨ ਕਰਨੀਆ ਪਈਆ

ਕਹਾਣੀ ਜ਼ਿੰਦਗੀ ਦੀ ਹੋਵੇ ਜਾਂ ਮੌਤ ਦੀ, ਇਕ ਅੰਗਿਆਰਾ ਹੁੰਦੀ ਹੈ, ਇਕ ਅਜਿਹਾ ਅੰਗਿਆਰਾ ਜਿਹੜਾ ਅਚਾਨਿਕ ਭਾਂਬੜ ਬਣ ਜਾਂਦਾ ਹੈ। ਕਹਾਣੀ ਵਕਤ ਦੀ ਪੁਕਾਰ ਹੁੰਦੀ ਹੈ। ਖੁਦ ਨੂੰ ਲਿਖਵਾਉਂਦੀ ਹੈ। ਪਾਰਖੂ ਅੱਖ ਨੂੰ ਆਪਣੇ ਵੱਲ ਖਿੱਚਦੀ ਹੈ, ਕਿਸੇ ਹੰਢੇ ਹੋਏ ਉਸਤਾਦ ਦੇ ਵਾਂਗ ਅਹਿਮੀਅਤ ਭਾਵ ਕਿ ਅਸਲੀਅਤ ਵਿਚ ਜ਼ਿੰਦਗੀ ਦਾ ਪਾਠ ਦਿੰਦੀ ਹੈ। ਦੁਨੀਆਂ ਵਿਚ ਨਿਚੋੜ ਦਾ ਨਕਸ਼ਾ ਕੇਵਲ ਇਕ ਕਹਾਣੀਕਾਰ ਹੀ ਪੇਸ਼ ਕਰ ਸਕਦਾ ਹੈ। ਇਹ ਹਿਜ਼ਰ ਅਤੇ ਦੁੱਖ 'ਚ ਹੰਝੂ ਵਹਾਉਣ ਵਾਲੇ ਸ਼ਾਇਰ ਦੇ ਬਸ ਦੀ ਬਾਤ ਨਹੀਂ ਹੁੰਦੀ।

ਆਓ ਹੁਣ ਹਕੀਕਤ ਵਿਚ ਕੁਝ ਉਦਾਹਰਨਾਂ ਦੇਖੀਏ-ਏਗਾ ਮੇਮਨ ਦੀ ਪਤਨੀ ਕਲੀਟੇਮ ਨੇਸਟਰ ਆਪਣੇ ਪਤੀ ਦਾ ਕਤਲ ਕਰਕੇ ਕਿੰਨੀ ਖੁਸ਼ ਨਜ਼ਰ ਆਉਂਦੀ ਹੈ। ਡਿਕਨਸ ਦਾ ਬਿੱਲ ਸਾਇਕਸ ਨੇਨਸੀ ਵਰਗੀ ਰਹਿਮ ਦਿੱਲ ਤੇ ਮਿਹਰਬਾਨ ਵੇਸਵਾ ਦਾ ਕਿਸ ਤਰ੍ਹਾਂ ਕਤਲ ਕਰਕੇ ਟੁੱਕੜੇ ਟੁੱਕੜੇ ਕਰ ਦਿੰਦੀ ਹੈ। ਦੋਸਤੋਵਸਕੀ ਦਾ ਰਸਕੋਲ ਨਕੋਫ਼ ਕਿਸ ਤਰ੍ਹਾਂ ਦੋ ਕਤਲ ਕਰ ਦਿੰਦਾ ਹੈ। ਅਲਬੇਅਰ ਕਾਮੂ ਦਾ ਮਿਉਰਜਾਲ ਕਿਸ ਤਰ੍ਹਾਂ ਇਕ ਅਰਬ ਨੂੰ ਗੋਲੀ ਮਾਰ ਦਿੰਦਾ ਹੈ। ਨੋਬੋਕੋਫ਼ ਦਾ ਇਮਬਰਟ ਲੋਲਿਤਾ ਦੀ ਮਾਂ ਨੂੰ ਕਤਲ ਕਰਨ ਦੀ ਸਕੀਮ ਬਣਾਉਂਦਾ ਹੈ।( ਇਸ ਤੋਂ ਪਹਿਲਾਂ ਉਹ ਖੁਦ ਹੀ ਇਕ ਗੱਡੀ ਦੇ ਥੱਲੇ ਕੁਚਲ ਕੇ ਮਰ ਜਾਂਦੀ ਹੈ) ਪ੍ਰੰਤੂ ਤਰਕੀਬ ਦੀ ਨਾਕਾਮੀ ਉੱਤੇ ਉਹ ਇਕ ਦੂਸਰੇ ਬੰਦੇ ਦਾ ਕਤਲ ਕਰ ਦਿੰਦਾ ਹੈ। ਜਿਹੜਾ ਲੋਲਿਤਾ ਨੂੰ ਉਸ ਦੇ ਹੱਥੋਂ ਖੋਹ ਕੇ ਲੈ ਜਾਂਦਾ ਹੈ। ਦੌਰੇ ਹਾਜ਼ਿਰ ਦਾ ਨਾਵਲਕਾਰ ਲਾਇਨਲ ਦਾ ਹੀਰੋ ਕਿਸੇ ਬੇ ਰਹਿਮੀ ਨਾਲ ਤੀਰ ਅਤੇ ਕਮਾਨ ਦੀ ਵਰਤੋ ਕਰਕੇ ਕਤਲ ਕਰਦਾ ਹੈ। ਸ਼ੌਕਤ ਸਦੀਕੀ ਦਾ ਠੇਕੇਦਾਰ ਹਿੰਸਾ ਦੇ ਕਿਸ ਤਰ੍ਹਾਂ ਨਕਸ਼ੇ ਪੇਸ਼ ਕਰਦਾ ਹੈ... ਇਹ ਸਾਰੇ ਬਿਰਤਾਂਤ ਹਕੀਕਤ ਨਹੀਂ ਹਨ, ਪ੍ਰੰਤੂ ਫਿਰ ਵੀ ਜ਼ਿੰਦਗੀ ਦੀਆਂ ਅਜਿਹੀਆਂ ਘਟਨਾਵਾਂ ਜ਼ਰੂਰ ਹਨ ਜਿਨ੍ਹਾਂ ਦੇ ਸੰਬੰਧ ਵਿਚ ਅਸਾਨੀ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮਹਿਜ ਕਹਾਣੀਕਾਰ ਦੀ ਕਲਪਨਾ ਦੀ ਬੁਲੰਦ ਉਡਾਰੀ ਹੈ ਅਤੇ ਆਮ ਜ਼ਿੰਦਗੀ 'ਚ ਅਜਿਹਾ ਹੁੰਦਾ ਨਹੀਂ ਹੈ। ਕਹਾਣੀ ਦੀ ਖੂਬੀ ਅਜਿਹੀ ਹੈ ਕਿ ਹਕੀਕਤ ਨਾ ਹੋਣ ਦੇ ਬਾਵਜੂਦ ਉਸ ਨੂੰ ਗ਼ੈਰ ਹਕੀਕਤ ਕਹਿਣਾ ਆਸਾਨ ਨਹੀਂ ਹੁੰਦਾ।

ਹਾਲ ਹੀ ਵਿਚ ਸਮਕਾਲੀ ਕਹਾਣੀ ਦੇ ਸੰਬੰਧ ਵਿਚ ਲੇਖ ਦੇਖਣ ਪੜ੍ਹਨ ਨੂੰ ਮਿਲੇ। ਪ੍ਰੰਤੂ ਸਭ ਵਿਚ ਦੋ ਵਿਰੋਧਾਭਾਸੀ ਗੱਲਾਂ ਪੇਸ਼ ਕੀਤੀਆਂ ਗਈਆਂ। ਇਕ ਪਾਸੇ ਤਾਂ ਕਿਹਾ ਜਾ ਰਿਹਾ ਹੈ ਕਿ ਕਹਾਣੀ ਦਾ ਫ਼ਨ ਤੇਜੀ ਨਾਲ ਪਤਨ ਵੱਲ ਵੱਧ ਰਿਹਾ ਹੈ ਅਤੇ ਪਾਠਕਾਂ ਦੀ ਗਿਣਤੀ ਯੂਰਪ ਅਤੇ ਅਮਰੀਕਾ , ਦੋਨਾਂ ਥਾਵਾਂ 'ਤੇ ਘਟ ਹੁੰਦੀ ਜਾ ਰਹੀ ਹੈ। ਦੂਜੀ ਤਰਫ਼ ਕਈ ਰਸਾਲਿਆਂ 'ਚ ਇਹ ਵੀ ਪੜ੍ਹਨ ਨੂੰ ਮਿਲਿਆ ਕਿ ਕਹਾਣੀ ਨੂੰ ਨਜ਼ਰ ਅੰਦਾਜ਼ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਛੋਟੀਆਂ ਚੀਜ਼ਾਂ ਖ਼ੂਬਸੂਰਤ ਹੁੰਦੀਆਂ ਹਨ The small is beautiful ਦਾ ਕਥਨ ਅੱਜ ਵੀ ਇਕ ਹਕੀਕਤ ਹੈ। ਜਦੋਂ ਇਹ ਕਹਿਣਾ ਮੁਸ਼ਕਲ ਹੈ ਕਿ ਹਕੀਕਤ ਕੀ ਹੈ? ਮੁਮਕਿਨ ਹੈ ਇਨ੍ਹਾਂ ਦੋਹਾਂ ਦਲੀਲਾ ਦੇ ਦਰਮਿਆਨ ਹੋਵੇ। ਪਰੰਤੂ ਇਕ ਗੱਲ ਕਿਸੇ ਨਾ ਕਿਸੇ ਤਰ੍ਹਾਂ ਹਰ ਕੋਈ ਕਹਿੰਦੀ ਹੈ ਕਿ ਕਹਾਣੀਆਂ ਦੀਆਂ ਖੂਬੀਆਂ ਦਿਨ ਬ ਦਿਨ ਘਟ ਰਹੀਆਂ ਹਨ। ਇਸ ਕਰਕੇ ਵੀ ਕਹਾਣੀ ਦੀ ਦੁਨੀਆਂ ਦੁਚਿਤੀ ਵਿਚ ਪਈ ਹੋਈ ਹੈ। ਇਹ ਦੇਖਿਆ ਜਾ ਰਿਹਾ ਹੈ ਕਿ ਨਿਊਯਾਰਕ ਦੇ ਰਸਾਲੇ ਤਾਂ ਹੁਣ ਕਹਾਣੀਆਂ ਨੂੰ ਬਹੁਤ ਸੋਚ ਸਮਝ ਕੇ ਅਤੇ ਧਿਆਨ ਨਾਲ ਹੱਥ ਪਾਉਂਦੇ ਹਨ। ਅਮਰੀਕਾ ਦੇ ਕਹਾਣੀਕਾਰ ਰਿਚਰਡ ਫੋਰਡ ਜਿਹੜੇ ਕਈ ਸਾਹਿਤਕ ਇਨਾਮ ਜਿੱਤ ਚੁੱਕੇ ਹਨ, ਬੜਾ ਨਿਰਾਸ਼ ਹੋ ਕੇ ਕਹਿੰਦਾ ਹੈ ਕਹਾਣੀ ਦਾ ਪ੍ਰਚਾਰ ਅਤੇ ਆਮ ਲੋਕਾਂ ਤੀਕ ਪਹੁੰਚਾਉਣ ਦੇ ਢੰਗ

ਤਰੀਕਿਆਂ ਵਿਚ ਢਿੱਲਾਪਨ ਆ ਗਿਆ ਹੈ। ਇਹ ਉਹੀ ਗੱਲ ਹੈ ਕਿ ਜਿਹੜੇ ਰੌਲੀ ਪਾਉਣ ਵਾਲੇ ਅਦੀਬ ਹਰ ਥਾਂ ਗ਼ਿਲਾ ਪ੍ਰਗਟ ਕਰਨ ਦੇ ਲਈ ਵਰਤੋਂ ਕਰਦੇ ਹਨ। ਲਤੀਫ਼ਾ ਇਹ ਹੈ ਕਿ ਇਹ ਗ਼ਿਲਾ ਉਹ ਹੀ ਅਦੀਬ ਕਰਦੇ ਹਨ ਜਿਹੜੇ ਹਰ ਵਿਦਵਾਨ ਨੂੰ ਆਪਣੀਆਂ ਰਚਨਾਵਾਂ ਭੇਜ ਕੇ ਇਹ ਆਸ ਕਰਦੇ ਹਨ ਕਿ ਕਿੰਨਾ ਚੰਗਾ ਹੋਵੇ ਜੇ ਵਿਦਵਾਨ ਦੋ ਚਾਰ ਅੱਖਰ ਇਸ ਦੀ ਤਰੀਫ਼ ਵਿਚ ਲਿਖ ਦੇਣ।

ਇਹ ਸਹੀ ਹੈ ਕਿ ਅਮਰੀਕਾ 'ਚ ਅਮੀਰ ਅਤੇ ਸਰਮਾਏਦਾਰਾਂ ਦੇ ਰਸਾਲੇ ਕਹਾਣੀਕਾਰਾਂ ਕੋਲੋਂ ਥੋੜ੍ਹਾ ਜਿਹਾ ਦੂਰ ਦੂਰ ਨਜ਼ਰ ਆ ਰਹੇ ਹਨ। ਪ੍ਰੰਤੂ ਇਲਾਕੇ ਦੇ ਰਸਾਲਿਆ 'ਚ ਅਜੇ ਵੀ ਕਹਾਣੀ ਦੀ ਬਹੁਤ ਪੁੱਛ ਪ੍ਰਤੀਤ ਹੈ। ਇਸ ਤੋਂ ਇਲਾਵਾ ਵੱਖ ਵੱਖ ਭਿੰਨ ਭੇਦ ਰੱਖਣ ਵਾਲੇ ਕਹਾਣੀ ਤੇ ਲੇਖ ਲਿਖਣ ਵਾਲੇ ਲੋਕਾਂ ਅਤੇ ਸੰਸਥਾਵਾਂ ਵੱਲੋਂ ਵਜ਼ੀਫ਼ੇ ਮਿਲਦੇ ਹਨ। ਇਸ ਕਰਕੇ ਕਹਾਣੀ ਦੀ ਕਲਾ ਬਿਲਕੁਲ ਹੀ ਅਣਗਹੁਣੀ ਵਿਧਾ ਨਹੀਂ ਰਹੀ। ਅੱਜ ਵੀ ਕਈ ਲਿਖਣ ਵਾਲੇ ਖਾਸ ਕਰਕੇ ਔਰਤਾਂ 'ਰੰਗ-ਬਰੰਗੀਆਂ ਕਹਾਣੀਆਂ ਲਿਖ ਕੇ ਕਾਫੀ ਲਾਭ ਪ੍ਰਾਪਤ ਕਰ ਰਹੀਆਂ ਹਨ।

ਅਮਰੀਕਾ 'ਚ ਫ੍ਰੈਕ ਓਕਾਨਿਲ ਇੰਟਰਨੈਸ਼ਨਲ ਸਾਰਟ ਸਰੋਟੀ ਐਵਾਰਡ ਕਹਾਣੀ ਦੇ ਪਹਿਲੇ ਸੰਗ੍ਰਹਿ ਨੂੰ ਦਿੱਤਾ ਜਾਂਦਾ ਹੈ। ਕਹਾਣੀ ਲਿਖਣ ਵਾਲਾ ਦੁਨੀਆਂ ਦੇ ਕਿਸੇ ਵੀ ਮੁਲਕ ਦਾ ਹੋ ਸਕਦਾ ਹੈ, ਸ਼ਰਤ ਬਸ ਇਹੀ ਹੈ ਕਿ ਸੰਗ੍ਰਹਿ ਪਹਿਲਾ ਹੋਵੇ ਅਤੇ ਅੰਗ੍ਰੇਜ਼ੀ ਵਿਚ ਹੋਵੇ। ਇਸ ਸਾਲ (2008) 'ਚ 28 ਹਜ਼ਾਰ ਪੌਂਡ ਦਾ ਇਹ ਐਵਾਰਡ ਪਰਵਾਸੀ ਬੰਗਲਾ -ਅਮਰੀਕਾ ਅਦੀਬ ਝੁੰਪਾ ਲਹਿੜੀ ਨੂੰ ਮਿਲਿਆ। ਸੰਗ੍ਰਹਿ ਦਾ ਨਾਂ ਹੈ Unaccusto med earth ਇਨਾਮ ਦੇਣ ਵਾਲੀ ਕਮੇਟੀ ਦੇ ਮੈਂਬਰ ਇਸ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹ ਕੇ ਐਨਾ ਪ੍ਰਭਾਵਿਤ ਹੋਏ ਉਨ੍ਹਾਂ ਨੇ ਮੁਕਾਬਲੇ ਵਿਚ ਆਉਣ ਵਾਲੀਆਂ ਦੂਜੀਆਂ ਕਿਤਾਬਾਂ ਜਾਂ ਉਨ੍ਹਾਂ ਦੇ ਲਿਖਣ ਵਾਲਿਆਂ ਦੀ ਤਰਫ਼ ਧਿਆਨ ਹੀ ਨਹੀਂ ਦਿੱਤਾ।

ਕਾਬਲ-ਏ-ਜ਼ਿਕਰ ਗੱਲ ਇਹ ਹੈ ਕਿ ਅਦੀਬ ਅਮਰੀਕਨ ਹੈ ਅਤੇ ਇਨਾਮ ਵੀ ਅਮਰੀਕਾ ਵਿਚ ਦਿੱਤਾ ਗਿਆ ਹੈ। ਇਸ ਦਾ ਕਾਰਨ ਸਾਇਦ ਇਹ ਹੈ ਕਿ ਅਮਰੀਕਾ ਇਸ ਵੇਲੇ ਕਹਾਣੀ ਦਾ ਕੇਂਦਰ ਹੈ ਅਤੇ ਬਰਤਾਨੀਆਂ ਅਤੇ ਆਇਰਲੈਂਡ ਇਸ ਦੇ ਮੁਕਾਬਲੇ ਵਿਚ ਖੜ੍ਹੇ ਹੋ ਨਹੀਂ ਸਕਦੇ। ਜਿਥੇ ਤੱਕ ਇੰਗਲਿਸਤਾਨ ਦਾ ਸੰਬੰਧ ਹੈ, ਤਾਂ ਇਥੋਂ ਦੇ ਅਦਬੀ ਹਲਕੇ ਇਹ ਤਸਲੀਮ ਕਰਦੇ ਹਨ ਕਿ ਪਿਛਲੇ ਪੰਜਾਹ ਸਾਲਾਂ ਵਿਚ ਬਰਤਾਨੀਆਂ 'ਚ ਨਵੀਂ ਕਹਾਣੀ ਦਾ ਨਾਸ ਹੀ ਹੋਇਆ ਹੈ। ਵਿਲਿਆਮ ਟ੍ਰੈਵਰ ਨੂੰ ਛੱਡ ਕੇ ਇੰਗਲਿਸਤਾਨ ਅਤੇ ਆਇਰਲੈਂਡ ਵਿਚ ਕੋਈ ਵੀ ਕਹਾਣੀਕਾਰ ਅਜਿਹਾ ਨਹੀਂ ਹੈ, ਜਿਹੜਾ ਮਹਿਜ ਆਪਣੀਆਂ ਕਹਾਣੀਆਂ ਦੇ ਕਾਰਨ ਜਾਣਿਆ ਜਾਂਦਾ ਹੋਵੇ। ਬਹੁਤ ਸਾਰੇ ਨਾਵਲਕਾਰ ਕਹਾਣੀਆਂ ਵੀ ਲਿਖਦੇ ਹਨ, ਪ੍ਰੰਤੂ ਉਨ੍ਹਾਂ ਮੋਪਾਸਾ ਜਾਂ ਚੈਖ਼ਵ ਵਗੈਰਾ ਦੇ ਵਾਂਗ ਕਹਾਣੀਕਾਰ ਕਹਿਣਾ ਮੁਸ਼ਕਲ ਹੈ। ਇਸ ਵੇਲੇ ਜਿਹੜੇ ਕਹਾਣੀਕਾਰ ਹਨ, ਉਹ ਆਪਣੇ ਨਾਵਲਾਂ ਦੇ ਕਰਕੇ ਮਸ਼ਹੂਰ ਹੈ। ਭਾਵੇਂ ਕਿ ਇਹ ਲੋਕ ਕਹਾਣੀਆਂ ਵੀ ਲਿਖਦੇ ਹਨ, ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਕਹਾਣੀ ਦੇ ਫ਼ਨ ਦਾ ਮਹਿਰ ਜਾਂ ਵਾਕਿਆਈ ਚੰਗਾ ਕਹਾਣੀਕਾਰ ਕਹਿਣਾ ਹਕੀਕਤ ਤੋਂ ਦੂਰ ਹੋਵੇਗਾ। ਅਸਲੀਅਤ ਇਹ ਹੈ ਕਿ ਅੰਗ੍ਰੇਜ਼ੀ ਕਹਾਣੀ ਅਕਸਰ ਅਦੀਬਾਂ ਅਤੇ ਨਾਵਲਕਾਰਾਂ ਦੇ ਲਈ ਇਕ ਰਸਮੀ ਗੱਲ ਜ਼ਰੂਰ ਹੈ, ਪ੍ਰੰਤੂ ਉਸ ਨੂੰ ਉਨ੍ਹਾਂ ਦਾ ਫ਼ਨ ਜਾਂ ਫ਼ਖ਼ਰ ਦੀ ਗੱਲ ਕਹਿਣਾ ਬੇਇਨਸਾਫੀ ਹੋਵੇਗਾ। ਇਕ ਅਦੀਬ ਦਾ ਕਹਿਣਾ ਹੈ ਕਿ ਜੇਕਰ ਕੋਈ ਕਲਮਕਾਰ ਖੁਦ ਨੂੰ ਨਾਵਲਕਾਰ ਜਾਂ ਫ਼ਿਕਸਨਨਿਗਾਰ ਦੀ ਥਾਂ ਸਟੋਰੀ ਰਾਈਟਰ ਕਹਾਵੇ, ਤਾਂ ਉਸ ਦੇ ਕੱਦ ਵਿਚ ਕੁਝ ਕਮੀ ਜ਼ਰੂਰ ਆ ਜਾਂਦੀ ਹੈ।

ਇਸ ਵੇਲੇ ਸੂਰਤੇ ਹਾਲ ਇਹ ਹੈ ਕਿ ਵੱਡੇ ਵੱਡੇ ਨਾਂ ਤਾਂ ਅੰਗਰੇਜ਼ੀ ਕਹਾਣੀਕਾਰ ਦੇ ਲਏ ਜਾਂਦੇ ਹਨ, ਪ੍ਰੰਤੂ ਕਹਾਣੀ ਦਾ ਫ਼ਨ ਖੁਦ ਕੇਵਲ ਅਮਰੀਕਾ ਵਿਚ ਹੀ ਤਰੱਕੀ ਉੱਪਰ ਹੈ। ਇਥੇ ਇੰਗਲਿਸਤਾਨ 'ਚ ਕਹਾਣੀ ਦਾ ਕੋਈ ਵੀ ਜ਼ਿਕਰ ਹੋਵੇ, ਅਦਬੀ ਹਲਕੇ ਕਿਪਲਿੰਗ, ਸਾਕੀ, ਡੀ. ਐੱਚ. ਲਾਰੇਂਸ, ਫ੍ਰੇਂਕ ਓਕਨਰ ਅਤੇ ਦੀਅਸ ਪ੍ਰੇਚਿਟ ਵਗ਼ੈਰਾ ਦੇ ਨਾਂ ਜ਼ਰੂਰ ਲੈਂਦੇ ਹਨ। ਕਦੀ ਕਦੀ ਇਹ ਗੱਲ ਵੀ ਚੱਲਦੀ ਹੈ ਕਿ ਕਹਾਣੀ ਦਾ ਫ਼ਨ ਇਨ੍ਹਾਂ ਨਾਂਵਾਂ ਨਾਲ ਸ਼ੁਰੂ ਹੋਇਆ ਅਤੇ ਇਨ੍ਹਾਂ ਦੇ ਨਾਲ ਹੀ ਖ਼ਤਮ ਹੋ ਗਿਆ। ਇਹ ਤਾਂ ਇਕ ਦੋ ਮਿੰਟ ਸੋਚਣ ਤੋਂ ਬਾਅਦ ਹੀ ਅਹਿਸਾਸ ਹੁੰਦਾ ਹੈ ਕਿ ਕਹਾਣੀ ਦਾ ਉਬਾਲ ਕੇਵਲ ਇੰਗਲਿਸਤਾਨ ਹੀ ਵਿਚ ਆਇਆ। ਅਮਰੀਕਾ ਦੀ ਗੱਲ ਬਿਲਕੁੱਲ ਵੱਖਰੀ ਹੈ। ਕਿਉਂਕਿ ਉਥੇ ਕਹਾਣੀ ਦਾ ਇਤਿਹਾਸ



ਕਾਫੀ ਪੁਰਾਣਾ ਹੈ। ਅਤੇ ਕਹਾਣੀ ਲਿਖਣ ਵਾਲੇ ਨੂੰ ਭਾਰੀ ਮਿਹਨਤਾਨਾ (ਇਵਜਾਨਾ) ਦੇਣ ਦਾ ਰਿਵਾਜ ਹੈ।

ਅਮਰੀਕਾ ਵਿਚ ਕਹਾਣੀ ਦਾ ਅਸਲੀ ਦੌਰ 1837 'ਚ ਸ਼ੁਰੂ ਹੁੰਦਾ ਹੈ ਜਦੋਂ ਨੇਥੇਨਿਅਲ ਹਾਰਥੋਨ ਦੀ ਕਿਤਾਬ Tois Told Tales ਸਾਹਮਣੇ ਆਉਂਦੀ ਹੈ। ਉਨ੍ਹਾਂ ਦਿਨ੍ਹਾਂ ਵਿਚ ਐਡਗਰ ਐਲਨ ਪੋ ਨੇ ਆਪਣਾ ਮਾਰਕ ਦਾ ਤਬਸਰਾ ਛਪਵਾਇਆ ਅਤੇ ਸਾਫ਼ ਸਾਫ਼ ਲਫ਼ਜ਼ਾਂ ਵਿਚ ਕਿਹਾ ਕਿ ਕਹਾਣੀ ਨਾਵਲ ਤੋਂ ਬਹੁਤ ਪੁਰਾਣੀ ਵਿਧਾ ਹੈ, ਕਿਉਂਕਿ ਅਸੀਂ ਉਸ ਨੂੰ ਕੇਵਲ ਇਕ ਬੈਠਕ ਵਿਚ ਪੜ੍ਹ ਲੈਂਦੇ ਹਾਂ। ਜਿਨੀ ਦੇਰ ਤੀਕ ਪਾਠਕ ਕਹਾਣੀ ਪੜ੍ਹਦਾ ਰਹਿੰਦਾ ਹੈ, ਉਸਦੇ ਹੋਸ਼ ਹਵਾਸ ਕਹਾਣੀਕਾਰ ਦੇ ਕਬਜੇ ਵਿਚ ਰਹਿੰਦਾ ਹੈ। ਪੜ੍ਹਨ ਵਾਲਾ ਪੂਰੀ ਤਰ੍ਹਾਂ ਕਹਾਣੀਕਾਰ ਦੀ ਗ੍ਰਿਫ਼ਤ ਵਿਚ ਰਹਿੰਦਾ ਹੈ।

ਇਹ ਦਾਅਵਾ ਕਿ ਕਹਾਣੀ ਨੂੰ ਨਾਵਲ ਉੱਤੇ ਫ਼ੌਕਿਆਤ ਹਾਸਿਲ ਹੈ, ਆਪਣੇ ਸਮੇਂ ਵਿਚ ਖ਼ੂਬ ਮਕਬੂਲ ਹੋਇਆ ਅਤੇ ਉਸ ਨੂੰ ਇਕ ਤਰ੍ਹਾਂ ਦੀ ਹਕੀਕਤ ਮੰਨ ਲਿਆ ਗਿਆ। ਅਮਰੀਕਾ ਵਿਚ ਆਮ ਅਦਬੀ ਹਲਕਿਆਂ ਵਿਚ ਕਹਾਣੀ ਨੂੰ ਸ੍ਰੇਸ਼ਟ ਮੰਨ ਲਿਆ ਗਿਆ। 19 ਵੀ ਸਦੀ ਵਿਚ ਚਾਰੇ ਪਾਸੇ ਰਿਸਾਲਿਆਂ ਦੀ ਭਰਮਾਰ ਹੋ ਗਈ। ਰਿਸਾਲਿਆਂ ਨੂੰ ਹੱਥ 'ਚ ਲੈ ਕੇ ਚਲਣਾ ਜਾਂ ਗੱਡੀਆਂ ਅਤੇ ਟ੍ਰਾਮਾਂ ਵਗੈਰਾ 'ਚ ਬੈਠ ਕੇ ਪੜ੍ਹਨਾ ਬਹੁਤ ਆਸਾਨ ਸੀ। ਮੋਟੇ ਮੋਟੇ ਨਾਵਲ ਲੈ ਕੇ ਚੱਲਣਾ ਅਤੇ ਫਿਰ ਚਾਰ ਪੰਜ ਸਫ਼ੇ ਪੜ੍ਹ ਕੇ 'ਬਾਕੀ ਫਿਰ' ਕਹਿ ਕੇ ਉੱਠ ਪੈਣਾ ਅੱਜ ਵੀ ਜਹਿਮਤ ਲੱਗਦਾ ਹੈ। ਉਨ੍ਹਾਂ ਦਿਨ੍ਹਾਂ ਵਿਚ ਤਾਂ ਇਹ ਕਾਫੀ ਮੁਸ਼ਕਲ ਸੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਮਰੀਕਾ ਵਿਚ ਕਹਾਣੀਆਂ ਦੇ ਕਰਕੇ ਹੀ ਪ੍ਰਸਿੱਧ ਰਸਾਲੇ ਤਰੱਕੀ ਕਰਦੇ ਰਹੇ। ਐਡਗਰ ਐਲਨ ਪੋ ਦਾ ਇਹ ਕਹਿਣਾ ਗ਼ਲਤ ਨਹੀਂ ਹੈ ਕਿ ਮੌਜੂਦਾ ਵਕਤ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਇਕ ਬਿਹਤਰ ਸਾਥੀ ਕੇਵਲ ਕਹਾਣੀ ਹੀ ਹੋ ਸਕਦੀ ਹੈ।

ਅਮਰੀਕਾ 'ਚ ਕਹਾਣੀ ਦੀ ਪ੍ਰਸਿੱਧੀ ਕੁਝ ਵੱਡੇ ਰਸਾਲਿਆ ਨੂੰ ਛੱਡ ਕੇ ਅੱਜ ਕੱਲ ਭਾਵ ਕਿ 21 ਵੀਂ ਸਦੀ ਦੀ ਸ਼ੁਰੂਆਤ 'ਚ ਵੀ ਕਾਇਮ ਹੈ। ਪਿਛਲੀ ਸਦੀ ਦੇ ਆਖੀਰ ਤੱਕ 'ਨਿਊਯਾਰਕ', 'ਸਕਵਾਯਰ' ਅਤੇ 'ਪਲੇ ਬੁਵਾਏ' ਆਦਿ ਦੁਨੀਆਂ ਵਿਚ ਪ੍ਰਸਿੱਧੀ ਦੇ ਲਈ ਕੇਵਲ ਕਹਾਣੀ ਉੱਤੇ ਨਿਰਭਰ ਰਹੇ ਅਤੇ ਅੱਜ ਵੀ ਉਨ੍ਹਾਂ ਦੀ ਹਰਦਿਲ ਅਜੀਜੀ 'ਚ ਕਹਾਣੀਕਾਰਾਂ ਦਾ ਬੜਾ ਵੱਡਾ ਹਿੱਸਾ ਹੈ। ਮਿਹਨਤਾਨੇ ਦੇ ਪੈਸੇ ਐਨੇ ਹਨ ਕਿ ਹੁਣ ਪ੍ਰਸਿੱਧ ਲੇਖਕ ਵੀ ਦੂਜੀਆਂ ਵਿਧਾਵਾਂ ਵਿਚ ਮਿਹਨਤ ਕਰਨ ਦੀ ਬਜਾਏ ਕਹਾਣੀ ਲਿਖਣਾ ਆਸਾਨ ਕੰਮ ਸਮਝਦੇ ਹਨ। ਮੌਜੂਦਾ ਮਿਹਨਤਾਨੇ ਦਾ ਜ਼ਿਕਰ ਕਰਨ ਦੇ ਲਈ 1920 ਦਾ ਹਾਲ ਦੱਸਣਾ ਜ਼ਰੂਰੀ ਹੈ ਜਦੋਂ ਸਕਾਟਫਿਟ੍ਰਜ਼ ਆਪਣੀ ਕਹਾਣੀ ਦਾ ਮਿਹਨਤਾਨਾ ਚਾਰ ਹਜ਼ਾਰ ਡਾਲਰ ਲੈਂਦਾ ਸੀ। ਹੁਣ ਇਸ ਵੇਲੇ ਮੌਜੂਦਾ ਸਿੱਕੇ 'ਚ ਤਬਦੀਲ ਕਰਕੇ ਦੇਖੀਏ ਤਾਂ ਐਨਾ ਮੁਆਵਜ਼ਾ ਅੱਜ ਕੱਲ ਹਾਲੀਵੁੱਡ ਦੀ ਸਿਕਰਿਪਟ ਉੱਪਰ ਨਜ਼ਰ ਸਾਨੀ ਕਰਨ ਵਾਲੇ ਨੂੰ ਨਹੀਂ ਮਿਲਦਾ ਹੈ। ਇਕ ਸਮੀਖਿਆਕਾਰ ਦਾ ਕਹਿਣਾ ਹੈ ਕਿ ਸਕਾਟ ਫ਼ਿਟੁਜ਼ ਨੂੰ ਆਪਣੀ ਇਕ ਕਹਾਣੀ ਤੋਂ ਹੀ ਐਨੀ ਰਕਮ ਮਿਲ ਜਾਂਦੀ ਹੈ, ਜਿਹੜੀ ਇਕ ਆਮ ਯੂਨੀਵਰਸਿਟੀ ਦੇ ਲੈਕਚਰਾਰ ਦੀ ਸਾਲ ਭਰ ਦੀ ਤਨਖਾਹ ਤੋਂ ਵੀ ਵਧੇਰੇ ਹੁੰਦੀ ਹੈ। ਮਸ਼ਹੂਰ ਕਹਾਣੀਕਾਰ ਜਾਨ ਚਿਵਰ ਨੂੰ 1950 'ਚ ਆਪਣੀ ਕਹਾਣੀ ਤੋਂ ਐਨੀ ਆਮਦਨੀ ਹੁੰਦੀ ਸੀ ਕਿ ਉਹ ਨਿਊਯਾਰਕ ਦੇ ਮਸ਼ਹੂਰ ਇਲਾਕੇ ਵਿਚ ਐਸ਼ੋ-ਆਰਾਮ ਦੇ ਨਾਲ ਰਹਿ ਸਕਦਾ ਸੀ। ਕਾਬਲ-ਏ-ਲਿਹਾਜ਼ ਗੱਲ ਇਹ ਹੈ ਕਿ ਚਿਵਰ ਕੇਵਲ 'ਨਿਊਯਾਰਕ' 'ਚ ਲਿਖਦਾ ਸੀ। ਜੇਕਰ ਦੂਜਿਆਂ ਰਸਾਲਿਆਂ ਵਿਚ ਵੀ ਲਿਖਦਾ ਤਾਂ ਬਾਦਸ਼ਾਹਾਂ ਵਾਂਗ ਰਹਿੰਦਾ। ਚਿਵਰ ਦਾ ਐਸ਼ੋ ਅਰਾਮ ਦੇਖ ਕੇ ਹੀ ਸਮਰਸੈਟ ਮੱਮ, ਹੈਮਿੰਗਵੇ ਅਤੇ ਕਾਰਵਰ ਵਗ਼ੈਰਾ ਨੇ ਵੀ ਕਹਾਣੀ ਨੂੰ ਸਵਾਰਿਆ, ਨਿਖਾਰਿਆ ਅਤੇ ਅਰਾਮਦੇਹ ਜ਼ਿੰਦਗੀ ਜੀਉਣ ਦਾ ਵਸੀਲਾ ਬਣਾਇਆ।

ਇੰਗਲਿਸਤਾਨ ਵਿਚ ਕਹਾਣੀ ਨੂੰ ਫਿਰ ਮਕਬੂਲੀਅਤ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਪ੍ਰੰਤੂ ਇਥੋਂ ਦੇ ਜਵਾਨ ਆਪਣੀਆਂ ਕੋਸ਼ਿਸ਼ਾਂ ਨੂੰ ਜ਼ਿੰਦਗੀ ਦਾ ਮਕਸਦ ਬਣਾਉਣ ਤੋਂ ਝਿਜਕ ਮਹਿਸੂਸ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਅਸਾਨੀ ਨਾਲ ਅਖ਼ਬਾਰਾਂ ਜਾਂ ਰੇਡੀਓ ਤੇ ਟੀ. ਵੀ. ਵਗੈਰਾ ਵਿਚ ਕੰਮ ਮਿਲ ਜਾਂਦਾ ਹੈ। ਪਿਛਲੇ 25-30 ਸਾਲਾਂ ਤੋਂ ਬਰਤਾਨੀਆਂ 'ਚ ਕਹਾਣੀ ਨੂੰ ਜਿੰਦਾ ਕਰਨ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪ੍ਰੰਤੂ ਨਾਵਲ ਅਜੇ ਸਨਸਨੀਖੇਜ ਦਸਤਾਵੇਜੀ ਕਿਤਾਬਾਂ Doco Books ਦੀ


ਭੀੜ ਦੇ ਕਾਰਨ ਕੋਈ ਖਾਸ ਕਾਮਯਾਬੀ ਨਹੀਂ ਹੋ ਰਹੀ, ਕਈ ਅਦਾਰਿਆ ਅਤੇ ਯੂਨੀਵਰਸਿਟੀਆਂ 'ਚ ਕਹਾਣੀ ਲਿਖਣ ਦੇ ਕੋਰਸ ਵੀ ਤਿਆਰ ਕੀਤੇ ਜਾ ਰਹੇ ਹਨ। ਪ੍ਰੰਤੂ ਅਜੇ ਤੀਕ ਕੋਈ ਅਜਿਹਾ ਕਹਾਣੀਕਾਰ ਸਾਹਮਣੇ ਨਹੀਂ ਆਇਆ ਹੈ ਕਿ ਜਿਸ ਨੂੰ ਯੂਰਪ, ਏਸ਼ੀਆ, ਅਮਰੀਕਾ ਜਾਂ ਦੱਖਣੀ ਅਮਰੀਕਾ ਦੇ ਕਹਾਣੀਕਾਰਾਂ ਦੇ ਮੁਕਾਬਲੇ ਰੱਖ ਕੇ ਦੇਖਿਆ ਜਾ ਸਕੇ।

ਫਿਰ ਵੀ ਇਹ ਕਹਿਣਾ ਠੀਕ ਹੈ ਕਿ ਸਮਾਂ ਬਿਲਕੁਲ ਹੀ ਢੁੱਕਵਾ ਹੈ। ਕੋਸ਼ਿਸ਼ ਲਗਾਤਾਰ ਕੀਤੀ ਜਾ ਰਹੀ ਹੈ ਕਿ ਬਰਤਾਨੀਆਂ 'ਚ ਵੀ ਸਾਰਟ ਸਟੋਰੀ ਨੂੰ ਪਹਿਲਾਂ ਵਾਂਗ ਪ੍ਰਸਿੱਧ ਬਣਾਇਆ ਜਾਵੇ। ਇਕ 'ਨੈਸ਼ਨਲ ਸਾਰਟ ਸਟੋਰੀ ਐਵਾਰਡ ਸ਼ੁਰੂ ਕੀਤਾ ਗਿਆ ਹੈ ਕਿ ਜਿਸਦਾ ਅਸਲ ਮਕਸਦ ਇਹ ਹੈ ਕਿ ਮੁਦਤਾਂ ਦੀ ਬੇਖਬਰੀ ਤੋਂ ਬਾਅਦ ਬਰਤਾਨਵੀ ਕਹਾਣੀ ਨੂੰ ਫਿਰ ਪਛਾਣ ਮਿਲੀ ਹੈ। ਨੈਸ਼ਨਲ ਐਂਡੋਮੇਂਟ ਫਾਰ ਸਾਇੰਸ ਨੇ ਇਸ ਦੇ ਲਈ ਖ਼ਾਸੀ ਰਕਮ ਵੱਖਰੀ ਸੁਰੱਖਿਅਤ ਰੱਖ ਲਈ ਹੈ। ਬੀ ਬੀ ਸੀ ਅਤੇ 'ਪ੍ਰੋਸਪੈਕਟ' ਮੈਗਜ਼ੀਨ ਦੇ ਸਹਿਯੋਗ ਨਾਲ ਪੰਦਰਾਂ ਹਜ਼ਾਰ ਪੌਂਡ ਦੀ ਰਕਮ ਕੇਵਲ ਇਕ ਕਹਾਣੀ ਉੱਤੇ ਇਨਾਮ ਦੇਣ ਲਈ ਵੱਖਰੀ ਰੱਖੀ ਗਈ ਹੈ। ਕਿਸੇ ਇਕ ਕਹਾਣੀ ਉੱਤੇ 15 ਹਜ਼ਾਰ ਦਾ ਇਨਾਮ ਦੇਣਾ ਆਪਣੀ ਥਾ ਵੱਡੀ ਗੱਲ ਹੈ। ਕਿਉਂਕਿ ਐਨੀ ਵੱਡੀ ਰਕਮ ਆਮ ਤੌਰ ਤੇ ਪੂਰੇ ਅਦਬੀ ਗੁਣਾਂ ਅਤੇ ਸਤਿਕਾਰ ਉੱਤੇ ਹੀ ਦਿੱਤੀ ਜਾਂਦੀ ਹੈ।

ਇਹ ਤਾਂ ਸਭ ਨੂੰ ਪਤਾ ਹੈ ਕਿ ਬਰਤਾਨੀਆਂ ਵੀ ਕਿਸੇ ਜ਼ਮਾਨੇ 'ਚ ਕਹਾਣੀ ਦਾ ਵੱਡਾ ਕੇਂਦਰ ਸੀ। ਇਥੋਂ ਦੇ ਚਰਚਿਤ ਕਹਾਣੀਕਾਰਾਂ 'ਚ ਸਭ ਤੋਂ ਪਹਿਲਾਂ ਤਾਂ ਸਰ ਵੱਾਲਟਰ ਸਕਾਟ ਦੀ ਕਹਾਣੀ The Two Drivers-1827 ਦਾ ਨਾਂ ਆਉਂਦਾ ਹੈ ਜਦ ਕਿ ਵਿਕਟੋਰੀਆ ਕਾਲ ਦਾ ਸਭ ਤੋਂ ਵੱਡਾ ਤੇ ਮਸ਼ਹੂਰ ਕਿਰਦਾਰ ਸਰਲੱਾਕ ਹੋਮਜ ਆਪਣੀ ਰਚਨਾ ਅਤੇ ਪ੍ਰਸਿੱਧੀ ਦੇ ਲਈ ਹਰ ਤਰ੍ਹਾਂ ਸਰ ਆਰਥਰ ਡਾਇਲ ਦਾ ਅਹਿਸਾਨਮੰਦ ਹੈ। ਜੇਮਜ ਜਾਅਸ Dubliners 1914 'ਚ ਪ੍ਰਕਾਸ਼ਿਤ ਹੋਇਆ। ਪ੍ਰਕਾਸ਼ਕ ਦੀ ਦੁਨੀਆਂ ਵਿਚ ਸਭ ਤੋਂ ਵਧੇਰੇ ਧਿਆਨ ਯੋਗ ਅਤੇ ਅਸਰਦਾਰ ਸੰਗ੍ਰਹਿ ਹੈ। ਲੋਕਾਂ ਦਾ ਖਿਆਲ ਹੈ ਕਿ ਕਹਾਣੀਆਂ ਦਾ ਐਨਾ ਸੰਪੂਰਨ ਸੰਗ੍ਰਹਿ ਇਸ ਤੋਂ ਪਹਿਲਾਂ ਪ੍ਰਕਾਸ਼ਤ ਨਹੀਂ ਹੋਇਆ। ਸਾਮਰਸੇਟ ਮੱਮ ਅਤੇ ਰੋਲਡ ਡਾਲ ਆਪਣੀਆਂ ਕਹਾਣੀਆਂ ਦਾ ਭਾਰੀ ਮੁਆਵਜ਼ਾ ਵਸੂਲਦੇ ਸਨ। 1920 'ਚ ਮੱਮ ਇਸ ਕਦਰ ਮਕਬੂਲ ਸੀ ਕਿ ਉਹ ਅਮਰੀਕੀ ਰਿਸਾਲੇ 'ਤੋਂ ਆਪਣੀ ਇਕ ਹਜ਼ਾਰ ਸ਼ਬਦਾਂ ਦੀ ਕਹਾਣੀ ਦਾ ਮਿਹਨਤਾਨਾ ਤਿੰਨ ਹਜ਼ਾਰ ਡਾਲਰ ਤੱਕ ਲੈਂਦਾ ਸੀ। (ਫਿਰ ਵੀ ਅਦਬੀ ਦੋਸਤਾਂ ਦਾ ਕਹਿਣਾ ਹੈ ਕਿ ਕਹਾਣੀ ਨੂੰ ਇਕ ਹੱਦ ਵਿਚ ਰਹਿ ਕੇ ਕੋਈ ਚੀਜ਼ ਲਿਖੀ ਜਾਏ ਤਾਂ ਉਹ ਵੱਧ ਤੋਂ ਵੱਧ 14-15 ਹਜ਼ਾਰ ਲਫ਼ਜ਼ਾਂ ਦੀ ਹੋਵੇਗੀ ਅਤੇ ਇਹ 15 ਹਜ਼ਾਰ ਦੀ ਰਕਮ ਇਕ ਛੋਟੀ ਜਿਹੀ ਕਾਰ ਖਰੀਦਣ ਦੇ ਲਈ ਕਾਫੀ ਹੋਵੇਗੀ।)

ਅਮਰੀਕਾ ਅਤੇ ਇੰਗਲਸਤਾਨ 'ਚ ਕਹਾਣੀ ਦੇ ਇਸ ਹਵਾਲੇ ਨਾਲ ਗੱਲ ਕਰਨ ਦਾ ਸਾਡਾ ਮਕਸਦ ਇਹ ਹੈ ਕਿ ਆਪਣੀ ਉਰਦੂ ਦੁਨੀਆਂ ਦੇ ਕਹਾਣੀ ਲਿਖਣ ਵਾਲੇ ਉਹ ਬਾਹਰ ਦੀ ਦੁਨੀਆਂ ਦੇ ਵੱਲ ਦੇਖਣ ਵੱਲ ਧਿਆਨ ਕਰਨ। ਸਾਨੂੰ ਕਹਾਣੀਆਂ ਪੜ੍ਹਨ ਦਾ ਹਮੇਸ਼ਾ ਹੀ ਬਹੁਤ ਸ਼ੌਕ ਰਿਹਾ ਹੈ। ਜਿੱਥੇ ਤੱਕ ਹੋ ਸਕਦਾ ਹੈ, ਉਰਦੂ ਅਖਬਾਰਾਂ ਅਤੇ ਰਿਸਾਲਿਆਂ 'ਚ ਛਪਣ ਵਾਲੀਆਂ ਵਧੇਰੇ ਕਹਾਣੀਆਂ ਪੜ੍ਹਨ ਅਤੇ ਉਰਦੂ ਦੁਨੀਆਂ ਦੇ ਸੱਜਣਾਂ ਨਾਲ ਵਾਕਫ਼ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਦੁਨੀਆਂ ਵਿਚ ਹਜ਼ਾਰਾਂ ਲੱਖ ਮਸਲੇ ਹੈਂ। ਜਿਨ੍ਹਾਂ ਨਾਲ ਸਾਨੂੰ ਲੜਨਾ ਪੈਂਦਾ ਹੈ। ਖ਼ੁਦ ਭਾਰਤ ਅਤੇ ਪਾਕਿਸਤਾਨ ਵਿਚ ਅਜਿਹੇ ਸੰਗੀਨ ਮਸਲੇ ਹਨ ਜਿਨ੍ਹਾਂ ਉੱਪਰ ਗਹਿਰੀ ਨਜ਼ਰ ਪਾਈ ਜਾਵੇ ਤਾਂ ਬਹੁਤ ਸਾਰੀਆਂ ਅਸਰਦਾਰ ਕਹਾਣੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਪ੍ਰੰਤੂ ਉਰਦੂ ਦੇ ਕਹਾਣੀਕਾਰ ਜਾਂ ਤਾਂ ਟੁੱਟੀਆਂ ਫੁੱਟੀਆਂ ਹਵੇਲੀਆਂ ਅਤੇ ਖੰਡਰਾਂ ਦਾ ਮਾਤਮ ਕਰਦੇ ਜਾਂ ਤੋਤਾ ਮੈਨਾ ਕਿਸਮ ਦੀਆਂ ਲੰਗੜੀਆਂ ਘਟਨਾਵਾਂ ਸੁਣਾਉਂਦੇ ਹਨ। ਜਿਸ ਤਰ੍ਹਾਂ ਸਾਡੀ ਗ਼ਜ਼ਲ ਰੋਣ ਪਿੱਟਣ, ਆਸ਼ਕੀ ਦੇ ਸਿਆਪੇ ਤੱਕ ਸੀਮਤ ਹੋ ਕੇ ਰਹਿ ਗਈ ਹੈ ਉਹੀ ਹਾਲ ਉਰਦੂ ਕਹਾਣੀ ਦਾ ਵੀ ਹੋ ਚੁੱਕਿਆ ਹੈ। ਕੋਈ ਚਿਣਕ ਜੇਕਰ ਇਕ ਕਦਮ ਅੱਗੇ ਵੱਧਰੀ ਹੈ ਤਾਂ 'ਸਮਾਜ ਵਿਚ ਭ੍ਰਿਸ਼ਟਾਚਾਰ ਬਹੁਤ ਹੈ' ਕਹਿ ਕੇ ਪਿੱਛੇ ਹੱਟ ਜਾਂਦੀ ਹੈ। ਹੁਣ ਤੁਸੀਂ ਖ਼ੁਦ ਭਾਰਤ ਦੀਆਂ ਦੂਜੀਆਂ ਜੁਬਾਨਾਂ ਦੀ ਫ਼ਿਕਸਨ ਉੱਤੇ ਹੀ ਨਜ਼ਰ ਫੇਰ ਕੇ ਦੇਖ ਲਓ? **ਅਨੁ. ਭ. ਰਸੂਲਪੁਰੀ**





By Savi Sawarkar

# ਜਨ ਬੋਧ

## ਸਮਾਜਵਾਦ ਬਨਾਮ ਜਾਤਵਾਦ : ਸਾਹਿਤਕ ਸੰਦਰਭ/ਭੂਰਾ ਸਿੰਘ ਕਲੇਰ

'ਕਹਾਣੀ ਧਾਰਾ' ਦੇ ਇਸ ਅੰਕ (ਅਕਤੂਬਰ-ਦਸੰਬਰ, 2010) ਦੇ ਸਪਾਦਕੀ ਦਾ ਮੁੱਖ ਭਾਵ ਵੀ ਇਹੀ ਹੈ ਅਤੇ ਪਿਛਲੇ ਸਾਲ (2009) ਦੇ ਅੰਕ ਦਾ ਵੀ ਸੰਪਾਦਕੀ ਏਸੇ ਹਾਵ ਭਾਵ ਦਾ ਸੀ। 'ਲਕੀਰ' ਦੇ ਇਕ ਅੰਕ ਸਾਇਦ 2007-08 ਵਿਚ ਸੰਪਾਦਕ ਪ੍ਰੇਮ ਪ੍ਰਕਾਸ਼ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਸੀ, "ਜਾਤ ਬਰਾਦਰੀ ਦਾ ਕੋਹੜ ਤਾਂ ਸਦੀਆਂ ਤੋਂ ਸਾਡੇ ਸਮਾਜ ਵਿਚ ਮੌਜੂਦ ਸੀ, ਪਰ ਅਸੀਂ ਖੱਬੇ ਪੱਖੀ ਸੋਚ ਦੀ ਸਿਆਸਤ ਕਰਕੇ ਬੇਈਮਾਨੀ ਕਰਦੇ ਹੋਏ ਚੁੱਪ ਰਹਿੰਦੇ ਸੀ।" 'ਲਕੀਰ' ਦੀ ਸੰਪਾਦਕੀ ਦੀਆਂ ਲਾਈਨਾਂ ਤੋਂ ਅਗਲੀ ਗੱਲ 'ਕਹਾਣੀ ਧਾਰਾ' ਨੇ ਕੀਤੀ ਹੈ। ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਆਪਣੀ ਬਣ ਚੁੱਕੀ ਸਮਝ ਮੁਤਾਬਿਕ ਸਾਹਿਤਕ ਸੰਦਰਭ ਦੀ ਗੱਲ ਕਰਦਾ ਹਾਂ। ਪ੍ਰੇਮ ਪ੍ਰਕਾਸ਼ ਜੀ ਨੇ ਲਿਖਿਆ ਸੀ, "ਜ਼ਿੰਦਗੀ ਦਾ ਅੰਤਮ ਸੱਚ ਕੋਈ ਵੀ ਨਹੀਂ ਹੁੰਦਾ।" ਬਿਲਕੁਲ ਸੱਚ ਦੀ ਸੀਮਾ ਕੋਈ ਨਹੀਂ ਹੁੰਦੀ। ਜਿੰਨੀ ਸਮਝ ਆਦਮੀ ਦੀ ਬਣ ਚੁੱਕੀ ਹੁੰਦੀ ਹੈ, ਉਹ ਆਦਮੀ ਆਪਣੀ ਸਮਝ ਦੇ ਹਾਣ ਦਾ ਸਾਥ ਭਾਲਦਾ ਰਹਿੰਦਾ ਹੈ। ਇਸ ਤਲਾਸ਼ ਦਾ ਸਫ਼ਰ ਮਨ ਅੰਦਰ ਜਾਰੀ ਰਹਿੰਦਾ ਹੈ। ਸਾਥ ਮਿਲਣ ਦਾ ਸਮਾਂ ਕੋਈ ਨਿਸਚਤ ਨਹੀਂ। ਮੈਨੂੰ ਲਗਦਾ ਹੈ ਕਿ 'ਲਕੀਰ' ਦੀ ਸੰਪਾਦਕੀ ਦਾ ਸੱਚ ਕਿੰਨਾ ਠੋਸ ਹੈ। ਸੱਚ ਕਈਆਂ ਨੂੰ ਕਈ ਵਾਰ ਕੌੜਾ ਵੀ ਲੱਗਦਾ ਹੈ। ਜਿਨ੍ਹਾਂ ਦੀ ਆਪਣੀ ਗੱਲ ਪੁਗਾਉਣ ਦੀ ਜਿਦ ਹੁੰਦੀ ਹੈ। ਜਾਂ ਆਪਣਾ ਕੋਈ ਨਿੱਜੀ ਹਿਤ ਗਵਾਚਦਾ ਲਗਦਾ ਹੈ, ਉਨ੍ਹਾਂ ਨੂੰ ਉਹ ਸੱਚ ਰਾਸ ਨਹੀਂ ਆਉਂਦਾ। ਕਿਉਂਕਿ 'ਸਭ ਤੋਂ ਨਿਵੈ ਆਪ ਕੋ ਪਰ ਕੋ ਨਿਵੈ ਨਾ ਕੋਇ।" ਲੋਕ ਸੇਵਾ ਕਰਨ ਦਾ ਢੌਂਗ ਰਚਾਅ ਕੇ ਵੀ ਕਈ ਲੋਕ ਆਪਣੇ ਸੁੱਖਾਂ ਦੀ ਲਾਲਸਾ ਨਿਭਾਅ ਰਹੇ ਹੁੰਦੇ ਹਨ। ਉਨ੍ਹਾਂ ਨੂੰ ਤਾਂ ਆਪਣੇ ਵਿਪਰੀਤ ਗੱਲ ਕੌੜੀ ਹੀ ਲੱਗੇਗੀ।

ਸਾਡੇ ਖੱਬੇ ਪੱਖੀ ਭਰਾਵਾਂ ਨੇ ਭਾਵ ਤਿੰਨੇ ਕਮਿਊਨਿਸਟ ਪਾਰਟੀਆਂ ਨੇ ਜਾਤਪਾਤ ਦੇ ਕੋਹੜ ਦਾ ਅੱਜ ਤੱਕ ਨੋਟਿਸ ਨਹੀਂ ਲਿਆ। ਮੈਂ ਕਈਆਂ ਨੇਤਾਵਾਂ ਨਾਲ ਮਲਵੀਂ ਜੀਭ ਨਾਲ ਜੋ ਇਸ ਕੋਹੜ ਬਾਰੇ ਗੱਲ ਕਰਦਾ ਸੀ ਤਾਂ ਕੋਈ ਤਾਂ ਆਖਦਾ, 'ਸਾਥੀ ਇਹ ਗੱਲ ਤਾਂ ਸਭਿਆਚਾਰਕ ਇਨਕਲਾਬ ਤੋਂ ਪਿੱਛੋਂ ਹੀ ਠੀਕ ਹੋਵੇਗੀ, ਪਹਿਲਾਂ ਆਰਥਿਕ ਇਨਕਲਾਬ ਲੈ ਆਈਏ।" ਕਈ ਦੋਸਤ ਆਖਦੇ ਜਾਂ ਝੱਈ ਲੈ ਕੇ ਪੈਂਦੇ, "ਓਏ ਤੂੰ ਤਾਂ ਪੱਕਾ ਅੰਬੇਡਕਰੀ ਹੈਂ!" ਮੈਂ ਸੋਚਦਾ ਅੰਬੇਡਕਾਰੀ ਹੋਣਾ ਇਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਮਾੜਾ ਹੈ? ਅੰਬੇਡਕਰ ਨੇ ਤਾਂ ਭੁੱਖੇ ਰਹਿ ਕੇ ਨਰਕ ਦੀ ਜ਼ਿੰਦਗੀ ਭੋਗ ਰਹੇ ਮਨੁੱਖਾਂ ਨੂੰ ਉਨ੍ਹਾਂ ਦੇ ਹੱਕ ਦਿਵਾਏ।

ਇਨ੍ਹਾਂ ਭਰਾਵਾਂ ਦੇ ਕਹਿਣ ਅਨੁਸਾਰ ਸਭਿਆਚਾਰਕ ਇਨਕਲਾਬ ਤਾਂ ਆਉਣਾ ਕੀ ਸੀ ਸਾਡੇ ਦੇਸ਼ ਵਿਚ ਤਾਂ ਆਰਥਿਕ ਇਨਕਲਾਬ ਵੀ ਨਾ ਆਇਆ। ਇਹ ਜਾਤਪਾਤ ਦਾ ਕੋਹੜ ਬਾਹਰੀ ਤੌਰ 'ਤੇ ਘਟ ਕੇ ਵੀ ਸਮੂਹਿਕ ਰੂਪ ਵਿਚ ਸਗੋਂ ਵਟਾਅ ਕੇ ਹੋਰ ਵਧ ਰਿਹਾ ਹੈ। ਛੂਤ ਛਾਤ ਨੂੰ ਉਪਰੋਂ ਖਤਮ ਕਰਕੇ ਮਨਾਂ ਵਿਚ ਵਿਕਸਤ ਹੋ ਰਿਹਾ ਹੈ। ਦਲਿਤਾਂ ਦੇ ਖਿਲਾਫ਼ ਕਈ ਜਥੇਬੰਦੀਆਂ ਬਣ ਰਹੀਆਂ ਹਨ।

ਸਮਾਜਵਾਦ ਸੋਵੀਅਤ ਯੂਨੀਅਨ ਵਿਚ ਵੀ ਪਿੱਛੇ ਮੁੜ ਗਿਆ ਹੈ। ਜਗਤ ਪ੍ਰਸਿੱਧ ਲੇਖਕ ਮੈਕਸਿਮ ਗੋਰਕੀ ਦੀਆਂ ਚੋਣਵੀਆਂ ਕਹਾਣੀਆਂ ਦੀ ਪੁਸਤਕ ਵਿਚ ਇੱਕ ਕਹਾਣੀ ਹੈ "ਲੂਣੀ ਦਲਦਲ' ਉਸ ਕਹਾਣੀ ਵਿਚ ਪੁਸਤਕ ਦੇ ਪੰਨਾ ਨੰ. 43-44 ਉੱਪਰ ਇੱਕ ਪੈਰ੍ਹਾ ਹੈ। ਉਸ ਪੈਰ੍ਹੇ ਵਿਚ ਲਿਖਿਆ ਹੈ ਕਿ ਮੈਕਸਿਮਾਂ ਨੂੰ ਖਾਣੇ ਦੇ ਭਾਂਡੇ ਕੋਲ ਜਾਣ ਨਹੀਂ ਦਿੱਤਾ ਜਾਂਦਾ। ਉਹ ਸਿਰਫ ਖਾਂਦਿਆਂ ਨੂੰ ਹੀ ਵੇਖ ਸਕਦੇ ਹਨ। ਭਾਵ ਰੂਸ ਵਿਚ ਵੀ ਛੂਤ ਛਾਤ ਸੀ।

ਸਾਡੇ ਪੰਜਾਬੀ ਸਾਹਿਤ ਵਿਚ ਜਾਤਪਾਤ ਦੇ ਕੋਹੜ ਬਾਰੇ ਮਾਨਯੋਗ ਨਾਨਕ ਸਿੰਘ ਜੀ ਨੇ ਆਪਣੇ ਪ੍ਰਸਿੱਧ ਨਾਵਲ 'ਚਿੱਟਾ ਲਹੂ' ਵਿਚ ਚਿਤਰਣ ਕੀਤਾ ਹੈ। ਬੁੱਢੇ ਰੋਡੂ ਕਲੰਦਰ ਤੇ ਉਸਦੀ ਪਾਲੀ ਹੋਈ ਧੀ ਸੁੰਦਰੀ ਬਾਰੇ। ਇਸ ਵਿਚ ਇੱਕ ਥਾਂ ਜਿਕਰ ਹੈ ਕਿ ਦਲਿਤ ਰੋਡੂ ਦੀ ਧੀ ਸੁੰਦਰੀ ਨੂੰ ਨਫਰਤ ਨਾਲ ਗੁਰਦਵਾਰੇ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਅਤੇ ਇੱਕ ਜਾਗੀਰਦਾਰਾਂ ਦਾ ਮੁੰਡਾ ਆਪਣੇ ਪਾਲਤੂ ਅਲੀਸ਼ੇਸ਼ਨ ਕੁੱਤੇ ਨੂੰ ਗੁਰਦਵਾਰੇ ਵਿਚ ਲੈ ਆਉਂਦਾ ਹੈ। ਭਾਵ ਉਸ ਵਕਤ ਦਲਿਤਾਂ ਦੀ ਹਾਲਤ ਕੁੱਤਿਆਂ ਤੋਂ ਵੀ ਮਾੜੀ ਸੀ। ਉਸ ਵੇਲੇ ਮਹਾਨ ਕਵੀ ਚਰਨ ਸਿੰਘ ਸ਼ਹੀਦ ਜੀ ਨੇ ਵੀ ਆਪਣੀ ਇੱਕ ਕਵਿਤਾ ਵਿਚ ਇਸ ਕੋਹੜ ਨੂੰ ਨਿੰਦਿਆ ਹੈ, "ਕੁੱਤੇ ਚੜ੍ਹ ਕੇ ਖੂਹਾਂ ਉਤੇ ਗੰਦ ਖਿਲਾਰਨ ਨਿੱਤ, ਪਰ ਜੇ ਕਾਲਾ ਬੰਦਾ ਦਿਸ ਜੇ ਸੜੇ ਤੁਹਾਡਾ ਚਿੱਤ।" ਉਸ ਮਗਰੋਂ ਇਸ ਸਮੱਸਿਆ ਵਲ ਕਿਸੇ ਪੰਜਾਬੀ ਲੇਖਕ ਦਾ ਬਹੁਤਾ ਧਿਆਨ ਨਹੀਂ ਗਿਆ।

ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਉਸ ਵਕਤ ਸਾਡੀ ਨੌਵੀਂ ਦੀ ਪੰਜਾਬੀ ਦੀ ਕਿਤਾਬ ਵਿਚ ਪ੍ਰੋ. ਮੋਹਨ ਸਿੰਘ ਦੀ ਇੱਕ ਕਵਿਤਾ ਸੀ, ਜਿਸ ਦਾ ਸਿਰਲੇਖ ਸੀ 'ਆਓ ਨੱਚੀਏ'। ਉਨ੍ਹਾਂ ਇਸ ਕਵਿਤਾ ਵਿਚਸਾਰੇ ਦੇਸ਼ ਦੀ ਏਕਤਾ ਲਈ ਸਭ ਭੇਦ ਭਾਵ ਮਿਟਾਅ ਕੇ ਉਚ ਨੀਚ ਮਿਟਾਅ ਕੇ ਇੱਕ ਹੋਣ ਦੀ ਗੱਲ ਕਹੀ ਸੀ। ਉਨ੍ਹਾਂ ਦਾ ਭਾਵ ਸੀ। ਕਿ ਸਾਰੇ ਦੇਸ਼ ਵਾਸੀ ਇੱਕ ਹੋ ਕੇ ਇੱਕ ਪਿੜ ਵਿਚ ਨੱਚੀਏ ਤਾਂ ਸਾਡਾ ਦੇਸ ਬਹੁਤ ਖੁਸ਼ਹਾਲ ਹੋ ਸਕਦਾ ਹੈ, ਅਤੇ ਬਹੁਤ ਤਰੱਕੀ ਕਰ ਸਕਦਾ ਹੈ। ਉਸ ਕਵਿਤਾ ਵਿਚ ਇਕ ਲਾਈਨ ਆਉਂਦੀ ਸੀ, "ਬ੍ਰਾਹਮਣ ਦੇ ਗਲ ਹੋਵਣ ਚਮਰੇਟੀ ਦੇ ਵਾਲ ਵਲੇ...।" ਸਾਡੇ ਪੰਜਾਬੀ ਦੇ ਅਧਿਆਪਕ ਅਰਥ ਦੱਸ ਕੇ ਕਵਿਤਾ ਪੜ੍ਹਾਅ ਰਹੇ ਸਨ। ਉਨ੍ਹਾਂ ਅਰਥ ਕੀਤੇ, "ਚਮਰੇਟੀ ਭਾਵ ਚਮਿਆਰੀ..." ਸਾਰੀ ਜਮਾਤ ਮੇਰੇ ਵਲ ਝਾਕ ਕੇ ਮੁਸਕ੍ਰਾਉਣ ਲੱਗ ਪਈ। ਮੈਂ ਨੀਵੀਂ ਪਾਈ ਬੈਠਾ ਸੀ। ਪੀਰਡ ਖ਼ਤਮ ਹੋਏ ਤੋਂ ਕਈ ਮੁੰਡੇ ਮੈਨੂੰ ਵਾਰ ਵਾਰ ਛੇੜ ਰਹੇ ਸਨ, "ਬ੍ਰਾਹਮਣ ਦੇ ਗਲ ਹੋਵਣ ਚਮਰੇਟੀ ਦੇ ਵਾਲ ਵਲੇ।' ਮੈਂ ਸੋਚ ਰਿਹਾ ਸੀ ਕਿ ਪ੍ਰੋ. ਸਾਹਿਬ ਨੇ ਇਉਂ ਕਿਉਂ ਨਾ ਲਿਖਿਆ ਕਿ ਚਮਰੇਟੇ ਦੇ ਗਲ ਹੋਵਣ ਬ੍ਰਾਹਮਣੀ ਦੇ ਵਾਲ ਵਲੇ?" ਇਸ ਤਰ੍ਹਾਂ ਹੀ ਕਿਸੇ ਜਮਾਤ ਵਿਚ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਸੀ, "ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।" ਇਸ ਕਵਿਤਾ ਵਿਚ ਇੱਕ ਥਾਂ ਆਉਂਦਾ ਸੀ, "ਮਾਲ ਢਾਂਡਾ ਸਾਂਭਣੇ ਨੂੰ ਚੂੜ੍ਹਾ ਛੱਡ ਕੇ...।" ਮੈਂ ਸੋਚਦਾ ਸੀ ਕਿ ਚੂੜ੍ਹੇ ਦਾ ਦਿਲ ਨਹੀਂ ਕਰਦਾ ਸੀ ਮੇਲਾ ਵੇਖਣ ਨੂੰ? ਮਗਰੋਂ ਅਗਲੀਆਂ ਕਿਤਾਬਾਂ ਦੇ ਆਡੀਸ਼ਨਾਂ ਵਿਚ ਚੂੜ੍ਹੇ ਦੀ ਥਾਂ 'ਕਾਮਾ' ਪਾ ਦਿੱਤਾ। ਵਿਦਿਆਰਥੀ ਜੀਵਨ ਵਿਚ ਜਾਤਪਾਤ, ਛੂਆ ਛਾਤ ਦਾ ਵਿਵਹਾਰ ਮੇਰੇ ਮੱਥੇ ਵਿਚ ਕਿੱਲ ਦੀ ਤਰ੍ਹਾਂ ਠੁਕ ਗਿਆ। ਜਿਸ ਦੀ ਪੀੜ ਅੱਜ ਤੱਕ ਵੀ ਲਗਦੀ ਹੈ। ਕਿਉਂ ਕਿ ਵਿਦਿਆਰਥੀ ਜੀਵਨ ਵਿਚ ਮੇਰੇ ਨਾਲ ਜਾਤੀਪਾਤੀ ਵਿਤਕਰੇ ਦੀਆਂ ਬਹੁਤ ਸਾਰੀਆਂ। ਘਟਨਾਵਾਂ ਵਾਪਰਦੀਆਂ।

ਵਿਦਿਆਰਥੀ ਜੀਵਨ ਵਿਚ ਹੀ ਮੈਂ 'ਪ੍ਰੀਤ ਲੜੀ' ਪੜ੍ਹਨ ਲੱਗ ਪਿਆ ਸੀ। ਉਸ ਮਗਰੋਂ ਮੈਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਜੀਵਨੀ ਪੜ੍ਹੀ। ਕੁਝ ਕਿਤਾਬਾਂ ਉਨ੍ਹਾਂ ਬਾਰੇ ਹੋਰ ਵੀ ਪੜ੍ਹੀਆਂ। ਮੈਂ ਉਨ੍ਹਾਂ ਦੀ



ਸੰਘਰਸ਼ਮਈ ਜ਼ਿੰਦਗੀ ਤੋਂ ਬਹੁਤ ਪ੍ਰਭਾਵਿਤ ਹੋਇਆ। ਕਿਉਂ ਕਿ ਮੇਰੇ ਜੀਵਨ ਦੀਆਂ ਕੁਝ ਘਟਨਾਵਾਂ ਉਨ੍ਹਾਂ ਦੇ ਜੀਵਨ ਨਾਲ ਮਿਲਦੀਆਂ ਸਨ। ਪਹਿਲੀ ਦੂਜੀ ਜਮਾਤ ਵਿਚ ਮੈਨੂੰ ਵੀ ਦੂਜੇ ਮੁੰਡਿਆ ਨਾਲੋਂ ਦੂਰ ਵੱਖਰਾ ਬਹਾਇਆ ਜਾਂਦਾ ਸੀ ਅਤੇ ਮੇਰੇ ਨਾਲ ਛੂਤ ਛਾਤ ਕੀਤੀ ਜਾਂਦੀ ਸੀ। ਮੈਂ 'ਪ੍ਰੀਤ ਲੜੀ' ਨੂੰ ਦਿਲੋਜਾਨ ਨਾਲ ਪਿਆਰ ਕਰਦਾ ਸੀ। ਕਿਉਂ ਕਿ 'ਪ੍ਰੀਤਲੜੀ' ਵਿਚ ਗਰੀਬ ਨਿਤਾਣੇ ਲੋਕਾਂ ਨਾਲ ਹਮਦਰਦੀ ਦੀਆਂ ਗੱਲਾਂ ਹੁੰਦੀਆਂ ਸਨ। ਡਾ. ਅੰਬੇਡਕਰ ਬਾਰੇ ਮੈਂ 'ਪ੍ਰੀਤਲੜੀ' ਨੂੰ ਲੰਬੀ ਚਿੱਠੀ ਲਿਖ ਕੇ ਕਾਫੀ ਕੁਝ ਪੁੱਛਣਾ ਚਾਹਿਆ। ਉਸ ਵਕਤ ਪੰਜਾਬ ਦੇ ਮਾਲਵੇ ਦੇ ਇਲਾਕੇ ਵਿਚ ਕੋਈ ਵੀ ਡਾ. ਅੰਬੇਡਕਰ ਨੂੰ ਨਹੀਂ ਜਾਣਦਾ ਸੀ। ਬਸ ਰਿਪਬਲਿਕਨ ਪਾਰਟੀ ਆਫ ਇੰਡੀਆ ਦੁਆਬੇ ਵਿਚ ਖਾਸ ਕਰ ਜਲੰਧਰ ਵਿਚ ਹੀ ਬਾਬਾ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕਰ ਰਹੀ ਸੀ। 'ਪ੍ਰੀਤ ਲੜੀ' ਦੇ 'ਪ੍ਰੀਤ ਝਰੋਖੇ 'ਚੋਂ' ਉਨ੍ਹਾਂ ਸਿਰਫ ਏਨਾ ਹੀ ਜਵਾਬ ਦਿੱਤਾ ਕਿ ਡਾ. ਅੰਬੇਡਕਰ ਅਛੂਤਾਂ ਦੇ ਨੇਤਾ ਸਨ। ਉਨ੍ਹਾਂ ਦੀ ਅਛੂਤਾਂ ਨੂੰ ਬਹੁਤ ਦੇਣ ਹੈ। ਬਾਕੀ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਮੈਂ ਸੋਚਦਾ ਹੀ ਰਹਿ ਗਿਆ।

ਜਦ ਮੇਰੀ ਪਹਿਲੀ ਕਹਾਣੀਆਂ ਦੀ ਕਿਤਾਬ 'ਪੰਛੀਆਂ ਦੇ ਆਲ੍ਹਣੇ' ਛਪੀ ਤਾਂ ਉਸਦੀ ਸਾਹਿਤਕ ਹਲਕਿਆਂ ਵਿਚ ਕਾਫੀ ਚਰਚਾ ਹੋਈ ਸੀ। ਮਾਰਕਸੀ ਆਲੋਚਕ ਸੁਰਜੀਤ ਗਿੱਲ ਜੀ ਨੇ ਮੈਗਜ਼ੀਨ 'ਸਿਰਜਣਾ' ਵਿਚ ਇਸ ਕਿਤਾਬ ਦਾ ਬਹੁਤ ਵਧੀਆ ਰਿਵਿਊ ਕੀਤਾ ਸੀ। ਉਹ ਮੈਨੂੰ ਆਮ ਹੀ ਮਿਲਦੇ ਰਹਿੰਦੇ। ਇੱਕ ਵਾਰ ਉਹ ਮੈਨੂੰ ਕਹਿਣ ਲੱਗੇ ਕਿ ਕਲੇਰ ਜਿਵੇਂ ਤੂੰ ਬੇਬਾਕ ਹੋ ਕੇ ਕਹਾਣੀਆਂ ਲਿਖਦਾ ਹੈਂ, ਤੇਰੀ ਬਰਾਦਰੀ ਦੇ ਹੋਰ ਲੇਖਕ ਇਉਂ ਖੁੱਲ੍ਹ ਕੇ ਨਹੀਂ ਲਿਖਦੇ। ਉਨ੍ਹਾਂ ਦਾ ਭਾਵ ਮੇਰੇ ਸਮਕਾਲੀ ਕਹਾਣੀਕਾਰਾਂ ਦੀ ਜਾਤ ਲਕੋਊ ਦ੍ਰਿਸ਼ਟੀ ਤੋਂ ਸੀ। ਮੈਂ ਗਿੱਲ ਜੀ ਨੂੰ ਤਾਂ ਕੋਈ ਜਵਾਬ ਨਾ ਦਿੱਤਾ। ਪਰ ਮੇਰੇ ਦਿਲ ਵਿਚ ਆਇਆ ਕਿ ਸ੍ਰੀ ਗੁਰੂ ਗਰੰਥ ਸਾਹਿਬ' ਵਿਚ ਨਿੱਤ ਗੁਰਬਾਣੀ ਸੁਣਦੇ ਹਾਂ। ਗੁਰੂ ਸਾਹਿਬਾਂ ਨੇ ਭਗਤਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਗੁਰਬਾਣੀ ਵਿਚ ਬਾਬਾ ਰਵਿਦਾਸ ਜੀ ਬਾਰ ਬਾਰ ਲਿਖਦੇ ਹਨ, "ਕਹਿ ਰਵਿਦਾਸ ਚਮਾਰਾ-ਕਹਿ ਰਵਿਦਾਸ ਚਮਾਰਾ" ਕੀ ਇੰਜ ਲਿਖਣ ਨਾਲ ਉਨ੍ਹਾਂ ਦੀ ਉੱਚਤਾ ਤੇ ਸੁੱਚਤਾ ਵਿਚ ਕੋਈ ਫਰਕ ਪਿਆ? ਸਗੋਂ ਇਸ ਨਾਲ ਤਾਂ ਉਨ੍ਹਾਂ ਦੀ ਮਹਾਨਤਾ ਹੋਰ ਵਧੀ ਹੈ। ਪੱਛਮੀ ਪੰਜਾਬ ਦੇ ਮਹਾਨ ਗਾਇਕ ਮੁਹੰਮਦ ਆਲਮ ਲੁਹਾਰ ਨੇ ਆਪਣੇ ਇਕ ਗੀਤ ਵਿਚ ਗਾਇਆ ਹੈ, "ਛੱਡ ਲੁਹਾਰਾ ਗਾਉਣ ਦਾ ਖਹਿੜਾ, ਸੰਨ੍ਹੀ ਥੋੜ੍ਹੀ ਚਲਾਈਏ...।" ਇਕ ਹੋਰ ਪੁਰਾਣਾ ਮਸ਼ਹੂਰ ਗਾਇਕ ਜਿਸ ਦੇ ਬਹੁਤ ਸਾਰੇ ਪੱਥਰ ਦੇ ਰਿਕਾਰਡ ਗਾਇਕੀ ਦੇ ਹਨ, ਉਹ ਆਪਣਾ ਗੀਤ ਹੀ ਇਸ ਤਰ੍ਹਾਂ ਸ਼ੁਰੂ ਕਰਦਾ ਸੀ, "ਕਿਉਂ ਬਈ ਅਨਾਇਤ ਕੋਟੀਆਂ ਘੁਮਿਆਰਾ ਕੀ ਆਂਹਦੀ ਏ ਕੁੜੀ?"

ਨਕਸਲਬਾੜੀ ਲਹਿਰ ਬਾਰੇ ਜਸਵੰਤ ਸਿੰਘ ਕੰਵਲ ਨੇ ਨਾਵਲ 'ਲਹੂ ਦੀ ਲੋਅ' ਲਿਖਿਆ ਹੈ। ਇਸ ਵਿਚ ਕੰਵਲ ਸਾਹਿਬ ਨੇ ਜਾਤੀ ਪਾਤੀ ਸਮਾਜ ਦਾ ਵਧੀਆ ਚਿਤਰਣ ਕੀਤਾ ਹੈ। ਵੇਖੋ ਸਫਾ 53-54 (ਪ੍ਰਕਾਸ਼ਕ ਆਰਸੀ ਪਬਲਿਸ਼ਰਜ਼ ਚਾਂਦਨੀ ਚੌਂਕ ਦਿੱਲੀ) ਪਿੰਡ ਵਿਚ ਨਕਸਲੀ ਕਾਮਰੇਡ ਨੌਜਵਾਨ ਮੁੰਡਿਆਂ ਨੂੰ ਇਕੱਠੇ ਕਰਕੇ ਮੀਟਿੰਗ ਕਰਾਉਂਦੇ ਹਨ। ਹਥਿਆਰਬੰਦ ਸੰਘਰਸ਼ ਲਈ ਤਿਆਰ ਕਰਦੇ ਹਨ। ਇਸ ਮੀਟਿੰਗ ਵਿਚ ਜੱਟਾਂ ਦੇ ਮੁੰਡੇ ਤੇ ਮਜਬ੍ਹੀਆਂ ਦਾ ਮੁੰਡਾ ਵੀ ਹੈ। ਵਾਰਤਾਲਾਪ ਵੇਖੋ,

ਜਲਵੰਤ ਚਾਹ ਪੀਂਦੇ ਜਵਾਲੇ ਮਜਬ੍ਹੀ ਨੂੰ ਟਕੋਰਦਾ ਹੈ-

ਜਲਵੰਤ-"ਸਾਲਿਆ ਇਨਕਲਾਬ ਤਾਂ ਤੇਰੇ ਸੂਤ ਆਉਣਾ ਏ, ਹਿੰਗ ਲੱਗੇ ਨਾ ਫੜਕੜੀ, ਖੇਤਾਂ ਵਿਚ ਬਰਾਬਰ ਦਾ ਹਿੱਸੇਦਾਰ ਬਣ ਕੇ ਬਹਿ ਜਾਏਂਗਾ।"

ਜਵਾਲਾ ਮਜਬ੍ਹੀ ਆਖਦਾ ਹੈ, "ਤੁਸੀਂ ਵੀ ਸਾਨੂੰ ਪੁਸ਼ਤੋ-ਪੁਸ਼ਤੀ ਢੱਗਿਆਂ ਵਾਂਗ ਵਾਹਿਆ ਏ। ਅਸੀਂ ਵੀ ਗਿਣ ਗਿਣ ਬਦਲੇ ਲਵਾਂਗੇ। ਹਾਲੇ ਵੇਲਾ ਏ ਤੂੰ ਆਪਣੇ ਬਾਪੂ ਨੂੰ ਆਖ ਮੈਨੂੰ ਦੋ ਕਿੱਲੇ ਈ ਦੇ ਦੇਵੇ।"

ਜਲਵੰਤ ,"ਬਾਪੂ ਆਂਹਦਾ ਸੀ ਤੂੰ ਆਪਣੀ ਬੇਬੇ ਨੂੰ ਘੱਲ ਦੇਈਂ, ਦੋ ਦੋ ਚਾਰ ਚਾਰ ਕਿੱਲੇ ਰਜਿਸਟਰੀ ਕਰਾ ਦਿਆਂਗਾ।" ਸਾਰੀ ਮੀਟਿੰਗ ਵਿਚ ਹਾਸਾ ਮੱਚ ਜਾਂਦਾ ਹੈ।

ਜਵਾਲਾ ਮਜਬ੍ਹੀ, "ਮੇਰੇ ਆਰ ਫਿਕਰ ਕਿਆ ਕਰਦਾ ਏਂ। ਮਿੱਤਰਾ ਪਹਿਲੀ ਗੋਲੀ ਤੇਰੇ ਬਾਪੂ ਨੂੰ ਈ ਮਾਰਨੀ ਏਂ।

ਜਲਵੰਤ , "ਬਾਪੂ ਸੌ ਵਾਰੀ ਮਰ ਜਾਵੇ ਪੁੱਤਰ ਤੈਨੂੰ ਲੰਬੜਦਾਰੀ ਨੀ ਮਿਲਣੀ। ਜ਼ਮੀਨ ਦਾ ਖਾਤਾ ਮੇਰੇ ਨਾਂ ਚੜ੍ਹ ਜਾਵੇਗਾ। ਫੇਰ ਤੂੰ ਆਪਣੀ ਬਲਬੀਰੋ ਨੂੰ ਮੇਰੇ ਕੋਲ ਭੇਜ ਦੇਈਂ।" ਹਾਸੜ ਫੇਰ ਮੱਚ ਗਿਆ। ਮੀਟਿੰਗ ਵਿਚ।

ਜਵਾਲਾ ਮਜਬ੍ਹੀ, "ਬਾਈ ਇੱਕ ਵਾਰੀ ਹਥਿਆਰ ਹੱਥ ਆ ਜਾਣ, ਫੇਰ ਸਾਰੀਆਂ ਸਰਦਾਰੀਆਂ ਫੂਕ ਦੂੰ। ਫੇਰ ਮੈਂ ਵੀ ਛਿਟੀ ਮਾਰਵੀਂ ਜੱਟੀ ਚੁਣਨੀ ਏਂ।"

ਜਲਵੰਤ, "ਜੱਟੀ ਸ਼ਾਇਦ ਤੈਨੂੰ ਨਾ ਮਿਲੇ, ਤੇਰੀ ਬਲਬੀਰੋ ਨੇ ਰੋਡੂ ਸਾਧ ਦੇ ਜ਼ਰੂਰ ਜਾ ਵੜ੍ਹਨਾ ਏਂ। ਫੇਰ ਕਿਹੜਾ ਕੁੱਟ ਕੇ ਮੋੜ ਲਿਆਏਂਗਾ।"

ਜਵਾਲਾ ਮਜਬ੍ਹੀ, "ਤਾਂ ਇਹ ਸਾਧ ਦੀ ਭੂਰੀ , ਤੇ ਈ ਕੱਠ ਐ। ਲੈ ਦੇ ਕੇ ਇੱਕ ਬਲਬੀਰੋ ਈ ਮੇਰੇ ਕੋਲ ਐ। ਜੇ ਉਹ ਵੀ ਖੋਹ ਲੈਣੀ ਏਂ ਫੇਰ ਇਨਕਲਾਬ ਥੋਡਾ ਤੇ ਸਾਡਾ ਕਾਹਦਾ ਏ।" ਇਹ ਸੀ ਨਾਵਲ ਵਿਚ ਇਨਕਲਾਬੀਆਂ ਦੀ ਮੀਟਿੰਗ।

ਇਸ ਨਾਵਲ ਉੱਤੇ ਮਾਨਸਾ ਮੰਡੀ ਵਿਚ ਬਹੁਤ ਵੱਡੀ ਗੋਸ਼ਟੀ ਹੋਈ ਸੀ। ਐਨੀ ਵੱਡੀ ਸਾਹਿਤਕ ਗੋਸ਼ਟੀ ਮੈਂ ਅੱਜ ਤੱਕ ਨਹੀਂ ਵੇਖੀ ਅਤੇ ਨਾ ਹੀ ਐਨੇ ਕਾਮਰੇਡ ਬੁੱਧੀਜੀਵੀ ਕਿਸੇ ਸਾਹਿਤਕ ਗੋਸ਼ਟੀ ਵਿਚ ਵੇਖੇ ਹਨ। ਡਾ. ਕੇਸਰ ਸਿੰਘ ਕੇਸਰ ਨੇ ਪੇਪਰ ਪੜ੍ਹਿਆ ਸੀ। ਮਗਰੋਂ ਬਹਿਸ ਸ਼ੁਰੂ ਹੋਈ ਸੀ। ਪੇਪਰ ਉੱਤੇ ਇੱਕ ਮਾਰਕਸੀ ਆਲੋਚਕ ਬੋਲ ਰਿਹਾ ਸੀ ਕਿ ਇੱਕ ਨਕਸਲੀ ਬੁੱਧੀਜੀਵੀ ਨੇ ਟੋਕ ਦਿੱਤਾ। ਇੱਕ ਹੋਰ ਮਾਰਕਸੀ ਬੁੱਧੀਜੀਵੀ ਉੱਠ ਕੇ ਆਖਣ ਲੱਗਿਆ ਕਿ ਸਾਨੂੰ ਚਿੱਠੀਆਂ ਪਾ ਕੇ ਸੱਦਿਆ ਕਿਉਂ ਸੀ ਜੇ ਸਾਡੀ ਗੱਲ ਨਹੀਂ ਸੁਨਣੀ ਸੀ। ਦੋ ਚਾਰ ਹੋਰ ਉੱਠ ਖੜ੍ਹੇ। ਸਾਰਾ ਪੰਡਾਲ ਉੱਠ ਖੜ੍ਹਿਆ। ਬਹੁਤ ਕਾਵਾਂ ਰੌਲੀ ਪੈਣ ਲੱਗੀ। ਆਖਰ ਪ੍ਰੋ. ਅਜਮੇਰ ਸਿੰਘ ਔਲਖ ਜੀ ਨੇ ਸਟੇਜ 'ਤੇ ਮਾਈਕ ਸੰਭਾਲਿਆ ਅਤੇ ਬੋਲੇ, "ਹਾਂ ਹਾਂ ਜੀ ਅਸੀਂ ਚਿੱਠੀਆਂ ਪਾ ਕੇ ਦੱਸਿਆ ਹੈ। ਹਰ ਕਿਸੇ ਨੂੰ ਬੋਲਣ ਦਾ ਹੱਕ ਹੈ। ਕ੍ਰਿਪਾ ਕਰਕੇ ਜਦੋਂ ਕੋਈ ਬੁਲਾਰਾ ਬੋਲ ਰਿਹਾ ਹੋਵੇ, ਕੋਈ ਵੀ ਵਿਚ ਨਾ ਬੋਲੇ।" ਫਿਰ ਸਾਂਤੀ ਹੋ ਗਈ ਤੇ ਬੁਲਾਰੇ ਬੋਲਣ ਲੱਗ ਪਏ। ਉਹ ਕਿਹੜਾ ਵੱਡਾ ਸਾਹਿਤਕਾਰ ਸੀ ਜਿਹੜਾ ਉਥੇ ਹੈ ਨਹੀਂ ਸੀ ਪਰ ਉਪਰ ਲਿਖੇ ਅਧਿਆਏ ਦੀ ਸਮੱਸਿਆ ਦਾ ਕਿਸੇ ਨੇ ਵੀ ਜ਼ਿਕਰ ਨਾ ਕੀਤਾ।

ਤਾਰੀਖ ਯਾਦ ਨਹੀਂ , ਟੀ. ਵੀ. ਉਤੇ ਖਬਰਾਂ ਸੁਣ ਵੇਖ ਰਿਹਾ ਸੀ। ਰੂਸ ਵਿਚ ਲੈਨਿਨ ਦਾ ਬੁੱਤ ਰੱਸੇ ਪਾ ਕੇ ਟੇਢ੍ਹਾ ਕਰਕੇ ਉਤਾਰ ਰਹੇ ਸਨ। ਇਹ ਦ੍ਰਿਸ਼ ਵੇਖ ਕੇ ਮਨ ਬਹੁਤ ਉਦਾਸ ਹੋਇਆ। ਸੰਤ ਰਾਮ ਉਦਾਸੀ ਦਾ ਗੀਤ ਯਾਦ ਆ ਗਿਆ, "ਸੱਜਣਾ, ਸੂਹਾ ਸੂਹਾ ਤੇਰਾ ਵੇ ਗਿਰਾਂ ...।" ਜੋ ਉਹ ਲੈਨਿਨ ਦੇ ਨਾਂ ਸਟੇਜਾਂ ਉੱਤੇ ਗਾਉਂਦੇ ਹੁੰਦੇ ਸਨ। ਸੋਚ ਰਿਹਾ ਸਾਂ, ਕਿ ਲੈਨਿਨ ਦੇ ਉਸ ਸੂਹੇ ਗਿਰਾਂ ਦਾ ਹੁਣ ਕੀ ਬਣੇਗਾ? ਸਾਡੇ ਦੇਸ਼ ਵਿਚ ਸਮਾਜਵਾਦ ਕਦੋਂ ਆਵੇਗਾ? ਦੇਸ਼ ਵਿਚ ਜਾਤ ਪਾਤ ਕਦੋਂ ਖਤਮ ਹੋਵੇਗੀ?

ਪਤਾ ਪਿੰਡ ਤੇ ਡਾਕ ਪੂਹਲਾ, ਬਠਿੰਡਾ


## ਨੈਸ਼ਨਲ ਬੁਕ ਟਰੱਸਟ ਇੰਡੀਆ ਵਲੋਂ ਜਲੰਧਰ ਵਿਖੇ ਪੁਸਤਕ ਮੇਲਾ

ਨੈਸ਼ਨਲ ਬੁਕ ਟਰੱਸਟ ਇੰਡੀਆ ਪੁਸਤਕ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਬਠਿੰਡਾ ਵਿਖੇ ਪੁਸਤਕ ਮੇਲਾ ਕਰਵਾ ਰਿਹਾ ਹੈ। ਟਰੱਸਟ ਦੇ ਚੀਫ ਐਡੀਟਰ ਅਤੇ ਜੁਆਇੰਟ ਡਾਇਰੈਕਟਰ ਬਲਦੇਵ ਸਿੰਘ 'ਬੱਦਨ' ਨੇ ਦੱਸਿਆ ਕਿ ਨੈਸ਼ਨਲ ਬੁਕ ਟਰੱਸਟ, ਇੰਡੀਆ, ਦੇਸ ਭਗਤ ਹਾਲ ਜਲੰਧਰ ਵਿਖੇ 2 ਤੋਂ 8 ਅਪ੍ਰੈਲ, 2011 ਦੌਰਾਨ ਪੁਸਤਕ ਮੇਲਾ ਲਗਵਾ ਰਹੀ ਹੈ। ਇਸ ਪੁਸਤਕ ਮੇਲੇ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਦੇ ਪੂਰੇ ਭਾਰਤ ਤੋਂ 100 ਤੋਂ ਵੱਧ ਪ੍ਰਕਾਸ਼ਕ ਹਿੱਸਾ ਲੈ ਰਹੇ ਹਨ। ਮੇਲੇ ਵਿਚ ਹਰ ਰੋਜ ਸਾਹਿਤਕ ਪ੍ਰੋਗਰਾਮ ਵੀ ਹੋਇਆ ਕਰਨਗੇ। ਅਤੇ ਸਾਹਿਤਕਾਰ ਨੂੰ ਪ੍ਰੋਗਰਾਮ ਕਰਨ ਲਈ ਮੰਚ ਵੀ ਪ੍ਰਦਾਨ ਕੀਤਾ ਜਾਵੇਗਾ।



# ਪੁਸਤਕ ਰੀਵਿਊ

## ਚੱਕਰਵਿਊ (ਬਲਦੇਵ ਸਿੰਘ ਢੀਂਡਸਾ)
## ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




ਬਲਦੇਵ ਸਿੰਘ ਢੀਂਡਸਾ ਦਾ ਦੂਜਾ ਕਹਾਣੀ ਸੰਗ੍ਰਹਿ 'ਚੱਕਰਵਿਊ' ਸਾਡੇ ਸਾਹਮਣੇ ਹੈ। 'ਕਸ਼ਮਕਸ਼' ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪਹਿਲਾ ਪੈਰ ਰੱਖਣ ਵਾਲਾ ਬਲਦੇਵ ਢੀਂਡਸਾ ਆਪਣੇ ਦੂਸਰੇ ਕਹਾਣੀ ਸੰਗ੍ਰਹਿ ਨਾਲ ਹੋਰ ਵੀ ਪ੍ਰਪੱਕ ਨਜ਼ਰ ਆਉਂਦਾ ਹੈ।

ਇਸ ਸੰਗ੍ਰਹਿ ਵਿਚ ਸਾਮਿਲ ਅੱਠ ਕਹਾਣੀਆਂ ਹਰ ਕਹਾਣੀ ਰਾਹੀਂ ਇਕ ਵਖਰੇ ਵਿਸ਼ੇ ਨੂੰ ਲੈ ਕੇ ਚਲਦੀਆਂ ਹਨ। ਉਂਜ ਤਾਂ ਵਿਸ਼ੇ ਸਮਾਜਿਕ ਸਾਹਿਤਕ ਪਿੜ ਦੇ ਸਾਂਝੇ ਹੋਣ ਕਾਰਣ ਇਕ ਦੂਜੇ ਨਾਲ ਰਲਵੇਂ ਮਿਲਵੇਂ ਵੀ ਹੁੰਦੇ ਹਨ ਪਰ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਹਰੇਕ ਕਹਾਣੀਕਾਰ ਉਸ ਜਾਣੇ ਪਛਾਣੇ ਵਿਸ਼ੇ ਵਿੱਚ ਆਪਣਾ ਕਿਹੜਾ ਨਿਵੇਕਲਾ ਦ੍ਰਿਸ਼ਟੀਕੋਣ ਸਿਰਜਦਾ ਹੈ। ਉਸ ਦੀ ਵਾਕ ਬਣਤਰ ਕਿਹੋ ਜਿਹੀ ਹੈ, ਕਥਾਨਕ ਨੂੰ ਕਿਸ ਤਰ੍ਹਾਂ ਬੁਣਦਾ ਉਲਝਾਉਂਦਾ ਹੈ।

ਸਾਡੇ ਸਮਾਜ ਵਿੱਚ ਡੇਰੇਵਾਦ ਦੀਆਂ ਆਪਣੀਆਂ ਹੀ ਜੜ੍ਹਾਂ ਵਧੇਰੇ ਡੂੰਘੀਆਂ ਗਈਆਂ ਹੋਈਆਂ ਹਨ। ਅਨੇਕ ਘਟਨਾਵਾਂ, ਹਾਦਸਿਆਂ, ਮੀਡੀਆ ਰਾਹੀਂ ਇਹ ਜੱਗ ਜ਼ਾਹਿਰ ਹੋ ਚੁੱਕਾ ਹੈ ਕਿ ਅਜੋਕੇ ਡੇਰੇ ਧਰਮ ਦੇ ਨਾਂ ਉੱਤੇ ਕਥਿਤ ਅਯਾਸ਼ੀ ਤੇ ਨਸ਼ਿਆਂ ਦੇ ਅੱਡੇ ਬਣ ਚੁੱਕੇ ਹਨ, ਇਸ ਦੇ ਬਾਵਜੂਦ ਇਨ੍ਹਾਂ ਦੀ ਗਿਣਤੀ ਘੱਟ ਹੋਣ ਦੀ ਬਜਾਏ ਵੱਧਦੀ ਹੀ ਜਾਂਦੀ ਹੈ। 'ਫਤਵਾ' ਕਹਾਣੀ ਦੇ ਡੇਰੇ ਵਿੱਚ ਅਜੋਕੀਆਂ ਸਾਰੀਆਂ ਬੁਰਾਈਆਂ, ਕੁਕਰਮ ਸ਼ਾਮਿਲ ਹਨ। ਅਸੀਂ ਲੋਕ ਚਿੱਟ ਕਪੱੜੀਏ ਪਾਠੀਆਂ ਤੇ ਬਾਬਿਆਂ ਪ੍ਰਤੀ ਸ਼ਰਧਾ ਨਾ ਸਹੀ, ਲੇਕਿਨ ਆਦਰ ਸਨਮਾਨ ਦੀ ਨਜ਼ਰ ਜ਼ਰੂਰ ਰਖਦੇ ਹਾਂ, ਪਰ ਪਾਠ ਕਰਦਿਆਂ ਵੀ ਇਨ੍ਹਾਂ ਦੀ ਮੈਲੀ ਨਜ਼ਰ ਤੇ ਗੰਦੇ ਵਿਚਾਰ ਇਨ੍ਹਾਂ ਨੂੰ ਸੁੱਧਤਾ ਨਹੀਂ ਦਿਵਾ ਸਕਦੇ ਤਾਂ ਕਿਸੇ ਦੇ ਘਰ ਵਿੱਚ ਰੱਖੇ ਪਾਠ ਵਿੱਚ ਪਾਤਰ ਦਾ ਇਹ ਕਹਿਣਾ ਕਿੰਨਾ ਵਾਜ਼ਬ ਤੇ ਸਾਰਥਕ ਜਾਪਦਾ ਹੈ ਕਿ ਬਾਬੇ ਨਾਨਕ ਨੇ ਆਪਣੀਆਂ ਉਦਾਸੀਆਂ ਮਗਰੋਂ ਕਿਹੜੀ ਜ਼ਮੀਨ ਖਰੀਦ ਲਈ ਸੀ ਜਾਂ ਹਾਥੀ ਘੋੜੇ ਖਰੀਦ, ਮਹਿਲ ਉਸਾਰ ਲਏ ਸਨ ...।' ਇਥੇ ਮਿੱਥਕ ਵੀ ਪਲਟ ਦੇ ਦਰਸਾਇਆ ਗਿਆ ਹੈ ਕਿਉਂਕਿ ਡੇਰੇ ਦਾ ਪ੍ਰਬੰਧਕ ਭਾਈ ਨਿਰਮਲ ਸਿੰਘ 'ਨਿਰਮਲ ਸਵੈ ਨੂੰ ਪ੍ਰਹਿਲਾਦ ਕਹਿ, ਆਪਣੇ ਪੁੱਤਰ ਨੂੰ 'ਹਰਨਾਕਸ਼' ਸਮਝਦਾ ਹੈ ਜਦਕਿ ਪਿਓ ਪਾਤਰ ਦੇ ਚਰਿਤਰ ਮਿੱਥ ਅਨੁਰੂਪ ਹੀ ਵਿਅਕਤ ਕੀਤੇ ਗਏ ਹਨ।

ਪੇਂਡੂ ਪਰਿਵੇਸ਼ ਵਿੱਚ ਰਚੀਆਂ ਵਸੀਆਂ, ਉਥੋਂ ਦੇ ਚੰਗੇ ਮਾੜੇ ਪ੍ਰਭਾਵਾਂ ਨੂੰ ਆਪਣੇ ਅੰਦਰ ਸਮੋ ਕੇ ਚਲਦੀਆਂ ਕਹਾਣੀਆਂ ਹਨ। ਨੌਜਵਾਨ ਪੀੜ੍ਹੀ ਦੇ ਨਸ਼ਿਆਂ ਵਿੱਚ ਗਲਤਾਨ ਹੋ ਆਪਣੇ ਪਰਿਵਾਰ ਲਈ ਹਰ ਵੇਲੇ ਨਮੋਸ਼ੀ ਦਾ ਕਾਰਨ ਬਣਦੇ ਨੌਜਵਾਨ ਮੁੰਡੇ ਆਪਣੇ ਸੁਥਰੇ ਜੀਵਨ ਨੂੰ ਬਰਬਾਦ ਕਰ ਆਪਣੇ ਪਰਿਵਾਰ ਵਾਲਿਆਂ ਲਈ ਵੀ ਜੀਣਾ ਮੁਹਾਲ ਕਰ ਦੇਂਦੇ ਹਨ। 'ਇੱਦਾਂ ਵੀ ...' ਕਹਾਣੀ ਦੀ ਵਰਿੰਦਰ ਆਪਣੀ ਅੱਖੀਂ ਘਰ ਦੀ ਬਰਬਾਦੀ ਮਾਂ ਬਾਪ ਦੀ ਤਰਸਯੋਗ ਹਾਲਤ ਵੇਖ ਇਹ ਨਿਰਣਾ ਲੈ ਲੈਂਦੀ ਹੈ ਕਿ ਉਹ ਵਿਆਹ ਨਹੀਂ ਕਰੇਗੀ, ਜੇ ਕਰੇਗੀ ਤਾਂ ਫਿਰ ਬੱਚੇ ਨਹੀਂ ਜੰਮੇਗੀ, ਕਿਉਂਕਿ ਪਹਿਲਾਂ ਕਿਸੇ ਨੂੰ ਜੇ ਬਦਦੁਆ ਦਿੱਤੀ ਜਾਂਦੀ ਸੀ ਤਾਂ ਕਿਹਾ ਜਾਂਦਾ ਸੀ ਕਿ ਇਸ ਨੂੰ ਕੀੜੇ ਪੈਣ, ਇਹ ਅੱਡੀਆਂ ਰਗੜ ਕੇ ਮਰੇ, ਪਰ ਹੁਣ ਨਿਆਣੇ ਕੀੜੇ ਨਹੀਂ ਤਾਂ ਹੋਰ ਕੀ ਹਨ? ਦਿਨ ਰਾਤ ਲਹੂ ਪੀਂਦੇ ਹਨ?' ਇਕ ਜਵਾਨ

ਜਹਾਨ ਕੁੜੀ ਵਲੋਂ ਅਜਿਹਾ ਇਰਾਦਾ ਕਰ ਕੇ ਅਡਿੱਗ ਰਹਿਣ ਵਜੋਂ ਸਮਝ ਆਉਂਦਾ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਕਿਹੜੇ ਗਰਕ ਵਿਚ ਧੱਸਦੀ ਜਾਂਦੀ ਹੈ ਕਿ ਅਗਲੀ ਪੀੜ੍ਹੀ ਇਸ ਨੂੰ ਜਨਮ ਦੇਣ ਤੋਂ ਇਨਕਾਰੀ ਹੋਈ ਫਿਰਦੀ ਹੈ। ਸਵਾਲ ਸਚਮੁੱਚ ਬਹੁਤ ਵੱਡਾ ਹੈ।

ਅੱਜ ਦੇ ਪੰਜਾਬ ਦਾ ਸਮੁੱਚਾ ਚਿਤਰਣ ਕਰਦੀ ਕਹਾਣੀ 'ਚੱਕਰਵਿਊ' ਵੀ ਸਾਨੂੰ ਝਿੰਝੋੜਦੀ ਹੈ। ਖੇਤੀ ਬਾੜੀ ਵਿੱਚ ਸਿਰਮੌਰ ਕਹੇ ਜਾਣ ਵਾਲੇ ਪ੍ਰਾਂਤ ਪੰਜਾਬ ਵਿੱਚ ਕਿਰਸਾਨੀ ਦੀ ਜੋ ਦੁਰਦਸ਼ਾ ਤੇ ਖੜੋਤ ਵਾਲੀ ਸਥਿਤੀ ਨਜ਼ਰ ਆ ਰਹੀ ਹੈ ਉਸਦੇ ਕਾਰਨ ਅਨੇਕਾਂ ਹਨ। ਵਿਦੇਸ਼ਾ ਵੱਲ ਪਲਾਇਨ, ਸ਼ਹਿਰੀਕਰਣ ਜ਼ਮੀਨ ਹਥਿਆਉਣ ਦੇ ਹੱਥਕੰਡੇ, ਪਾਣੀ ਦਾ ਸੰਕਟ, ਭੋਗਵਾਦੀ ਪ੍ਰਵਿਰਤੀਆਂ ਨਸ਼ਿਆਂ ਦਾ ਪ੍ਰਭਾਵ ਇਨ੍ਹਾਂ ਸਾਰੇ ਚੱਕਰਾਂ ਕਰਕੇ ਹਤਾਸ਼ਾ, ਨਿਰਾਸ਼ਾ ਤੇ ਖੁਦਕੁਸ਼ੀ ਕਰਨ ਦੀ ਨੌਬਤ ਆ ਗਈ ਹੈ। ਕਹਾਣੀ ਚੱਕਰਵਿਊ' ਇਸ ਸਾਰੇ ਤਾਣੇ ਬਾਣੇ ਦੇ ਚੱਕਰ ਵਿਊ ਨੂੰ ਬਿਆਨ ਕਰਦੀ ਹੈ।

'ਬੋਨਸ' , 'ਵੇਦਨਾ' ਤੇ 'ਤੰਦਾਂ' ਕਹਾਣੀਆਂ ਵੱਖ ਵੱਖ ਪ੍ਰਭਾਵਾਂ ਨੂੰ ਸਿਰਜਦੀਆਂ ਹਨ। ਕੁੜੀ ਬੇਸ਼ਕ ਕਾਬਿਲ, ਨਾਗਵਰ ਤੇ ਖਿਡਾਰੀ ਹੋ ਕੇ ਆਪਣਾ ਇਕ ਮੁਕਾਮ ਰੱਖਦੀ ਹੋਵੇ ਪਰ ਜੇ ਸਰੀਰਕ ਪੱਖੋਂ ਬਾਹਰੀ ਸੁੰਦਰਤਾ ਵਿੱਚ ਇਕ ਮੁਕਾਮ ਰੱਖਦੀ ਹੋਵੇ ਸੱਜੀ ਫੱਬੀ ਨਹੀਂ ਤਾਂ ਮਾਪੇ ਉਸ ਦੇ ਵਿਆਹ ਨੂੰ ਲੈ ਕੇ ਪਰੇਸ਼ਾਨ ਹੀ ਰਹਿੰਦੇ ਹਨ। ਲੋਕਾਂ ਦੀ ਦੇਖਾ ਦੇਖੀ ਬਾਹਰਲੇ ਮੁਲਕਾਂ ਵਿੱਚ ਧੀ ਨੂੰ ਵਿਆਹ ਕੇ ਭੇਜਣ ਤੇ ਫਿਰ ਆਪ ਲੰਘ ਜਾਣ ਦੇ ਸੁਫਨੇ ਅਧੀਨ ਉਸੇ ਧੀ ਨੂੰ 'ਬੋਨਸ' ਦੇ ਰੂਪ ਵਿਚ ਜ਼ਾਲੀ ਵਿਆਹ ਰਚਾ ਕੇ ਆਪਣੇ ਪਰਿਵਾਰ ਦੀ ਖੁਸ਼ਹਾਲੀ ਦਾ ਵਾਹਕ ਵੀ ਬਣਨਾ ਪੈਂਦਾ ਹੈ। ਇਕ ਸਦੀ ਜਿੰਨੀ ਉਮਰ ਹੰਢਾ ਚੁੱਕੇ ਬਾਰੂ ਦੇ 'ਵੇਦਨਾ' ਸ਼ਾਇਦ ਪਹਿਲੀ ਵਾਰ ਕਿਸੇ ਨੇ ਸਾਂਝੀ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੀ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬੇ ਜਵਾਨ ਉਮਰ ਦੀਆਂ ਉਮੰਗਾਂ ਤੇ ਉਨ੍ਹਾਂ ਨੂੰ ਬੇਦਰਦੀ ਨਾਲ ਕੁਚਲ ਦੇਣ ਦੀ ਵੇਦਨਾ ਤੇ ਇਹ ਵੀ ਕਿ ਸਾਰੀ ਉਮਰ ਐਨੀ ਮਿਹਨਤ ਐਨੀ ਘਾਲਣਾ ਘਾਲਣ ਦੇ ਬਾਵਜੂਦ ਉਹ ਸਾਰੀ ਜ਼ਿੰਦਗੀ ਵਿੱਚ ਮਸਾਂ ਆਪਣਾ ਇਕ ਛੋਟਾ ਜਿਹਾ ਘਰ ਬਣਾ ਸਕਿਆ। ਬਾਰੂ ਜਿਹੇ ਪਾਤਰ ਦੇ ਰੂਪ ਵਿੱਚ ਕਹਾਣੀਕਾਰ ਪੂਰੀ ਸਦੀ ਦੇ ਹਾਸ਼ੀਏ ਕ੍ਰਿਤ ਲੋਕਾਂ ਦੀ ਤੜਪ, ਦੁਖ ਸੁਖ ਤੇ ਪ੍ਰਾਪਤੀ ਨੂੰ ਬਿਆਨ ਕਰ ਜਾਂਦਾ ਹੈ। 'ਤੰਦਾਂ' ਨਾਮਕ ਕਹਾਣੀ ਔਰਤ ਮਰਦ ਦੇ ਸਦੀਵੀਂ ਰਿਸ਼ਤੇ ਤੇ ਵਿਆਹ ਬਾਹਰਲੇ ਸੰਬੰਧਾਂ ਦੀ ਇਕ ਹੋਰ ਕੜੀ ਨੂੰ ਲੈ ਕੇ ਚਲਦੀ ਹੈ। ਪਰ ਇਸ ਕਹਾਣੀ ਦਾ ਨਵਾਂ ਪੱਖ ਇਹ ਹੈ ਕਿ ਇਹ ਮਰਦ ਔਰਤ ਦੇ ਸੰਬੰਧਾਂ ਦੇ ਸਰੀਰਕ ਸੰਬੰਧਾਂ ਨੂੰ ਸਕਾਰਾਤਮਕ ਤੇ ਨਕਾਰਾਤਮਕ ਦੋਹਾਂ ਪੱਖਾਂ ਦਾ ਪੱਖ ਵੀ ਪੂਰਦੀ ਹੈ ਤੇ ਉਨ੍ਹਾਂ ਨੂੰ ਨਕਾਰਦੀ ਵੀ ਹੈ। ਇਸ ਸੰਬੰਧ ਨੂੰ ਕਹਾਣੀਕਾਰ ਦਾਰਸ਼ਨਿਕ ਤੇ ਅਧਿਆਤਮਕ ਪੱਧਰ ਤੇ ਲਿਜ ਕੇ ਸਮਝਣ ਸਮਝਾਉਣ ਦਾ ਉਪਰਾਲਾ ਕਰਦਾ ਹੈ। ਜਿਵੇਂ 'ਦੋਸਤੀ ਦਾ ਆਧਾਰ ਨਫ਼ਰਤ ਤਾਂ ਕਦੇ ਨਹੀਂ ਹੁੰਦਾ। ਤੂੰ ਪਿਆਰ ਦੇ ਅਰਥ ਏਨੇ ਛੋਟੇ ਨਾ ਕਰ।' ਅਜਿਹੇ ਸੰਬੰਧਾਂ ਦੀ ਸੱਚਾਈ ਨੂੰ ਪ੍ਰਤੱਖ ਸਵੀਕਾਰ ਕਰਨ ਦੀ ਬਜਾਏ ਉਸ ਨੂੰ ਕਲਪਨਾ ਰਾਹੀਂ ਮਾਨਸਿਕ ਪੱਧਰ ਉੱਤੇ ਭੋਗਣ ਬਾਰੇ ਕਹਾਣੀਕਾਰ ਦਾ ਇਹ ਵਿਚਾਰ ਕਿੰਨਾ ਸਾਰਥਕ ਪ੍ਰਤੀਤ ਹੁੰਦਾ ਹੈ ਕਿ ਮਨ ਸਤੀ-ਸਵਿਤਰੀ ਨਹੀਂ ਹੋ ਸਕਦਾ, ਤਨ ਜ਼ਰੂਰ ਹੁੰਦੇ ਹੋਣਗੇ।"

ਪੁੱਤਰ ਨਾਲ ਵੰਸ਼ ਚਲਾਉਣ ਦੇ ਸਾਡੇ ਰਵਾਇਤੀ ਵਿਚਾਰ ਨੇ ਅੱਜ ਦੇ ਆਧੁਨਿਕ ਪੜ੍ਹੇ ਲਿਖੇ ਲੋਕਾਂ ਦਾ ਵੀ ਪਿੱਛਾਂ ਨਹੀਂ ਛੱਡਿਆ ਉਹ ਪੁੱਤਰ ਭਾਵੇਂ ਬਾਪ ਦੀ ਮਿਹਨਤ ਨਾਲ ਕਮਾਈ ਸੰਪਤੀ ਨੂੰ ਆਪਣੀ ਐਸ਼ੋ-ਇਸ਼ਰਤ ਤੇ ਮਾੜੀ ਸੰਗਤ ਭੋਗਣ ਲਈ ਬਾਪ ਨੂੰ ਮਾਰਨ ਲਈ ਵੀ ਗੁਰੇਜ਼ ਨਾ ਕਰੇ। 'ਮਿਰਗ ਤ੍ਰਿਸ਼ਨਾ' ਵਿਚਲੇ ਮਾਂ ਬਾਪ ਨੇ ਔਲਾਦ ਦੀ ਸੁਖ ਭੋਗਣ ਲਈ ਕਿਸੇ ਤੋਂ 'ਮੁੰਡਾ' ਲੈ ਕੇ ਪਾਲਿਆ ਕਿ ਇਹ ਉਨ੍ਹਾਂ ਦੀ ਬੁਢਾਪੇ ਦੀ ਲਾਠੀ ਬਣੇਗਾ। ਸਮਾਜਿਕ ਭਾਈਚਾਰੇ ਵਿੱਚ ਉਨ੍ਹਾਂ ਦਾ ਸੀਰ ਪਵਾਏਗਾ ਪਰ 'ਅਮਰਤ' ਅਜਿਹਾ ਜ਼ਹਿਰ ਨਿਕਲਿਆ ਜਿਸ ਤੋਂ ਮਾਂ ਬਾਪ ਡਰਦੇ ਹਨ, ਕਿਧਰੇ ਉਹ ਪੈਸੇ ਦੇਣ ਤੋਂ ਇਨਕਾਰ ਕਰਨ ਤੇ ਕੁੱਟ ਨਾ ਸੁੱਟੇ। ਕਹਾਣੀ ਵਿੱਚ ਆਉਂਦਾ ਇਹ ਮਾਰਮਿਕ ਚਿਤਰਣ ਦਿਲ ਨੂੰ ਬੜੇ ਗਹਿਰੇ ਤੀਕ ਛੂਹ ਜਾਂਦਾ ਹੈ।


ਸਾਡੀਆਂ ਕਹਾਣੀਆਂ ਵਿਚੋਂ ਬਾਲ ਮਨੋਵਿਗਿਆਨ ਕਿਧਰੇ ਗਵਾਚਦਾ ਹੀ ਜਾ ਰਿਹਾ ਹੈ, ਜਦਕਿ ਕਦੇ ਬਾਲਾਂ ਨੂੰ ਲੈ ਕੇ ਬੜੀ ਬਿਹਤਰੀਨ ਕਹਾਣੀਆਂ ਸਾਡੇ ਪੰਜਾਬੀ ਕਹਾਣੀ ਵਿੱਚ ਸ਼ਾਮਿਲ ਸਨ। ਕਾਫੀ



ਲੰਮੇ ਅਰਸੇ ਬਾਅਦ ਬਲਦੇਵ ਢੀਂਡਸਾ ਦੀ ਕਹਾਣੀ 'ਸਵਾਲੀਆ ਚਿੰਨ੍ਹ' ਬਾਲ ਮਨੋਵਿਗਿਆਨ ਨੂੰ ਲੈ ਕੇ ਰਚੀ ਗਈ ਇਕ ਵਧੀਆ ਕਹਾਣੀ ਹੈ। ਕਹਾਣੀ ਵਿੱਚ 'ਗਿਆਨ ਤੇ ਨਿਧਾਨ' ਦੋਵੇਂ ਬੱਚਿਆਂ ਦੇ ਵਾਰਤਾਲਾਪ ਰਾਹੀਂ ਬੜੀ ਸਹਿਜਤਾ ਨਾਲ ਇਹ ਪ੍ਰਭਾਵ ਪੈਦਾ ਹੁੰਦਾ ਹੈ ਕਿ ਬੱਚੇ 'ਨਿਆਣੇ' ਨਹੀਂ ਹੁੰਦੇ, ਅੰਞਾਣੇ ਵੀ ਨਹੀਂ ਹੁੰਦੇ ਸ਼ਾਇਦ ਉਨ੍ਹਾਂ ਦਾ ਬਾਲਪਨ ਬੰਦਿਆਂ ਦੇ ਸੁਭਾਅ ਤੇ ਚਰਿਤਰਾਂ ਨੂੰ ਸਥਿਤੀਆਂ ਦੀ ਭਿਆਨਕਤਾ ਨੂੰ ਜਿਸ ਢੰਗ ਨਾਲ ਗ੍ਰਹਿਣ ਕਰ ਲੈਂਦੇ ਹਨ ਉਹ ਕਈ ਵਾਰ ਵੱਡਿਆਂ ਤੋਂ ਵੀ ਓਹਲੇ ਰਹਿ ਜਾਂਦੀਆਂ ਹਨ। ਵੈਸੇ ਵੀ ਕਿਸੇ ਦੇ ਅੰਦਰ ਝਾਤੀ ਮਾਰਨ ਤੇ ਉਸ ਦੀ ਬਾਹਰਲੀ ਦਿੱਖ ਤੋਂ ਵੱਖਰੀ ਜਿਸ ਸਚਾਈ ਨਾਲ ਸਾਹਮਣਾ ਹੁੰਦਾ ਹੈ, ਉਹ ਬਾਹਰਲੀ ਖਿੱਚ ਨੂੰ ਝੱਟ ਹੀ ਵਿਸਾਰ ਵੀ ਜਾਂਦਾ ਹੈ। ਕਹਾਣੀ ਦਾ 'ਮੈਂ' ਪਾਤਰ ਜਿਸ ਰਤਨੀ ਨੂੰ ਵੇਖ ਹਉਂਕੇ ਭਰਦਾ ਹੈ, ਉਸ ਦੀ ਕਰਤੂਤ ਜਾਣ ਝਿੰਝੋੜਿਆ ਜਾਂਦਾ ਹੈ। ਜੋ ਕੱਚੀ ਉਮਰ ਦੀਆਂ ਘਰਦੀਆਂ ਕੁੜੀਆਂ ਨੂੰ ਸਰਦਾਰਾਂ ਦੀ ਐਸ਼ ਲਈ ਪੇਸ਼ ਕਰਦੀ ਜਾਂਦੀ ਹੈ।

ਬਦਲੇਵ ਢੀਂਡਸਾ ਨੂੰ ਕਹਾਣੀ ਕਹਿਣ ਦਾ ਢੰਗ ਆਉਂਦਾ ਹੈ। ਉਹ ਬੁੱਢੀ ਨਾਨੀ ਦਾਦੀ ਵਾਂਗ ਕਹਾਣੀ ਸੁਣਾਉਂਦੇ ਹੋਏ ਗੱਲ ਵਿਚੋਂ ਗੱਲ ਕੱਢਦਾ, ਲੜੀ ਨਾਲ ਲੜੀ ਜੋੜਦਾ, ਕਹਾਣੀ ਰਸ ਨਾਲ ਸਰੋਬਾਰ ਕਰਦਾ, ਪਾਠਕਾਂ ਉਤੇ ਆਪਣੀ ਪਕੜ ਮਜ਼ਬੂਤ ਕਰਦਾ ਜਾਂਦਾ ਹੈ। ਇਸ 'ਚੱਕਰਵਿਊ' ਵਿੱਚ ਜਕੜੇ ਜਾਣ 'ਚ ਕੋਈ ਅਫਸੋਸ ਪਾਠਕਾਂ ਨੂੰ ਨਹੀਂ ਹੋਏਗਾ। – ਡਾ. ਜਸਵਿੰਦਰ ਕੌਰ ਬਿੰਦਰਾ

## ਬਿਗਾਨਾ ਘਰ (ਜ਼ੋਰਾ ਸਿੰਘ ਸੰਧੂ)
## ਲੋਕ ਗੀਤ ਪ੍ਰਕਾਸ਼ਨ, ਪੰਨੇ:168, ਮੁੱਲ:150 ਰੁਪਏ




'ਪਾਟਦੀ ਧੁੰਦ' ਨਾਲ ਪੰਜਾਬੀ ਕਹਾਣੀ ਵਿੱਚ ਪ੍ਰਵੇਸ਼ ਕਰ ਜ਼ੋਰਾ ਸਿੰਘ ਸੰਧੂ ਨੇ ਅਗਲਾ ਕਦਮ 'ਬਿਗਾਨਾ ਘਰ' ਵਿੱਚ ਲਿਆ ਧਰਿਆ ਹੈ। ਆਪਣੇ ਇਸ ਦੂਸਰੇ ਕਹਾਣੀ ਸੰਗ੍ਰਹਿ ਵਿੱਚ ਵੀ ਉਹ ਪਹਿਲਾ ਵਰਗਾ ਹੀ ਸਹਿਜ ਤੇ ਸਤੁੰਲਿਤ ਨਜ਼ਰ ਆਉਂਦਾ ਹੈ। ਉਸਦੀਆਂ ਕਹਾਣੀਆਂ ਪੜ੍ਹਦਿਆਂ ਪਹਿਲਾ ਪ੍ਰਭਾਵ ਇਹੀ ਪੈਂਦਾ ਹੈ ਕਿ ਉਹ ਆਪਣੀ ਰਚਨਾ ਲਈ ਕਿਸੇ ਸਿਧਾਂਤ ਜਾਂ ਫਾਰਮੂਲਾ ਦੇ ਚੱਕਰ ਵਿੱਚ ਨਹੀਂ ਉਲਝਦਾ। ਆਪਣੇ ਜੀਵਨ ਅਨੁਭਵਾਂ ਨੂੰ ਹੀ ਆਪਣੀ ਕਹਾਣੀ ਰਚਨਾ ਦਾ ਮੂਲ ਆਧਾਰ ਬਣਾ ਕੇ ਪੇਸ਼ ਕਰਦਾ ਹੈ। ਇਹ ਗੱਲ ਉਸ ਦੀਆਂ ਬਹੁਤ ਸਾਰੀਆਂ, ਕਹਾਣੀਆਂ ਵਿਚੋਂ ਵੇਖੀ ਜਾ ਸਕਦੀ ਹੈ, ਜੋ ਕਿਸੇ ਨਾ ਕਿਸੇ ਰੂਪ ਵਿੱਚ ਉਸ ਦੇ ਆਪਣੇ ਜੀਵਨ ਵਿੱਚ ਹੀ ਘੱਟ ਚੁੱਕੀ ਕਿਸੇ ਘਟਨਾ ਦਾ ਮੂਲ ਆਧਾਰ ਬਣਦੀ ਹੈ। ਅਧਿਆਪਕ ਦੇ ਕਿੱਤੇ ਨਾਲ ਸੰਬੰਧਿਤ ਰਖਣ ਕਾਰਨ ਉਸ ਦੀਆਂ ਤਕਰੀਬਨ ਸਾਰੀਆਂ ਹੀ ਕਹਾਣੀਆਂ ਵਿਚ ਪਾਤਰ ਇਸੇ ਵਰਗ ਨਾਲ ਸੰਬੰਧਿਤ ਨਜ਼ਰ ਆਉਂਦੇ ਹਨ। ਉਨ੍ਹਾਂ ਦੇ ਪੇਸ਼ ਆਉਣ ਵਾਲੀਆਂ ਪਰਿਸਥਿਤੀਆਂ, ਉਨ੍ਹਾਂ ਦੇ ਆਪਣੇ ਕੁਲੀਗਾਂ ਨਾਲ ਸਬੰਧ, ਜੀਵਨ ਦੀਆਂ ਛੋਟੀਆਂ ਛੋਟੀਆਂ ਖੁਸ਼ੀਆਂ ਕਦੇ ਵੱਡੇ ਵੱਡੇ ਦੁੱਖ ਸੰਘਰਸ਼ ਆਪਸੀ ਖਿੱਚੋ ਤਾਣ ਉਸ ਦੇ ਜੀਵਨ ਅਨੁਭਵ ਵਿੱਚ ਵਾਪਰ ਚੁਕੀਆਂ ਘਟਨਾਵਾਂ ਤੇ ਆਪਣੇ ਹਾਣ ਮੇਲ ਤੇ ਆਲੇ ਦੁਆਲੇ ਵਿਚੋਂ ਲਏ ਗਏ ਪਾਤਰ ਉਸ ਮੱਧਵਰਗ ਦੀ ਨਿਸ਼ਾਨਦੇਹੀ ਕਰਦੇ ਹਨ, ਜਿਥੇ ਵਿਦਿਅਕ ਸਰੋਕਾਰਾਂ ਨਾਲ ਜੁੜ ਕੇ ਉਹ ਪਿੰਡਾਂ ਤੋਂ ਸ਼ਹਿਰਾਂ ਵੱਲ ਆਉਣ ਲੱਗੇ ਤੇ ਦੂਜੇ ਪਾਸੇ ਆਪਣੇ ਪੇਂਡੂ ਭਾਈਚਾਰੇ ਨਾਲ ਵੀ ਕਿਸੇ ਨਾ ਕਿਸੇ ਬਹਾਨੇ ਆਪਣਾ ਰਾਬਤਾ ਬਣਾਈ ਰਖਿਆ।

ਸੰਧੂ ਦੀਆਂ ਕੁਝ ਕਹਾਣੀਆਂ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਉਤੇ ਵੀ ਕੇਂਦਰਿਤ ਹਨ, ਜਿਨ੍ਹਾਂ ਵਿੱਚ ਰਿਸ਼ਤਿਆਂ ਤੋਂ ਵੱਧ ਨਿੱਜੀ ਸਵਾਰਥ ਤੇ ਜੀਵਨ ਦੀ ਚਕਾਚੌਂਧ ਪ੍ਰਤੀ ਦੌੜ ਵੱਸ ਪ੍ਰਤੀਤ ਹੁੰਦੀ ਹੈ। ਅਜਿਹੀ ਔਲਾਦ ਹੋਣ ਤੇ ਮਾਂ ਆਪਣੇ ਆਪ ਨੂੰ ਕਸੂਰਵਾਰ ਮੰਨ ਕੇ ਇਹ ਕਹਿਣ ਤੋਂ ਸੰਕੋਚ ਨਹੀਂ ਕਰਦੀ ਕਿ , 'ਸ਼ਾਇਦ ਉਸ ਵੇਲੇ ਉਸ ਦੀ ਸੁਤਾ ਕਿਸ ਹੋਰ ਪ੍ਰਤੀ ਰਹੀ ਹੋਏਗੀ, ਜੋ ਅਜਿਹਾ ਨਿਪੂਤਾ ਉਸ ਦੇ ਢਿਡੋਂ ਜੰਮਿਆ ਹੈ। ਪਰ ਵੈਸੇ ਉਸ ਦੀ ਅੱਖ ਨੌਜਵਾਨਾਂ ਵਿੱਚ ਜਿੰਦਾ ਦਿਲੀ, ਆਪਣੀ ਪੜ੍ਹਾਈ ਅਤੇ ਕੈਰੀਅਰ ਪ੍ਰਤੀ ਉਤਸਾਹ, ਸੰਸਕਾਰੀ ਅਤੇ ਪੁਰਾਣੀ ਪੀੜ੍ਹੀ ਪ੍ਰਤੀ ਸਤਿਕਾਰ ਨੂੰ ਹੀ ਵੇਖਦੀ ਪਰਖਦੀ ਰਹੀ। ਇਸੇ ਲਈ ਭਾਵੇਂ 'ਬਿਗਾਨਾ ਘਰ' ਦੀ 'ਸਿਮਰ ਹੋਵੇ, 'ਜਿਰਾਂਦ ਦੀ ਚੰਨੋ ਤੇ ਸਿਮਰਨ , 'ਭਾਗਾਂ ਵਾਲੇ ਦਿਨ' ਦੀ ਸੁਖਮਨ , 'ਬਿਨ ਮੁਕਲਾਵੀ ਦੀ ਮੈਂ ਪਾਤਰ ਆਦਿ ਹੋਵੇ। ਇਸ ਸਾਰੀਆਂ ਹੀ ਨੌਜਵਾਨ ਪੀੜ੍ਹੀ ਦੀ ਪ੍ਰਤਿਨਿਧਤਾ ਕਰਦੀਆਂ ਤੇ ਆਪਣੀ ਪੁਰਾਣੀ ਪੀੜ੍ਹੀ ਦੇ ਸੰਸਕਾਰਾਂ ਨੂੰ ਅੱਗੇ ਵਧਾਉਂਦੀਆਂ ਤੇ ਆਪਣੇ ਪੈਰਾਂ ਉਤੇ ਖੜੀਆਂ ਨਜ਼ਰ ਆਉਂਦੀਆਂ ਹਨ।

ਸਾਡੇ ਆਮ ਜੀਵਨ ਵਿੱਚ ਰੋਜ਼ ਹੀ ਕੋਈ ਨਾ ਕੋਈ ਘਟਨਾ ਵਾਪਰਦੀ ਹੀ ਰਹਿੰਦੀ। ਪਰ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਸਾਡਾ ਚੇਤੰਨ, ਜਾਗਰੂਕ ਤੇ ਸੰਵੇਦਨਸ਼ੀਲ ਮਨ ਕਿਹੋ ਜਿਹੀਆਂ ਘਟਨਾਵਾਂ ਨੂੰ ਵੇਖ ਸੁਣ ਕੇ ਗ੍ਰਹਿਣ ਕਰਦਾ ਹੈ, ਕਿਹੋ ਜਿਹੀਆਂ ਘਟਨਾਵਾਂ ਨੂੰ ਅੱਖੋਂ ਪਰੋਖੇ ਕਰ ਜਾਂਦਾ ਹੈ ਤੇ ਕਿੰਨਾ ਵਿਚੋਂ ਗਹਿਰੇ ਅਰਥ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ। ਇਸ ਪੱਖੋਂ ਦੇਖੀਏ ਤਾਂ ਸੰਧੂ ਦੀ ਨਜ਼ਰ ਕਮੀਆਂ, ਊਣਤਾਈਆਂ ਵੇਖਣ ਦੀ ਕਾਇਲ ਨਜ਼ਰ ਨਹੀਂ ਆਉਂਦੀ। ਉਹ ਲੜਾਈ ਝਗੜੇ ਵਾਲੀ ਥਾਂ ਖੜਾ ਹੋਣਾ ਪਸੰਦ ਨਹੀਂ ਕਰਦਾ। ਉਹ ਹਾਣੀਆਂ ਕੁਲੀਗਾਂ ਨਾਲ ਦੁਖ ਸੁਖ ਫਰੋਲਦਾ ਘਰ ਗ੍ਰਹਿਸਥੀਆਂ ਦੀਆਂ ਅਨੇਕ ਜਿੰਮੇਵਾਰੀਆਂ ਨਿਭਾਉਂਦਾ, ਉਥੇ ਆਪਣੀ ਨਜ਼ਰ ਕੇਂਦਰਿਤ ਕਰਦਾ ਹੈ, ਜਿਸ ਦੀ ਕੋਈ ਵੀ ਗੱਲ ਉਸ ਦੇ ਦਿਲ ਨੂੰ ਛੂਹ ਜਾਏ, ਉਸ ਨੂੰ ਕਚੋਟ ਜਾਏ। ਹੜ੍ਹ ਦੀ ਗਰਜ, ਮਲਕਾ ਦਾ ਕਹਿਰ, ਭਾਗਾਂਵਾਲਾ ਦਿਨ, ਸਿਰਦਾਰ ਆਦਿ ਕਹਾਣੀਆਂ ਉਸ ਦੇ ਜੀਵਨ ਦੇ ਨਿਜਤੱਵ ਦੀ ਝਾਤ ਪੁਆਉਂਦੀਆਂ ਹਨ। 'ਮਲਕਾ ਨੇ ਹੌਕੇ ਹੀ ਦਿੱਤੇ ਹਨ' ਜਿਹੀ ਤੁਕ ਵਿੱਚ ਉਹ ਵੰਡ ਦੇ ਸਮੁੱਚੇ ਦਰਦ ਨੂੰ ਬਿਆਨ ਕਰ ਜਾਂਦਾ ਹੈ। 'ਹੜ੍ਹ ਦੀ ਗਰਜ' ਵਿੱਚ ਪ੍ਰਧਾਨ ਮੰਤਰੀ ਦੇ ਲਿਸ਼ਕੇ ਮੁਸਕਾਨ ਭਰੇ ਚਿਹਰੇ ਨੂੰ ਲੇਖਕ ਦੇਖ ਕੇ ਕੀ ਮਹਿਸੂਸ ਕਰਦਾ ਹੈ ਤੇ ਹੜ੍ਹ ਦਾ ਮਾਰਿਆ ਇਕ ਬੱਚਾ ਕਿਵੇਂ ਮਹਿਸੂਸ ਕਰਦਾ ਹੈ, ਇਹ ਅੰਤਰ ਸੂਖਮਤਾ ਨਾਲ ਸਾਡੀ ਸਮਝ ਵਿੱਚ ਆ ਜਾਂਦਾ ਹੈ।

ਚੁਲ੍ਹੇ ਅੱਗ, ਸਿਦਕ, ਸਿਰਦਾਰ, ਰੱਸਾ ਆਦਿ ਕੁਝ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਪਾਤਰ ਹਾਸ਼ੀਏ ਉਤੇ ਰਹਿੰਦੇ ਹੋਏ ਵੀ ਚਿੱਟ ਕੱਪੜਿਆਂ ਤੋਂ ਡਰਦੇ ਘਬਰਾਉਂਦੇ ਨਹੀਂ। ਆਪਣੇ ਔਖ ਸੌਖ ਨੂੰ ਹਰ ਸੰਭਵ ਯਤਨ ਨਾਲ ਦੂਰ ਕਰਨ ਦਾ ਸੰਘਰਸ਼ ਕਰਦੇ ਹੀ ਰਹਿੰਦੇ ਹਨ।

ਬਿਗਾਨਾ ਘਰ, ਚਾਚੀ ਪੁੰਨੀ, ਜਿਰਾਂਦ, 'ਲੱਖ ਖੁਸ਼ੀਆਂ ਪਾਤਸ਼ਾਹੀਆਂ' ਜਿਹੀਆਂ ਕਹਾਣੀਆਂ ਇਸਤਰੀ ਜਾਤੀ ਨੂੰ ਕਿਸੇ ਪੱਖੋਂ ਵੀ ਨੀਵਾਂ ਨਹੀਂ ਵਿਖਾਉਂਦੀਆਂ, ਨਾ ਹੀ ਕਿਧਰੇ ਕਮਜ਼ੋਰ ਦਰਸਾਉਂਦੀਆਂ ਹਨ। ਉਹ ਸਮੇਂ ਦੇ ਨਾਲ ਚਲਣ ਵਾਲੀਆਂ, ਆਪਣੀ ਇਜ਼ਤ ਤੇ ਸ਼ਖ਼ਸੀਅਤ ਉੱਤੇ ਵਾਰ ਕਰਨ ਨੂੰ ਬਰਦਾਸ਼ਤ ਨਹੀਂ ਕਰਦੀਆਂ ਡਟ ਕੇ ਮੁਕਾਬਲਾ ਕਰਦੀਆਂ ਹਨ।

ਕਹਾਣੀਆਂ ਛੋਟੀਆਂ ਛੋਟੀਆਂ ਹਨ, ਕਿਧਰੇ ਕਿਧਰੇ ਸੰਚਾਰ ਦੀ ਕਮੀ ਜਾਪਦੀ ਹੈ, ਸ਼ਾਇਦ ਲੇਖਕ ਪਾਤਰਾਂ ਤੇ ਘਟਨਾਵਾਂ ਦੇ ਬਿਆਨ ਵਿੱਚ ਜਲਦਬਾਜੀ ਕਰਦੇ ਹੋਏ ਕਿਸੇ ਕਿਸੇ ਗੱਲ ਨੂੰ ਦੱਸਣਾ ਭੁੱਲ ਜਾਂਦਾ ਹੈ, ਕਿਉਂਕਿ ਕਈ ਵਾਰ ਥੋੜਾ 'ਟਪਲਾ' ਜਿਹਾ ਲੱਗਦਾ ਮਹਿਸੂਸ ਹੁੰਦਾ ਹੈ।

ਥੋੜੇ ਸ਼ਬਦਾਂ ਵਿੱਚ ਕਹੀਏ ਤਾਂ 'ਬਿਗਾਨਾ ਘਰ' ਨਾਮਕ ਕਹਾਣੀ ਸੰਗ੍ਰਹਿ ਲੇਖਕ ਦੇ ਆਪਣੇ ਵਿਅਕਤੀਤਵ ਤੇ ਨਿਜਤੱਵ ਦਾ ਪ੍ਰਗਟਾਵਾ ਕਰਵਾਉਂਦੇ ਹੋਏ ਇਸ ਗੱਲ ਨੂੰ ਸਿੱਧ ਕਰ ਜਾਂਦਾ ਹੈ। ਰਚਨਾ ਵਿਚੋਂ ਲੇਖਕ ਦੀ ਸ਼ਖ਼ਸੀਅਤ ਨੂੰ ਆਸਾਨੀ ਨਾਲ ਜਾਣਿਆ ਪਛਾਣਿਆ ਜਾ ਸਕਦਾ ਹੈ।

– ਡਾ. ਜਸਵਿੰਦਰ ਕੌਰ ਬਿੰਦਰਾ



## ਹੁੰਗਾਰਾ

### ਮਿਥਿਹਾਸ ਦੇ ਹਾਸ਼ੀਆਕ੍ਰਿਤ ਨਾਇਕ ਦਾ ਗਲਪੀ ਬਿੰਬ 'ਸੂਤ ਪੁੱਤਰ... ਕਰਨ'

ਸਰੂਪ ਸਿਆਲਵੀ ਸਮਕਾਲੀ ਪੰਜਾਬੀ ਕਹਾਣੀ ਵਿਚ ਦਲਿਤ ਜੀਵਨ ਦੇ ਅੰਤਰਸਾਰ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਨ ਵਾਲਾ ਪ੍ਰਤੀਬੱਧ ਕਥਾਕਾਰ ਹੈ। ਸਦੀਆਂ ਤੋਂ ਆਰਥਿਕ, ਮਾਨਸਿਕ, ਸੰਸਕ੍ਰਿਤਕ ਤੇ ਧਾਰਮਿਕ ਪੱਧਰ ਦੇ ਸ਼ੋਸ਼ਣ ਦਾ ਸ਼ਿਕਾਰ ਦਲਿਤ ਸਮਾਜਿਕ ਪ੍ਰਵਰਗ ਉਸ ਦੀਆਂ ਕਹਾਣੀਆਂ ਵਿਚ ਯਥਾਰਥਕ ਕਥਾ ਵੇਰਵਿਆਂ, ਇਤਿਹਾਸਕ ਮਿਥਿਹਾਸਕ ਪ੍ਰਸੰਗਾਂ ਤੇ ਅਨੁਭਵਮੁਖੀ ਰਚਨਾ ਦ੍ਰਿਸ਼ਟੀ ਤੋਂ ਪੇਸ਼ ਹੁੰਦਾ ਰਿਹਾ ਹੈ।

ਦਲਿਤ ਵਰਗ ਦੇ ਬਹੁਪਰਤੀ ਸੰਕਟਾਂ ਨਾਲ ਜੁੜੇ ਅਣਗੌਲ੍ਹੇ ਯਥਾਰਥਕ ਪਹਿਲੂ ਉਸ ਦੀਆਂ ਕਹਾਣੀਆਂ ਵਿਚ ਸੁਲਗਦੇ ਹਨ। ਉਸ ਦੀਆਂ ਅਨੇਕਾਂ ਕਹਾਣੀਆਂ 'ਨੇਰੇ ਦੇ ਵਾਸੀ', 'ਉਹ ਪਰੀ ਕੌਣ ਹੈ', 'ਰੱਜਤਨਾਮੀਏ' , 'ਸੀਨੀਆਰਟੀ','ਇਕ ਬੇਦਾਵਾ ਹੋਰ' ,'ਪਿੰਡ ਅਜੇ ਜਿਉਂਦਾ ਹੈ' ਵਿਚ ਸਮਕਾਲੀ ਦਲਿਤ ਜੀਵਨ ਦਾ ਕਰੂਰ ਯਥਾਰਥ ਇਕ ਨਵੀਂ ਅਨੁਭੂਤੀ, ਨਵੀਨ ਚੇਤਨਾ, ਨਵੀਨ ਸ਼ਬਦ ਵੇਦਨਾ ਤੇ ਸ਼ਿਲਪ ਵਿਧਾਨ ਦੁਆਰਾ ਦ੍ਰਿਸ਼ਟਮਾਨ ਹੋਇਆ ਹੈ। ਮਹਾਤਮਾ ਫੂਲੇ ਤੇ ਡਾ. ਅੰਬੇਡਕਰ ਜਿਹਾ ਯੁੱਗ ਚਿੰਤਕਾਂ ਦਾ ਸਮਾਜਿਕ ਕ੍ਰਾਂਤੀ ਨੂੰ ਪ੍ਰਾਥਮਿਕਤਾ ਦੇਣ ਵਾਲਾ ਵਿਚਾਰਧਾਰਾਈ ਸੂਤਰ ਸਰੂਪ ਸਿਆਲਵੀ ਦੇ ਕਥਾ ਸੰਸਾਰ ਦੇ ਲੁਕਵੇਂ ਤੇ ਪ੍ਰਗਟ ਮਨੋਰਥਾਂ ਦੇ ਅੰਗ ਸੰਗ ਵਿਚਰਦਾ ਹੈ।

ਪਿਛਲੇ ਇਕ ਵਰ੍ਹੇ ਤੋਂ ਉਸ ਦੀਆਂ ਦੋ ਕਹਾਣੀਆਂ ਨੇ ਕਥਾ ਆਲੋਚਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। 'ਕਹਾਣੀ ਧਾਰਾ' ਦੇ ਜੁਲਾਈ ਸਤੰਬਰ 2009 ਅੰਕ ਵਿਚ ਛਪੀ ਕਹਾਣੀ 'ਕਾਲ ਕਾਲਾਂਤਰ' ਅਤੇ ਇਸੇ ਮੈਗਜ਼ੀਨ ਦੇ ਅਪਰੈਲ ਜੂਨ 2010 ਅੰਕ ਵਿਚ ਛਪੀ ਕਹਾਣੀ 'ਸੂਤ ਪੁੱਤਰ ... ਕਰਨ' ਇਹਨਾਂ ਕਹਾਣੀਆਂ ਦੁਆਰਾ ਲੇਖਕ ਨੇ ਆਪਣੇ ਡੂੰਘੇ ਅਧਿਐਨ ਤੇ ਗਹਿਰ ਗੰਭੀਰ ਚਿੰਤਨ ਨਾਲ ਭਾਰਤੀ ਇਤਿਹਾਸ / ਮਿਥਿਹਾਸ ਨੂੰ ਵਸਤੂ ਤੇ ਰੂਪਾਂਤਮਕ ਜੁਗਤ ਦੀ ਪੱਧਰ 'ਤੇ ਵਰਤ ਕੇ ਤਤਕਾਲੀ ਸਮਾਜਕ ਸਭਿਆਚਾਰਕ ਸੰਕਟਾਂ ਦੀ ਗਲਪੀ ਨਿਸ਼ਾਨਦੇਹੀ ਕੀਤੀ ਹੈ। ਇਹਨਾਂ ਕਹਾਣੀਆਂ ਵਿਚ ਪੂਰਨ ਵੈਦਿਕ ਕਾਲ, ਵੈਦਿਕ ਕਾਲ ਅਤੇ ਉੱਤਰ ਵੈਦਿਕ ਕਾਲ ਦੀ ਸਮਾਜੀ ਸੰਰਚਨਾ ਵਿਚਲੇ ਸ਼ੋਸ਼ਣ ਨਾਲ ਜੁੜੇ ਸਰੋਕਾਰਾਂ ਨੂੰ ਤਰਕਪੂਰਨ ਤੇ ਵਿਵੇਕਸ਼ੀਲ ਕਥਾ ਪੈਟਰਨ ਦੇ ਮਾਧਿਆਮ ਨਾਲ ਪੇਸ਼ ਕੀਤਾ ਗਿਆ ਹੈ। 'ਕਾਲ ਕਾਲਾਂਤਰ' ਕਹਾਣੀ ਭਾਰਤੀ ਮਿੱਥ ਦੇ ਪ੍ਰਧਾਨ ਪਾਤਰਾਂ ਨਾਲ ਜੁੜੇ ਮਿਥਿਹਾਸਕ ਵੇਰਵਿਆਂ ਨੂੰ ਇਤਿਹਾਸਵਾਦੀ-ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰਦੀ ਪੂਰਵ-ਇਤਿਹਾਸਕ ਯੁੱਗ ਦਾ ਅਜਿਹਾ ਗਲਪੀ ਪ੍ਰਵਚਨ ਉਸਾਰਦੀ ਹੈ ਜਿਹੜਾ ਇਕ ਪਾਸੇ ਅਖੌਤੀ ਬ੍ਰਾਹਮਣਵਾਦ ਦੇ ਸਮੁੱਚੇ ਸੰਸਕਾਰ ਪ੍ਰਬੰਧ ਨੂੰ ਚੁਣੌਤੀ ਦਿੰਦਾ ਹੈ ਦੂਜੇ ਪਾਸੇ ਭਾਰਤ ਵਰਸ਼ ਦੇ ਅਸਲ ਬਸ਼ਿੰਦਿਆਂ ਦੀ ਕਬੀਲਾ ਗਤ ਭਾਵਨਾ ਦੇ ਘਾਣ ਤੇ ਇਹਨਾਂ ਨਾਲ ਹੋਏ ਸਦੀਵੀਂ ਵਿਤਕਰਿਆਂ ਨੂੰ ਪੇਸ਼ ਕਰਦੀ ਮਿਥਿਹਾਸਕ ਪ੍ਰਸੰਗਾਂ ਦੀ ਤਰਕਸ਼ੀਲ ਪੁਣ ਛਾਣ ਕਰਦੀ ਹੈ।

'ਸੂਤ ਪੁੱਤਰ... ਕਰਨ' ਕਹਾਣੀ ਵਿਚ ਲੇਖਕ ਨੇ ਮਹਾਂਭਾਰਤ ਦੇ ਜੁਝਾਰੂ ਪਾਤਰ ਕਰਨ ਦੇ ਨਾਇਕਤਵ ਚਰਿੱਤਰ ਨੂੰ ਉਭਾਰ ਕੇ ਹਾਸ਼ੀਆਗਤ ਕਬੀਲਿਆਂ ਦੀਆਂ ਕਲਾਗਤ ਯੋਗਤਾਵਾਂ ਅਤੇ ਉੱਚ ਵਰਗ ਦੇ ਦੰਭੀ ਕਿਰਦਾਰ, ਜਾਤਾਂ ਦੀ ਰਾਜਨੀਤੀ ਤੇ ਸੱਤਾ ਦੀ ਭੁੱਖ ਨਾਲ ਜੁੜਿਆ ਗਲਪੀ ਪੈਰਾਡਾਈਮ ਉਸਾਰਿਆਂ ਹੈ। ਲੇਖਕ ਨੇ ਮਿਥ ਦੇ ਕਥਾ ਪ੍ਰਸੰਗਾਂ ਨੂੰ ਛੋਟੇ ਛੋਟੇ ਗਲਪੀ ਵੇਰਵਿਆਂ ਵਿਚ ਪੇਸ਼ ਕਰਕੇ ਕਰਨ ਤੇ ਹੋਰ ਹਾਸ਼ੀਆਗਤ ਕਬੀਲਾ-ਪਾਤਰਾਂ ਦੀ ਸ਼ੋਸ਼ਤ ਹੋਣੀ ਨੂੰ ਚਿਤਰ ਕੇ ਮਹਾਂਭਾਰਤ ਯੁੱਗ ਦੇ 'ਧਰਮੀ' ਚਰਿੱਤਰ ਨੂੰ ਦਿਲਚਸਪ ਕਥਾ ਸ਼ੈਲੀ ਨਾਲ ਪੇਸ਼ ਕੀਤਾ ਹੈ। ਰਚਨਾਕਾਰ ਨੇ ਨਿਸ਼ਾਦ ਕਬੀਲੇ ਦੇ ਜੁਝਾਰੂ ਕਿਰਦਾਰ ਨੂੰ ਆਧਾਰ ਬਣਾ ਕੇ 'ਉੱਚ ਧਰਮ 'ਤੇ 'ਉੱਚ ਜਾਤ' ਦੇ ਸ਼ਾਸ਼ਕ ਵਰਗ ਵਲੋਂ ਅਜਿਹੇ ਕਬੀਲਿਆਂ ਨੂੰ ਜੰਗਲਾਂ ਵੱਲ ਧਕੇਲਣ ਤੇ ਆਪਣੇ ਰਾਜਸੀ ਲਾਭ ਲਈ ਪ੍ਰਯੋਗ ਕਰਨ ਨਾਲ ਜੁੜੇ ਯਥਾਰਥਕ ਵੇਰਵੇ ਬਾਖ਼ੂਬੀ ਪੇਸ਼ ਕੀਤੇ ਹਨ।

ਕਹਾਣੀ ਦਾ ਕੇਂਦਰ 'ਕਰਨ' ਵਰਗਾ ਮਿਥਿਹਾਸਕ / ਇਤਿਹਾਸਕ ਪਾਤਰ ਹੈ ਜਿਹੜਾ ਯੁੱਧ ਕੁਸ਼ਲਤਾ ਦੀਆਂ ਯੋਗਤਾਵਾਂ ਦੇ ਬਾਵਜੂਦ ਤਤਕਾਲੀ ਸਮਾਜ ਦੀ ਧਾਰਮਿਕ ਸੱਤਾ ਤੇ ਰਾਜ ਭਾਗ ਦੀ ਸਿਆਸਤ ਦੇ ਜਾਤ ਪਾਤ ਸ਼ੋਸ਼ਣ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਇਸ ਸ਼ੋਸ਼ਣ ਦੇ ਬਹੁਪਰਤੀ ਪ੍ਰਸੰਗਾਂ ਵਿਚੋਂ ਚਾਰ ਪ੍ਰਸੰਗ ਧਿਆਨ ਖਿੱਚਦੇ ਹਨ।

–ਕਰਨ ਕੁੰਤੀ ਦਾ ਪੁੱਤਰ ਹੋਣ ਦੇ ਬਾਵਜੂਦ ਨਿਸ਼ਾਦ ਕਬੀਲੇ ਵਿਚ ਪਲਿਆ ਹੋਣ ਕਰਕੇ ਇਸ ਪਾਸੇ ਪਾਂਡਵਾਂ ਦੀ ਤ੍ਰਿਸਕਾਰਤ ਤੇ ਦੁਰਕਾਰੀ ਦ੍ਰਿਸ਼ਟੀ ਦਾ ਸ਼ਿਕਾਰ ਰਹਿੰਦਾ ਹੈ ਦੂਜੇ ਪਾਸੇ ਦੁਰਯੋਧਨ ਰਾਜ ਸੱਤਾ ਦੀ ਲਾਲਸਾ ਹਿਤ ਉਸਦੀ ਯੁੱਧ ਕੁਸ਼ਲਤਾ ਦਾ ਸ਼ੋਸ਼ਣ ਕਰਦਾ ਹੈ।

–ਸੂਤ ਪੁੱਤਰ (ਵੈਸ਼ ਪਿਤਾ ਤੇ ਬ੍ਰਾਹਮਣੀ ਮਾਤਾ ਦੀ ਸੰਤਾਨ) ਹੋਣ ਕਰਕੇ ਗੁਰੂ ਦਰੋਣਾਚਾਰੀਆ ਉਸਨੂੰ ਤੇ ਉਸਦੇ ਸਾਰਥੀ ਪਿਓ ਅਧੀਰਥ ਨੂੰ ਨਫ਼ਰਤ ਕਰਦਾ ਹੈ ਤੇ ਕਰਨ ਦੇ ਤੀਰ ਅੰਦਾਜ਼ੀ ਸਿੱਖਣ ਦੀ ਭਾਵਨਾ ਨਾਲ ਖਿਲਵਾੜ ਕਰਦਾ ਆਖਦਾ ਹੈ।

–ਮੈਂ ਕਸ਼ੱਤਰੀਆਂ ਤੇ ਰਾਜਿਆਂ ਨੂੰ ਸ਼ਾਸਤਰ ਵਿਦਿਆ ਸਿਖਾਉਂਦਾ ਹਾਂ। ਸ਼ੂਦਰਾਂ, ਸ਼ਿਲਪੀਆਂ, ਸੂਤ ਪੁੱਤਰਾਂ ਨੂੰ ਵੇਦਾਂ ਦਾ ਅਧਿਐਨ ਕਰਨ, ਜਾਇਦਾਦ ਬਣਾਉਣ ਤੇ ਸ਼ਾਸਤਰ ਵਿਦਿਆ ਸਿੱਖਣ ਦਾ ਅਧਿਕਾਰ ਨਹੀਂ। ਉਹ ਮਾਤਰ ਸੈਨਿਕ ਤਾਂ ਬਣ ਸਕਦੇ ਹਨ... ਪਰ ਸ਼ਾਸਤਰ ਧਾਰੀ, ਧਨੁਖ ਧਾਰੀ ਬਣ ਕੇ ਰੱਥ ਤੇ ਸਵਾਰ ਹੋ ਕੇ ਯੁਧ ਭੂਮੀ ਵਿਚ ਨਹੀਂ ਜਾ ਸਕਦੇ।"

ਇਹੋ ਭਾਵਨਾ ਅਰਜਨ ਦੀ ਕਰਨ ਪ੍ਰਤੀ ਰਹਿੰਦੀ ਹੈ।

–ਦੁਰਯੋਧਨ ਕਰਨ ਨੂੰ ਅੰਗ ਦੇਸ਼ ਦਾ ਰਾਜਾ ਥਾਪਣ ਪਿਛੋਂ ਤੀਰ ਅੰਦਾਜ਼ੀ ਵਿਚ ਉਸਦੀ ਨਿਪੁੰਨਤਾ ਤੋਂ ਬਲਿਹਾਰ ਜਾਂਦਾ ਹੈ ਤੇ ਦਰੋਪਤੀ ਦੇ ਸਵੰਬਰ ਵਿਚ ਕਰਨ ਨੂੰ ਲਿਜਾ ਕੇ ਮੱਛੀ ਦੀ ਅੱਖ ਦਾ ਨਿਸ਼ਾਨਾ ਲਾਉਣ ਲਈ ਕਹਿੰਦਾ ਹੈ ਪਰ ਉਸੇ ਵੇਲੇ ਦਰੋਪਤੀ ਦੇ ਬੋਲ ਕਰਨ ਦੇ ਅੰਦਰਲੇ ਰੋਹ ਨੂੰ ਹੋਰ ਪ੍ਰਚੰਡ ਕਰ ਦਿੰਦੇ ਹਨ।

"ਹੇ ਕਰਨ ਜੇ ਤੂੰ ਚੱਕਰ ਵਿਚ ਘੁੰਮ ਰਹੀ ਮੱਛੀ ਦੀ ਅੱਖ ਵਿਚ ਤੀਰ ਮਾਰ ਕੇ ਸਵੰਬਰ ਦੀ ਸ਼ਰਤ ਪੂਰੀ ਵੀ ਕਰ ਦਿੱਤੀ ਤਾਂ ਵੀ ਮੈਂ ਤੇਰੇ ਨਾਲ ਵਿਆਹ ਨਹੀਂ ਕਰਵਾਂਗੀ ਕਿਉਂ ਕਿ ਤੂੰ ਕਸ਼ੱਤਰੀ ਨਹੀਂ ਹੈ, ਸੂਤ ਪੁੱਤਰ ਹੈ।"

ਸੈਨਾ ਦਾ ਪ੍ਰਧਾਨ ਸੈਨਾਪਤੀ ਭੀਸ਼ਮ ਪਿਤਾਮਾ ਵੀ ਕਰਨ ਨਾਲ ਹੋਏ ਵਿਤਕਰਿਆ ਤੇ ਸ਼ੋਸ਼ਣ ਦਾ ਹਿੱਸੇਦਾਰ ਬਣਦਾ ਉਸ ਸਮੇਂ ਦੇ ਅਖੌਤੀ ਸੰਸਕਾਰ ਪ੍ਰਬੰਧ ਵਿਚੋਂ ਬੋਲਦਾ ਹੈ।

"ਹੇ ਕਰਨ ਤੂੰ ਸੂਤ ਪੁੱਤਰ ਹੈ ਜਦੋਂ ਤੱਕ ਮੈਂ ਪ੍ਰਧਾਨ ਸੈਨਾਪਤੀ ਹਾਂ ਤੂੰ ਮਹਾਂਭਾਰਤ ਦੇ ਯੁੱਧ ਵਿਚ ਭਾਗ ਨਹੀਂ ਲੈ ਸਕਦਾ।"

ਲੇਖਕ ਸਰੂਪ ਸਿਆਲਵੀ ਨੇ ਕਰਨ ਨਾਲ ਹੋਏ ਉਕਤ ਸ਼ੋਸ਼ਣਾਂ ਦੀਆਂ ਵਿਭਿੰਨ ਪਰਤਾਂ ਪੇਸ਼ ਕਰਦਿਆਂ ਤਤਕਾਲੀ ਸਮਾਜ ਦੀ ਗੁੰਝਲਦਾਰ ਸੰਰਚਨਾ ਤੇ ਜਾਤਾਂ ਵਰਣਾਂ ਦੇ ਆਧਾਰ 'ਤੇ ਹੁੰਦੇ ਸ਼ੋਸ਼ਣ ਨੂੰ ਵਿਗਿਆਨਕ ਰਚਨਾ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਰਚਨਾਕਾਰ ਨੇ ਧਰਮ ਅਤੇ ਰਾਜ ਦੀ ਸੱਤਾ ਦੇ ਸਵਾਰਥੀ ਕਿਰਦਾਰ ਤੋਂ ਉਪਜੇ ਵਿਤਕਰਾ ਪ੍ਰਬੰਧ ਨੂੰ ਚਿਤਰਦਿਆਂ ਵੈਦਿਕ ਯੁੱਗ ਦੇ ਧਰਮਵਾਦੀ ਮੁਹਾਵਰੇ ਵਿਚੋਂ ਕਬੀਲਿਆਂ ਤੇ ਰਾਜ ਭਾਗ ਦੇ ਸ਼ਾਸ਼ਕਾਂ ਵਿਚਕਾਰ ਚੱਲੇ ਯੁੱਧ ਤੇ ਵਿਚਾਰਧਾਰਕ ਦਵੰਦ ਨੂੰ ਘਟਨਾਵੀਂ ਵੇਰਵਿਆਂ ਤੇ ਪਾਤਰਾਂ ਦੇ ਸੰਵਾਦਨੁਮਾ ਪ੍ਰਸੰਗਾਂ ਦੁਆਰਾ ਰੂਪਮਾਨ ਕੀਤਾ ਹੈ।

ਕਹਾਣੀ ਦੇ ਉਪ ਵਿਸ਼ਿਆ ਵਿਚ ਤਤਕਾਲੀ ਯੁੱਗ ਦੌਰਾਨ ਔਰਤ ਦੀ ਦਮਨਮੂਲਕ ਹੋਂਦ, ਕਬੀਲਿਆਂ ਦੇ ਜੰਗਲ ਵਾਸ ਦੇ ਕਾਰਨ, ਧਾਰਮਿਕ ਗ੍ਰੰਥਾਂ ਦੀ ਸੱਤਾਵਾਦੀ ਲੋਕਾਂ ਦੇ ਹਿਤੂ ਭਾਵਨਾ, ਸੱਤਾ ਪ੍ਰਾਪਤੀ ਦੇ ਸਵਾਰਥੀ ਉਪਰਾਲੇ, ਸ਼ੋਸ਼ਿਤ ਵਰਣਾਂ ਕਬੀਲਿਆਂ ਦਾ ਹਾਸ਼ੀਅਗਤ ਜੀਵਨ ਆਦਿ ਸਰੋਕਾਰ ਭਲੀ ਭਾਂਤ ਉਘੜੇ ਹਨ।

ਆਰੀਆਂ ਅਤੇ ਭਾਰਤ ਦੇ ਮੂਲ ਕਬੀਲਾ ਵਾਸੀਆਂ ਦੇ ਜੀਵਨ ਬਿਰਤਾਂਤ ਵਿਚਾਰਧਾਰਕ ਵੱਖਰਤਾ, ਰਹਿਣੀ ਬਹਿਣੀ ਆਦਿ ਨੂੰ ਲੇਖਕ ਨੇ ਆਪਣੀ ਬਿਰਤਾਂਤਕ ਲੋਕੇਲ ਵਿਚ ਭਲੀ ਭਾਂਤ ਪੇਸ਼ ਕੀਤਾ ਹੈ।



ਆਰੀਆਂ ਦੇ ਪੂਰਵਜ ਪੁਰੂ, ਅਨੂ, ਯਦੂ, ਭਰਤ ਆਦਿ ਕਬੀਲਿਆਂ ਦਾ ਅਸੁਰਾਂ ਦੇ ਪੂਰਵਜ ਪਣੀ, ਅਜ, ਸਿਗਰੂ, ਨਿਸ਼ਾਦ ਤੇ ਕਿਲਾਤ ਆਦਿ ਗਣਾਂ ਨਾਲ ਲੰਬੇ ਅਰਸੇ ਤਕ ਚਲਿਆ ਯੁੱਧ ਕਬਜ਼ੇ ਅਧੀਨ ਆਉਂਦੇ ਇਲਾਕਿਆਂ ਦਾ ਵਿਸਥਾਰ, ਰਿਗਵੇਦ ਵਿਚ ਦਰਜ ਪ੍ਰਤੀਕਮੁਖੀ ਬਿਰਤਾਂਤ, ਆਦਿ ਚਿਤਰਣ ਦੇ ਨਾਲ ਨਾਲ ਰਚਨਾਕਾਰ ਨੇ ਪਿੱਛਲਝਾਤ ਦੀ ਕਥਾ ਜੁਗਤ ਦੁਆਰਾ ਕਹਾਣੀ ਦਾ ਸਮੁੱਚਾ ਬਿਰਤਾਂਤ ਸੰਗਠਨ ਉਸਾਰਿਆ ਹੈ। ਲੇਖਕ ਨੇ ਕਹਾਣੀ ਦੀ ਬਿਰਤਾਂਤਕ ਚਾਲ ਨੂੰ ਰੌਚਿਕ ਰੱਖਣ ਲਈ ਮਿਥਿਹਾਸਕ ਕਥਾ ਵੇਰਵਿਆਂ ਦੇ ਸਮਵਿੱਥ ਕਰਨ ਦੀ ਮਨੋ ਵਿਗਿਆਨਕ ਦਵੰਦਤਾ ਤੇ ਨਿਸ਼ਾਦ ਕਬੀਲੇ ਦੇ ਲੋਕਾਂ ਨਾਲ ਵਿਚਾਰਧਾਰਕ ਸੰਵਾਦ ਨੂੰ ਕਥਾ ਸੰਗਠਨ ਦੇ ਅੰਗ ਸੰਗ ਰਖਿਆ ਹੈ। ਰਚਨਾਕਾਰ ਨੇ ਤਰਕਪੂਰਨ ਢੰਗ ਨਾਲ ਵੈਦਿਕ ਕਾਲੀ ਯੁੱਗ ਵਿਚ ਹਾਸ਼ੀਆਗ੍ਰਸਤ ਰਹੇ ਸਮਾਜਿਕ ਪ੍ਰਵਰਗ ਸਾਰਥੀ, ਗਡਰੀਏ, ਹਲਵਾਹ, ਰਥਕਾਰ, ਸਵਰਨਕਾਰ, ਧਾਤੂਕਾਰ, ਚਰਮਕਾਰ, ਜੁਲਾਹੇ, ਧੋਬੀ ਖਟੀਕ, ਗਾਇਕ, ਕੁਮਹਾਰ, ਮਹਾਵਤ ਚਕਿੱਤਸਕ ਆਦਿ ਦੀ ਵਿਭਿੰਨ ਕਲਾ–ਕੁਸ਼ਲਤਾ ਨੂੰ ਰੂਪਮਾਨ ਕੀਤਾ ਹੈ।

ਕਹਾਣੀ ਦੀ ਭਾਸ਼ਾ ਤਤਕਾਲੀ ਸਮਾਜ ਦੇ ਭਾਸ਼ਾਈ ਸਰੂਪ ਨੂੰ ਸਚਮੁੱਚਤਾ ਦੇ ਪ੍ਰਭਾਵ ਅਧੀਨ ਉਘਾੜਦੀ ਹੈ। ਹਿੰਦੂ ਭਾਸ਼ਾ ਵਿਚ ਸੰਸਕ੍ਰਿਤ ਤੋਂ ਤਦਭਵ ਤੇ ਤਤਸਮ ਰੂਪ ਵਿਚ ਆਏ ਸ਼ਬਦਾਂ ਨੂੰ ਲੇਖਕ ਨੇ ਪਾਤਰਾਂ ਦੀ ਮਨੋ ਸਥਿਤੀ ਸੰਵਾਦ ਸ਼ੈਲੀ ਕਥਾ ਪ੍ਰਸੰਗਾਂ ਅਤੇ ਸੂਚਨਾਵੀਂ ਬਿਰਤਾਂਤ ਵਿਚ ਪ੍ਰਯੋਗ ਕੀਤਾ ਹੈ।

ਕੁਲ ਮਿਲਾ ਕੇ ਵਿਸ਼ੇਸ਼ ਸ਼ਿਲਪ ਵਿਧਾਨ ਤੇ ਕਥਾ ਰਸ ਨਾਲ ਓਤਪੋਤ ਇਹ ਕਹਾਣੀ ਕਰਨ ਦੇ ਚਰਿੱਤਰ ਨੂੰ ਆਧਾਰ ਮਿੱਥ ਕੇ ਵੈਦਿਕ ਕਾਲ ਦੇ ਕਬੀਲਿਆਂ ਦੀ ਹਾਸ਼ੀਆਗਤ ਸਥਿਤੀ ਨੂੰ ਪੇਸ਼ ਕਰਦੀ ਭਾਰਤੀ ਜਾਤ ਪਾਤ ਪ੍ਰਬੰਧ ਤੇ ਅਖੌਤੀ ਧਰਮ ਚੇਤਨਾ ਨੂੰ ਚੁਣੌਤੀ ਦਿੰਦੀ ਹੈ। ਕਹਾਣੀ ਦਾ ਪ੍ਰਤੀਕਮੁਖੀ ਬਿਰਤਾਂਤ ਸਮਕਾਲੀ ਸਮਿਆਂ ਦੇ ਭਾਰਤੀ ਸਮਾਜਕ ਪ੍ਰਬੰਧ ਵਿਚ ਬਾਖੂਬੀ ਪ੍ਰਸੰਗਿਕ ਹੈ ਇੰਝ ਕਥਾ ਦਾ ਕੈਨਵਸ ਆਪਣੀ ਵਿਚਾਰਧਾਰਕ ਵਿਸ਼ਾਲਤਾ ਕਰਕੇ ਵਿਸਤ੍ਰਿਤ ਹੁੰਦਾ ਹੈ।

**-ਪ੍ਰੋ. ਜੇ. ਬੀ. ਸੇਖੋਂ**

ਭਗਵੰਤ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ 'ਕਹਾਣੀ ਧਾਰਾ' ਪਰਚਾ ਪੈਰਾਂ ਸਿਰ ਹੋ ਗਿਆ ਹੈ। ਸ਼ੁਰੂ ਵਿਚ ਇਕ ਡਰ ਜਿਹਾ ਲਗਦਾ ਸੀ ਕਿ ਪਰਚਾ ਚੱਲ ਸਕੇਗਾ ਜਾਂ ਨਹੀਂ? ਤੁਸੀਂ ਆਪਣੀ ਤੋਰੇ (ਹੌਲੀ ਹੌਲੀ) ਤੁਰੇ ਹੋਏ ਹੋ। ਤੁਹਾਡੀ ਆਪਣੀ ਮਸਤਾਨੀ ਚਾਲ ਹੈ। ਅਜਿਹੀ ਚਾਲ ਵਾਲੇ ਕਾਮਯਾਬ ਹੋ ਹੀ ਜਾਂਦੇ ਹਨ। ਤੁਸੀਂ ਪਰਚੇ ਨੂੰ ਸਥਾਪਤ ਕਰ ਲਿਆ ਹੈ। ਪਰ ਇਹ ਪਰਚਾ ਜਿਸ ਮੁਕਾਮ 'ਤੇ ਪਹੁੰਚਣਾ ਚਾਹੀਦਾ ਹੈ, ਉਹਦੀ ਅਜੇ ਮੈਨੂੰ ਉਡੀਕ ਰਹੇਗੀ। ਜਦੋਂ ਦਾ ਇਹ ਪਰਚਾ ਸ਼ੁਰੂ ਹੋਇਆ, ਉਦੋਂ ਦਾ ਇਹਦਾ 'ਜਨ ਬੋਧ' ਵਾਲਾ ਹਿੱਸਾ ਧਿਆਨ ਖਿੱਚਦਾ ਰਿਹਾ ਹੈ। ਭਾਵੇਂ ਮੇਰੀਆਂ ਉਣਾਂ ਵਿਚਾਰਾਂ ਨਾਲ ਸਹਿਮਤੀਆਂ/ ਅਸਹਿਮਤੀਆਂ ਰਹੀਆਂ ਹੋਣਗੀਆਂ।

ਅਕਤੂਬਰ–ਦਸੰਬਰ 2010 ਦੇ 'ਜਨ ਬੋਧ' ਨੇ ਇਸ ਵਾਰ ਫੇਰ ਪਰਚੇ ਨੂੰ ਚਰਚਾ ਵਿਚ ਲੈ ਆਂਦਾ ਹੈ। ਪ੍ਰੋ. ਹਰਭਜਨ ਸਿੰਘ ਦਾ ਲੇਖ 'ਅੰਬੇਡਕਰਵਾਦ ਅਤੇ ਦਲਿਤ ਸਵਾਲ' ਧਿਆਨ ਖਿੱਚਣ ਵਾਲਾ ਲੇਖ ਹੈ। ਮੈਂ ਖ਼ਤ ਇਸ ਕਰਕੇ ਨਹੀਂ ਲਿਖ ਰਿਹਾ ਕਿ ਪ੍ਰੋ. ਹਰਭਜਨ ਸਿੰਘ ਮੇਰੇ ਆਪਣਿਆਂ ਵਿੱਚੋਂ ਹੈ। ਸਗੋਂ 32 ਪੰਨਿਆਂ 'ਤੇ ਫ਼ੈਲਿਆ ਇਹ ਲੇਖ ਹਿੰਦੁਸਤਾਨ ਦੇ ਅੰਬੇਡਕਰੀਆਂ ਅਤੇ ਮਾਰਕਸਵਾਦੀਆਂ ਲਈ ਕਈ ਕੁਝ ਨਵਾਂ ਲੈ ਕੇ ਆਇਆ ਹੈ। ਮੈਂ ਲੰਬੇ ਸਮੇਂ ਤੋਂ 'ਕਹਾਣੀ ਧਾਰਾ' ਦੀ ਸੰਪਾਦਕੀ ਅਤੇ ਨੀਤੀਆਂ ਪੜ੍ਹਦਾ ਆ ਰਿਹਾ ਹਾਂ। ਉਨ੍ਹਾਂ ਤੋਂ ਸਮੇਤ ਇਸ ਵਾਰ ਦੀ ਸੰਪਾਦਕੀ ਇਹ ਸਿੱਧ ਕਰਦਾ ਹੈ ਕਿ ਵਿਚਾਰਧਾਰਾ (ਖਾਸ ਕਰਕੇ ਸਮਾਜਵਾਦੀ ਵਿਚਾਰਧਾਰਾ) ਤਹਿਤ ਲਿਖਿਆ ਸਾਹਿਤ ਪੇਤਲਾ ਹੁੰਦਾ ਹੈ ਪਰ ਜਿਨ੍ਹਾਂ ਇਸ ਵਿਚਾਰਧਾਰਾ ਤੋਂ ਉਪਰ ਉੱਠ ਕੇ ਸਾਹਿਤ ਰਚਿਆ (ਖਾਸ ਕਰ ਦਲਿਤ ਸਾਹਿਤ) ਉਹ ਉੱਤਮ ਦਰਜੇ ਦਾ ਹੁੰਦਾ ਹੈ। ਅਤੇ ਵੱਧ ਮਾਰ ਕਰਦਾ ਹੈ। ਤੁਹਾਡੀ ਇਹ ਸੰਪਾਦਕੀ ਆਪਾ ਵਿਰੋਧੀ ਜਾਂਦੀ ਹੈ। ਉਨ੍ਹਾਂ ਨੂੰ ਇਸ ਲੇਖ ਤੋਂ ਕੁਝ ਸਿੱਖਣਾ ਚਾਹੀਦਾ ਹੈ। ਕਿਉਂਕਿ ਲੰਬੇ ਸਮੇਂ ਤੋਂ ਦਲਿਤ ਸਵਾਲ 'ਤੇ ਬਹਿਸ ਚੱਲ ਰਹੀ ਹੈ। ਦੋਨੋਂ ਧਿਰਾਂ ਇਸ ਸਵਾਲ 'ਤੇ ਇਕ ਦੂਜੇ ਦੇ ਨੇੜੇ ਹੋਣ ਦੀ ਬਿਜਾਏ ਦੂਰ ਹੁੰਦੀਆਂ ਰਹੀਆਂ ਹਨ। ਪਹਿਲਾ ਪਹਿਲ

ਮਾਰਕਸਵਾਦੀਆਂ ਵਲੋਂ ਇਸ ਸਵਾਲ 'ਤੇ ਨਾਂਹ ਪੱਖੀ ਵਤੀਰਾ ਅਪਨਾਇਆ ਜਾਂਦਾ ਰਿਹਾ। ਉਹ ਜਾਤ ਪਾਤ ਨੂੰ ਖਤਮ ਕਰਨ ਦੇ ਸ਼ੁਰੂ ਤੋਂ ਹੀ ਹੱਕ ਵਿਚ ਹਨ ਪਰ ਉਹ ਇਸਨੂੰ ਮੁੱਖ ਮਸਲਾ ਨਹੀਂ ਮੰਨਦੇ ਸਨ। ਉਨ੍ਹਾਂ ਦਾ ਤਰਕ ਸੀ ਕਿ ਸਮਾਜਵਾਦੀ ਰਾਜ ਪ੍ਰਬੰਧ ਵਿੱਚ ਅਜਿਹੇ ਮਸਲੇ, ਸੌਖਿਆਂ ਦੀ ਨਜਿੱਠ ਲਏ ਜਾਣਗੇ। ਜਾਤ ਪਾਤ ਦਾ ਕੋਹੜ ਤਾਂ ਮੌਜੂਦ ਸਿਸਟਮਾ ਦੀ ਪੈਦਾਵਾਰ ਹੈ। ਇਸ ਕਰਕੇ ਇਸ ਸਿਸਟਮ ਨੂੰ ਬਦਲਣ ਲਈ ਲੜੋ। ਦੂਜੇ ਪਾਸੇ ਅੰਬੇਡਕਰਵਾਦੀ ਜਾਤ ਪਾਤ ਖਾਤਮੇ ਨੂੰ ਇਸੇ ਸਿਸਟਮ ਵਿਚ ਖਤਮ ਕਰਨ ਨੂੰ ਮੁੱਖ ਮਸਲੇ ਵਜੋਂ ਲੈਂਦੇ ਹਨ। ਦੋਨਾਂ ਧਿਰਾਂ ਦੇ ਵਿਦਵਾਨਾਂ ਦੀ ਬਹਿਸ ਚਲਦੀ ਰਹਿੰਦੀ ਸੀ। ਸਮਾਂ ਬੀਤਣ ਨਾਲ ਮਾਰਕਵਾਦੀਆਂ ਨੇ ਤਾਂ ਇਸ ਸਵਾਲ ਨੂੰ ਅਹਿਮ ਥਾਂ ਦੇ ਦਿੱਤੀ। ਦੋਨਾਂ ਧਿਰਾਂ ਦੀਆਂ ਆਸਹਿਮਤੀਆਂ ਜ਼ਿਆਦਾ ਸਨ ਤੇ ਸਹਿਮਤੀਆਂ ਘੱਟ ਸਨ। ਹੁਣ ਪ੍ਰੋ. ਹਰਭਜਨ ਸਿੰਘ ਨੇ ਆਪਣੇ ਇਸ ਲੰਬੇ ਲੇਖ ਵਿਚ ਬਹੁਤ ਸਾਰੀਆਂ ਸ਼ੰਕਾਵਾਂ ਦੂਰ ਕੀਤੀਆਂ ਹਨ। ਜਾਤ ਪਾਤ ਦੀ ਉਤਪਤੀ, ਉਤਪੀੜਨ ਤੇ ਇਹਦੀ ਮਾਰ ਦੇ ਜ਼ਿਕਰ ਦੇ ਨਾਲ-ਨਾਲ ਦੋਨਾਂ ਧਿਰਾਂ ਦੀਆਂ ਸਹਿਮਤੀਆਂ-ਅਸਹਿਮਤੀਆਂ ਵੀ ਪੇਸ਼ ਕੀਤੀਆਂ ਹਨ। ਦੋਨਾਂ ਧਿਰਾਂ ਨੂੰ ਇਕ ਦੂਜੇ ਦੇ ਨੇੜੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਪ੍ਰੋ. ਸਾਹਿਬ ਦੇ ਵਿਚਾਰਾਂ ਨਾਲ ਦੋਨੋਂ ਧਿਰਾਂ ਸਹਿਮਤ ਹੋ ਜਾਣ, ਇਸ ਮਸਲੇ ਨੂੰ ਰਲ ਮਿਲ ਕੇ ਰਿੜਕਣ ਤਾਂ ਕਾਫ਼ੀ ਹੱਦ ਤੱਕ ਮਸਲੇ ਨੂੰ ਸਮਝਣ ਦਾ ਆਧਾਰ ਬਣ ਸਕਦਾ ਹੈ।

**-ਅਜਮੇਰ ਸਿੱਧੂ**, ਸ਼ਹੀਦ ਭਗਤ ਸਿੰਘ ਨਗਰ

'ਕਹਾਣੀ ਧਾਰਾ' ਲਗਾਤਾਰ ਮਿਲਦਾ ਆ ਰਿਹਾ ਹੈ। ਸਾਰੀਆਂ ਕਹਾਣੀਆਂ, ਖਾਸ ਕਰਕੇ ਲੇਖਾਂ ਦਾ ਸਟੈਂਡਰਡ ਕਾਫ਼ੀ ਉੱਚਾ ਹੈ। ਸੰਪਾਦਕੀ ਹਮੇਸ਼ਾ ਹੀ ਮਸਤਕ ਨੂੰ ਝੰਜੋੜਨ ਵਾਲੀ ਹੁੰਦੀ ਹੈ। ਸੰਪਾਦਕੀ 'ਚ ਲਿਖੀਆਂ ਇਨ੍ਹਾਂ ਸਤਰਾਂ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਾਹਿਤ ਲਈ ਪਹਿਲਾਂ ਜ਼ਰੂਰੀ ਗੁਣ ਮਨੁੱਖ ਪੱਖੀ ਹੋਣਾ ਹੈ। ਚਾਹੇ ਉਹ ਵਿਚਾਰਧਾਰਾ ਦੇ ਨਾਂ ਉੱਤੇ ਹੋਵੇ ਜਾਂ ਸੁਤੰਤਰ।

**-ਮਨਮੋਹਨ ਬਾਵਾ, ਨਵੀ ਦਿੱਲੀ।**

'ਕਹਾਣੀ ਧਾਰਾ' ਪੜ੍ਹਿਆ। ਇਸ ਵਾਰ ਸੰਪਾਦਕੀ ਵਿਚ ਵਿਚਾਰਧਾਰਾ ਅਤੇ ਸਾਹਿਤ ਦਾ ਆਪਸੀ ਸੰਬੰਧ ਤਹਿਤ ਚੰਗੀਆਂ ਗੱਲਾਂ ਕੀਤੀਆਂ। ਭਾਵੇਂ ਕਿ ਕਵਿਤਾ, ਨਾਵਲ ਅਤੇ ਕਹਾਣੀ ਵਿਚ ਵਿਚਾਰਧਾਰਾ ਸਿੱਧੇ ਸਿੱਧੇ ਤੌਰ ਤੇ ਨਹੀਂ ਆਉਂਦੀ। ਪਰ ਲੇਖਕ ਦੀ ਜਿਸ ਤਰ੍ਹਾਂ ਦੀ ਸੋਚ ਹੁੰਦੀ ਹੈ ਉਹ ਆਪਣੇ ਪਾਤਰਾਂ ਨੂੰ ਉਸੇ ਤਰ੍ਹਾਂ ਪੇਸ਼ ਕਰਦਾ ਹੈ। ਜਿਨ੍ਹਾਂ ਲੇਖਕਾਂ ਨੇ ਵਿਚਾਰਧਾਰਾ ਦੀ ਜਕੜਬੰਦੀ ਤੋਂ ਖੁੱਲ੍ਹਾਂ ਲਈਆਂ ਉਨ੍ਹਾਂ ਨੇ ਵੱਡਾ ਸਾਹਿਤ ਰਚਿਆ।

ਦਲਿਤ ਚਿੰਤਨ ਤੇ ਸਾਹਿਤ ਦੇ ਮੁੱਦੇ ਉੱਤੇ ਗੰਭੀਰ ਗੱਲ ਹੋਈ ਹੈ। ਇਸ ਵਾਰ ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਬਦਬੂ' ਚੰਗੀ ਰਹੀ। ਬਲਬੀਰ ਕੌਰ ਸੰਘੇੜਾ ਅਤੇ ਰਜਿੰਦਰ ਕੌਰ ਆਪਣੀਆਂ ਕਹਾਣੀਆਂ ਵਿਚ ਕੋਈ ਵੱਡੀ ਗੱਲ ਕਰ ਨਹੀਂ ਸਕੀਆਂ। ਮੇਰਾ ਕਹਿਣ ਦਾ ਭਾਵ ਹੈ ਕਿ ਰਵਾਇਤੀ ਕਿਸਮ ਦੀਆਂ ਕਹਾਣੀਆਂ ਸਨ। ਪਰ ਪੜ੍ਹਨ ਯੋਗ ਸਨ।

ਹਰਭਜਨ ਸਿੰਘ ਦਾ ਲੰਮਾ ਲੇਖ ਮੈਂ ਧਿਆਨ ਨਾਲ ਪੜ੍ਹਿਆ ਹੈ। ਮੈਂ ਉਸ ਦੇ ਲੇਖ ਨਾਲ ਸਹਿਮਤ ਨਹੀਂ ਹਾਂ। ਉਨ੍ਹਾਂ ਅੰਬੇਡਕਰਵਾਦ ਨੂੰ ਨੀਵਾਂ ਦਿਖਾਉਣ ਲਈ ਮਾਰਕਸਵਾਦੀ ਵਿਚਾਰਧਾਰਾ ਨੂੰ ਵੱਡੀ ਕਿਹਾ। ਇਸ ਵਿਚਾਰਧਾਰਾ ਨਾਲ ਬੱਝੇ ਸਾਹਿਤਕਾਰਾਂ ਦੀ ਇਹੀ ਸਮੱਸਿਆ ਹੈ। ਇਹ ਕਿਸੇ ਵਿਚਾਰਧਾਰਾ ਜਾਂ ਵਿਦਵਾਨ ਦੇ ਬਰਾਬਰ ਖੜ ਕੇ ਸੋਚਦੇ ਨਹੀਂ ਹਨ। ਹਰਭਜਨ ਸਿੰਘ ਆਪਣੇ ਲੇਖ ਵਿਚ ਸਪੱਸ਼ਟ ਨਹੀਂ ਹੈ। ਉਸ ਨੇ ਕਾਫੀ ਧੁੰਦਲਕਾ ਪੈਦਾ ਕੀਤਾ ਹੈ। ਉਸ ਨੇ ਜਿਹੜੀਆਂ ਧਾਰਵਾਨਾਂ ਪੇਸ਼ ਕੀਤੀਆਂ ਹਨ। ਉਹ ਉਚਿਤ ਨਹੀਂ ਹਨ।

ਇਸ ਅੰਕ ਵਿਚ ਆਲੋਚਨਾ ਦੇ ਲੇਖ ਬਹੁਤ ਹਨ। ਪਰਚੇ ਵਿਚ ਮੈਟਰ ਦਾ ਸੰਤੁਲਨ ਹੋਣਾ ਚਾਹੀਦਾ ਹੈ। ਬਾਕੀ ਮੈਂ ਆਸ ਕਰਦਾ ਹਾਂ ਕਿ ਤੁਸੀਂ ਗੰਭੀਰ ਮੁੱਦਿਆਂ ਤੇ ਚਰਚਾ ਕਰਿਆ ਕਰੋ। **-ਸਰੂਪ ਸਿੰਘ, ਖਰੜ**



Year: 6 Issue No. 20
'KAHANI DHARA'(PUNJABI QUARTERLY) January- March, 2011 R.N.I. Regd No. PUN PUN 2006 / 19971


## ਨੈਸ਼ਨਲ ਬੁਕ ਟਰੱਸਟ, ਇੰਡੀਆ ਦੀਆਂ

### ਸਾਹਿਤਕ ਪੁਸਤਕਾਂ ਦੇ ਵਿਸ਼ਾਲ ਸੰਸਾਰ ਨਾਲ ਸਾਂਝ ਪਾਓ

ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ:
ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
ਮੂਲ ਪੰਜਾਬੀ ਕੀਮਤ: 160.00
ਇਹ ਪੁਸਤਕ ਮਹਿੰਦਰ ਸਿੰਘ ਸਰਨਾ ਦੀਆਂ ਚਰਚਿਤ ਕਹਾਣੀਆਂ ਦਾ ਸੰਗ੍ਰਹਿ ਹੈ।

ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ:
ਡਾ. ਦੇਵਸ਼ੰਕਰ ਨਵੀਨ (ਸੰਪਾਦਕ)
ਅਨੁਵਾਦਕ: ਬਲਬੀਰ ਮਾਧੋਪੁਰੀ ਕੀਮਤ: 120.00
ਗਾਗਰ ਵਿਚ ਸਾਗਰ ਭਰਨ ਵਾਲੀਆਂ ਰਾਜਕਮਲ ਚੌਧਰੀ ਦੀਆਂ ਸਾਰੀਆਂ ਕਹਾਣੀਆਂ ਸੰਨ 1963 ਤੋਂ ਪਹਿਲਾਂ ਲਿਖੀਆਂ ਗਈਆਂ, ਪਰ ਅੱਜ ਵੀ ਆਪਣੀ ਪ੍ਰਸੰਗਿਕਤਾ ਪ੍ਰਮਾਣਿਤ ਕਰਦੀਆਂ ਹਨ।

ਮੋਹਨ ਰਾਕੇਸ਼ ਦੀਆਂ ਸ੍ਰੇਸ਼ਠ ਕਹਾਣੀਆਂ:
ਰਵਿੰਦਰ ਕਾਲੀਆ (ਸੰਪਾਦਕ)
ਅਨੁਵਾਦਕ: ਪ੍ਰਮਿੰਦਰਜੀਤ ਕੀਮਤ : 90.00
ਪੁਸਤਕ ਵਿਚ ਮੋਹਨ ਰਾਕੇਸ਼ ਦੀਆਂ ਸੋਲ੍ਹਾਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਰਾਜੇਂਦਰ ਯਾਦਵ ਦੀਆਂ ਚੋਣੀਆਂ ਕਹਾਣੀਆਂ:
ਰਾਜੇਂਦਰ ਯਾਦਵ (ਸੰਪਾਦਕ)
ਅਨੁ.: ਬਲਬੀਰ ਪਰਵਾਨਾ ਕੀਮਤ : 120.00
ਇਸ ਪੁਸਤਕ ਵਿਚ ਰਾਜੇਂਦਰ ਯਾਦਵ (1929) ਦੀਆਂ ਅਠਾਰਾਂ ਚਰਚਿਤ ਕਹਾਣੀਆਂ ਸ਼ਾਮਲ ਹਨ।

ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ:
ਡਾ. ਗੁਰਚਰਨ ਸਿੰਘ ਅਰਸ਼ੀ
ਮੂਲ ਪੰਜਾਬੀ ਕੀਮਤ: 55.00
ਇਹ ਪੁਸਤਕ ਇੱਕੀਵੀਂ ਸਦੀ ਦੇ ਹਾਣ ਦੀ ਹੈ, ਜੋ ਹੁਣ ਤੋਂ ਪਹਿਲਾਂ ਇਸ ਖੇਤਰ ਵਿਚ ਹੋਈ ਚਰਚਾ ਨੂੰ ਅਗਾਂਹ ਤੋਰਨ ਦਾ ਇਕ ਯਤਨ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਚੋਣਵੀਆਂ ਕਹਾਣੀਆਂ:
ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
ਮੂਲ ਪੰਜਾਬੀ ਕੀਮਤ: 175.00
ਇਹ ਪੁਸਤਕ ਗੁਰਬਖ਼ਸ਼ ਸਿੰਘ ਦੀਆਂ ਮੀਲ-ਪੱਥਰ ਕਹੀਆਂ ਜਾਂਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ।

ਭਾਰਤ ਦੀਆਂ ਲੋਕ-ਕਾਥਾਵਾਂ:
ਏ.ਕੇ.ਰਾਮਾਨੁਜਨ (ਸੰਪਾਦਕ)
ਅਨੁ.: ਗੁਰਚਰਨ ਸਿੰਘ ਅਰਸ਼ੀ ਕੀਮਤ: 115.00
ਭਾਰਤ ਦੀਆਂ ਲੋਕ-ਕਥਾਵਾਂ ਪੁਸਤਕ 22 ਭਾਰਤੀ ਭਾਸ਼ਾਵਾਂ ਦੀਆਂ ਚੋਣਵੀਆਂ ਲੋਕ-ਕਥਾਵਾਂ ਦਾ ਸੰਗ੍ਰਹਿ ਹੈ।

ਵਿਸ਼ਵੀਕਰਣ ਅਤੇ ਵਿਕਾਸ: ਸੁਨੰਦਾ ਸੇੱਨ
ਅਨੁ.: ਗੁਰਚਰਨ ਸਿੰਘ ਅਰਸ਼ੀ ਕੀਮਤ : 45.00
ਇਹ ਪੁਸਤਕ ਸਾਨੂੰ ਵਿਸ਼ਵੀਕਰਣ ਮਨਫ਼ੀ ਵਿਕਾਸ ਦੇ ਰੂਪ ਵਿਚ ਦਿਸ ਰਹੀ ਉਸ ਪ੍ਰਕ੍ਰਿਆ ਨੂੰ ਪ੍ਰਕਾਸ਼ਮਾਨ ਕਰਨਾ ਚਾਹੁੰਦੀ ਹੈ। ਜਿਸ ਨੂੰ ਆਰਥਿਕ ਤਰਕ ਰਾਹੀਂ, ਲੋਕਾਚਾਰੀ ਪ੍ਰਤਿਮਾਨਾ ਰਾਹੀਂ ਜਾਂ ਸਿਆਸੀ ਸੂਖਮ ਦ੍ਰਿਸ਼ਟੀ ਦੁਆਰਾ ਵੀ ਨਿਆਂ-ਉਚਿਤ ਨਹੀਂ ਠਹਿਰਾਇਆ ਜਾ ਸਕਦਾ।

ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ
(ਮੂਲ ਹਿੰਦੀ: ਚਮਨ ਲਾਲ
ਅਨੁਵਾਦ: ਚਮਨ ਲਾਲ ਕੀਮਤ: 40.00
ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਪਾਰਟੀ ਬਾਰੇ ਅਹਿਮ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ।

ਰਾਣੀ ਲਕਸ਼ਮੀ ਬਾਈ: ਵ੍ਰਿੰਦਾਵਨ ਲਾਲ ਵਰਮਾ
ਅਨੁ.: ਨਵਤੇਜ ਪੁਆਧੀ ਕੀਮਤ: 35.00
ਪੁਸਤਕ ਵਿਚ 1857 ਦੇ ਸੁਤੰਤ੍ਰਤਾ ਸੰਗਰਾਮ ਦੀ ਬਹਾਦਰ ਨਾਇਕਾ ਲਕਸ਼ਮੀਬਾਈ ਦੇ ਪ੍ਰੇਰਕ ਜੀਵਨ ਦੀ ਝਾਕੀ ਨੂੰ ਪੇਸ਼ ਕੀਤਾ ਹੈ।

ਪੰਜਾਬੀ ਹਾਸ-ਵਿਲਾਸ: ਡਾ. ਜਸਵੰਤ ਸਿੰਘ ਨੇਕੀ
ਮੂਲ ਪੰਜਾਬੀ ਕੀਮਤ 65.00
ਇਸ ਪੁਸਤਕ ਵਿਚ ਸ਼ੁੱਧ ਪੰਜਾਬੀ ਸਭਿਆਚਾਰ 'ਚੋਂ ਉਪਜੇ ਅਤੇ ਪੰਜਾਬੀ ਸੁਭਾਅ ਨਾਲ ਇਕਸੁਰ ਚਾਰ ਸੌ ਚੁਟਕਲਿਆਂ ਦੀ ਚੋਣ ਪੇਸ਼ ਕੀਤੀ ਗਈ ਹੈ।

### ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ

ਨੈਸ਼ਨਲ ਬੁਕ ਟਰੱਸਟ, ਇੰਡੀਆ
ਨਹਿਰੂ ਭਵਨ,5, ਇੰਸਟੀਚਿਊਸ਼ਨਲ ਏਰੀਆ,
ਫੇਜ਼-2, ਵਸੰਤ ਕੁੰਜ, ਨਵੀਂ ਦਿੱਲੀ-110070,
ਫੋਨ 26707700,26121883
e-mail:nbtindia@ndb.vsnl.net.in
website: www. nbtindia. Org.in

ਮੁੰਬਈ : ਟੈਲੀਫੈਕਸ : 0-22-23720442
e-mail: nbtindiamumbai@yahoo.com
ਬੰਗਲੌਰ : ਟੈਲੀਫੈਕਸ : 0-80-26711994
e-mail: nbtindiasro@vsnl.net
ਕੋਲਕਾਤਾ ਟੈਲੀਫੈਕਸ 0-33-22413899
e-mail: nbtero@dataone.in